

ਅੰਗਿਆਰ ਧਰਮ ਯੁੱਧ ਦਾ ਮਘਦਾ ਰਿਹਾ ਏ, ਮਘਦਾ ਹੀ ਰਹੇਗਾ
ਚਾਨਣ ਦੇ ਆਉਣ ਤਕ, ਉਜਾਲੇ ਦੇ ਜਨਮ ਤਕ
ਦੀਵੇ ਤੋਂ ਦੀਵਾ ਜਗਦਾ ਹੀ ਰਿਹਾ ਹੈ... ਜਗਦਾ ਹੀ ਰਹੇਗਾ....
ਜਗਦਾ ਹੀ ਰਹੇਗਾ.........
ਤੇ' ਦੀਵਾ
ਜਗਦਾ ਰਹੇਗਾ....
—ਅਮਰਦੀਪ ਸਿੰਘ ਅਮਰ

...ਤੇ ਦੀਵਾ ਜਗਦਾ ਰਹੇਗਾ...

(ਨਾਵਲ)

ਲੇਖਕ :

ਅਮਰਦੀਪ ਸਿੰਘ ਅਮਰ

ਪਹਿਲੀ ਵਾਰ ਦਸੰਬਰ 2003
ਦੂਜੀ ਵਾਰ 2004
ਤੀਜੀ ਵਾਰ 2005
ਚੌਥੀ ਵਾਰ 2007
ਪੰਜਵੀਂ ਵਾਰ 2008

ਪ੍ਰਕਾਸ਼ਕ :

ਭਾਈ ਸੁਖਦੇਵ ਸਿੰਘ

ਗੁਰਮਤਿ ਪੁਸਤਕ ਭੰਡਾਰ (31 ਨੰਬਰ ਵਾਲੇ)

ਨੋਟ : ਇਹ ਦੁਕਾਨ ਪਹਿਲਾਂ ਵਾਲੀ ਮਾਰਕੀਟ ਵਿੱਚੋਂ ਬਦਲ ਕੇ ਨਵੀਂ ਬਣੀ ਘੰਟਾ ਘਰ ਮਾਰਕੀਟ (ਸਕੂਟਰ ਸਟੈਂਡ ਦੇ ਉਪਰ) ਦੁਕਾਨ ਨੰ: 154 ਵਿਚ ਜਾ ਚੁੱਕੀ ਹੈ।
ਫੋਨ : 0183-5101231,
ਮੋਬਾ.: 9872658302, 9815161234

ਇਸ ਰਚਨਾ ਸੰਬੰਧੀ ਸਾਰੇ ਹੱਕ ਅਤੇ ਜ਼ਿੰਮੇਵਾਰੀ ਪ੍ਰਕਾਸ਼ਕ ਦੀ ਹੈ।

ਪ੍ਰਿੰਟਰ :
ਪ੍ਰਿੰਟਵੈੱਲ ਅੰਮ੍ਰਿਤਸਰ।

ਕੀਮਤ : 100 ਰੁਪਏ

ਸਮਰਪਣ

1978 ਤੋਂ ਲੈ ਕੇ

ਅੱਜ ਤਕ ਦੇ

ਸਮੂਹ ਕੌਮੀ

ਸ਼ਹੀਦਾਂ ਦੇ ਨਾਂ

ਇਹ ਨਾਵਲ ਸ੍ਰੀ ਦਰਬਾਰ ਸਾਹਿਬ ਉਪਰ ਭਾਰਤੀ ਫ਼ੌਜ ਦੇ ਹਮਲੇ ਪਿੱਛੋਂ ਜ਼ਖ਼ਮੀ ਭਾਵਨਾਵਾਂ ਵਿਚ ਆਪਣੇ ਲਹੂ ਨਾਲ ਤਾਰੀਖ ਦੇ ਵਰਕੇ ਸ਼ਿੰਗਾਰਨ ਵਾਲੇ ਜੁਝਾਰੂ ਸੂਰਮਿਆਂ ਦੀ ਜੀਵਨਸ਼ੈਲੀ ਨੂੰ ਚਿਤਰਨ ਦਾ ਇਕ ਯਤਨ ਹੈ, ਪਰ ਫਿਰ ਵੀ ਇਸ ਨਾਵਲ ਦੇ ਵਧੇਰੇ ਪਾਤਰ ਅਤੇ ਘਟਨਾਵਾਂ ਕਾਲਪਨਿਕ ਹਨ। ਜੇ ਕਿਸੇ ਹਕੀਕੀ ਘਟਨਾ ਨਾਲ ਨਾਵਲ ਦਾ ਕੋਈ ਅੰਸ਼ ਮੇਲ ਖਾਂਦਾ ਹੈ ਤਾਂ ਇਸ ਨੂੰ ਮਹਿਜ ਇਤਫ਼ਾਕ ਹੀ ਸਮਝਿਆ ਜਾਵੇ।

-ਅਮਰਦੀਪ ਸਿੰਘ ਅਮਰ

ਦੋ ਸ਼ਬਦ

'ਅਮਰਦੀਪ ਸਿੰਘ ਅਮਰ' ਮੇਰੇ ਗੂੜ੍ਹੇ ਦੋਸਤਾਂ 'ਚੋਂ ਇਕ ਹੈ। ਪੰਥਕ ਪੀੜ ਉਸ ਦੇ ਵੀ ਧੁਰ ਅੰਦਰ ਤੀਕ ਘਰ ਚੁੱਕੀ ਹੈ, ਜੋ ਜਦੋਂ ਛਲਕਦੀ ਹੈ ਤਾਂ ਸ਼ਾਇਰੀ ਜਾਂ ਕੋਈ ਵਾਰਤਕ ਰਚਨਾ ਦੇ ਰੂਪ ਵਿਚ ਪੰਥ ਦੇ ਵਿਹੜੇ ਵਿਚ ਬਿਖਰ ਜਾਂਦੀ ਹੈ। ਜਦੋਂ ਉਹ ਇਕ ਵਾਰ ੬ ਜੂਨ ਵਾਲੇ ਦਿਹਾੜੇ ਅਕਾਲ ਤਖ਼ਤ ਸਾਹਿਬ 'ਤੇ ਮਿਲਿਆ ਤਾਂ ਉਸ ਨੇ 'ਸਿੱਖ ਵਿਰਸਾ' ਵਿਚ ਛਪੀ ਮੇਰੀ ਇਕ ਗਜ਼ਲ ਦੇ ਉਸ ਸ਼ਿਅਰ ਬਾਰੇ ਵਿਸ਼ੇਸ਼ ਤੌਰ 'ਤੇ ਗੱਲ ਕੀਤੀ ਜੋ ਜਾਬਰ ਸਰਕਾਰ ਨੂੰ ਇਉਂ ਸੰਬੋਧਿਤ ਸੀ:

ਬੇਸ਼ੱਕ ਬਲਦਾ ਭਾਂਬੜ ਤੂੰ ਬੁਝਾ ਲਿਐ

ਪਰ ਕੁਝ ਚੰਗਿਆੜੇ ਵੀ ਨੇ, ਨਿਰੀ ਸੁਆਹ ਨਹੀਂ।

ਉਸਨੇ ਹਉਕਾ ਜਿਹਾ ਭਰ ਕੇ ਪੁੱਛਿਆ:- "ਇਹ ਚੰਗਿਆੜੇ ਕੁਝ ਕਰਨਗੇ?"

ਮੈਂ ਉਮੀਦ ਪ੍ਰਗਟਾਈ, ਤਾਂ ਜਿਵੇਂ ਉਸ ਦੀ ਤਸੱਲੀ ਨਹੀਂ ਸੀ ਹੋਈ। ਉਸ ਨੇ ਉਥੇ ਅਖ਼ਬਾਰੀ ਪੱਤਰਕਾਰਾਂ ਦੇ ਆਲੇ ਦੁਆਲੇ ਹੋ ਕੇ ਪੱਬਾਂ ਭਾਰ ਹੋ ਕੇ ਭੱਜੇ ਫਿਰਦੇ ਸੰਘਰਸ਼ਸ਼ੀਲ ਨੁਮਾਇੰਦਿਆਂ ਵੱਲ ਇਸ਼ਾਰਾ ਕਰਦਿਆਂ ਕਿਹਾ:

"ਔਹ ਵੇਖ ਲਾ ਆਪਣੇ ਚੰਗਿਆੜਿਆਂ ਦੀ ਹਾਲਤ...।"

ਮੈਂ ਕੋਈ ਜੁਆਬ ਨਾ ਦੇ ਸਕਿਆ। ਉਹ ਮੈਨੂੰ ਚੰਗਿਆੜਿਆਂ ਦੀ ਹੋਂਦ ਉੱਪਰ ਹੀ ਤਸੱਲੀ ਕਰ ਲੈਣ ਦੀ ਬਜਾਏ ਉਨ੍ਹਾਂ ਦੀ ਕਾਰਜਸ਼ੈਲੀ ਬਾਰੇ ਵੀ ਚੇਤੰਨ ਕਰਨ ਦੀ ਜ਼ਿੰਮੇਵਾਰੀ ਦਾ ਬੋਝ ਉਦੋਂ ਤੋਂ ਹੀ ਚੁੱਕੀ ਫਿਰਦਾ ਰਿਹਾ, ਇਸ ਦਾ ਪਤਾ ਮੈਨੂੰ ਉਦੋਂ ਲੱਗਾ, ਜਦੋਂ ਉਸ ਨੇ ਇਸ ਬਾਰੇ ਆਪਣੀ ਵੇਦਨਾ ਇਨ੍ਹਾਂ ਸ਼ਬਦਾਂ ਰਾਹੀਂ ਮੇਰੇ ਕੋਲ ਭੇਜੀ:

ਬਚੇ ਖੁਚੇ ਚੰਗਿਆੜਿਓ!

ਮੇਰੇ ਜਿਹੇ ਦਰਦਾਂ ਮਾਰਿਓ!!

ਇਕ ਬੁਝਦਾ ਜਿਹਾ ਚੰਗਿਆੜਾ

ਬੇਨਤੀ ਕਰਦੈ

ਪੈਰੀਂ ਪੱਗ ਧਰਦੈ

ਕਿ ਉੱਠੋ

ਸਵਾਹ ਦਾ ਸਾਥ ਛੱਡੀਏ

ਘਾਹ ਦੇ ਉੱਤੇ ਡਿੱਗੀਏ

ਆਪ ਬਲੀਏ

ਘਾਹ ਨੂੰ ਬਾਲੀਏ

ਦੁਬਾਰਾ ਭਾਂਬੜ ਬਣੀਏ

ਬਲ ਕੇ ਚਾਨਣ ਕਰੀਏ

ਦੇਖਿਓ

ਕਿਤੇ ਹੋਰ ਦੇਰ ਨਾ ਹੋ ਜਾਏ

ਹਨੇਰ ਨਾ ਹੋ ਜਾਏ

ਕਿਉਂਕਿ

ਚੰਗਿਆੜੇ ਤੋਂ ਅਗਲੀ ਹਾਲਤ

ਸੁਆਹ ਦੀ ਹੀ ਹੁੰਦੀ ਹੈ।

ਇਸ ਵੇਦਨਾ 'ਚੋਂ ਝਲਕਦੀ ਤਲਖ਼ ਹਕੀਕਤ ਨੇ ਮੈਨੂੰ ਵੀ ਮਜ਼ਬੂਰ ਕਰ ਦਿੱਤਾ ਕਿ ਮੈਂ ਇਹ ਵੇਦਨਾ ਉਸੇ ਹੀ ਰੂਪ ਵਿਚ ਉਨ੍ਹਾਂ ਵੀਰਾਂ ਦੇ ਸਨਮੁਖ ਪੇਸ਼ ਕਰ ਦਿਆਂ, ਜੋ ਸੁਆਹ ਦੇ ਢੇਰ ਵਿਚ ਚੰਗਿਆੜੇ ਹੋਣ ਦਾ ਮਾਣ ਕਰਦੇ ਹਨ, ਤੇ ਮੈਂ ਅਜਿਹਾ ਕੀਤਾ ਵੀ, ਜੋ 'ਖੰਡੇਧਾਰ' ਮਾਸਿਕ ਦੇ ਸਤੰਬਰ ੨੦੦੧ ਦੇ ਅੰਕ ਵਿਚ ਛਪਿਆ।

ਅਮਰਦੀਪ ਦੇ ਜਜ਼ਬਾਤੀ ਸੁਭਾਅ ਦੇ ਮੈਂ ਹੋਰ ਵੀ ਕਈ ਰੂਪ ਵੇਖੇ ਹਨ। ਜਦੋਂ ਅਸੀਂ ਜੁਝਾਰੂ ਸਿੰਘਾਂ ਦੇ ਜੀਵਨ ਲਿਖਣ ਲਈ ਪਿੰਡਾਂ ਦੇ ਦੌਰੇ 'ਤੇ ਗਏ ਤਾਂ ਉਹ ਕੁਝ ਕੁ ਘਟਨਾਵਾਂ ਸੁਣ ਕੇ ਹੀ ਭਾਵੁਕ ਹੋ ਗਿਆ ਤੇ ਰਾਹ ਵਿਚੋਂ ਹੀ ਵਾਪਸ ਪਰਤ ਆਇਆ। ਸ਼ਾਇਦ ਉਹ ਇਕ ਸ਼ਾਇਰ ਹੈ, ਇਸੇ ਲਈ ਭਾਵੁਕਤਾ ਉਸ ਦੇ ਅੰਗ ਸੰਗ ਤੁਰਦੀ ਹੈ। ਇਸ ਭਾਵੁਕਤਾ ਵਿਚ ਹੀ ਉਹ ਜੁਝਾਰੂ ਯੋਧਿਆਂ ਦੀਆਂ ਲਹੂ ਭਿੱਜੀਆਂ ਪੈੜਾਂ ਦੀ ਖੋਜ ਵਿਚ ਨਿਕਲ ਤੁਰਦਾ ਹੈ। ਇਸ ਸਫ਼ਰ ਵਿਚ ਉਹ ਵਾਰ ਵਾਰ ਭਾਵੁਕ ਹੁੰਦਾ ਹੈ, ਭਾਵੁਕ ਹੋ ਕੇ ਵਾਪਸ ਮੁੜਦਾ ਹੈ ਪਰ ਫਿਰ ਵਾਪਸ ਇਨ੍ਹਾਂ ਰਾਹਾਂ ਵੱਲ ਖਿੱਚਿਆ ਆਉਂਦਾ ਹੈ। ਜਿਵੇਂ ਸ਼ਮ੍ਹਾ ਦੀ ਰੋਸ਼ਨੀ ਵੱਲ ਪਤੰਗਾ ਆਪਣੇ ਆਪ ਖਿੱਚਿਆ ਆ ਜਾਂਦਾ ਹੈ।

ਉਸ ਨੇ ਕਿਤੇ ਬਹੁਤ ਹੀ ਜ਼ਰੂਰੀ ਕੰਮ ਜਾਣਾ ਹੋਵੇ ਤੇ ਰੁਕਣ ਦੀ ਕੋਈ ਸੰਭਾਵਨਾ ਵੀ ਨਾ ਹੋਵੇ, ਤਾਂ ਉਸ ਨਾਲ ਜੁਝਾਰੂ ਲਹਿਰ ਦੀਆਂ ਗੱਲਾਂ ਛੇੜ ਲਵੋ, ਫਿਰ ਉਹ ਸਾਰੀ ਰਾਤ ਬੈਠ ਕੇ ਵੀ ਗੱਲਾਂ ਕਰਦਾ ਰਹੇਗਾ, ਸੁਣਦਾ ਰਹੇਗਾ ਤੇ ਭਾਵੁਕਤਾ ਵਿਚ ਤਾਰੀਆਂ ਲਾਉਂਦਾ ਰਹੇਗਾ। ਬੇਸ਼ੱਕ ਹਥਲੇ ਨਾਵਲ ਵਿਚ ਸੰਪੂਰਨ ਹਕੀਕਤ ਨਾ ਹੋਵੇ, ਪਰ ਫਿਰ ਵੀ ਇਸ ਨਾਵਲ ਨੂੰ ਜੇਕਰ ਉਸ ਵੱਲੋਂ ਵੱਖ-ਵੱਖ ਥਾਂਵਾਂ 'ਤੇ ਜੁਝਾਰੂ ਲਹਿਰ ਬਾਰੇ ਸੁਣੀਆਂ ਸੱਚੀਆਂ ਕਥਾਵਾਂ ਦੀ ਉਪਜ ਕਹਿ ਲਿਆ ਜਾਵੇ ਤਾਂ ਇਹ ਅਤਿਕਥਨੀ ਨਹੀਂ ਹੈ। ਮੈਨੂੰ ਉਮੀਦ ਹੈ ਕਿ ਇਸ ਨਾਵਲ ਰਾਹੀਂ ਉਹ ਆਪਣੀ ਗੱਲ ਕਹਿਣ ਦੇ ਮਕਸਦ ਵਿਚ ਪੂਰੀ ਤਰ੍ਹਾਂ ਸਫਲ ਹੋਵੇਗਾ। ਇਹ ਨਾਵਲ ਹਰ ਸਿੱਖ ਦੇ ਘਰ ਦੀ ਬੈਠਕ ਦਾ ਸ਼ਿੰਗਾਰ ਬਣਨਾ ਚਾਹੀਦਾ ਹੈ।-

ਮੁਢਲੇ ਸ਼ਬਦ

ਕੋਈ ਦੋ ਕੁ ਵਰ੍ਹੇ ਪਹਿਲਾਂ ਦੀ ਗੱਲ ਹੈ ਜਗਰਾਉਂ ਕੋਲ ਪਿੰਡ ਮਲਕ ਵਿਖੇ ਇਕ ਦਸਤਾਰਬੰਦੀ ਮੁਕਾਬਲੇ ਵਿਚ ਪੰਜਾਬੀ ਦੇ ਸਿਰਮੌਰ ਨਾਵਲਕਾਰ ਸ. ਜਸਵੰਤ ਸਿੰਘ ਕੰਵਲ ਨੂੰ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ। ਉਨ੍ਹੀ ਦਿਨੀ ਮੈਂ ਉਨ੍ਹਾਂ ਦਾ ਨਾਵਲ 'ਖ਼ੂਨ ਕੇ ਸੋਹਿਲੇ...'ਪੜ੍ਹ ਕੇ ਹਟਿਆ ਹੀ ਸਾਂ। ਲੰਗਰ ਵਿਚ ਪ੍ਰਸ਼ਾਦਾ ਛਕਦੇ ਸਮੇਂ ਮੈਂ ਉਨ੍ਹਾਂ ਨੂੰ ਨਾਵਲ ਨੂੰ ਅਪਰੇਸ਼ਨ ਕਾਲੀ ਗਰਜ ਉਤੇ ਬੰਦ ਕਰ ਦੇਣ ਬਾਰੇ ਪੁੱਛਿਆ ਤਾਂ ਉਨ੍ਹਾਂ ਦੱਸਿਆ ਕਿ ਲਹਿਰ ਦੌਰਾਨ ਉਸ ਤੋਂ ਬਾਅਦ ਵਿਚ ਆਪਣੇ ਮੁੰਡਿਆਂ ਕੋਲੋਂ ਗਲਤੀਆਂ ਜਿਆਦਾ ਹੋਣ ਕਰਕੇ ਮੇਰਾ ਇਸਤੋਂ ਅੱਗੇ ਲਿਖਣ ਨੂੰ ਮਨ ਨਹੀਂ ਕੀਤਾ। ਮੈਂ ਸਵਾਲ ਕਰ ਦਿੱਤਾ ਕਿ ਬੱਬਰਾਂ ਬਾਰੇ ਤੁਹਾਡਾ ਕੀ ਖਿਆਲ ਹੈ? ਉਨ੍ਹਾਂ ਬਾਬਤ ਕਿਉਂ ਨਹੀਂ ਲਿਖਿਆ? ਤਾਂ ਉਨ੍ਹਾਂ ਮੈਟਰ ਦੀ ਘਾਟ ਹੋਣ ਦੀ ਗੱਲ ਕਹੀ ਅਤੇ ਨਾਲ ਹੀ ਮੈਨੂੰ ਹੱਲਾ ਸ਼ੇਰੀ ਦਿੱਤੀ ਕਿ "ਜੇਕਰ ਤੇਰੇ ਕੋਲ ਉਨ੍ਹਾਂ ਬਾਬਤ ਕੁਝ ਲਿਖਣ ਨੂੰ ਹੈ ਤਾਂ ਬੱਬਰਾਂ ਵਰਗਾ ਜੇਰਾ ਕਰਕੇ ਲਿਖ ਦੇ।" ਉਨ੍ਹਾਂ ਦੇ ਕਹੇ ਹੋਏ ਇਹ ਬੋਲ ਮੇਰੇ ਧੁਰ ਅੰਦਰਲੀ ਆਤਮਾ ਲਈ ਪ੍ਰੇਰਣਾ ਸਰੋਤ ਬਣ ਗਏ ਅਤੇ ਮੈਂ ਆਪ ਸਭ ਦੇ ਹੱਥਾਂ ਵਿਚਲਾ ਨਾਵਲ ਛੋਹ ਲਿਆ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਵਿਚ ਬੀਤੇ ਸਾਲਾਂ ਵਿਚ ਚੱਲੀ ਸਿੱਖ ਲਹਿਰ ਬਾਰੇ ਬੜਾ ਕੁਝ ਲਿਖਿਆ ਜਾ ਚੁੱਕਾ ਹੈ। ਹਰ ਲੇਖਕ ਨੇ ਸੰਘਰਸ਼ਸ਼ੀਲ ਰਹੇ ਨੌਜਵਾਨਾਂ ਨੂੰ ਆਪਣੇ ਆਪਣੇ ਨਜ਼ਰੀਏ ਨਾਲ ਪੇਸ਼ ਕੀਤਾ ਹੈ। ਕਈ ਸਰਕਾਰ ਪੱਖੀ ਅਤੇ ਕਈ ਅਨਜਾਣ ਕਲਮਾਂ ਨੇ ਉਨ੍ਹਾਂ ਬਾਰੇ ਬੜਾ ਕੁਝ ਊਲ-ਜਲੂਲ ਵੀ ਲਿਖ ਮਾਰਿਆ ਹੈ।

ਪਰ ਮੈਂ ਪੰਜਾਂ ਪਾਣੀਆਂ ਦੀ ਧਰਤੀ ਦੇ ਜਾਇਆਂ ਨੂੰ ਨਹਿਰਾਂ ਦੀਆਂ ਪਟੜੀਆਂ ਤੇ ਖ਼ੂਨ ਵਿਚ ਲੱਥ-ਪੱਥ ਰੁਲਦੇ ਆਪਣੀਆਂ ਅੱਖ ਨਾਲ ਤੱਕਿਆ ਹੈ। ਪੁਲਿਸ ਦੀਆਂ ਧਾੜਾਂ ਵੱਲੋਂ ਘਰਾਂ ਤੋਂ ਚੁੱਕ ਕੇ ਤਸ਼ੱਦਦ ਦਾ ਸ਼ਿਕਾਰ ਬਣਦੀ ਜਵਾਨੀ ਮੇਰੀਆਂ ਅੱਖਾਂ ਸਾਹਮਣਿਓਂ ਗੁਜ਼ਰੀ ਹੈ। ਤਲਾਸ਼ੀਆਂ ਅਤੇ ਛਾਪਿਆਂ ਸਮੇਂ ਮਾਵਾਂ ਭੈਣਾਂ ਨੂੰ ਕੱਢੀਆਂ ਜਾਂਦੀਆਂ ਗੰਦੀਆਂ ਗਾਲ੍ਹਾਂ ਦੀ ਭੱਦੀ ਯਾਦ ਕਿਸੇ ਵੀ ਗੈਰਤਮੰਦ ਪੰਜਾਬੀ ਦੇ ਮਨ ਤੋਂ ਕਿਵੇਂ ਮਿਟ ਸਕਦੀ ਹੈ...? ਇਹ ਠੀਕ ਹੈ ਕਿ ਲਹਿਰ ਦੇ ਲੰਮਾ ਸਮਾਂ ਲਟਕ ਜਾਣ ਕਰਕੇ ਇਸ ਵਿਚ ਘੁਸਪੈਠ ਕਰ ਗਏ ਸਰਕਾਰੀ ਅਤੇ ਲੁਟੇਰਾ ਅਨਸਰਾਂ ਨੇ ਲਹਿਰ ਨੂੰ ਬਦਨਾਮੀ ਦਿਵਾਈ ਹੈ, ਪਰ ਲਹਿਰ ਵਿਚਲੇ ਗੁਰਮਤਿ ਇਨਕਲਾਬੀ ਤੱਤਾਂ ਅਤੇ ਹੀਰਿਆਂ ਵਰਗੇ ਲੱਖਾਂ ਨੌਜਵਾਨਾਂ ਦੀਆਂ ਸ਼ਹਾਦਤਾਂ ਨੂੰ ਅੱਖੋਂ ਪਰੋਖੇ ਕਰਕੇ ਉਨ੍ਹਾਂ ਨੂੰ ਬਲਾਤਕਾਰੀ, ਚੋਰ ਗਰਦਾਨਣ ਵਾਲੀਆਂ ਕਲਮਾਂ ਉਤੇ ਮੈਨੂੰ ਸ਼ੱਕ ਹੁੰਦੀ ਹੈ ਕਿ ਜਾਂ ਤਾਂ ਇਹ ਕਲਮਾਂ ਝੂਠੇ ਪ੍ਰਾਪੇਗੰਡੇ ਦਾ ਸ਼ਿਕਾਰ ਹੋ ਚੁੱਕੀਆਂ ਹਨ ਜਾਂ ਫਿਰ ਸਚਮੁੱਚ ਹੀ ਕਾਣੀਆਂ ਹਨ ਤੇ ਸੱਚ ਲਿਖਣ ਲਈ ਸੁਹਿਰਦ ਨਹੀਂ। ਜਿਨ੍ਹਾਂ ਯੋਧਿਆਂ ਨੂੰ ਭਾਰਤੀ ਮੀਡੀਏ ਤੇ ਕਾਣੀਆਂ ਕਲਮਾਂ ਨੇ 'ਮਾੜੇ'- 'ਮਾੜੇ' ਦੀ ਰੱਟ ਲਗਾ ਕੇ ਬਦਨਾਮ ਕਰਨ ਦੀ ਕੋਈ ਕਸਰ ਬਾਕੀ ਨਹੀਂ ਛੱਡੀ ਉਨ੍ਹਾਂ ਸੂਰਬੀਰਾਂ ਦੇ ਅਸਲੀ ਸਿਧਾਂਤਕ ਪੱਖ ਨੂੰ ਛੋਹਣ ਦੀ ਨਿਗੂਣੀ ਜਿਹੀ ਕੋਸ਼ਿਸ਼ ਦਾਸ ਨੇ ਕੀਤੀ ਹੈ। ਮੈਨੂੰ ਇਹ ਮੰਨਣ ਵਿਚ ਕੋਈ ਹਿਚਕਚਾਹਟ ਨਹੀਂ ਕਿ ਮੇਰੀ ਇਹ ਕੋਸ਼ਿਸ਼ ਇਤਿਹਾਸ ਦਾ ਦਰਜਾ ਨਹੀਂ ਲੈ ਸਕਦੀ; ਇਹ ਤਾਂ ਮੇਰੇ ਦਿਲੀ ਵਲਵਲਿਆਂ ਦੀ ਤੁਜ਼ ਜਿਹੀ ਭੇਟਾ ਹੈ, ਕੌਮੀ ਘਰ ਲਈ ਸ਼ਹੀਦ ਹੋਏ ਸਮੂਹ ਸੂਰਮਿਆਂ ਦੀ ਯਾਦ ਵਿਚ...।

ਇਸ ਹੰਭਲੇ ਨੂੰ ਸਿਰੇ ਚਾੜ੍ਹਨ ਵਿਚ ਜਿਨ੍ਹਾਂ ਸਹਿਯੋਗੀ ਮਿੱਤਰਾਂ ਅਤੇ ਸਤਿਕਾਰਯੋਗ ਸ਼ਖਸ਼ੀਅਤਾਂ ਨੇ ਸਮੇਂ

ਸਮੇਂ 'ਤੇ ਮੈਨੂੰ ਸਹਿਯੋਗ ਅਤੇ ਯੋਗ ਸਲਾਹ ਨਾਲ ਕਿਰਤਾਰਥ ਕੀਤਾ ਹੈ, ਮੈਂ ਉਨ੍ਹਾਂ ਸਾਰਿਆਂ ਦਾ ਤਹਿ ਦਿਲੋਂ ਧੰਨਵਾਦੀ ਹਾਂ।

ਮੈਂ ਆਪਣੇ ਇਸ ਨਿਗੂਣੇ ਜਿਹੇ ਯਤਨ ਰਾਹੀਂ ਗੋਹੜੇ ਵਿਚੋਂ ਪੂਣੀ ਵੀ ਨਹੀਂ ਕੱਤ ਸਕਿਆ, ਹਾਲੇ ਇਸ ਵਿਸ਼ੇ ਉੱਤੇ ਸੁਹਿਰਦਤਾ ਨਾਲ ਬਹੁਤ ਕੰਮ ਕਰਨ ਦੀ ਲੋੜ ਹੈ। ਸਤਿਕਾਰਤ ਸਿੱਖ ਵਿਦਵਾਨਾਂ, ਸੰਘਰਸ਼ਸ਼ੀਲ ਧਿਰਾਂ, ਦੋਸਤਾਂ ਮਿੱਤਰਾਂ ਅਤੇ ਆਪ ਸਭ ਪਾਠਕਾਂ ਦੇ ਚਰਨਾਂ ਵਿਚ ਮੇਰੇ ਵੱਲੋਂ ਸਨਿਮਰ ਬੇਨਤੀ ਹੈ ਕਿ ਮੇਰੀ ਕੰਡ ਉੱਤੇ ਆਪਣਾ ਮੇਹਰ ਭਰਿਆ ਹੱਥ ਰੱਖਣਾ.... ਤੇ ਮੈਨੂੰ ਆਪਣੀਆਂ ਵੱਡ-ਮੁੱਲੀਆਂ ਰਾਵਾਂ ਅਤੇ ਸੁਝਾਵਾਂ ਰਾਹੀਂ ਨਿਵਾਜਦੇ ਰਹਿਣਾ ਤਾਂ ਕਿ ਮੈਂ ਇਸ ਖੇਤਰ ਵਿਚ ਹੋਰ ਕਦਮ ਪੁੱਟਦਾ ਜਾਵਾਂ।

ਰਹਿਣਾ ਹੌਂਸਲਾ ਦਿੰਦੇ ਕਿ ਪਾਉਂਦਾ ਜਾਵਾਂ ਬਾਤਾਂ ਨੂੰ
ਭਰਦੇ ਰਹੋ ਹੁੰਗਾਰਾ ਜੇ ਰਹਾਂਗਾ ਗਾਉਂਦਾ ਗਾਥਾ ਨੂੰ....

-ਅਮਰਦੀਪ ਸਿੰਘ 'ਅਮਰ'

ਪਿੰਡ ਬਾਰਦੇਕੇ, ਡਾਕ : ਚਚਰਾੜੀ
ਤਹਿਸੀਲ ਜਗਰਾਉਂ-142026
ਜ਼ਿਲ੍ਹਾ ਲੁਧਿਆਣਾ
ਫੋਨ: 01624-233004

ਕਾਂਡ-1

ਚਿੜੀ ਚੂਕਦੀ ਨਾਲ ਜਾ ਤੁਰੇ ਪਾਂਧੀ......

ਸਰਦਾਰ ਸ਼ਮਸ਼ੇਰ ਸਿੰਘ ਇਕ ਮੰਨਿਆ ਪ੍ਰਮੰਨਿਆ ਪੁਲੀਸ ਡੀ.ਐਸ.ਪੀ. ਸੀ। ਸਰਦਾਰ ਦੀ ਕੋਠੀ ਗੁਰੂ ਕੀ ਨਗਰੀ ਅੰਮ੍ਰਿਤਸਰ ਦੇ ਇਕ ਸ਼ਾਨਦਾਰ ਮੁਹੱਲੇ ਵਿਚ ਬਣੀ ਹੋਈ ਸੀ। ਪਰਿਵਾਰ ਵਿਚ ਸਰਦਾਰ ਸ਼ਮਸ਼ੇਰ ਸਿੰਘ ਆਪ, ਸਰਦਾਰਨੀ ਮਹਿੰਦਰ ਕੌਰ ਅਤੇ ਸਰਦਾਰ ਦਾ ਇਕੋ-ਇਕ ਬੇਟਾ ਅਵਨਿੰਦਰ ਸੀ। ਸਰਦਾਰ ਜਿਥੇ ਡਿਊਟੀ ਦਾ ਪੱਕਾ, ਸਮੇਂ ਦਾ ਪਾਬੰਦ ਅਤੇ ਪੱਕਾ ਦੇਸ਼ ਭਗਤ ਸੀ, ਉਥੇ ਨਾਲ-ਨਾਲ ਇਕ ਚੰਗਾ ਗੁਰਸਿੱਖ ਵੀ ਸੀ। ਸਰਦਾਰ ਸ਼ਮਸ਼ੇਰ ਸਿੰਘ ਖਾੜਕੂ ਕਾਰਵਾਈਆਂ ਦਾ ਸਖ਼ਤ ਵਿਰੋਧੀ ਅਤੇ ਸਿੱਖੀ ਦੇ ਨਾਂ ਹੇਠ ਪਨਪ ਰਹੇ 'ਅੱਤਵਾਦ' ਨੂੰ ਹਰ ਹੀਲੇ ਕੁਚਲ ਦੇਣ ਦਾ ਸਮਰਥਕ ਵੀ ਸੀ। ਬੇਸ਼ੱਕ ਸਰਦਾਰ ਕਈ ਮੁਕਾਬਲਿਆਂ ਵਿਚ ਖੁਦ ਅੱਗੇ ਵਧ ਕੇ ਲੜਿਆ, ਕਈ ਖਾੜਕੂ ਫੜ ਕੇ ਅਦਾਲਤਾਂ ਵਿਚ ਪੇਸ਼ ਕਰਵਾਏ ਪਰ ਕਦੇ ਵੀ ਕਾਨੂੰਨ ਨੂੰ ਆਪਣੇ ਹੱਥ ਵਿਚ ਨਹੀਂ ਲਿਆ। ਸਰਦਾਰ ਸ਼ਮਸ਼ੇਰ ਸਿੰਘ ਸੂਰਮਿਆਂ ਵਾਂਗ ਲੜ ਕੇ ਮੁਕਾਬਲਾ ਕਰਨ ਨੂੰ ਤਾਂ ਤਰਜੀਹ ਦਿੰਦਾ ਪਰ ਝੂਠੇ ਪੁਲੀਸ ਮੁਕਾਬਲੇ ਬਣਾਉਣ ਵਾਲੇ ਅਫ਼ਸਰਾਂ ਦਾ ਸਖ਼ਤ ਵਿਰੋਧੀ ਸੀ। ਕਈ ਵਾਰੀ ਉਹ ਸਰਦਾਰਨੀ ਮਹਿੰਦਰ ਕੌਰ ਨੂੰ ਕਹਿੰਦਾ ਕਿ ਝੂਠੇ ਮੁਕਾਬਲੇ ਬਣਾਉਣ ਵਾਲੇ ਅਫ਼ਸਰ ਵੀ ਕਿਸੇ ਪੱਖੋਂ ਅੱਤਵਾਦੀਆਂ ਤੋਂ ਘੱਟ ਨਹੀਂ ਹਨ। ਅਦਾਲਤੀ ਹੁਕਮਾਂ ਦੀ ਕੀਤੀ ਜਾ ਰਹੀ ਉਲੰਘਣਾ ਵੀ ਮੁੰਡਿਆਂ ਵਿਚ ਸੰਵਿਧਾਨ ਪ੍ਰਤੀ ਨਫ਼ਰਤ ਭਰਨ ਦਾ ਇਕ ਮੁੱਖ ਕਾਰਨ ਹੈ।

ਗਰਮੀਆਂ ਦੇ ਮਹੀਨੇ ਦੀ ਸਵੇਰ ਸਰਦਾਰ ਸ਼ਮਸ਼ੇਰ ਸਿੰਘ ਦੇ ਘਰ ਦੇ ਲਾਗੇ ਗੁਰਦੁਆਰਾ ਸਾਹਿਬ ਦਾ ਸਪੀਕਰ ਬੋਲਿਆ:

ਭਿੰਨੀ ਰੈਨੜੀਐ ਚਾਮਕਨਿ ਤਾਰੇ ॥

ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥

ਭਾਈ ਜੀ ਦੀ ਅਤਿ ਸੁੰਦਰ ਮਨਮੋਹਕ ਆਵਾਜ਼ ਸਾਰੇ ਮੁਹੱਲੇ ਦੀ ਫਿਜ਼ਾ ਵਿਚ ਛਾ ਗਈ। ਗੁਰੂ ਕੇ ਪਿਆਰਿਓ ਜਾਗੋ ਭਾਈ ਅੰਮ੍ਰਿਤ ਵੇਲਾ ਹੋ ਗਿਆ ਹੈ, *'ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥'* ਸਾਹਿਬ ਨੂੰ ਯਾਦ ਕਰਨ ਦਾ ਵੇਲਾ, ਉੱਠੋ ਭਾਈ ਇਸ਼ਨਾਨ ਕਰੋ, ਗੁਰਬਾਣੀ ਪੜ੍ਹੋ, ਗੁਰਬਾਣੀ ਗਾਵੋ:

ਆਇਓ ਸੁਨਨ ਪੜਨ ਕਉ ਬਾਣੀ ॥

ਨਾਮੁ ਵਿਸਾਰਿ ਲਗਹਿ ਅਨ ਲਾਲਚਿ ਬਿਰਥਾ ਜਨਮੁ ਪਰਾਣੀ ॥.........

ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥

".....ਆਉ ਗੁਰੂ ਘਰ ਆ ਕੇ ਹਾਜ਼ਰੀਆਂ ਲਗਵਾਓ, ਜਨਮ ਸਫਲਾ ਕਰੋ, ਐਸ ਵਕਤ ਅੰਮ੍ਰਿਤ ਵੇਲੇ ਦੇ

ਸਵਾ ਤਿੰਨ ਵਜ ਚੁੱਕੇ ਹਨ.....ਜਾਗੋ ਭਾਈ ਜਾਗੋ.....।"

ਹਾਲੇ ਇਹ ਸ਼ਬਦ ਮਹਿੰਦਰ ਕੌਰ ਦੇ ਕੰਨਾਂ ਵਿਚ ਪੂਰੀ ਤਰ੍ਹਾਂ ਨਹੀਂ ਪਏ ਸਨ ਕਿ ਉਹ ਵਾਹਿਗੁਰੂ-ਵਾਹਿਗੁਰੂ ਕਰਦੀ ਉਠ ਬੈਠੀ, ਪਰ ਚਿਹਰੇ ਉੱਪਰ ਘਬਰਾਹਟ ਤੇ ਡਰ ਦੇ ਚਿੰਨ੍ਹ ਰਲਵੇਂ ਦਿਖਾਈ ਦੇ ਰਹੇ ਸਨ।

ਉਠਦੇ ਸਾਰ ਹੀ ਮੂੰਹੋਂ ਨਿਕਲਿਆ, "ਵਾਹਿਗੁਰੂ ਸੁੱਖ ਰੱਖੀਂ, ਸੱਚੇ ਪਾਤਸ਼ਾਹ ਸਰਬੱਤ ਦਾ ਭਲਾ ਕਰੀਂ.....ਮੇਰਾ ਪੁੱਤ ਅਵਿੰਨਦਰਦੀਪ...?" ਇੰਨਾ ਆਖ ਕੇ ਭੱਜ ਕੇ ਕਾਹਲ ਵਿਚ ਨਾਲ ਵਾਲੇ ਬੈੱਡਰੂਮ ਵੱਲ ਨੂੰ ਵਧੀ, ਜਿਥੇ ਉਨ੍ਹਾਂ ਦਾ ਲੜਕਾ ਅਵਿੰਨਦਰਦੀਪ ਸੌਂ ਰਿਹਾ ਸੀ।

"ਨਿੰਦੀ! ....ਓ ਨਿੰਦੀ.....।" ਕਮਰੇ ਵਿਚ ਪਹੁੰਚਣ ਤੋਂ ਪਹਿਲਾਂ ਹੀ ਉਸਨੇ ਹਾਬੜਿਆਂ ਵਾਂਗ ਦੋ ਅਵਾਜ਼ਾਂ ਮਾਰੀਆਂ।

ਕਮਰੇ ਵਿਚੋਂ ਅਵਾਜ਼ ਆਈ, "ਕੀ ਆ.....? ਮੰਮਾ ਸੌਣ ਵੀ ਨਹੀਂ ਦਿੰਦੇ.....ਇਕ ਸਵੇਰੇ ਸਵੇਰੇ ਆਹ ਭਾਈ ਜੀ ਆਪਣਾ ਘਰਾਟ ਰਾਗ ਸੁਣਾਉਣ ਲੱਗ ਜਾਂਦੇ, ਇਕ ਤੁਸੀਂ.....।"

ਸਰਦਾਰਨੀ ਨੂੰ ਕੰਨਾਂ ਵਿਚ ਪੁੱਤ ਦੀ ਅਵਾਜ਼ ਪੈਣ 'ਤੇ ਸ਼ਾਂਤੀ ਮਹਿਸੂਸ ਹੋਈ। ਉਸਦੇ ਮੂੰਹੋਂ ਆਪ ਮੁਹਾਰੇ ਹੀ ਨਿਕਲ ਗਿਆ, "ਸ਼ੁਕਰ ਹੈ ਵਾਹਿਗੁਰੂ ਤੇਰਾ।" ਉਸ ਨੇ ਸੋਚਿਆ ਕਿ ਨਿੰਦੀ ਤਾਂ ਅੰਦਰ ਹੀ ਹੈ ਪਰ ਸੁਪਨੇ ਵਾਲਾ ਲੜਕਾ ਕੌਣ ਹੋਇਆ? ਬਿਲਕੁਲ ਅਵਿੰਨਦਰ ਜਿਹਾ ਪਤਲਾ ਜਿਹਾ ਮਲੂਕ ਜਿਹਾ.....ਇਵੇਂ ਉਤਰਦੀ ਦਾਹੜੀ, ਉਸਦੇ ਕਿੰਨੀ ਸੋਹਣੀ ਦਸਤਾਰ ਬੱਧੀ ਸੀ ਪਰ ਸਰਦਾਰ ਜੀ ਉਸਨੂੰ ਕਿਉਂ ਮਾਰ ਰਹੇ ਸੀ? ਭਲਾ ਬਾਪ ਆਪਣੇ ਪੁੱਤ ਨੂੰ ਕਿਉਂ ਮਾਰੇਗਾ.....? ਸਰਦਾਰ ਸ਼ਮਸ਼ੇਰ ਸਿੰਘ ਦਾ ਖਿਆਲ ਜਿਹਨ ਵਿਚ ਆਉਂਦਿਆਂ ਹੀ ਉਸਦੀ ਚਿੰਤਾ ਹੋਰ ਵੱਧ ਗਈ, ਕਿਉਂਕਿ ਸਰਦਾਰ ਰਾਤ ਅੱਠ ਵਜੇ ਦੇ ਨਾਲ ਵਾਲੇ ਪਿੰਡ ਮੀਆਂਵਿੰਡ ਵਿਖੇ ਮੁਕਾਬਲੇ 'ਤੇ ਗਏ ਸੀ ਜੋ ਕਿ ਅੱਤਵਾਦੀਆਂ ਤੇ ਸੁਰੱਖਿਆ ਫੋਰਸਾਂ ਵਿਚਕਾਰ ਪੰਜ ਘੰਟੇ ਤੋਂ ਚੱਲ ਰਿਹਾ ਸੀ। ਹੁਣ ਸਵੇਰ ਹੋ ਚੁੱਕੀ ਸੀ ਪਰ ਸਰਦਾਰ ਜੀ ਹੋਰਾਂ ਦਾ ਕੋਈ ਫੋਨ ਜਾਂ ਅਤਾ ਪਤਾ ਨਹੀਂ ਆਇਆ ਸੀ। "..ਪਤਾ ਨਹੀਂ ਜਾਏ ਖਣੇ ਦੇ ਕੀ ਮੰਗਦੇ ਆ ਸਰਕਾਰ ਕੋਲੋਂ? ਬਈ ਭੋਡੀ ਆਹ ਉਮਰ ਪੜ੍ਹ ਲਿਖ ਕੇ ਕੁਛ ਬਣਨ ਦੀ ਆ ਕਿ ਬੰਦੂਕਾਂ ਚੁੱਕ ਕੇ ਸਰਕਾਰਾਂ ਨਾਲ ਟੱਕਰ ਲੈਣ ਦੀ.....? ਨਾ ਦਿਨੇ ਚੈਨ ਨਾ ਰਾਤ ਨੂੰ ਨੀਂਦ, ਸਰਕਾਰ ਵੀ ਕਿਹੜਾ ਕੋਈ ਗੱਲ ਸੁਣਦੀ ਆ? ਅੰਨ੍ਹੇਵਾਹ ਜਵਾਨੀ ਦਾ ਘਾਣ ਕਰਨ 'ਤੇ ਤੁਲੀ ਹੋਈ ਆ। ਕਿਤੇ ਦਰਿਆਵਾਂ ਦੇ ਵਹਿਣ ਵੀ ਰੁਕੇ ਨੇ? ਪਰ ਦੋਨਾਂ ਧਿਰਾਂ ਦੀ ਲੜਾਈ.....ਮਾਵਾਂ ਦਾ ਕੀ ਕਸੂਰ ਆ?" ਇਸ ਤਰ੍ਹਾਂ ਦੇ ਕਈ ਖਿਆਲ ਇਕ ਦਮ ਹੀ ਸਰਦਾਰਨੀ ਮਹਿੰਦਰ ਕੌਰ ਦੇ ਦਿਮਾਗ ਵਿਚੋਂ ਲੰਘ ਗਏ। ਪੰਜਾਬ ਦੀਆਂ ਹੋਰ ਮਾਵਾਂ ਵਾਂਗ ਉਸਨੂੰ ਨਿੰਦੀ ਦਾ ਫਿਕਰ ਘੁਣ ਵਾਂਗ ਖਾਈ ਜਾ ਰਿਹਾ ਸੀ ਅਤੇ ਲਹੂ-ਲੁਹਾਣ ਪੰਜਾਬ ਦੀ ਆਤਮਾ ਵਾਂਗ ਉਸਦਾ ਆਪਣਾ ਅੰਦਰਲਾ ਵੀ ਰਹਿਮ ਦੀ ਦੁਹਾਈ ਪਾਉਂਦਾ ਜਾਪ ਰਿਹਾ ਸੀ।

ਸਰਦਾਰਨੀ ਮਹਿੰਦਰ ਕੌਰ ਨਿੰਦੀ ਦੇ ਕਮਰੇ ਵਿਚ ਗਈ। ਨਿੰਦੀ ਆਪਣੇ ਬੈੱਡ ਉੱਤੇ ਘੂਕ ਸੌਂ ਰਿਹਾ ਸੀ। ਉਸਦੀ ਸਿਰ 'ਤੇ ਲਪੇਟੀ ਕੇਸਕੀ ਖੁੱਲ੍ਹੀ ਹੋਣ ਕਰਕੇ ਨਰਮ-ਨਰਮ ਕੇਸ ਪੱਖੇ ਦੀ ਹਵਾ ਵਿਚ ਉੱਡ ਰਹੇ ਸਨ। ਮਹਿੰਦਰ ਕੌਰ ਆਪਣੇ ਲਾਲ ਦੇ ਸਿਰ 'ਤੇ ਹੱਥ ਫੇਰਦੀ ਹੋਈ ਬੋਲੀ ਗਈ:- "ਉੱਠੋ ਬੇਟਾ ਨਿੰਦਰ ਉੱਠੋ.....ਅੰਮ੍ਰਿਤ ਵੇਲਾ ਖੁੰਝਦਾ ਜਾ ਰਿਹੈ, ਚੱਲ ਉੱਠ ਕੇ ਨਿਤਨੇਮ ਕਰੀਏ ਤੇ ਦਰਬਾਰ ਸਾਹਿਬ ਜਾ ਕੇ ਆਈਏ, ਅੱਜ ਮੇਰਾ ਮਨ ਬੜਾ ਘਬਰਾਉਂਦਾ ਪਿਐ।"

ਜਕਾਂ ਤਕਾਂ ਕਰਦਾ ਨਿੰਦੀ ਆਖਰ ਉੱਠ ਖੜੋਇਆ ਹੈ। ਉਦੋਂ ਤੀਕ ਸਰਦਾਰਨੀ ਮਹਿੰਦਰ ਕੌਰ ਇਸ਼ਨਾਨ ਕਰਕੇ ਨਿਤਨੇਮ ਕਰਨ ਲਈ ਗੁਟਕਾ ਚੁੱਕ ਲਿਆਈ ਹੈ। ਦੋਵੇਂ ਮਾਂ ਪੁੱਤ ਨਿਤਨੇਮ ਕਰਨ ਉਪਰੰਤ ਦਰਬਾਰ ਸਾਹਿਬ ਨੂੰ ਜਾਣ ਹੀ ਲੱਗੇ ਸਨ ਕਿ ਕੋਠੀ ਵੱਲ ਨੂੰ ਡੀ.ਐਸ.ਪੀ. ਸਾਹਿਬ ਅਤੇ ਗਾਰਦ ਦੀਆਂ ਕਾਰਾਂ ਧੂੜਾਂ ਪੱਟਦੀਆਂ ਪਹੁੰਚ ਗਈਆਂ। ਕੋਠੀ ਦੇ ਗੇਟ ਕੋਲ ਕੀਂ..ਈਂ....ਈਂ...ਦੀ ਲੰਮੀ ਅਵਾਜ਼ ਕਰਦੀ ਹੋਈ ਕਾਰ ਰੁਕੀ।

ਅੱਗੇ ਪਿੱਛੇ ਜਿਪਸੀਆਂ ਵਿਚਲੀ ਗਾਰਦ ਦੇ ਕਮਾਂਡੋ ਛੇਤੀ-ਛੇਤੀ ਛਾਲਾਂ ਮਾਰ ਕੇ ਸਰਦਾਰ ਸ਼ਮਸ਼ੇਰ ਸਿੰਘ ਅਤੇ ਉਸਦੇ ਨਾਲ ਵਾਲੇ ਅਫ਼ਸਰ ਜੋ ਕਿ ਕਲੀਨਸ਼ੇਵ ਅਤੇ ਕਾਲੀਆਂ ਐਨਕਾਂ ਪਾਈ ਹੈ, ਨੂੰ ਘੇਰਦੇ ਹੋਏ ਆਪਣੀ ਸਕਿਉਰਟੀ ਡਿਊਟੀ 'ਤੇ ਤਾਇਨਾਤ ਹੋ ਗਏ।

"ਇਹ ਕਿੱਥੋਂ ਆ ਗਿਆ ਨਾਲ ਹਰਾਮਜ਼ਾਦਾ.....?" ਸਰਦਾਰਨੀ ਮਹਿੰਦਰ ਕੌਰ ਨੇ ਮਨ ਹੀ ਮਨ ਪਟਿਆਂ ਵਾਲੇ ਅਫ਼ਸਰ ਨੂੰ ਵੇਖ ਕੇ ਗਾਲ ਕੱਢੀ।

"ਹਾਂ ਬਈ ਜਵਾਨੋਂ, ਕਿਧਰ ਨੂੰ ਚੱਲੇ?" ਸਰਦਾਰ ਸ਼ਮਸ਼ੇਰ ਸਿੰਘ ਅੱਜ ਕਾਫ਼ੀ ਖੁਸ਼ ਜਾਪ ਰਿਹਾ ਸੀ। ਉਸਦਾ ਸਵਾਲ ਸਰਦਾਰਨੀ ਮਹਿੰਦਰ ਕੌਰ ਤੇ ਆਪਣੇ ਲੜਕੇ ਅਵਿੰਦਰ ਵੱਲ ਸੀ।

"ਅਸੀਂ ਦਰਬਾਰ ਸਾਹਿਬ ਜਾ ਰਹੇ ਆਂ ਮੱਥਾ ਟੇਕਣ।" ਸਰਦਾਰਨੀ ਮਹਿੰਦਰ ਕੌਰ ਨੇ ਰਸਮੀ ਜਿਹੀ ਸਤਿ ਸ੍ਰੀ ਅਕਾਲ ਹਿੰਦੂ ਅਫ਼ਸਰ ਨੂੰ ਬੁਲਾਉਂਦੀ ਹੋਈ ਨੇ ਜਵਾਬ ਦਿੱਤਾ। ਹਿੰਦੂ ਅਫ਼ਸਰ ਨੇ ਇਕ ਅਵੈੜ ਜਿਹੀ ਲੁੱਚੀ ਝਾਕਣੀ ਝਾਕਦੇ ਹੋਇਆਂ ਮਾਮੂਲੀ ਜਿਹਾ ਸਿਰ ਹਿਲਾਇਆ।

"ਚੰਗਾ ਫੇਰ ਜਲਦੀ ਜਾ ਆਇਓ, ਮੈਂ ਦਫ਼ਤਰ ਵੀ ਜਾਣੈ, ਤੁਹਾਡੇ ਆਉਣ 'ਤੇ ਈ ਜਾਵਾਂਗਾ.....।" ਸ਼ਮਸ਼ੇਰ ਸਿੰਘ ਆਪਣੀ ਬਗਲ ਵਿਚ ਪਾਏ ਡੰਡੇ ਨੂੰ ਜਾਣ ਦੇ ਇਸ਼ਾਰੇ ਵਾਂਗ ਹਿਲਾਉਂਦਿਆਂ ਬੋਲਿਆ।

ਦੋਵੇਂ ਮਾਂ-ਪੁੱਤ ਦਰਬਾਰ ਸਾਹਿਬ ਨੂੰ ਚਲੇ ਗਏ। ਸਰਦਾਰ ਸ਼ਮਸ਼ੇਰ ਸਿੰਘ ਅਤੇ ਨਾਲ ਵਾਲਾ ਅਫ਼ਸਰ ਅੰਦਰ ਆਏ। ਇਹ ਅਫ਼ਸਰ ਸਰਦਾਰ ਸ਼ਮਸ਼ੇਰ ਦਾ ਐਸ.ਐਸ.ਪੀ. ਪੀ.ਕੇ. ਸ਼ਰਮਾ ਹੈ। ਇਸਦਾ ਪੂਰਾ ਨਾਮ ਤਾਂ ਪੰਕਜ ਕੁਮਾਰ ਸ਼ਰਮਾ ਹੈ ਪਰ ਮਹਿਕਮੇ ਅਤੇ ਆਮ ਲੋਕਾਂ ਵਿਚ ਪੀ.ਕੇ. ਸ਼ਰਮਾ ਕਰਕੇ ਹੀ ਮਸ਼ਹੂਰ ਹੈ। ਸ਼ਰਮਾ ਇਕ ਖਾਂਟ ਹਿੰਦੂ ਅਫ਼ਸਰ ਹੋਣ ਦੇ ਨਾਲ-ਨਾਲ ਹਿੰਦੂ ਹਿੰਦੀ ਹਿੰਦੁਸਤਾਨ ਦੀ ਵਿਚਾਰਧਾਰਾ ਦਾ ਕੱਟੜ ਸਮਰਥਕ ਵੀ ਹੈ। ਸ਼ਰਮਾ ਸਮਝਦਾ ਹੈ ਕਿ ਜੇਕਰ ਦੇਸ਼ ਦਾ ਰਾਸ਼ਟਰੀਕਰਨ ਕਰਨਾ ਹੈ ਤਾਂ ਪਹਿਲਾਂ ਇਸਦਾ ਹਿੰਦੂਕਰਨ ਕਰਨਾ ਪਵੇਗਾ। ਇਹ ਸ਼ੁਧੀਕਰਣ ਦੀ ਰਸਮ 'ਤੇ ਬਹੁਤ ਯਕੀਨ ਕਰਦਾ ਹੈ। ਹਿੰਦੂਆਂ ਵਿਚੋਂ ਗਇਆਂ ਹੋਇਆਂ ਹੋਰ ਧਰਮਾਂ ਦਾ ਸ਼ੁਧੀਕਰਣ ਕਰਨਾ ਜ਼ਰੂਰੀ ਸਮਝਦਾ ਹੈ। ਖਾਸ ਕਰਕੇ ਅਨਧਰਮੀ ਔਰਤਾਂ ਦਾ ਵੀ ਹਰ ਜਾਇਜ਼ ਜਾਂ ਨਜ਼ਾਇਜ ਤਰੀਕੇ ਨਾਲ ਸ਼ੁਧੀਕਰਣ ਕਰਨ ਦਾ ਹਾਮੀ ਹੈ। ਅੱਜ ਕੱਲ੍ਹ ਇਸਦੀ ਅੱਖ ਸਰਦਾਰਨੀ ਮਹਿੰਦਰ ਕੌਰ ਉੱਪਰ ਰਹਿੰਦੀ ਹੈ ਕਿ ਕਿਵੇਂ ਮਹਿੰਦਰ ਕੌਰ ਦਾ ਸ਼ੁਧੀਕਰਣ ਕੀਤਾ ਜਾ ਸਕੇ। ਭਰਵੇਂ ਸਰੀਰ ਅਤੇ ਗੋਲ-ਮਟੋਲ ਚਿਹਰੇ ਦੀ ਮਾਲਕ ਮਹਿੰਦਰ ਕੌਰ ਬਾਹਮਣ ਐਸ.ਐਸ.ਪੀ. ਦੇ ਮਨ 'ਤੇ ਨਸ਼ਤਰ ਕਰਦੀ ਜਾਪਦੀ। ਉਹ ਕਈ ਵਾਰ ਮਨ ਹੀ ਮਨ ਸੋਚਦਾ ਸੀ ਕਿ ਇਹ ਇੰਦਰ ਦੇ ਅਖਾੜੇ ਦੀ ਉਰਵਸ਼ੀ ਮਹਿਖਾਸੁਰ ਵਰਗੇ ਖੜਬੈਂ ਜੱਟ ਦੇ ਵੱਸ ਕਿਵੇਂ ਪੈ ਗਈ? ਇਹ ਕਲਪ ਬ੍ਰਿਛ ਤਾਂ ਪੀ.ਕੇ. ਸ਼ਰਮਾ ਦੇ ਚੰਦਰਾਬਨ ਵਿਚ ਹੀ ਸੋਂਹਦਾ। ਬੱਸ ਹੁਣ ਰਾਮ ਖੈਰ ਕਰੇ। ਅਜਿਹੀਆਂ ਕਈ ਵਿਚਾਰਾਂ ਦਾ ਹੜ੍ਹ ਐਸ.ਐਸ.ਪੀ. ਪੀ.ਕੇ. ਸ਼ਰਮਾ ਦੇ ਮਨ ਮਸਤਕ ਵਿਚ ਚੱਲ ਰਿਹਾ ਸੀ।

"ਸ਼ਮਸ਼ੇਰ ਸਿੰਘ ਆਪਣਾ ਲੜਕਾ ਅੱਜ-ਕੱਲ੍ਹ ਕੀ ਕਰ ਰਿਹੈ?" ਗੁਦਗੁਦੇ ਸੋਫੇ 'ਤੇ ਬੈਠਦਿਆਂ ਸ਼ਰਮੇ ਨੇ ਸਰਦਾਰ ਨੂੰ ਸਵਾਲ ਕੀਤਾ।

"ਬੀ.ਐਸ.ਸੀ. ਕਰ ਰਿਹਾ ਹੈ ਸਰ, ਆਹ ਖ਼ਾਲਸਾ ਕਾਲਜ ਵਿਚ।" ਸ਼ਮਸ਼ੇਰ ਸਿੰਘ ਨੇ ਸਰਵਿਸ ਰਿਵਾਲਵਰ ਟੇਬਲ ਉੱਤੇ ਰੱਖਦਿਆਂ ਜਵਾਬ ਦਿੱਤਾ।

"ਗੁੱਡ-ਗੁੱਡ, ਵੈਰੀ ਗੁੱਡ.....ਗੱਲ ਤਾਂ ਚੰਗੀ ਹੈ ਪਰ ਕਾਲਜ ਕੋਈ ਬਹੁਤਾ ਵਧੀਆ ਨਹੀਂ, ਤੁਸੀਂ ਇਹਨੂੰ ਕਿਸੇ ਵਧੀਆ ਕਾਲਜ ਵਿਚ ਪਾਉ, ਚੰਡੀਗੜ੍ਹ ਜਾਂ ਦਿੱਲੀ .....। ਕੁਛ ਮਾੜੀ-ਮੋਟੀ ਹਵਾ ਲੱਗੇ, ਮਾਡਰਨ ਹੋਵੇ, ਐਵੇਂ ਦਾੜ੍ਹੀ ਜਿਹੀ ਵਧਾਈ ਫਿਰਦੇ ਬਾਬਿਆਂ ਵਾਂਗ.....ਨਾਲੇ ਖ਼ਾਲਸਾ ਕਾਲਜ ਨੇ ਕੋਈ ਦੇਸ਼ ਭਗਤ ਨਹੀਂ

ਅੱਤਵਾਦੀ ਹੀ ਪੈਦਾ ਕੀਤੇ ਆ..." ਸ਼ਰਮੇ ਨੇ ਗੱਲ ਕਰਕੇ ਹੇਠਲਾ ਬੁੱਲ ਟੁਕਿਆ। ਉਹ ਸ਼ੋਅ-ਕੇਸ ਵਿਚ ਪਈ ਸ਼ਮਸ਼ੇਰ ਸਿੰਘ ਤੇ ਮਹਿੰਦਰ ਕੌਰ ਦੀ ਇਕੱਠਿਆਂ ਦੀ ਫੋਟੋ ਵੇਖ ਕੇ ਮਨ ਹੀ ਮਨ ਔਖ ਮਹਿਸੂਸ ਕਰ ਰਿਹਾ ਸੀ।

"ਸਰ ਤੁਹਾਨੂੰ ਮੇਰੇ ਅਸੂਲਾਂ ਦਾ ਪਤਾ ਈ ਐ, ਤਨਖਾਹ ਨਾਲ ਤਾਂ ਖਰਚਾ-ਪਾਣੀ ਈ ਚੱਲਦੈ, ਜੇ ਚੰਗਾ ਪੜਨਾ ਹੋਇਆ ਤਾਂ ਇਥੇ ਹੀ ਪੜਜੂ, ਬਾਕੀ ਰਹੀ ਦਾੜ੍ਹੀ ਦੀ ਗੱਲ, ਇਹ ਤਾਂ ਇਹਦੀ ਮਾਂ ਦੀ ਸਿੱਖਿਆ ਦਾ ਨਤੀਜਾ ਐ। ....ਤੇ ਅੱਤਵਾਦੀ ਵਿਚਾਰਧਾਰਾ ਦੀ ਗੱਲ....ਅੱਬਲ ਤਾਂ ਅਜਿਹੀ ਨੌਬਤ ਆਉਂਦੀ ਨਹੀਂ, ਜੇਕਰ ਆ ਈ ਗਈ ਤਾਂ ਆਈ ਵਿਲ ਸ਼ੂਟ ਹਿਮ ਰੀਅਲੀ.....।" ਕਹਿੰਦਿਆਂ ਹੋਇਆਂ ਸ਼ਮਸ਼ੇਰ ਸਿੰਘ ਦਾ ਹੱਥ ਟੇਬਲ 'ਤੇ ਪਏ ਰਿਵਾਲਵਰ ਵੱਲ ਵਧ ਗਿਆ।

"ਓ ਵੈਰੀ ਗੁੱਡ, ਗੁੱਡ-ਗੁੱਡ.....ਵੈਰੀ ਗੁੱਡ, ਮੰਨਗੇ ਤੈਨੂੰ ਸਿੰਘ ਸਰਦਾਰਾ, ਦੇਸ਼-ਭਗਤੀ ਹੋਵੇ ਤਾਂ ਐਸੀ। ਤੇਰੇ ਵਰਗੇ ਯੋਧਿਆਂ ਕਰਕੇ ਹੀ ਇਹ ਦੇਸ਼ ਇਕ ਐ, ਨਹੀਂ ਤਾਂ ਇਹਨਾਂ ਕੰਜਰਾਂ ਨੇ ਤਾਂ ਮੇਰੇ ਗਾਂਧੀ ਦੇ ਦੇਸ਼ ਦੇ ਟੁਕੜੇ-ਟੁਕੜੇ ਕਰ ਦੇਣੇ ਸੀ।" ਸ਼ਰਮਾ ਸ਼ਮਸ਼ੇਰ ਸਿੰਘ ਨੂੰ ਥਾਪੀਆਂ ਦੇਣ ਲੱਗਾ, ਉਸਦਾ ਮਨ ਅੰਦਰਲਾ ਚਾਣਕਿਆ ਹੱਸ ਰਿਹਾ ਸੀ। ਉਸਦੀ ਟੋਪੀ ਹੇਠਲੀ ਬੋਦੀ ਉਸਨੂੰ ਏਰੀਅਲ ਵਾਂਗ ਖੜ੍ਹੀ ਹੁੰਦੀ ਜਾਪੀ। "..ਜੇ ਇੰਜ ਬਹਾਦਰੀਆਂ ਕਰੇਂਗਾ ਤਾਂ ਹੀ ਜਲਦੀ ਮਰੇਂਗਾ....ਤੇ ਮਹਿੰਦਰ ਕੌਰ....ਓ ਨਹੀਂ ਨਹੀਂ ਸ਼ੁੱਧੀ ਤੋਂ ਬਾਅਦ ਤਾਂ ਚੰਦਰਬਨ ਦੀ ਉਰਵਸੀ..." ਸ਼ਰਮੇ ਦੇ ਮਨ ਵਿਚ ਕੁਤਕੁਤਾਰੀ ਜਿਹੀ ਨਿਕਲੀ।

"ਨੋ ਸਰ ਨੋ....ਜਿੰਨਾ ਚਿਰ ਸਵਾਸ ਚੱਲਦੇ ਨੇ ਤੇ ਗੁਰੂ ਕਿਰਪਾ ਰੱਖੇ ਸੀਂ ਕੁਰਬਾਨ ਹੋ ਜਾਵਾਂਗੇ, ਦੇਸ਼ ਵਿਰੋਧੀ ਮਨਸੂਬੇ ਕਦਾਚਿਤ ਕਾਮਯਾਬ ਨਹੀਂ ਹੋਣਗੇ..." ਸਰਦਾਰ ਸ਼ਮਸ਼ੇਰ ਸਿੰਘ ਦੀਆਂ ਅੱਖਾਂ ਲਾਲ ਸੁਰਖ ਹੋ ਰਹੀਆਂ ਸਨ।

"ਯੈਸ ਯੈਸ ਯਹ ਤੋ ਮੁਝੇ ਪਤਾ ਹੈ....ਸਰਦਾਰ ਸ਼ਮਸ਼ੇਰ ਸਿੰਘ ਮੈਨੇ ਰਾਤ ਮੁਕਾਬਲੇ ਸਮੇਂ ਹੀ ਤੁਮ੍ਹਾਰੀ ਬਹਾਦਰੀ ਦੇਖ ਲੀ ਥੀ। ਅਗਰ ਰਾਤ ਤੁਮ ਆਗੇ ਹੋਕਰ ਨਾ ਲੜਤੇ ਤੋ ਵੋਹ ਏ ਕੈਟਾਗਰੀ ਕਾ ਆਂਤਕਵਾਦੀ ਮਹਿੰਗਾ ਸਿੰਘ ਬੱਬਰ ਕੈਸੇ ਮਾਰਾ ਜਾਤਾ...? ਔਰ ਆਂਤਕਵਾਦੀ ਗਰੁਪਸ ਸੇ ਹਮੇਂ ਜ਼ਿਆਦਾ ਖ਼ਤਰਾ ਨਹੀਂ, ਮਗਰ ਯਹ ਦੋ ਗਰੁੱਪ ਤੋ ਹਰ ਹਾਲਤ ਮੇਂ ਖਤਮ ਕਰਨੇ ਹੀ ਹੋਂਗੇ..., ਏਕ ਵੋਹ ਡਾ. ਬੁਧਦੇਵ ਸਿੰਘ ਵਾਲੀ ਲਿਬਰੇਸ਼ਨ ਫੋਰਸ ਔਰ ਏਕ ਯਹ ਬੱਬਰ ਖ਼ਾਲਸਾ......।"

ਆਖਰੀ ਸ਼ਬਦ 'ਬੱਬਰ ਖ਼ਾਲਸਾ' ਸ਼ਰਮੇ ਦੇ ਸੰਘ ਵਿਚੋਂ ਮਸਾਂ ਹੀ ਅਟਕ-ਅਟਕ ਕੇ ਬਾਹਰ ਨਿਕਲਿਆ। ਉਸਨੂੰ ਆਪਣੇ ਚਿਹਰੇ ਦਾ ਰੰਗ ਸਾਹਮਣੇ ਲੱਗੇ ਸ਼ੀਸ਼ੇ 'ਚ ਪੀਲਾ ਦਿਖਾਈ ਦਿੱਤਾ ਅਤੇ ਪੰਜਾਬੀ ਤੋਂ ਪਲਟੀ ਰਲਵੀਂ ਹਿੰਦੀ ਖੁਸ਼ਕ-ਖੁਸ਼ਕ ਮਹਿਸੂਸ ਹੋਈ। ਇੰਨੇ ਚਿਰ ਨੂੰ ਰਸੋਈਆ ਰਾਮੂ ਦੋ ਕੱਪ ਕਾਫੀ ਅਤੇ ਡਰਾਈ ਫਰੂਟਸ ਦੀ ਪਲੇਟ ਲੈ ਕੇ ਆ ਗਿਆ। ਸ਼ਰਮੇ ਨੇ ਕਾਫੀ ਪੀਣ ਤੋਂ ਪਹਿਲਾਂ ਅਟਕ-ਅਟਕ ਕੇ ਇਕ ਗਲਾਸ ਪਾਣੀ ਦਾ ਸੰਘ ਹੇਠ ਕੀਤਾ। ਸ਼ਰਮੇ ਦਾ ਨਾਂ ਬੱਬਰ ਖ਼ਾਲਸਾ ਦੀ ਹਿੱਟ ਲਿਸਟ ਉਪਰਲੇ ਨਾਵਾਂ ਵਿਚ ਸੀ। ਉਸਨੂੰ ਕਈ ਵਾਰ ਸੋਧ ਦੇਣ ਦੀਆਂ ਚਿਤਾਵਨੀਆਂ ਮਿਲੀਆਂ ਸਨ। ਉਹ ਆਪਣੇ ਅੰਦਰਲੇ ਦਿਲੋਂ ਇਸ ਗਰੁੱਪ ਨੂੰ ਖ਼ਤਮ ਕਰਨਾ ਲੋਚਦਾ ਸੀ।

"ਸਰ ਅਸਲ ਵਿਚ ਪਹਿਲਾਂ ਤਾਂ ਬੱਬਰਾਂ ਦਾ ਕੋਈ ਬੰਦਾ ਜਿਊਂਦਾ ਹੱਥ ਨਹੀਂ ਲੱਗਦਾ, ਜੇਕਰ ਲੱਗ ਵੀ ਜਾਵੇ ਤਾਂ ਫੁਟਦੇ ਕੱਖ ਨਹੀਂ, ਪਤਾ ਨਹੀਂ ਕਿਸ ਮਿੱਟੀ ਦੇ ਬਣੇ ਹੋਏ ਆ ਪਤੰਦਰ, ਜਿੰਨੀ ਮਰਜੀ ਡਾਂਗ ਵਾਹੋ...ਵਾਹਿਗੁਰੂ ਵਾਹਿਗੁਰੂ ਹੀ ਕਰਦੇ ਰਹਿੰਦੇ ਆ।"

"ਹਾਂ ਯਹ ਬਾਤ ਤੋ ਠੀਕ ਹੈ ਵੋਹ ਅਨੋਖ ਸਿੰਘ......ਵਹੀ ਨਿਹੰਗੋ ਜੈਸਾ ਬੜਾ ਸਾ ਪੱਗੜ ਬਾਂਧ ਕੇ ਰੱਖਤਾ ਥਾ, ਮੈਨੇ ਖੁਦ ਉਸਕੀ ਇੰਟੈਰੋਗੇਸ਼ਨ ਅਪਨੇ ਹਾਥੋਂ ਸੇ ਕੀ....ਆਂਖ ਕਾਨ ਨਿਕਾਲ ਦੀਏ.....। ਸਾਤ ਦਿਨ ਕੀ ਇੰਟੈਰੋਗੇਸ਼ਨ ਕੇ ਬਾਅਦ ਸਿਰਫ਼ ਅਪਨਾ ਨਾਮ ਹੀ ਫੂਟਾ.....। ਪਤਾ ਨਹੀਂ ਕਿਸ ਮਾਟੀ ਕੇ ਬਨੇ ਹੈ

ਕੰਬਖਤ.......। ਤਬੀ ਸੇ ਮੇਰੇ ਪੀਛੇ ਪੜੇ, ਬੋਲ ਰਹੇ ਬਦਲਾ ਲੇਂਗੇ.....ਯਹ ਰਾਤ ਵਾਲਾ ਮਹਿੰਗਾ ਸਿੰਘ ਵੀ ਜ਼ਿਆਦਾ ਹੀ ਉਤੇਜਿਤ ਥਾ, ਮੁਝੇ ਮਾਰਨੇ ਕੇ ਲੀਏ। ਹਾਂ, ਸੱਚ ਸ਼ਮਸ਼ੇਰ ਸਿੰਘ..., ਕਯਾ ਕਯਾ ਸਮਾਨ ਮਿਲਾ ਹਰਾਮੀ ਕੀ ਕਿਟ ਸੇ.....?"

"ਸਰ ਆਹ ਇਕ ਮਾਊਜ਼ਰ, ਅਸਾਲਟ ਅਤੇ ਗੋਲੀ ਸਿੱਕਾ, ਇਕ ਗੰਦੀ ਜਿਹੀ ਪਾਟੀ ਹੋਈ ਡਾਇਰੀ ਮਿਲੀ, ਕਾਫੀ ਕਾਹਲੀ ਵਿਚ ਲਿਖੀ ਹੋਈ ਜਾਪਦੀ ਆ।" ਸ਼ਮਸ਼ੇਰ ਸਿੰਘ ਨੇ ਫ਼ੌਜੀਆਂ ਵਰਗੀ ਕਿਟ ਵਿਚੋਂ ਡਾਇਰੀ ਕੱਢ ਕੇ ਮੇਜ 'ਤੇ ਰੱਖਦਿਆਂ ਕਿਹਾ।

"ਸੁਨਾ ਹੈ, ਯਹ ਮਹਿੰਗਾ ਸਿੰਘ ਕਵੀ ਭੀ ਥਾ?"

"ਹਾਂ ਸਰ ਮੈਂ ਚੰਗੀ ਤਰ੍ਹਾਂ ਜਾਣਦਾਂ, ਇਥੇ ਖ਼ਾਲਸਾ ਕਾਲਜ ਵਿਚ ਬੀ.ਏ. ਕਰਦਿਆਂ ਇਨਕਲਾਬੀ ਕਵਿਤਾਵਾਂ ਬੋਲਿਆ ਕਰਦਾ ਸੀ। ਸ਼ੁਰੂ ਵਿਚ ਤਾਂ ਮਾਰਕਸਵਾਦੀ ਸੀ, ਅੱਤਵਾਦ ਦਾ ਵੀ ਕਾਫੀ ਵਿਰੋਧੀ ਸੀ, ਪਰ ਪਤਾ ਨਹੀਂ ਫਿਰ ਕਿਵੇਂ ਬੱਬਰਾਂ ਦੇ ਢਹੇ ਚੜ੍ਹ ਗਿਆ?"

"ਅੱਛਾ ਤੋ ਪੜ੍ਹ ਕਰ ਸੁਨਾਓ, ਕਿਆ ਲਿਖਾ ਹੈ, ਇਸ ਡਾਇਰੀ ਮੇਂ ?" ਸ਼ਰਮਾ ਉਤਸੁਕਤਾ ਸਹਿਤ ਬੋਲਿਆ।

"ਹਾਂ ਜੀ, ਸਰ ਜ਼ਰੂਰ ਦੇਖਦੇ ਹਾਂ...। ਕਈ ਵਾਰ ਕੋਈ ਵਧੀਆ ਸੁਰਾਗ ਵੀ ਮਿਲ ਸਕਦੈ.....।" ਕਹਿੰਦੇ ਹੋਏ ਸਰਦਾਰ ਸ਼ਮਸ਼ੇਰ ਸਿੰਘ ਨੇ ਡਾਇਰੀ ਫਰੋਲਣੀ ਸ਼ੁਰੂ ਕਰ ਦਿੱਤੀ।

"ਜਿਲਦ ਤਾਂ ਬਿਲਕੁਲ ਹੀ ਉਖੜੀ ਪਈ ਆ, ਕਾਫੀ ਪੇਜ਼ ਵੀ ਅੰਦਰੋਂ ਪਾਟੇ ਪਏ ਆ। ਸਰ ਸਟਾਰਟਿੰਗ ਤਾਂ ਆਹ ਸ਼ੇਅਰ ਤੋਂ ਹੁੰਦੀ ਹੈ:

ਲਾਲ ਕਿਲ੍ਹੇ ਵਿਚ ਲਹੂ ਲੋਕਾਂ ਦਾ ਜੋ ਕੈਦ ਹੈ
ਬੜੀ ਛੇਤੀ ਇਹਦੇ ਬਰੀ ਹੋਣ ਦੀ ਉਮੀਦ ਹੈ
ਪਿੰਡਾਂ ਵਿਚੋਂ ਤੁਰੇ ਹੋਏ ਪੁੱਤ ਨੀ ਬਹਾਦਰਾਂ ਦੇ
ਤੇਰੇ ਮਹਿਲੀਂ ਵੜੇ ਕਿ ਵੜੇ
ਦਿੱਲੀਏ ਦਿਆਲਾ ਦੇਖ ਦੇਗ 'ਚ ਉਬਲਦਾ ਨੀ
ਹਾਲੇ ਤੇਰਾ ਚਿੱਤ ਨਾ ਠਰੇ।"

"ਹੈਂ ਹੈਂ...ਏਨੀ ਭੜਕਾਊ ਕਵਿਤਾ ਹੈ ਇਹ ਤਾਂ, ਸਿੱਧਾ ਹੀ ਲਾਲ ਕਿਲ੍ਹਾ ਹਥਿਆਉਣ ਦੀ ਗੱਲ ਕਰਦਾ ਹੈ, ਇਹ ਮਹਿੰਗਾ ਸਿੰਘ ਦੀ ਲਿਖੀ ਹੋਈ ਕਵਿਤਾ ਹੈ?" ਸ਼ੇਅਰ ਸੁਣਦੇ ਸਾਰ ਸ਼ਰਮੇ ਦੀ ਧੱਕੇ ਨਾਲ ਜ਼ੁਬਾਨ 'ਤੇ ਬੈਠਾਈ ਹਿੰਦੀ ਗਧੇ ਦੇ ਸਿਰ ਤੋਂ ਸਿੰਗਾਂ ਵਾਂਗ ਅਲੋਪ ਹੋ ਗਈ। ਉਸਨੂੰ ਆਪਣੀ ਕੁਰਸੀ ਸਣੇ ਦਿੱਲੀ ਦਾ ਤਖਤ ਡਿਕੋ-ਡੋਲੇ ਖਾਂਦਾ ਜਾਪਿਆ। ਉਸਨੇ ਸੋਚਿਆ ਭਗਵਾਨ ਨਾ ਕਰੇ, ਜੇ ਕਿਤੇ ਇਹ 'ਭੂਤਨੇ' ਦਿੱਲੀ ਸਰ ਕਰ ਵੀ ਗਏ, ਹੋਰ ਕੁਛ ਭਾਵੇਂ ਨਾ ਕਰਨ, ਪਰ ਪ੍ਰਧਾਨ ਮੰਤਰੀ ਦਾ ਮੂੰਹ ਤਾਂ ਛਿੱਤਰਾਂ ਨਾਲ ਬਰ-ਸਾਜ ਕੇ ਹਨੂੰਮਾਨ ਦੀ ਪਿੱਠ ਵਰਗਾ ਕਰ ਦੇਣਗੇ।

"ਨਹੀਂ ਸਰ ਇਹ ਕਵਿਤਾ ਤਾਂ ਕਸੇ ਨਕਸਲਬਾੜੀ ਕਵੀ ਦੀ ਲਿਖੀ ਹੋਈ ਹੈ। ਨਕਸਲਬਾੜੀ ਲਹਿਰ ਸਮੇਂ ਕਾਫੀ ਤੂਤੀ ਬੋਲਦੀ ਸੀ ਇਹਦੀ। ਸਾਰੇ ਕਾਲਜ ਵਿਚ ਬੜੇ ਮੁੰਡੇ ਇਹਦੇ ਦੀਵਾਨੇ ਸੀ ਤੇ ਆਪ ਖੁਦ ਮਹਿੰਗਾ ਸਿੰਘ ਬੱਬਰ ਵੀ ਸਟੇਜਾਂ 'ਤੇ ਕਵਿਤਾ ਬੋਲਿਆ ਕਰਦਾ ਸੀ।"

"ਠੀਕ ਹੈ, ਠੀਕ ਹੈ...ਸਾਲੇ ਜਦੋਂ ਇਹ ਕਾਮਰੇਡ ਤੇ ਸਿੱਖ ਆਪਸ ਵਿਚ ਇਕੱਠੇ ਹੋ ਜਾਂਦੇ ਆਂ, ਉਸ ਸਮੇਂ ਔਰ ਵੀ ਖ਼ਤਰਨਾਕ ਹੋ ਜਾਂਦੇ ਨੇ, ਮਾਦਰਚੋਦ ਐਉਂ ਮਿਲਦੇ ਆ, ਜਿਵੇਂ ਲੰਡੇ ਨੂੰ ਮੀਣਾ...। ਮੈਨੂੰ ਪਤੈ ੬੯-੭੦ ਮੇਂ ਉਨ੍ਹੋਂ ਨੇ ਕਾਫੀ ਅੱਤ ਮੱਚਾਈ ਥੀ, ਮਗਰ ਤਬਕੀ ਅਕਾਲੀ ਸਰਕਾਰ ਨੇ ਅੱਛੀ ਤਰਹ ਸੇ ਕੰਟਰੋਲ ਕਰ ਲੀਆ ਥਾ, ਉਨ੍ਹੇ....ਥੇ ਤੋ ਵੋਹ ਚੀਨ ਕੇ ਏਜੰਟ...ਔਰ ਯੇਹ ਪਾਕਿਸਤਾਨੀ ਏਜੰਟ..." ਸ਼ਰਮਾ ਰਲਵੀਂ ਹਿੰਦੂ ਪੰਜਾਬੀ ਦੀ ਖਿਚੜੀ ਬਣਾ ਰਿਹਾ ਸੀ।

"ਆਹੋ ਭੈਣ ਦੇਣਿਆਂ ਬਾਹਮਣਾਂ, ਜਿਹੜਾ ਹੱਕਾਂ ਦੀ ਗੱਲ ਕਰੇ, ਉਹੋ ਅੱਤਵਾਦੀ, ਵੱਖਵਾਦੀ, ਚੀਨ ਜਾਂ ਪਾਕਿਸਤਾਨ ਦਾ ਏਜੰਟ....। ਤੇਰੀ ਲੈ ਜੇ ਬਿਮਲਾ ਨੂੰ ਕਾਲਾ ਕੁੱਤਾ ਕੱਢ ਕੇ, ਜਿਹੜੇ ਦੇਸ਼ ਦੀਆਂ ਤੋਪਾਂ 'ਚੋਂ ਪੈਸੇ ਖਾਣ, ਲੋਕਾਂ ਨੂੰ ਦਿਨ-ਦਿਹਾੜੇ ਕਤਲ ਕਰਵਾਉਣ, ਵੋਟਾਂ ਲਈ ਸ਼ਰਾਬ, ਭੁੱਕੀ ਤੇ 'ਫੀਮ ਵੰਡਣ, ਬਗਾਨੇ ਪੁੱਤਾਂ ਨੂੰ ਕੋਹ-ਕੋਹ ਕੇ ਮਰਵਾਉਣ ਕਿਹੜੀ ਆਵਦੀ ਮਾਂ ਦੀ ਟਣੀ 'ਚੋਂ ਨਿਕਲੇ ਦੇਸ਼ ਭਗਤ ਆ?" ਸੰਤਰੀ ਦੀ ਡਿਊਟੀ 'ਤੇ ਖੜ੍ਹੇ ਹੌਲਦਾਰ ਲੱਧਾ ਸਿੰਘ ਨੇ ਮਸਾਂ-ਮਸਾਂ ਆਪਣੀ ਮਨ ਦੀ ਗੱਲ ਜ਼ੁਬਾਨ 'ਤੇ ਆਉਣੋ ਡੱਕੀ ਤੇ ਹਜ਼ਾਰ ਗਾਲ਼ ਮਨ ਹੀ ਮਨ ਬਾਹਮਣ ਐਸ.ਐਸ.ਪੀ. ਨੂੰ ਕੱਢੀ।

"ਕੀ ਰੱਖਿਆ ਇਹੋ ਜਿਹੀ ਗੰਦੀ ਨੌਕਰੀ ਵਿਚ? ਆਹ ਸਾਲੀਆਂ ਘਰਦੀਆਂ ਮਜ਼ਬੂਰੀਆਂ ਮਾਰ ਲੈਂਦੀਆਂ ਬੰਦੇ ਨੂੰ, ਨਹੀਂ ਐਹੋ ਜਿਹਿਆਂ ਦੇ ਸੀਰਮੇ ਪੀ ਜਾਂ..." ਇਕ ਵਾਰ ਤਾਂ ਹੌਲਦਾਰ ਲੱਧਾ ਸਿੰਘ ਦਾ ਜੀਅ ਕੀਤਾ ਕਿ ਐਸ.ਐਲ.ਆਰ. ਦਾ ਬਰੱਸਟ ਮਾਰ ਕੇ..., ਪਰ ਘਰੇ ਵਿਆਹੁਣ ਨੂੰ ਬੈਠੀ ਜਵਾਨ ਧੀ ਅਤੇ ਬੁੱਢੇ ਮਾਂ-ਬਾਪ ਦਾ ਖਿਆਲ ਲੱਧਾ ਸਿੰਘ ਦੀ ਅਣਖ ਦੀ ਅੱਗ ਉੱਤੇ ਪਾਣੀ ਦਾ ਕੰਮ ਕਰ ਗਿਆ।

"ਹਾਂ ਤੋ ਸ਼ਮਸ਼ੇਰ ਸਿੰਘ ਆਗੇ ਕਿਆ ਲਿਖਾ ਹੈ?" ਹਾਲੇ ਸ਼ਰਮੇ ਦਾ ਇਹ ਸਵਾਲ ਮੂੰਹ ਵਿਚ ਹੀ ਸੀ ਕਿ ਸਰਦਾਰਨੀ ਮਹਿੰਦਰ ਕੌਰ ਅਤੇ ਅਵਨਿੰਦਰਦੀਪ ਸਿੰਘ ਦਰਬਾਰ ਸਾਹਿਬ ਤੋਂ ਵਾਪਸ ਪਰਤ ਆਏ। ਸਰਦਾਰਨੀ ਮਹਿੰਦਰ ਕੌਰ ਰਸੋਈ ਘਰ ਵੱਲ ਚਲੀ ਗਈ।

"ਆਓ, ਤੁਮ ਯਹਾਂ ਬੈਠੋ ਬਰਖ਼ੁਰਦਾਰ...।" ਆਖ ਕੇ ਸ਼ਰਮੇ ਨੇ ਅਵਨਿੰਦਰ ਨੂੰ ਆਪਣੇ ਕੋਲ ਬਹਾ ਲਿਆ। ਅਵਨਿੰਦਰਦੀਪ ਕੋਲ ਪਈ ਕੁਰਸੀ 'ਤੇ ਬੈਠ ਗਿਆ। ਉਸਦੀ ਨਿਗ੍ਹਾ ਆਪਣੇ ਪਿਤਾ ਦੇ ਹੱਥ ਵਿਚਲੀ ਡਾਇਰੀ 'ਤੇ ਚਲੀ ਗਈ। ਅਵਨਿੰਦਰ ਵਿਚ ਸਾਹਿਤਕ ਰੁਚੀਆਂ ਵੀ ਪਨਪ ਰਹੀਆਂ ਸਨ।

"ਆਹ ਤੁਹਾਡੇ ਹੱਥ ਵਿਚ ਕੀ ਆ ਡੈਡ?"

"ਇਹ ਰਾਤੀਂ ਮਾਰੇ ਗਏ ਅੱਤਵਾਦੀ ਮਹਿੰਗਾ ਸਿੰਘ ਦੀ ਡਾਇਰੀ ਐ, ਨਾਲੇ ਤੈਂ ਕੀ ਲੈਣੇ? ਆਪਣੀ ਪੜ੍ਹਾਈ ਦਾ ਫਿਕਰ ਕਰਿਆ ਕਰ...। ਅਗਜ਼ਾਮ ਸਿਰ 'ਤੇ ਆ, ਇਹਦੀ ਸੁਰਤੀ ਹਮੇਸ਼ਾ ਊਲ-ਜਲੂਲ ਪੜ੍ਹਨ ਵਿਚ ਲੱਗੀ ਰਹਿੰਦੀ ਆ।" ਸਰਦਾਰ ਸ਼ਮਸ਼ੇਰ ਸਿੰਘ ਕੁਝ ਤੈਸ਼ ਵਿਚ ਆ ਗਿਆ।

"ਕੋਈ ਬਾਤ ਨਹੀਂ, ਸ਼ਮਸ਼ੇਰ ਸਿੰਘ...ਬੱਚੇ ਨੇ ਪੂਛ ਲੀਆ ਤੋ ਕਿਆ ਹੂਆ?"

"ਨਹੀਂ ਸਰ, ਤੁਹਾਨੂੰ ਪਤਾ ਨਹੀਂ ਇਹਦੀਆਂ ਆਦਤਾਂ ਦਾ, ਸਾਰੀ ਦਿਹਾੜੀ ਜਾਂ ਤਾਂ ਪਾਠ ਕਰਦਾ ਰਹਿੰਦੈ ਜਾਂ ਹੋਰ ਕਿਤਾਬਾਂ ਵਿਚ ਰੁੱਝਿਆ ਰਹਿੰਦੈ.....।"

ਅਜੇ ਉਪਰੋਕਤ ਸ਼ਬਦ ਸਰਦਾਰ ਸ਼ਮਸ਼ੇਰ ਸਿੰਘ ਦੇ ਮੂੰਹ ਵਿਚ ਹੀ ਸਨ ਕਿ ਸਕਿਊਰਟੀ ਇੰਚਾਰਜ ਏ.ਐਸ.ਆਈ. ਨੇ ਕਾਹਲੇ ਕਦਮੀ ਅੰਦਰ ਆਉਂਦਿਆਂ ਦੋਨੋਂ ਪੈਰ ਜੋੜ ਕੇ ਸਲੂਟ ਖੜਕਾਉਂਦਿਆਂ ਕਿਹਾ, "ਸਰ ਹੁਣੇ ਹੁਣੇ ਖ਼ਬਰ ਆਈ ਆ ਕਿ ਪਿੰਡ ਵਰਪਾਲਾਂ ਵਿਚ ਸਕਰੀਨਿੰਗ ਕਰਨ ਗਈ ਪੁਲੀਸ ਪਾਰਟੀ ਨਾਲ ਕਿਸੇ ਖਾੜਕੂ ਗਰੁੱਪ ਦਾ ਮੁਕਾਬਲਾ ਹੋ ਗਿਆ ਹੈ। ਮੁਕਾਬਲਾ ਅੱਧੇ ਘੰਟੇ ਤੋਂ ਜਾਰੀ ਹੈ। ਚਾਰ-ਪੰਜ ਅੱਤਵਾਦੀਆਂ ਦਾ ਟੋਲਾ ਪੁਲੀਸ ਦੇ ਘੇਰੇ ਵਿਚ ਹੈ।"

"ਕੌਣ ਸਾ ਗਰੁੱਪ ਹੈ?"

"ਸਰ ਇਨਾ ਤਾਂ ਪਤਾ ਨਹੀਂ ਲੱਗ ਸਕਿਆ, ਪਰ ਇਹ ਏਰੀਆ ਅੱਜ-ਕੱਲ੍ਹ ਗੰਗਾ ਸਿੰਘ ਬੱਬਰ ਦੇ ਗਰੁੱਪ ਦੀ ਦਹਿਸ਼ਤ ਵਿਚ ਹੈ। ਹੋ ਸਕਦੈ ਕਿ ਬੱਬਰਾਂ ਦਾ ਗਰੁੱਪ ਹੀ ਹੋਵੇ।"

ਏਨੀ ਗੱਲ ਸੁਣਦੇ ਸਾਰ ਹੀ ਸਰਦਾਰ ਸ਼ਮਸ਼ੇਰ ਸਿੰਘ ਅਤੇ ਐਸ.ਐਸ.ਪੀ. ਸ਼ਰਮਾ ਉਠ ਕੇ ਖੜ੍ਹੇ ਹੋ ਗਏ।

"ਚੰਗਾ ਮਹਿੰਦਰ ਮੈਂ ਜਾ ਰਿਹਾਂ.." ਕਹਿੰਦਿਆਂ ਹੋਇਆਂ ਸਰਦਾਰ ਸ਼ਮਸ਼ੇਰ ਸਿੰਘ ਨੇ ਟੇਬਲ ਤੋਂ ਚੁੱਕ ਕੇ ਸਰਵਿਸ ਰਿਵਾਲਵਰ, ਰਿਵਾਲਵਰ-ਕੇਸ ਵਿਚ ਪਾ ਲਿਆ। ਕਾਹਲੀ-ਕਾਹਲੀ ਵਿਚ ਮਹਿੰਗਾ ਸਿੰਘ ਦੀ ਡਾਇਰੀ ਤੇ ਕਿੱਟ ਉਥੇ ਹੀ ਰਹਿ ਗਈ।

"ਰੋਟੀ ਤਾਂ ਖਾਂਦੇ ਜਾਓ...." ਮਹਿੰਦਰ ਕੌਰ ਨੇ ਅੰਦਰੋਂ ਆਵਾਜ਼ ਮਾਰੀ।

"ਕੋਈ ਨਹੀਂ...ਰੋਟੀ ਨੂੰ ਮੈਂ ਮਰ ਨੀਂ ਚੱਲਿਆਂ, ਆਣ ਕੇ ਖਾ ਲਵਾਂਗਾ..." ਕਹਿੰਦਿਆਂ ਹੋਇਆਂ ਐਸ.ਐਸ.ਪੀ. ਸ਼ਰਮਾ ਤੇ ਸਰਦਾਰ ਸ਼ਮਸ਼ੇਰ ਸਿੰਘ ਗੱਡੀ ਵਿਚ ਬੈਠ ਗਏ ਤੇ ਪਲਾਂ ਵਿਚ ਗੱਡੀਆਂ ਟੂੰ-ਟੂੰ ਦੀ ਆਵਾਜ਼ ਕਰਦੀਆਂ ਹੋਈਆਂ ਦੋਵਾਂ ਮਾਂ-ਪੁੱਤ ਦੇ ਅੱਖਾਂ ਅੱਗਿਓਂ ਓਹਲੇ ਹੋ ਗਈਆਂ।

"ਦੱਸ ਆਹ ਵੀ ਕੋਈ ਜ਼ਿੰਦਗੀ ਆ? ਕੀ ਥੁੜਿਆ ਇਹੋ ਜਿਹੀ ਨੌਕਰੀ ਖੁਣੋ? ਏਹਦੇ ਨਾਲੋਂ ਤਾਂ ਵਾਹੀ ਕਰਕੇ ਅੱਧੀ ਖਾਧੀ ਹੀ ਚੰਗੀ ਆ, ਬੰਦਾ ਘੱਟੋ ਘੱਟ ਹੱਸ ਕੇ ਦਸ ਮਿੰਟ ਆਪਣੇ ਪਰਿਵਾਰ ਵਿਚ ਤਾਂ ਬੈਠ ਸਕਦਾ ਹੋਵੇ.....।" ਸਰਦਾਰਨੀ ਮਹਿੰਦਰ ਕੌਰ ਕੋਲ ਖੜੇ ਅਵਨਿੰਦਰ ਨੂੰ ਸੁਣਾ ਕੇ ਗੱਲਾਂ ਕਰੀ ਜਾ ਰਹੀ ਸੀ।

"ਚੱਲ ਆ ਬੇਟਾ, ਖਾਣਾ ਖਾ ਲੈ, ਫਿਰ ਕਾਲਜ ਵੀ ਜਾਣਾ ਤੈਂ...." ਮਹਿੰਦਰ ਕੌਰ ਨੇ ਬਾਹਰਲਾ ਗੇਟ ਬੰਦ ਕਰਦੇ ਹੋਏ ਕਿਹਾ। ਪਰ ਨਿੰਦੀ ਦੀ ਨਿਗ੍ਹਾ ਮੇਜ 'ਤੇ ਪਈ ਡਾਇਰੀ ਵਿਚ ਗੱਡੀ ਹੋਈ ਸੀ। ਮਹਿੰਦਰ ਕੌਰ ਦੇ ਰਸੋਈ ਵਿਚ ਚਲੇ ਜਾਣ ਤੋਂ ਬਾਅਦ ਨਿੰਦੀ ਨੇ ਹੌਲੀ ਜਿਹੇ ਉਹ ਡਾਇਰੀ ਚੁੱਕ ਲਈ। ਥੱਲੇ ਪਈ ਫ਼ੌਜੀ ਕਿਟ ਵਿਚ ਇਕ ਮਾਊਜ਼ਰ ਤੇ ਅਸਾਲਟ ਉਸਨੇ ਖੜੇ-ਖੜੇ ਹੀ ਆਪਣੇ ਪੈਰਾਂ ਨਾਲ ਟੋਹ ਕੇ ਮਹਿਸੂਸ ਕਰ ਲਏ ਤੇ ਕਿੱਟ ਨੂੰ ਕੋਲ ਡਹੇ ਹੋਏ ਦੀਵਾਨ ਦੇ ਥੱਲੇ ਪੈਰ ਨਾਲ ਸਰਕਾ ਕੇ ਅਗਾਂਹ ਕਰ ਦਿੱਤਾ।

"ਮੰਮੀ ਜਲਦੀ ਰੋਟੀ ਲੈ ਕੇ ਆਓ, ਮੈਂ ਲੇਟ ਹੋ ਰਿਹਾਂ।" ਕਹਿ ਕੇ ਅਵਨਿੰਦਰ ਨੇ ਉਹੋ ਡਾਇਰੀ ਆਪਣੀਆਂ ਕਿਤਾਬਾਂ ਵਿਚ ਲੁਕਾਉਂਦਿਆਂ ਆਵਾਜ਼ ਮਾਰੀ। ਉਹ ਮਨ ਹੀ ਮਨ ਸੋਚ ਰਿਹਾ ਸੀ ਕਿ ਘਰ ਡਾਇਰੀ ਪੜ੍ਹਨੀ ਔਖੀ ਹੋਵੇਗੀ, ਕਾਲਜ ਜਾ ਕੇ ਕਲਾਸਾਂ ਮਿਸ ਕਰਕੇ ਅਰਾਮ ਨਾਲ ਸਾਰੀ ਡਾਇਰੀ ਪੜ੍ਹੇਗਾ।

o------o------o

ਕਾਂਡ 2

ਦਸਤਾਰ ਸਜਾਉਣ ਤੋਂ ਬਾਅਦ ਅਵਨਿੰਦਰਦੀਪ ਆਪਣਾ ਸਕੂਟਰ ਲੈ ਕੇ ਕਾਲਜ ਨੂੰ ਤੁਰ ਪਿਆ, ਪਰ ਜਾਣ ਤੋਂ ਪਹਿਲਾਂ ਉਸਨੇ ਇਹਤਿਆਤ ਵਜੋਂ ਆਪਣੀਆਂ ਕਿਤਾਬਾਂ ਚੈੱਕ ਕੀਤੀਆਂ ਤਾਂ ਕਿ ਉਹ ਡਾਇਰੀ ਘਰ ਹੀ ਨਾ ਭੁੱਲ ਜਾਵੇ। ਕਾਲਜ ਪਹੁੰਚ ਕੇ ਆਪਣੇ ਦੋਸਤਾਂ-ਮਿੱਤਰਾਂ ਤੋਂ ਅੱਖਾਂ ਬਚਾ ਕੇ ਉਸਨੇ ਲਾਇਬ੍ਰੇਰੀ ਦੇ ਇਕ ਖੂੰਜੇ 'ਚ ਬੈਠ ਕੇ ਡਾਇਰੀ ਫਰੋਲਣੀ ਸ਼ੁਰੂ ਕਰ ਦਿੱਤੀ। ਡਾਇਰੀ ਦੀ ਸ਼ੁਰੂਆਤ 'ਲਾਲ ਕਿਲ੍ਹੇ ਵਿਚ...' ਵਾਲੇ ਸ਼ੇਅਰ ਤੋਂ ਹੀ ਹੁੰਦੀ ਸੀ। ਸ਼ੇਅਰ ਤੋਂ ਬਾਅਦ ਦੀ ਇਬਾਰਤ ਪੜ੍ਹਨ ਤੋਂ ਪਤਾ ਲੱਗਦਾ ਸੀ ਕਿ ਇਹ ਇਕ ਜੁਝਾਰੂ ਦੀ ਆਪਣੇ ਹੱਥੀਂ ਲਿਖੀ ਹੋਈ ਆਪਣੀ ਕਹਾਣੀ ਸੀ। ਪਹਿਲਾ ਸ਼ੇਅਰ ਪੜ੍ਹਨ ਸਾਰ ਹੀ ਅਵਨਿੰਦਰ ਦੀ ਰੁਚੀ ਡਾਇਰੀ ਵਿਚ ਬਣ ਗਈ। ਉਸਨੇ ਬੜੇ ਗੌਹ ਸ਼ਬਦ-ਦਰ-ਸ਼ਬਦ ਪੜ੍ਹਨਾ ਸ਼ੁਰੂ ਕੀਤਾ।

"..........ਮੈਂ ਮਹਿੰਗਾ ਸਿੰਘ ਸਪੁੱਤਰ ਸਰਦਾਰ ਸ਼ਿੰਗਾਰਾ ਸਿੰਘ ਵਾਸੀ ਪਿੰਡ ਦਾਨ੍ਹੂੰਵਾਲ, ਅੱਜ ਤੋਂ ਇਸ ਡਾਇਰੀ ਵਿਚ ਆਪਣੇ ਸਿੱਖ ਸੰਘਰਸ਼ ਵਿਚ ਆਉਣ ਦੀ ਕਹਾਣੀ ਨੂੰ ਬਿਆਨ ਕਰ ਰਿਹਾ ਹਾਂ। ਮੇਰਾ ਜਨਮ ਪਿੰਡ ਦਾਨ੍ਹੂੰਵਾਲ, ਜਿਲ੍ਹਾ ਅੰਮ੍ਰਿਤਸਰ ਵਿਚ ਇਕ ਆਮ ਸਿੱਖ ਜਿਮੀਦਾਰ ਘਰਾਣੇ ਵਿਚ ਹੋਇਆ। ਮੇਰੇ ਪਿਤਾ ਸਰਦਾਰ ਸ਼ਿੰਗਾਰਾ ਸਿੰਘ ਇਕ ਛੋਟੇ ਕਿਸਾਨ ਹਨ। ਪ੍ਰਾਇਮਰੀ ਪਿੰਡ ਦੇ ਸਕੂਲ ਵਿਚੋਂ ਕਰਨ ਉਪਰੰਤ ਮੈਂ ਲਾਗਲੇ ਪਿੰਡ ਵਲਟੋਹਾ ਵਿਚ ਛੇਵੀਂ ਕਲਾਸ ਵਿਚ ਦਾਖਲ ਹੋਇਆ। ਇਨ੍ਹਾਂ ਦਿਨਾਂ ਵਿਚ ਸਾਡੇ ਪਿੰਡਾਂ ਵਿਚ ਲਾਲ ਝੰਡੇ ਵਾਲੇ ਆਪਣੇ ਡਰਾਮੇ ਕਰਨ ਆਇਆ ਕਰਦੇ ਸਨ। ਅਸੀਂ ਉਹਨਾਂ ਦੇ ਡਰਾਮਿਆਂ ਨੂੰ ਦੇਖਣ ਜਾਂਦੇ ਸੀ। ਬੇਸ਼ੱਕ ਉਹਨਾਂ ਦੀਆਂ ਕਹੀਆਂ ਬਹੁਤੀਆਂ ਗੱਲਾਂ ਮੇਰੇ ਸਮਝ ਵਿਚ ਨਹੀਂ ਆਉਂਦੀਆਂ ਸਨ ਪਰ ਉਨ੍ਹਾਂ ਦੁਆਰਾ ਲਾਏ ਗਏ ਇਸ਼ਤਿਹਾਰਾਂ ਵਿਚਲੇ ਨਾਹਰੇ ਮੈਨੂੰ ਆਪਣੇ ਵੱਲ ਖਿੱਚਦੇ ਮਹਿਸੂਸ ਹੁੰਦੇ 'ਹੱਥਾਂ ਬਾਝ ਕਰਾਰਿਆਂ ਵੈਰੀ ਮਿਤ ਨਾ ਹੋਏ', 'ਹੁਣ ਇਨਕਲਾਬ ਬੰਦੂਕ ਦੀ ਨਾਲੀ 'ਚੋਂ...' ਆਦਿ। ਕਈ ਨਾਹਰਿਆਂ ਨੂੰ ਤਾਂ ਮੈਂ ਸਦਾ ਹੀ ਗੁਣ-ਗੁਣਾਉਂਦਾ ਰਹਿੰਦਾ ਸੀ। ਮੈਂ ਕਦੇ-ਕਦੇ ਆਪਣੇ ਕਾਮਰੇਡ ਚਾਚੇ ਬੂੜਾ ਸਿੰਘ ਨੂੰ ਪੁੱਛਦਾ, 'ਚਾਚਾ ਆਪਣੀ ਖੂੰਜੇ ਵਾਲੀ ਕੰਧ 'ਤੇ ਜਿਹੜਾ ਉਹ ਲਾਲ ਝੰਡੇ ਵਾਲੇ ਭਾਈ ਲਿਖ ਕੇ ਗਏ ਆ, ਸਾਡਾ ਰਾਹ ਨਕਸਲਬਾੜੀ ਦਾ ਰਾਹ, ਨਕਸਲਬਾੜੀ ਦਾ ਰਾਹ ਭਗਤ ਸਿੰਘ ਰਾਹ, ਭਗਤ ਸਿੰਘ ਦਾ ਰਾਹ ਲੈਨਿਨ ਦਾ ਰਾਹ, ਲੈਨਿਨ ਦਾ ਰਾਹ ਗੁਰੂ ਗੋਬਿੰਦ ਸਿੰਘ ਦਾ ਰਾਹ, ਇਹਦਾ ਮਤਲਬ ਕੀ ਆ?"

"ਦੇਖ ਪੁੱਤਰਾ, ਦੂਰ ਪਹਾੜਾਂ ਵਿਚ ਇਕ ਕਸਬਾ ਹੈਗਾ, ਜਿਹਦਾ ਨਾਂਅ ਨਕਸਲਬਾੜੀ ਐ। ਉਥੋਂ ਦੇ ਮਜ਼ਦੂਰਾਂ-ਕਿਸਾਨਾਂ ਨੇ ਮਿਲ ਕੇ ਜਗੀਰਦਾਰਾਂ ਤੇ ਸਰਮਾਏਦਾਰਾਂ ਦਾ ਰਾਜ ਫੂਕਣ ਲਈ ਇਕ ਚੰਗਿਆੜੀ ਬਾਲੀ ਆ, ਜਿਹੜੀ ਜੰਗਲ ਦੀ ਅੱਗ ਵਾਂਗ ਸਾਰੇ ਹਿੰਦੁਸਤਾਨ ਵਿਚ ਫੈਲ ਚੁੱਕੀ ਆ। ਇਸੇ ਅੱਗ ਨੇ ਸਦੀਆਂ ਪੁਰਾਣੇ ਜਗੀਰੂ ਢਾਂਚੇ ਨੂੰ ਰਾਖ ਕਰਕੇ ਸ਼ਹੀਦ ਭਗਤ ਸਿੰਘ, ਲੈਨਿਨ ਅਤੇ ਕ੍ਰਾਂਤੀ ਦੇ ਅਵਤਾਰ ਗੁਰੂ ਗੋਬਿੰਦ ਸਿੰਘ ਜੀ ਦੇ ਸੁਪਨਿਆਂ ਦਾ ਰਾਜ ਕਾਇਮ ਕਰਨਾ ਹੈ। ਜਿਥੇ ਕੋਈ ਕਿਸੇ ਨੂੰ ਲੁੱਟ ਨਹੀਂ ਸਕੇਗਾ, ਗਰੀਬਾਂ ਦੀਆਂ ਧੀਆਂ-ਭੈਣਾਂ ਦੀ ਇੱਜਤ ਵੱਲ ਕੋਈ ਅੱਖ ਨਹੀਂ ਉਠ ਸਕੇਗੀ, ਕੋਈ ਉੱਚਾ-ਨੀਵਾਂ ਨਹੀਂ ਹੋਵੇਗਾ, 'ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ' ਵਾਲਾ ਵਰਤਾਰਾ ਪ੍ਰਤੱਖ ਵਰਤੇਗਾ।"

"ਅੱਛਾ ਚਾਚਾ ਸੱਚੀਂ, ਤਾਂ ਹੀ ਜਦੋਂ ਮੈਂ ਸੰਗਰਾਂਦ ਵਾਲੇ ਦਿਨ ਗੁਰਦੁਆਰੇ ਭੋਗ ਲੈਣ ਜਾਂਦਾਂ ਹੁੰਦਾਂ, ਉਦੋਂ ਭਾਈ ਜੀ ਤੇ ਸਾਰੀ ਸੰਗਤ ਮਿਲ ਕੇ ਕਹਿੰਦੀ ਹੁੰਦੀ ਆ 'ਰਾਜ ਕਰੇਗਾ ਖਾਲਸਾ, ਆਕੀ ਰਹੇ ਨਾ ਕੋਇ" ਪਰ ਚਾਚਾ ਇਹ ਆਊ ਕਦੋਂ?"

"ਦੇਖ ਪੁੱਤ ਖ਼ਾਲਸੇ ਦਾ ਹਲੇਮੀ ਰਾਜ ਆਪਾਂ ਨੂੰ ਕਿਸੇ ਨੇ ਥਾਲੀ ਵਿਚ ਪਰੋਸ ਕੇ ਨਹੀਂ ਦੇਣਾ, ਇਹਦੇ ਲਈ ਕੁਰਬਾਨੀਆਂ ਕਰਨੀਆਂ ਪੈਂਦੀਆਂ ਨੇ, ਸਿਰ ਵੱਢਣੇ ਪੈਂਦੇ ਆ, ਸਿਰ ਵਢਾਉਣੇ ਪੈਂਦੇ ਆ।"

"ਚਾਚਾ, ਫਿਰ ਖ਼ਾਲਸੇ ਦੇ ਹਲੇਮੀ ਰਾਜ ਵਿਚ ਲੰਬੜਦਾਰਾਂ ਕਾ ਕਿਸ਼ਨਾ ਪੱਠੇ ਲੈਣ ਆਈ ਤਾਰੋ ਨੂੰ ਤਾਂ ਨਾ ਛੇੜਿਆ ਕਰੂ?"

"ਉਹ ਨਹੀਂ ਪੁੱਤਰਾ ਨਹੀਂ, ਉਦੋਂ ਤਾਂ ਸਾਰੇ ਬਰਾਬਰ ਹੋਣਗੇ। ਨਾ ਕਿਸੇ ਦੀ ਕੋਈ ਨਿੱਜੀ ਮਾਲਕੀ ਹੋਵੇਗੀ, ਨਾ ਹੀ ਕੋਈ ਵਿਹਲੜ ਢਿੱਡ ਕੱਢ ਕੇ ਫਿਰ ਸਕੇਗਾ ਤੇ ਨਾ ਹੀ ਕੋਈ ਕਰਾੜ ਆਪਣੀ ਸੋਨੇ ਵਰਗੀ ਕਣਕ ਨੂੰ ਆਪਣੇ ਸਟੋਰ ਵਿਚ ਜਮਾ ਕਰ ਸਕੇਗਾ। ਲੰਬੜਾਂ ਦੇ ਕਿਸ਼ਨੇ ਵਰਗਿਆਂ ਨੂੰ ਕਾਲਾ ਮੂੰਹ ਕਰਕੇ ਖੇਹ ਦਾ ਤੌਬਰਾ ਚਾੜ੍ਹ ਕੇ ਬਾਬੇ ਭੋਈਂ ਦੀ ਸਮਾਧ ਵਾਲੇ ਬਰੋਟੇ ਨਾਲ ਫਾਹੇ ਟੰਗਾਂਗੇ ਪੁੱਤਰਾ....।"

ਇਉਂ ਕਹਿੰਦਿਆਂ ਕਹਿੰਦਿਆਂ ਚਾਚੇ ਦਾ ਮੂੰਹ ਲਾਲ ਹੋ ਜਾਂਦਾ, ਅੱਖਾਂ ਵਿਚ ਅੱਗ ਵਰ੍ਹਨ ਲੱਗਦੀ।

"ਅੱਛਾ ਚਾਚਾ, ਭੰਡੀ ਕੇ ਜੈਲੇ ਨੂੰ ਕੁੱਟਣ ਵਾਲੇ ਵੱਡੇ-ਸਾਰੇ ਢਿੱਡ ਵਾਲਾ ਥਾਣੇਦਾਰ ਤਾਂ ਨਾ ਹੋਊ ਉਦੋਂ?" ਮੈਂ ਹੋਰ ਉਤਸੁਕਤਾ ਨਾਲ ਪੁੱਛਦਾਂ।

"ਨਾ..ਨਾ ਪੁੱਤਰ, ਉਦੋਂ ਪੁਲਸ ਲੋਕਾਂ ਦੀ ਸੇਵਕ ਹੋਵੇਗੀ, ਵੱਡੇ ਢਿੱਡਾਂ ਵਾਲੇ ਸਾਰੇ ਥਾਣੇਦਾਰਾਂ ਦੀ ਸਿਖਰ ਦੁਪਹਿਰੇ ਤੱਤੇ ਰੇਤੇ 'ਤੇ ਨਿੱਕਰ ਲੁਹਾ ਕੇ ਘੀਸੀ ਕਰਾਇਆ ਕਰਾਂਗੇ। ਤੂੰ ਵਿੰਹਦਾ ਜਾਈਂ ਇਕੇਰਾਂ..., ਨਾਲੇ ਮੇਰਾ ਸ਼ੇਰ, ਇਕ ਕੰਮ ਕਰ...ਆਹ ਫੜ ਰੰਗ ਵਾਲਾ ਡੱਬਾ ਤੇ ਆਹ ਨਾਅਰੇ ਨੂੰ ਆਪਣੇ ਪਿੰਡ ਤੇ ਨਾਲ ਵਾਲੇ ਪਿੰਡਾਂ ਦੀਆਂ ਕੰਧਾਂ 'ਤੇ ਲਿਖ ਆ।" ਚਾਚੇ ਨੇ ਆਪਣੇ ਵੱਲ ਦੋ ਝੋਲੇ ਵਾਲੇ ਭਾਈ ਆਉਂਦੇ ਦੇਖ ਕੇ ਮੈਨੂੰ ਇਕ ਚਿੱਟ ਫੜਾਈ ਜਿਸ 'ਤੇ ਲਿਖਿਆ ਹੋਇਆ ਨਾਅਰਾ ਸੀ 'ਜੰਗਲ ਫੂਕੇ ਇਕ ਚੰਗਿਆੜੀ, ਮੁਕਤੀ ਦਾ ਰਾਹ ਨਕਸਲਬਾੜੀ'। ਮੈਂ ਤੇ ਮੇਰੇ ਮਿੱਤਰਾਂ ਨੇ ਰਾਤੋਂ ਰਾਤ ਆਪਣੇ ਅਤੇ ਲਾਗਲੇ ਪਿੰਡਾਂ ਦੀਆਂ ਕੰਧਾਂ 'ਤੇ ਲਿਖ ਦਿੱਤਾ।

ਇਸੇ ਤਰ੍ਹਾਂ ਦਸਵੀਂ ਪਾਸ ਕਰਨ ਉਪਰੰਤ ਖ਼ਾਲਸਾ ਕਾਲਜ ਦੀਆਂ ਦਹਿਲੀਜ਼ਾਂ ਉੱਪਰ ਪਰੈਪ ਵਿਚ ਆ ਦਾਖਲਾ ਲਿਆ। ਸਮੇਂ ਅਤੇ ਹਾਲਾਤ ਦੀਆਂ ਸਥਿਤੀਆਂ ਹੀ ਅਜਿਹੀਆਂ ਬਣੀਆਂ ਕਿ ਦਿਮਾਗ ਉੱਪਰ ਮਾਰਕਸਵਾਦੀ ਸਿਧਾਂਤ ਦੀਆਂ ਤੈਹਾਂ ਪਰਤ-ਦਰ-ਪਰਤ ਜੰਮਦੀਆਂ ਗਈਆਂ। ਉਹਨਾਂ ਦਿਨਾਂ ਵਿਚ ਇਕ ਅਜਿਹੀ ਘਟਨਾ ਵਾਪਰੀ, ਜਿਸਨੇ ਮੈਨੂੰ ਕਮਿਊਨਿਸਟ ਇਨਕਲਾਬ ਦਾ ਪੱਕਾ ਹਾਮੀ ਬਣਾ ਦਿੱਤਾ ਦਿੱਤਾ। ਹੋਇਆ ਇਉਂ ਕਿ ਇਕ ਦਿਨ ਮੈਂ ਕਾਲਜ ਤੋਂ ਵਾਪਸ ਘਰ ਪਹੁੰਚਿਆ, ਦੇਖਿਆ ਕਿ ਸਾਰਾ ਪਿੰਡ ਪੁਲੀਸ ਦੀ ਛਾਉਣੀ ਵਿਚ ਤਬਦੀਲ ਹੋਇਆ ਪਿਆ ਸੀ। ਦੋ ਵਰੰਟਡ ਨਕਸਲਬਾੜੀਏ ਚਾਚਾ ਬੂੜਾ ਸਿੰਘ ਦੇ ਘਰੋਂ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਸਨ। ਪਿੰਡ ਦੀ ਸੱਥ ਵਿਚਲੇ ਥੜ੍ਹੇ 'ਤੇ ਚਾਚਾ ਬੂੜਾ ਸਿੰਘ ਤੇ ਵਰੰਟਡ ਨਕਸਲੀਆਂ ਨੂੰ ਇੰਟੈਰੋਗੇਟ ਕੀਤਾ ਜਾ ਰਿਹਾ ਸੀ, ਪਰ ਉਹ ਤਿੰਨੇ ਜਣੇ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲਗਾ ਰਹੇ ਸਨ। ਮੇਰੇ ਅਤੇ ਸਾਰੇ ਪਿੰਡ ਦੇ ਦੇਖਦਿਆਂ-ਦੇਖਦਿਆਂ ਬੰਨ੍ਹੀ ਦਾੜ੍ਹੀ ਵਾਲੇ ਪੁਲਸ ਅਫ਼ਸਰ ਨੇ ਚਾਚੇ ਨੂੰ ਧੌਣ ਤੋਂ ਫੜ੍ਹ ਕੇ ਝਟਕਾ ਮਾਰਿਆ, ਜਿਸ ਨਾਲ ਉਸਦੀ ਘੰਡੀ ਟੁੱਟ ਗਈ ਤੇ ਪੁਲਸ ਛੇਤੀ-ਛੇਤੀ ਤਿੰਨਾਂ ਜਣਿਆਂ ਨੂੰ ਚੁੱਕ ਕੇ ਲੈ ਗਈ। ਦੂਸਰੇ ਦਿਨ ਟ੍ਰਿਬਿਊਨ ਅਖ਼ਬਾਰ ਦੀ ਖ਼ਬਰ ਸੀ ਕਿ ਨਕਸਲੀ ਬੂੜਾ ਸਿੰਘ ਆਪਣੇ ਦੋ ਸਾਥੀਆਂ ਸਮੇਤ ਹਰੀਕੇ ਪੱਤਣ 'ਤੇ ਹੋਏ ਪੁਲਸ ਮੁਕਾਬਲੇ ਵਿਚ ਹਲਾਕ। ਜਦੋਂ ਪਿੰਡ ਵਾਲੇ ਲਾਸ਼ਾਂ ਲੈਣ ਗਏ ਤਾਂ ਪਤਾ ਚੱਲਿਆ ਕਿ ਉਹ ਤਾਂ ਪੁਲਸ ਨੇ ਦਰਿਆ ਵਿਚ ਰੋੜ੍ਹ ਛੱਡੀਆਂ ਸਨ। ਇਸ ਘਟਨਾ ਦਾ ਮੇਰੇ ਮਨ 'ਤੇ ਅਜਿਹਾ ਪ੍ਰਭਾਵ ਪਿਆ ਕਿ ਮੈਂ ਪੱਕਾ ਮਾਰਕਸਿਸਟ ਬਣ ਗਿਆ। ਮੈਨੂੰ ਹਰ ਸਰਮਾਏਦਾਰ ਚਾਚੇ ਦਾ ਕਾਤਲ ਨਜ਼ਰ ਆਉਣ ਲੱਗਾ। ਸਮੇਂ ਦੇ

ਹੇਰ-ਫੇਰ ਵਿਚ ਨਕਸਲੀ ਲਹਿਰ ਆਪਣੀਆਂ ਨਿਵਾਣਾਂ ਵੱਲ ਨੂੰ ਚੱਲ ਪਈ ਅਤੇ ਅੰਤ ਲਹਿਰ ਦੀ ਟੁੱਟ-ਭੱਜ ਹੋਈ। ਕਈ ਲੋਕ ਲਹਿਰ ਨਾਲ ਗ਼ੱਦਾਰੀ ਕਰ ਕੇ ਸਰਮਾਏਦਾਰੀ ਸਰਕਾਰਾਂ ਦੇ ਟੁੱਕੜਬੋਚ ਬਣੇ, ਕਈ ਅਕਾਲੀਆਂ ਕਾਂਗਰਸੀਆਂ ਦੀ ਖਿਚੜੀ ਵਿਚ ਰਲਗੱਡ ਹੋ ਗਏ ਅਤੇ ਕਈ ਨਵੀਂ-ਨਵੀਂ ਉਭਰ ਰਹੀ ਸਿੱਖ ਲਹਿਰ ਵੱਲ ਖਿੱਚੇ ਗਏ। ਮੇਰੇ ਮਨ ਦੀ ਅਜੀਬ ਜਿਹੀ ਦਸ਼ਾ ਹੋ ਗਈ। ਇਨਕਲਾਬ ਕੋਹਾਂ ਦੂਰ ਚਲਿਆ ਗਿਆ ਜਾਪਣ ਲੱਗਾ। ਮਨ ਵਿਚਲੀ ਚੱਲ ਰਹੀ ਦਸ਼ਾ ਮੈਨੂੰ ਪ੍ਰੇਰ ਕੇ ਕਾਗਜ਼ ਕਲਮ ਤੇ ਦਵਾਤ ਦੇ ਬੂਹੇ 'ਤੇ ਲੈ ਗਈ। ਮੈਂ ਆਪਣੀਆਂ ਅਤੇ ਉਸ ਸਮੇਂ ਦੇ ਸਮਕਾਲੀ ਕਵੀਆਂ ਦੀਆਂ ਰਚਨਾਵਾਂ ਸਟੇਜਾਂ 'ਤੇ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ।

–'ਦਬਾ ਦਬਾ ਚੱਲ ਮੇਰੇ ਬੈਲਾਂ ਦੀਏ ਜੋੜੀਏ

ਬੀਜਣੇ ਨੇ ਅਸਾਂ ਹਥਿਆਰ.....।'

– 'ਪੱਥਰਾਂ ਨੂੰ ਤੋੜੇ ਬਿਨਾਂ ਅੱਗ ਨਾ ਈਜ਼ਾਦ ਹੋਣੀ....।'

ਆਦਿ ਜਿਹੇ ਗੀਤਾਂ ਦੇ ਗਾਉਣ ਅਤੇ ਇਨਕਲਾਬੀ ਕਵਿਤਾਵਾਂ ਰਚਣ ਕਰਕੇ ਮੈਂ ਕਾਲਜ ਵਿਚ ਕਾਮਰੇਡ-ਕਾਮਰੇਡ ਦੀ ਅੱਲ ਨਾਲ ਮਸ਼ਹੂਰ ਹੋ ਗਿਆ।

ਕਾਲਜ ਸਮੇਂ ਮੈਂ ਉਦੋਂ ਮਾਰਕਸੀ ਸੁਰ ਵਾਲੀਆਂ ਜਥੇਬੰਦੀਆਂ ਵਿਚ ਸਰਗਰਮ ਹੋ ਗਿਆ। ਇਹ ਗੱਲ ਪੱਕੀ ਤਰ੍ਹਾਂ ਨਾਲ ਮੇਰੇ ਜ਼ਿਹਨ ਵਿਚ ਘਰ ਕਰ ਗਈ ਹਥਿਆਰਬੰਦ ਬਗ਼ਾਵਤ ਕੀਤੇ ਬਗ਼ੈਰ ਸਰਮਾਏਦਾਰੀ ਦਾ ਦੈਂਤ ਦੱਬਿਆ ਨਹੀਂ ਜਾਣਾ। ਪਰ ਹੁਣ ਕੀਤਾ ਕੀ ਜਾ ਸਕਦਾ ਸੀ? ਸਿਰਾਂ ਦੀਆਂ ਅਹੂਤੀਆਂ ਦੇ ਕੇ ਚਾਨਣ ਕਰਨ ਵਾਲੇ ਚੰਨ ਤਾਂ ਕਦੋਂ ਦੇ ਲੁਕ ਛੁਪ ਚੁੱਕੇ ਸਨ। ਹੁਣ ਤਾਂ ਮੇਰੇ ਕੋਲ ਸਨ ਕਵਿਤਾਵਾਂ ਅਤੇ ਗੀਤਾਂ ਦੇ ਬੋਲ ਜਿਨ੍ਹਾਂ ਰਾਹੀਂ ਸਿਰਫ਼ ਆਪਣੇ ਮਨ ਦੀ ਭੜਾਸ ਹੀ ਕੱਢੀ ਜਾ ਸਕਦੀ ਸੀ। ਲੋਕ ਸਰਕਾਰੀ ਤਸ਼ੱਦਦ ਤੋਂ ਡਰਦੇ ਹੋਏ ਇਨਕਲਾਬ ਦਾ ਨਾਂ ਤੱਕ ਲੈਣ ਤੋਂ ਡਰਦੇ ਸਨ। ਕਾਲੀ ਚਾਚੇ ਦੀ ਯਾਦ ਵਿਚ ਲਾਲ ਝੰਡੇ ਵਾਲੇ ਇਕ ਲਾਟ ਸਾਡੇ ਬਾਹਰਲੇ ਘਰ ਕੋਲ ਬਣਾ ਕੇ ਉਹਦੇ ਅੱਗੇ ਪਈ ਖਾਲੀ ਥਾਂ ਵਿਚ ਹਰ ਸਾਲ ਚਾਚੇ ਦੀ ਬਰਸੀ ਮਨਾ ਜਾਂਦੇ ਸਨ। ਮੇਰੇ ਲਈ ਇਹ ਸਭ ਗੱਲਾਂ ਅਰਥਹੀਣ ਸਨ, ਕਿਉਂਕਿ ਮੈਂ ਹਾਲੇ ਵੀ ਸੰਘੀ ਤੋਂ ਫੜ ਕੇ ਹੱਕ ਲੈਣ ਦੇ ਸਿਧਾਂਤ ਦਾ ਕਾਇਲ ਸਾਂ, ਪਰ ਲਾਲ ਝੰਡੇ ਵਾਲੇ ਵੀਰ ਜਾਂ ਤਾਂ ਨਾਟਕ ਕਰ ਸਕਦੇ ਸਨ ਜਾਂ ਗੀਤ ਗਾ ਸਕਦੇ ਸਨ, ਹਥਿਆਰਬੰਦ ਸੰਘਰਸ਼ ਲਈ ਉਨ੍ਹਾਂ ਦੀਆਂ ਲੱਤਾਂ ਭਾਰ ਚੁੱਕਣ ਤੋਂ ਅਸਮਰੱਥ ਸਨ।

ਉਧਰ ਦੂਸਰੇ ਪਾਸੇ ਕੁਝ ਅਜਿਹੀਆਂ ਰਾਜਨੀਤਕ ਘਟਨਾਵਾਂ ਵਾਪਰੀਆਂ ਕਿ ਸਾਰੇ ਪੰਜਾਬ ਦੀ ਰਾਜਨੀਤੀ ਅਤੇ ਧਾਰਮਿਕ ਸਮਾਜਿਕ ਜ਼ਿੰਦਗੀ ਉਪਰ ਇਨ੍ਹਾਂ ਨੇ ਆਪਣਾ ਗੂੜ੍ਹਾ ਪ੍ਰਭਾਵ ਛੱਡਿਆ। ਅਖ਼ਬਾਰਾਂ ਵਿਚ ਉਡਦੀ-ਉਡਦੀ ਗੱਲ ਸੁਣੀ ਕਿ ਅੰਮ੍ਰਿਤਸਰ ਵਿਸਾਖੀ ਉੱਤੇ ਇਕੱਠੇ ਹੋਏ ਸਿੱਖਾਂ ਅਤੇ ਕਿਸੇ ਹੋਰ ਧਾਰਮਿਕ ਫਿਰਕੇ ਦੇ ਕੁਝ ਲੋਕਾਂ ਵਿਚ ਆਪਸੀ ਟਕਰਾਅ ਹੋ ਗਿਆ ਹੈ, ਜਿਸ ਵਿਚ ੧੩ ਨਿਹੰਗ ਮਾਰੇ ਗਏ ਹਨ। ਸਾਰੇ ਪੰਜਾਬ ਵਿਚ ਵਿਆਪਕ ਰੋਸ ਦੀ ਲਹਿਰ ਦੌੜ ਗਈ। ਮੈਨੂੰ ਵੀ ਸਾਰੇ ਘਟਨਾਕ੍ਰਮ ਤੋਂ ੧੯੧੯ ਦੀ ਵਿਸਾਖੀ ਦੀ ਯਾਦ ਆ ਗਈ। ਇਕ ਵਾਰ ਤਾਂ ਮਨ ਵਿਚ ਆਇਆ ਕਿ ਜਿਵੇਂ ਭਾਰਤੀ ਸਾਮਰਾਜ ਵਿਚ ਪੰਜਾਬ ਆਪਣੀ ਗ਼ੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜਿਆ ਪਿਆ ਹੋਵੇ ਪਰ ਮਾਮਲਾ ਧਾਰਮਿਕ ਹੋਣ ਕਰਕੇ ਮੈਂ ਬਹੁਤਾ ਗਹੁ ਨਾ ਕੀਤਾ ਕੀ ਪਤਾ ਕਿਹੋ ਜਿਹੇ ਹੋਣਗੇ? ਨਾਲੇ ਨਿਹੰਗਾਂ ਦਾ ਕੀ ਆ? ਸੁੱਖਾ-ਸਾਖਾ ਹੀ ਨਾ ਪੀਤਾ ਹੋਵੇ? ਛੱਡ ਪਰਾਂ ਯਾਰ ਇਹ ਸਭ ਵੀ ਇਨਕਲਾਬ ਦੇ ਰਾਹ ਦੇ ਰੋੜੇ ਹੀ ਹਨ, ਸਰਮਾਏਦਾਰ ਹਮੇਸ਼ਾ ਧਰਮ ਦੇ ਨਾਂ 'ਤੇ ਮਨੁੱਖੀ ਮਨ ਨੂੰ ਡਰਾ-ਧਮਕਾ ਕੇ ਲੁੱਟਦੇ ਹੀ ਆਏ ਆ। ਇਨਕਲਾਬ ਦੀ ਆਸ? ਉਹ ਵੀ ਅਮਲੀਆਂ ਤੋਂ ਕਦਾਚਿਤ ਨਹੀਂ। ਮਾਰਕਸ ਨੇ ਸੱਚ ਕਿਹਾ ਹੈ ਧਰਮ ਅਫ਼ੀਮ ਹੈ, ਬਿਲਕੁਲ ਸੱਚ......। ਮੇਰੇ ਮਾਰਕਸੀ ਵਿਚਾਰ ਸਿੱਖ ਮਾਨਸਿਕਤਾ ਉੱਪਰ ਹਾਵੀ ਹੋ ਜਾਂਦੇ ਤਾਂ ਅੰਦਰ ਸਿਰ ਚੁੱਕ ਰਿਹਾ ਮਤੇਿਲ ਸਿੱਖ ਆਪਣੀ ਸਧਾਰਨਤਾ ਵਿਚ ਛੁਪ ਜਾਂਦਾ। ਮਨ ਦੀ ਦੁਬਿਧਾ ਵਿਚ ਸੰਨ ੧੯੭੮ ਤੋਂ ੧੯੮੪ ਆ ਗਿਆ। ਇਨ੍ਹਾਂ ਦਿਨਾਂ ਵਿਚ ਸਿੱਖ ਲਹਿਰ ਆਪਣੇ ਪੂਰੇ ਜੋਬਨ 'ਤੇ

ਚੱਲ ਰਹੀ ਸੀ। ਸਾਰੇ ਪੰਜਾਬ ਵਿਚ ਗਰਮ ਹਵਾ ਆਪਣੇ ਜੋਰ-ਸ਼ੋਰ ਨਾਲ ਚੱਲ ਰਹੀ ਸੀ, ਪਰ ਜਿਲ੍ਹਾ ਅੰਮ੍ਰਿਤਸਰ ਅਖ਼ਬਾਰਾਂ ਦੀਆਂ ਸੁਰਖੀਆਂ ਵਿਚ ਵਾਵਰੋਲੇ ਵਾਂਗ ਸਿਰ ਚੁੱਕੀ ਘੁੰਮ ਰਿਹਾ ਸੀ। ਦਰਬਾਰ ਸਾਹਿਬ ਦਾ ਮਾਹੌਲ ਸੰਤ ਭਿੰਡਰਾਂਵਾਲਿਆਂ ਦੀਆਂ ਗਰਮ-ਤਕਰੀਰਾਂ ਕਰਕੇ ਬੀਰ-ਰਸੀ ਹੋ ਗਿਆ ਸੀ। ਸਾਡਾ ਆਪਣਾ ਪਿੰਡ ਵੀ ਇਸ ਅਸਰ ਤੋਂ ਖਾਲੀ ਨਹੀਂ ਸੀ। ਸਾਡੇ ਗੁਆਂਢੀ ਪਿੰਡ ਦੇ ਦੋ ਨੌਜਵਾਨ ਟਹਿਲ ਸਿੰਘ ਅਤੇ ਉਸਦਾ ਭਰਾ ਸੁਖਦੇਵ ਸਿੰਘ ਵੀ ਅਖ਼ਬਾਰਾਂ ਦੀਆਂ ਸੁਰਖੀਆਂ ਵਿਚ ਮਸ਼ਹੂਰ ਸਨ, ਕਿਉਂਕਿ ਇਹ ਵੀ ਇਕ ਖਾੜਕੂ ਜਥੇਬੰਦੀ ਬੱਬਰ ਖਾਲਸਾ ਦੇ ਮੁਖੀ ਖਾੜਕੂਆਂ ਵਿਚੋਂ ਸਨ। ਆਖਿਆ ਜਾਂਦਾ ਸੀ ਕਿ ਇਹ ਜਥੇਬੰਦੀ ਭਿੰਡਰਾਂਵਾਲਿਆਂ ਤੋਂ ਵੱਖਰੀ ਸੀ। ਪਰ ਦੋਹਾਂ ਦੀ ਦੁਸ਼ਮਣੀ ਦਿੱਲੀ ਦਰਬਾਰ ਨਾਲ ਹੀ ਸੀ। ਇਹ ਲੋਕ ਉਸ ਜਥੇ ਵਿਚੋਂ ਸਫੁਟਤ ਹੋਏ ਕਹੇ ਜਾਂਦੇ ਸਨ, ਜਿਸਦੇ ੧੩ ਮੈਂਬਰ ੧੯੭੮ ਵਿਸਾਖੀ ਨੂੰ ਨਿਰੰਕਾਰੀਆਂ ਮਾਰ ਘੱਤੇ ਸਨ। ਇਸ ਜਥੇਬੰਦੀ ਦਾ ਮੁੱਖ ਨਿਸ਼ਾਨਾ ਆਜ਼ਾਦ ਸਿੱਖ ਰਾਜ (ਖ਼ਾਲਿਸਤਾਨ) ਦੀ ਗੱਲ ਸਿੱਧੇ ਰੂਪ ਵਿਚ ਨਾ ਕਰਦੇ ਹੋਣ ਕਰਕੇ ਕਈ ਵਾਰ ਦੋਹਾਂ ਧਿਰਾਂ ਵਿਚ ਮਨ-ਮੁਟਾਵ ਵੀ ਹੋ ਜਾਇਆ ਕਰਦਾ ਸੀ। ਬੱਬਰ ਖ਼ਾਲਸਾ ਦੇ ਖਾੜਕੂਆਂ ਨੂੰ ਪੜ੍ਹੇ ਲਿਖੇ, ਚੁੱਪ-ਚਾਪ ਕੰਮ ਕਰਨ ਵਾਲੇ ਅਤੇ ਰਹਿਤ ਵਿਚ ਕੱਟੜ ਸਮਝਿਆ ਜਾਂਦਾ ਸੀ। ਸਾਡਾ ਪਿੰਡ ਅੰਮ੍ਰਿਤਸਰ ਦੇ ਲਾਗੇ ਹੋਣ ਕਰਕੇ ਸਾਡੇ ਏਰੀਏ ਉੱਪਰ ਬੱਬਰਾਂ ਦਾ ਪ੍ਰਭਾਵ ਹੋਣਾ ਕੁਦਰਤੀ ਹੀ ਸੀ। ਸਾਡੇ ਪਿੰਡ ਦਾ ਮੈਡੀਕਲ ਸਾਇੰਸ ਰੱਖ ਕੇ ਪਟਿਆਲੇ ਪੜ੍ਹ ਰਿਹਾ ਮੁੰਡਾ ਡਾ. ਸਾਹਿਬ ਸਿੰਘ ਬੱਬਰਾਂ ਦੇ ਪ੍ਰਤੱਖ ਪ੍ਰਭਾਵ ਅਧੀਨ ਸੀ। ਉਹ ਜਦੋਂ ਪਿੰਡ ਆਉਂਦਾ ਕਾਲੀ ਦਸਤਾਰ ਵਿਚੋਂ ਪੀਲੀ ਫਿਫਟੀ, ਜੀਨ ਦੀ ਪੈਂਟ ਤੇ ਕਮੀਜ਼ ਉਪਰੋਂ ਕਿਰਪਾਨ ਉਸਦਾ ਪਹਿਰਾਵਾ ਹੁੰਦਾ। ਬੇਸ਼ੱਕ ਉਹ ਸਾਡਾ ਗਵਾਂਢੀ ਸੀ ਅਤੇ ਮੇਰੇ ਕੋਲੋਂ ੪-੫ ਸਾਲ ਛੋਟਾ ਸੀ ਪਰ ਫਿਰ ਵੀ ਉਹ ਮੈਨੂੰ ਚੰਗਾ-ਚੰਗਾ ਲੱਗਦਾ। ਉਹ ਬਹੁਤ ਘੱਟ ਬੋਲਦਾ। ਜਦੋਂ ਵੀ ਮਿਲਦਾ ਤਾਂ ਸਤਿ ਸ੍ਰੀ ਅਕਾਲ ਭਾਅ ਜੀ, ਆਖ ਕੇ ਕੋਲੋਂ ਲੰਘ ਜਾਂਦਾ। ਉਡਦੀ-ਉਡਦੀ ਕਨਸੋਅ ਪਿੰਡ ਵਿਚ ਫੈਲ ਗਈ ਕਿ ਸਾਹਿਬੀ ਦੇ ਬੱਬਰਾਂ ਨਾਲ ਤਾਅਲੁਕ ਹਨ। ਮੈਂ ਕਈ ਵਾਰ ਸਾਹਿਬੀ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਕਿ ਉਸਨੂੰ ਸਮਝਿਆ ਜਾਵੇ ਪਰ ਉਸਦੀ ਸੰਗਾਊ ਬਿਰਤੀ ਹੀ ਅਜਿਹੀ ਸੀ ਕਿ ਅਸੀਂ ਖੁੱਲ੍ਹਣਾ ਚਾਹੁੰਦੇ ਹੋਏ ਵੀ ਖੁੱਲ੍ਹ ਨਹੀਂ ਸਕੇ। ਇਨ੍ਹਾਂ ਦਿਨਾਂ ਵਿਚ ਹੀ ਅਪ੍ਰੇਸ਼ਨ ਬਲਿਊ ਸਟਾਰ ਦੀ ਬਿਜਲੀ ਡਿੱਗੀ, ਜਿਸਨੇ ਮੇਰੇ ਸਣੇ ਪੰਜਾਬ ਦੇ ਸਾਰੇ ਵਾਸੀਆਂ ਦੀਆਂ ਆਤਮਾਵਾਂ ਨੂੰ ਲੂਹ ਸੁੱਟਿਆ। ਰੇਡੀਓ ਉੱਤੇ ਆ ਰਹੇ ਕੀਰਤਨ ਦੇ ਸ਼ਬਦ ਮੈਨੂੰ ਪਹਿਲੀ ਵਾਰੀ ਇਨਕਲਾਬੀ ਲੱਗੇ 'ਕੂੜਾ ਰਾਜ ਬਹਾਲੀਐ ਫਿਰ ਚਕੀ ਚਟੈ' ਬਾਬੇ ਨਾਨਕ ਦੀ ਬਾਣੀ ਦੀ ਇਨਕਲਾਬੀ ਸੁਰ ਪਹਿਲੀ ਵਾਰ ਮੇਰੇ ਸਮਝ ਵਿਚ ਆਈ। 'ਰਾਜੇ ਸੀਹ ਮੁਕਦਮ ਕੁਤੇ, ਜਾਇ ਜਗਾਇਨਿ ਬੈਠੇ ਸੁਤੇ'। ਮੇਰਾ ਮਨ ਦਰਬਾਰ ਸਾਹਿਬ ਦੇ ਦਰਸ਼ਨਾਂ ਹਿਤ ਤੜਪ ਉੱਠਿਆ। ਪਰ ਸਾਰੇ ਪੰਜਾਬ ਵਿਚ ਕਰਫਿਊ ਲੱਗ ਚੁੱਕਾ ਸੀ। ਮੈਨੂੰ ਬਾਹਮਣੀ ਸਰਕਾਰ ਦੇ ਨਾਲ-ਨਾਲ ਦਰਬਾਰ ਸਾਹਿਬ ਦੀ ਬੇਹੁਰਮਤੀ ਅਤੇ ਲੋਕਾਂ ਦੇ ਜਾਨੀ-ਮਾਲੀ ਨੁਕਸਾਨ ਲਈ ਖਾੜਕੂ ਅਤੇ ਹੋਰ ਧਾਰਮਿਕ ਲੋਕ ਵੀ ਜਿੰਮੇਵਾਰ ਲੱਗ ਰਹੇ ਸਨ। ਮੇਰਾ ਮਨ ਸਾਹਿਬ ਨੂੰ ਮਿਲਣ ਲਈ ਉਤਾਵਲਾ ਹੋ ਰਿਹਾ ਸੀ। ਪਰ ਡਾ. ਸਾਹਿਬੀ ਦਾ ਕੁਛ ਪਤਾ ਨਹੀਂ ਲੱਗ ਰਿਹਾ ਸੀ। ਪੰਜਾਬ ਵਿਚ ਕਰਫਿਊ ਲੱਗਾ ਹੋਣ ਕਰਕੇ ਡਾ. ਸਾਹਿਬੀ ਪਟਿਆਲੇ ਤੋਂ ਪਿੰਡ ਨਹੀਂ ਆ ਸਕਿਆ ਸੀ। ਪਿੰਡ ਵਿਚ ਇਹ ਅਫ਼ਵਾਹ ਵੀ ਸੀ ਕਿ ਡਾ. ਸਾਹਿਬੀ ਦਰਬਾਰ ਸਾਹਿਬ ਵਿਚ ਅਪ੍ਰੇਸ਼ਨ ਦੀ ਲਪੇਟ ਵਿਚ ਆ ਚੁੱਕਾ ਸੀ, ਕਿਉਂਕਿ ਕਾਲਜ ਵਿਚ ਛੁਟੀਆਂ ਹੋਣ ਕਰਕੇ ਉਹ ਗੁਰੂ ਅਰਜਨ ਦੇਵ ਦਾ ਸ਼ਹੀਦੀ ਪੁਰਬ ਮਨਾਉਣ ਅੰਮ੍ਰਿਤਸਰ ਗਿਆ ਹੋਇਆ ਸੀ। ਜੂਨ ਦੇ ਅਖੀਰਲੇ ਹਫਤੇ ਕਰਫਿਊ ਹਟਿਆ ਤਾਂ ਮੈਂ ਵਲਟੋਹੇ ਤੋਂ ਬੱਸ ਫੜ ਕੇ ਅੰਮ੍ਰਿਤਸਰ ਜਾਣ ਦਾ ਫੈਸਲਾ ਕਰ ਲਿਆ।.......

ਉਪਰੋਕਤ ਸਤਰ੍ਹਾਂ ਪੜ੍ਹ ਕੇ ਅਵਨਿੰਦਰਦੀਪ ਨੇ ਆਪਣੀ ਘੜੀ ਵੱਲ ਨਜ਼ਰ ਮਾਰੀ ਤਾਂ ੧੨ ਵੱਜ ਚੁੱਕੇ ਸਨ। ਉਹ ਡਾਇਰੀ ਆਪਣੀਆਂ ਕਿਤਾਬਾਂ ਵਿਚ ਛੁਪਾ ਕੇ ਲਾਗਲੀ ਕੰਟੀਨ ਵਿਚੋਂ ਚਾਹ-ਪੀਣ ਲਈ ਉਠ ਖੜ੍ਹਾ ਹੋਇਆ।

O-----O-----O

ਕਾਂਡ 3

ਵੱਜੇ ਢੋਲ ਨਗਾਰੇ ਦਲਾਂ ਮੁਕਾਬਲਾ....

ਚਾਹ ਪੀਣ ਉਪਰੰਤ ਅਵਨਿੰਦਰਦੀਪ ਪਿਛਲੇ ਦਰਵਾਜ਼ੇ ਰਾਹੀਂ ਕੰਟੀਨ ਵਿਚੋਂ ਬਾਹਰ ਨਿਕਲਣ ਹੀ ਲੱਗਾ ਸੀ ਕਿ ਉਸਦੇ ਇਕ ਸਹਿਪਾਠੀ ਮਿੱਤਰ ਨੇ ਉਸ ਨੂੰ ਆਵਾਜ਼ ਮਾਰੀ।

"ਨਿੰਦੀ! ਓ ਨਿੰਦੀ, ਕਿਥੇ ਸੀ ਯਾਰ ਸਵੇਰ ਦਾ? ਦਿਖਾਈ ਹੀ ਨਹੀਂ ਦਿੱਤਾ" ਆਵਾਜ਼ ਮਾਰਨ ਵਾਲਾ ਗੌਤਮ ਪ੍ਰਸ਼ਾਦ ਸ਼ੁਕਲਾ ਉਸ ਵੱਲ ਮਿਲਾਉਣ ਲਈ ਆਪਣਾ ਸੱਜਾ ਹੱਥ ਅੱਗੇ ਕੱਢਦਾ ਹੋਇਆ ਉਸ ਵੱਲ ਆ ਰਿਹਾ ਸੀ।

"ਇਹ ਕਿੱਥੋਂ ਟਪਕ ਗਿਆ? ਹੁਣ ਘੰਟਾ ਇਹਨੇ ਖਹਿੜਾ ਨਹੀਂ ਛੱਡਣਾ।" ਨਿੰਦੀ ਨੇ ਮਨ ਵਿਚ ਕਿਹਾ।

"ਬਸ ਯਾਰ ਮੈਂ ਸੋਚਿਆ ਬਈ ਅਗਜ਼ਾਮ ਸਿਰ 'ਤੇ ਨੇ ਕਿਤੇ ਅਲੱਗ ਬੈਠ ਕੇ ਪੜ੍ਹ ਲਿਆ ਜਾਵੇ..." ਅਵਿੰਦਰ ਨੇ ਰਸਮੀ ਜਿਹਾ ਹੱਥ ਮਿਲਾਉਂਦਿਆਂ ਉੱਤਰ ਦਿੱਤਾ। ਅੱਜ ਉਸਨੂੰ ਸ਼ੁਕਲੇ ਦੇ ਨਾਲ ਹੱਥ ਮਿਲਾਉਂਦਿਆਂ ਇਉਂ ਮਹਿਸੂਸ ਹੋਇਆ ਜਿਵੇਂ ਉਸਦਾ ਹੱਥ ਕਿਸੇ ਮਰੇ ਹੋਏ ਚੂਹੇ ਉੱਪਰ ਆ ਗਿਆ ਹੋਵੇ। ਉਸਨੂੰ ਸ਼ੁਕਲੇ ਕੋਲੋਂ ਬੁਰਜੂਆ-ਵਾਦੀ ਬੋ ਆਉਂਦੀ ਮਹਿਸੂਸ ਹੋਈ।

"ਕੀ ਗੱਲ ਆ, ਯਾਰ ਅੱਜ ਬੜਾ ਉਦਾਸ ਐਂ?" ਸ਼ੁਕਲੇ ਨੇ ਨਿੰਦੀ ਦੇ ਮੂੰਹ ਵੱਲ ਹੈਰਾਨਗੀ ਨਾਲ ਦੇਖਦਿਆਂ ਕਿਹਾ।

"ਬਸ ਯਾਰ ਊਂ ਈ ਕੋਈ ਖਾਸ ਗੱਲ ਨਹੀਂ.." ਆਖ ਕੇ ਨਿੰਦੀ ਲਾਇਬ੍ਰੇਰੀ ਵੱਲ ਨੂੰ ਤੁਰ ਪਿਆ। ਸ਼ੁਕਲਾ ਨਿੰਦੀ ਦੇ ਇਸ ਰਵੱਈਏ ਤੋਂ ਬੜਾ ਹੈਰਾਨ ਹੋਇਆ।

"ਤੈਨੂੰ ਕੀ ਪਤਾ ਕਰਾੜਾ ਮੇਰਾ ਕੀ ਗਵਾਚਿਆ? ੧੯੪੭ ਤੋਂ ਬਾਅਦ ਇਸ ਦੇਸ਼ ਵਿਚ ਮੇਰਾ ਰਿਹਾ ਈ ਕੀ ਆ? ਮੇਰੀ ਕੌਮ ਦੀ ਇੱਜਤ, ਹੀਰਿਆਂ ਵਰਗੇ ਗੱਭਰੂ, ਮਾਣ-ਸਨਮਾਨ, ਧਾਰਮਿਕ, ਆਰਥਿਕ ਮਾਣ ਮਰਿਯਾਦਾ, ਕੀ ਨਹੀਂ ਲੁੱਟ ਹੋਇਆ ਇਸ ਦੇਸ਼ ਵਿਚ? ਪੱਲੇ ਕੀ ਪਿਆ? ਅੱਤਵਾਦੀ ਦਾ ਠੱਪਾ। ਕੋਈ ਨਾ ਪੁੱਤ ਕਦੇ ਤਾਂ ਆਊ ਊਠ ਪਹਾੜ ਦੇ ਹੇਠਾਂ...? ਸਦਾ ਨਾ ਰਹਿਣੇ ਸ਼ਿਕਰੇ ਕਾਬਜ਼, ਔਹ ਚਿੜੀਆਂ ਦੀਆਂ ਡਾਰਾਂ ਉੱਤੇ।"

ਉਹ ਲਾਇਬ੍ਰੇਰੀ ਵੱਲ ਨੂੰ ਤੁਰਿਆ ਜਾਂਦਾ, ਅਜਿਹੇ ਕਈ ਵਿਚਾਰ ਸੋਚ ਗਿਆ। ਨਿੰਦੀ ਦੀ ਗੁੱਟ ਘੜੀ ਉੱਪਰ ੧੨:੩੦ ਹੋ ਚੁੱਕੇ ਸਨ। ਅੰਮ੍ਰਿਤ ਵੇਲੇ ਸ਼ਾਂਤੀ ਨਾਲ ਚੜ੍ਹਿਆ ਸੂਰਜ ਆਪਣੇ ਜੋਬਨ ਵਿਚ ਚਮਕ ਰਿਹਾ ਸੀ। ਸੂਰਜ ਦੀਆਂ ਕਿਰਨਾਂ ਨੇ ਲਾਇਬ੍ਰੇਰੀ ਦੇ ਹਨੇਰੇ ਖੂੰਜਿਆਂ ਵਿਚ ਵੀ ਰੌਸ਼ਨੀ ਕਰ ਦਿੱਤੀ। ਨਿੰਦੀ ਨੇ ਕਾਹਲੇ ਕਦਮੀ ਲਾਇਬ੍ਰੇਰੀ ਵਿਚ ਪਹੁੰਚ ਕੇ ਬੈਠਣ ਸਾਰ ਡਾਇਰੀ ਪੜ੍ਹਨੀ ਸ਼ੁਰੂ ਕੀਤੀ।

"ਸਾਡਾ ਮੂੰਹ ਮੁਹਾਂਦਰਾ ਵੱਖਰਾ ਏ

ਸਾਡਾ ਰੂਪ ਵੱਖਰਾ, ਸਾਡਾ ਰੰਗ ਵੱਖਰਾ

ਕਿਸੇ ਕੌਮ ਦੇ ਨਾਲ ਨਹੀਂ ਮੇਲ ਖਾਂਦਾ

ਤੁਰਿਆ ਆਉਂਦਾ ਏ ਸਾਡਾ ਪ੍ਰਸੰਗ ਵੱਖਰਾ

ਸਾਡੀ ਆਤਮਾ ਲੱਛਣ ਵੱਖਰੇ ਨੇ

ਸਾਡੇ ਜਿਸਮ ਦਾ ਹਰ ਇਕ ਅੰਗ ਵੱਖਰਾ

ਸਾਡੀ ਮੌਤ ਜਹਾਨ ਤੋਂ ਵੱਖਰੀ ਏ

ਸਾਡਾ ਜ਼ਿੰਦਗੀ ਜਿਊਣ ਦਾ ਢੰਗ ਵੱਖਰਾ।"

ਡਾਇਰੀ ਵਿਚ ਥਾਂ ਪੁਰ ਥਾਂ ਕੀਤੀ ਸ਼ਾਇਰੀ ਨਿੰਦੀ ਨੂੰ ਧੁਰ ਅੰਦਰ ਧੱਸਦੀ ਪ੍ਰਤੀਤ ਹੋਈ। ਉਸਦਾ ਅੰਤਰ-ਮਨ ਮਹਿੰਗਾ ਸਿੰਘ ਬੱਬਰ ਦੀ ਤਹਿਰੀਰ ਵਿਚ ਡੁੱਬ ਕੇ ਹੋਰ ਡੂੰਘਾ ਹੁੰਦਾ ਜਾ ਰਿਹਾ ਸੀ। ਸ਼ੇਅਰ ਪੜ੍ਹਨ ਬਾਅਦ ਨਿੰਦੀ ਨੇ ਅੱਗੇ ਪੜ੍ਹਨਾ ਸ਼ੁਰੂ ਕੀਤਾ ਤਾਂ ਉਸਨੂੰ ਆਪਣੇ ਲੂ-ਕੰਡੇ ਖੜ੍ਹੇ ਹੁੰਦੇ ਪ੍ਰਤੀਤ ਹੋਣ ਲੱਗੇ। ਮਹਿੰਗਾ ਸਿੰਘ ਦੀ ਕਲਮ ਦੁਆਰਾ ਲਿਖੀ ਇਬਾਰਤ ਇਉਂ ਸ਼ੁਰੂ ਹੋ ਰਹੀ ਸੀ:

"ਅੱਜ ਪਹਿਲੀ ਵਾਰ ਮੈਨੂੰ ਘਰੋਂ ਜਾਣ ਸਮੇਂ ਪਤਾ ਨਹੀਂ ਪਿੰਡ ਦੀਆਂ ਗਲੀਆਂ ਦਾ ਮੋਹ ਜਿਹਾ ਆਇਆ। ਮੇਰਾ ਜੀਅ ਕੀਤਾ ਕਿ ਖੇਤ ਨੂੰ ਵੀਰ ਦੀ ਰੋਟੀ ਲੈ ਕੇ ਜਾ ਰਹੀ ਭਰਜਾਈ ਨੂੰ ਰੱਜ ਕੇ ਤੱਕਾਂ। ਸਿਰ ਉੱਤੇ ਲੱਸੀ ਦਾ ਮੱਘਾ ਰੱਖ ਕੇ ਜਦੋਂ ਭਰਜਾਈ ਮੇਰੇ ਕੋਲ ਦੀ ਲੰਘੀ ਤਾਂ ਮੈਂ ਸੁਰ ਚੁੱਕ ਦਿੱਤੀ, "ਜੱਟੀ ਪੰਦਰਾਂ ਮੁਰੱਬਿਆ ਵਾਲੀ ਤੇ ਭੱਤਾ ਲੈ ਕੇ ਖੇਤ ਨੂੰ ਚੱਲੀ।"

"ਲੈ ਫੋਟ ਜੈ ਖਣੇ ਦਾ ਨਾ ਹੋਵੇ ਤਾਂ, ਮੈਂ ਜਦੋਂ ਦੀ ਵਿਆਹੀ ਆਈ ਆਂ, ਉਦੋਂ ਦਾ ....ਤੈਨੂੰ ਅੱਜ ਜਦੋਂ ਮੇਰੇ ਨਿਆਣੇ ਵੀ ਤੇਰੇ ਜਿੱਡੇ ਹੋ ਗੇ ਉਦੋਂ ਖਿਆਲ ਆਇਆ ਭਾਬੀ ਦਾ, ਭਾਊਆਂ ਨੂੰ ਵੀ ਅਕਲ ਪਛੜ ਕੇ ਹੀ ਆਉਂਦੀ ਆ।" ਭਾਬੀ ਮਾਲਵੇ ਦੇ ਮੋਗੇ ਇਲਾਕੇ ਦੀ ਹੋਣ ਕਰਕੇ ਮੇਰੇ ਸਮੇਤ ਸਾਰੇ ਮਾਝੇ ਨੂੰ ਮਸ਼ਕਰੀ ਕਰ ਗਈ।

"ਕੋਈ ਨਾ ਭਾਬੀ ਕੋਈ ਨਾ ਸਿਰ ਧੜ ਦੀ ਹਮੇਸ਼ਾ ਮਝੈਲਾ ਨੇ ਈ ਲਾਈ ਊ..." ਮੈਂ ਮਾਝੇ ਦੀ ਸੂਰਮਗਤੀ ਦੇ ਮਾਣ ਵਿਚ ਧੌਣ ਅਕੜਾ ਗਿਆ।

"ਅਹੁੰ...ਅਹੁੰ, ਆਹ ਕੌਣ ਆ ਜ਼ਰਾ ਮੈਂ ਵੀ ਵੇਖਾਂ ਤਾਂ ਹੀ ਗਾੜੀ ਹੋ ਕੇਰਾਂ ਤੂੰ, ਮਝੈਲ ਸੂਰਮਿਆਂ..." ਕੋਲੋਂ ਹੀ ਨਾਲ ਵਾਲੀ ਸਬਾਤ ਵਿਚੋਂ ਬਾਪੂ ਨੇ ਖੰਘੂਰਾ ਮਾਰ ਕੇ ਗਲ ਵਿਚ ਸਾਫ ਕਰਦਿਆਂ ਹੋਇਆ ਹੋਕਰਾ ਮਾਰਿਆ। ਭਾਬੀ ਛੇਤੀ ਨਾਲ ਬਾਪੂ ਕੋਲੋਂ ਲੰਘ ਕੇ ਬਾਹਰਲੇ ਵੱਡੇ ਬੂਹੇ ਵੱਲੋਂ ਖੇਤ ਨੂੰ ਚਲੀ ਗਈ।

"ਨਾ ਅੱਜ ਮਖਾਂ ਕਿਧਰ ਨੂੰ ਚੜ੍ਹਾਈ ਕੀਤੀ ਆ ਪਾੜ੍ਹੇ ਨੇ..?. ਮਖਾਂ ਟੌਹਰ ਈ ਬੜਾ ਕੱਢਿਆ।" ਬਾਪੂ ਨੇ ਮੇਰੇ ਕੱਪੜੇ ਪਾਏ ਅਤੇ ਸਿਰ ਉੱਪਰ ਟੂਟੀ ਵਾਲੀ ਉਨਾਬੀ ਰੰਗ ਦੀ ਪੱਗ ਦੇਖਦਿਆਂ ਕਿਹਾ।

"ਬਾਪੂ ਜੀ ਮੇਰਾ ਮਨ ਦਰਬਾਰ ਸਾਹਿਬ ਜਾਣ ਨੂੰ ਕਰਦੈ.." ਮੈਂ ਬੇਨਤੀ ਦੇ ਲਹਿਜੇ ਵਿਚ ਕਿਹਾ।

"ਉਹ ਤਾਂ ਠੀਕ ਆ ਬੱਲਿਆ, ਪਰ ਸਾਲੀ ਅੱਗ ਜਿਹੀ ਬੜੀ ਮੱਚੀ ਪਈ ਆ, ਊਂ ਮੈਂ ਤੈਨੂੰ ਰੋਕਦਾ ਤਾਂ ਨਹੀਂ ਪਰ ਫੇਰ ਵੀ ਬਚ ਕੇ ਜਾਵੀਂ। ਨਾਂ ਤੈਨੂੰ ਕਾਮਰੇਡ ਨੂੰ ਕਿਵੇਂ ਯਾਦ ਆਗੀ ਅੱਜ ਗੁਰੂ ਘਰ ਦੀ? ਸੁੱਖ ਹੋਵੇ ਤੇ। ਦੇਖੀਂ ਕਿਤੇ ਸਿੱਖ ਬਣਨ ਦਾ 'ਰਾਦਾ ਤਾਂ ਨੀਂ?" ਬਾਪੂ ਨੇ ਆਪਣੇ ਸਿਰ 'ਤੇ ਲਪੇਟਿਆ ਸਾਫਾ ਠੀਕ ਕਰਦੇ

ਹੋਏ ਮੈਨੂੰ ਟਕੋਰ ਮਾਰੀ।

"ਨਹੀਂ ਬਾਪੂ ਜੀ ਹੈਗਾ ਤਾਂ ਮੈਂ ਕਾਮਰੇਡ ਈ ਹਲਾਂ, ਸਿੱਖ ਬਣਨ ਦਾ ਵੀ ਬਹੁਤਾ ਚਾਉ ਹੈ ਨੀਗਾ, ਜੇ ਬਣਿਆ ਤਾਂ ਚੰਗੀ ਤਰ੍ਹਾਂ ਹੀ ਬਣੂੰ। ਪਿਆਰੇ ਕੇ ਵਤਨੇ ਵਰਗਾ ਨਹੀਂ ਬਣਦਾ, ਸੁੱਖੇ ਦੇ ਰਗੜੇ ਪੀ ਰੂੜੀਆਂ ਤੋਂ ਡਿਗਣ ਵਾਲਾ..." ਮੇਰੀ ਗੱਲ ਸੁਣ ਕੇ ਬਾਪੂ ਦੀ ਹਾਸੀ ਨਿਕਲ ਗਈ।

"ਚੰਗਾ ਫਿਰ ਸ਼ੇਰਾ, ਜਾਣਾ ਈ ਤਾਂ ਛੇਤੀ ਜਾਹ, ਪ੍ਰਮਾਤਮਾ ਕਰੇ ਗੁਰੂ ਘਰ ਦੀ ਯਾਤਰਾ ਤੇਰੇ ਵਿਚ ਸਿੱਖੀ ਲਈ ਤ੍ਰੇਹ ਪੈਦਾ ਕਰੇ।" ਕਹਿੰਦਿਆਂ ਹੋਇਆਂ ਬਾਪੂ ਨੇ ਮੈਨੂੰ ਕਿਰਾਏ ਵਾਸਤੇ ੧੦੦ ਰੁਪਿਆ ਫੜਾਇਆ। ਰੋਟੀ ਖਾਣ ਤੋਂ ਬਾਅਦ ਮੈਂ ਘਰ ਦੀਆਂ ਸਾਰੀਆਂ ਚੀਜ਼ਾਂ ਨੂੰ ਗਹੁ ਨਾਲ ਤੱਕਿਆ, ਪਤਾ ਨਹੀਂ ਕਿਉਂ ਮੇਰਾ ਮਨ ਵਾਰ-ਵਾਰ ਇਹਨਾਂ ਵਿਚ ਖੁਭਦਾ ਜਾ ਰਿਹਾ ਸੀ। ਵਿਹੜੇ ਵਿਚ ਖੜ੍ਹਾ ਪੱਠੇ ਲਿਆਉਣ ਵਾਲਾ ਯੱਕੂ, ਉਹਦੇ ਨਾਲ ਕਿੱਲੇ 'ਤੇ ਬੱਧਾ ਝੋਟਾ, ਖੁਰਲੀ ਤੇ ਖੜ੍ਹੀਆਂ ਕਾਲੀਆਂ-ਬੂਰੀਆਂ ਲਵੇਰੀਆਂ ਮੈਨੂੰ ਇਉਂ ਜਾਪਿਆ ਜਿਵੇਂ ਹੁਣ ਮੈਥੋਂ ਖੁਸ ਜਾਣੀਆਂ ਹੋਣ:

ਕੱਛੇ ਮਾਰ ਵੰਝਲੀ ਤੇ ਹੱਥੀ ਪਕੜ ਕਾਸਾ

ਰਾਂਝਾ ਹੋ ਤੁਰਿਆ ਵਾਰਸ ਸ਼ਾਹ ਜੇਹਾ...

ਵਾਰਿਸ ਸ਼ਾਹ ਦੀ ਹੀਰ ਇਹ ਤੁਕ ਪਤਾ ਨਹੀਂ ਕਦੋਂ ਮੇਰੇ ਦਿਮਾਗ ਵਿਚ ਆ ਗਈ ਤੇ ਮੈ ਇਸਨੂੰ ਗੁਣਗੁਣਾਉਂਦਾ ਹੋਇਆਂ ਪਿੰਡੋਂ ਬੱਸ ਫੜ ਕੇ ਵਲਟੋਹੇ ਬੱਸ ਸਟੈਂਡ 'ਤੇ ਆ ਉਤਰਿਆ। ਬੱਸ ਸਟੈਂਡ 'ਤੇ ਸ਼ਮਸ਼ਾਨ ਭੂਮੀ ਵਰਗੀ ਸ਼ਾਂਤੀ ਪਸਰੀ ਹੋਈ ਸੀ। ਰੋਡਵੇਜ ਦੀ ਇਕ ਬੱਸ ਸ੍ਰੀ ਅੰਮ੍ਰਿਤਸਰ ਵੱਲ ਮੂੰਹ ਕਰੀ ਵੱਡੀ ਸੜਕ 'ਤੇ ਖਲੋਤੀ ਸੀ। ਪਰ ਪਹਿਲਾਂ ਵਾਲੀ ਰੌਣਕ ਗਾਇਬ ਸੀ। ਕਾਲੀ ਪੱਗ ਬੱਧੀ ਖੜੇ ਕੰਡਕਟਰ ਨੇ, ਜੋ ਦਿੱਖ ਤੋਂ ਮਲਵਈ ਜਾਪ ਰਿਹਾ ਸੀ, ਮੈਨੂੰ ਬੱਸ ਦੇ ਲਾਗੇ ਹੁੰਦਿਆਂ ਪੁੱਛਿਆ, "ਕਿਉਂ ਬਾਈ ਜੀ, ਅੰਬਰਸਰ ਜਾਣਾ?"

ਮੇਰੇ ਹਾਂ ਵਿਚ ਸਿਰ ਹਿਲਾਉਂਦਿਆਂ ਉਸਨੇ ਟਿਕਟ ਕੱਟ ਕੇ ਹੱਥ ਵਿਚ ਫੜਾਉਂਦਿਆਂ ਕਿਹਾ, "ਆਹ ਟਿਕਟ ਲੈ ਜਿਉ ਫਿਰ"। ਮੈਂ ਉਸ ਕੋਲੋਂ ਟਿਕਟ ਪਕੜ ਲਈ। ਮਲਵਈ ਕੰਡਕਟਰ ਦੀਆਂ ਲਾਲ ਸੁਰਖ ਅੱਖਾਂ ਮੈਨੂੰ ਅੰਗਿਆਰ ਸੁੱਟਦੀਆਂ ਜਾਪੀਆਂ।

"ਕੋਈ ਗੱਲ ਨੀ ਮਰੋੜ ਬਾਈਆ, ਕੁੰਡਲੀਆ ਸੱਪ ਬੀਰ ਖ਼ਾਲਸਾ, ਹਲੇ ਨਹੀਂ ਮਰਿਆ।" ਆਖਦਿਆਂ ਮਲਵਈ ਕੰਡਕਟਰ ਨੇ ਮੈਨੂੰ ਮੇਰੀ ਸੀਟ ਵੱਲ ਜਾਣ ਦਾ ਇਸ਼ਾਰਾ ਕਰ ਦਿੱਤਾ, ਉਹ ਸ਼ਾਇਦ ਮੇਰੇ ਚਿਹਰੇ ਉੱਪਰ ਛਾਏ ਉਦਾਸੀ ਦੇ ਬੱਦਲਾਂ ਤੋਂ ਮੇਰੇ ਮਨ ਦੀ ਅਵਸਥਾ ਦਾ ਅੰਦਾਜ਼ਾ ਲਾ ਰਿਹਾ ਸੀ।

ਪੰਜਾਬ ਰੋਡਵੇਜ ਦੀ ਬੱਸ ਹਾਥੀ ਵਾਂਗ ਅੜ੍ਹਾਟ ਪਾਉਂਦੀ ਹੋਈ ਆਪਣੀ ਮੰਜ਼ਲ ਵੱਲ ਵਧ ਰਹੀ ਸੀ। ਬੱਸ ਵਿਚ ਡਰਾਇਵਰ ਕੰਡਕਟਰ ਤੋਂ ਇਲਾਵਾ ਅਸੀਂ ਕੋਈ ਪੰਦਰਾਂ ਕੁ ਸਵਾਰੀਆਂ ਸਾਂ। ਸਾਰੀ ਬੱਸ ਵਿਚ ਚੁੱਪ ਦਾ ਆਲਮ ਛਾਇਆ ਹੋਇਆ ਸੀ। ਸਾਰੀਆਂ ਸਵਾਰੀਆਂ ਸਿੱਖ ਹੀ ਸਨ। ਸਵਾਰੀਆਂ ਦੇ ਸਿਰ ਅੱਗੇ ਵੱਜਦੇ-ਵੱਜਦੇ ਮਸਾਂ ਹੀ ਬਚੇ ਜਦੋਂ ਡਰਾਇਵਰ ਨੇ ਖਾਲੜਾ ਆਉਣ ਤੋਂ ਪਹਿਲਾਂ ਜ਼ੋਰ ਨਾਲ ਬਰੇਕ ਮਾਰੀ। ਇਕ ਟੋਪੀ ਵਾਲਾ ਫ਼ੌਜੀ ਬੱਸ ਦੇ ਅੱਗੇ ਹੋ ਕੇ ਰੁਕਣ ਦਾ ਇਸ਼ਾਰਾ ਕਰ ਰਿਹਾ ਸੀ।

"ਕਹਾਂ ਚਲੇ ਹੋ? ਅੰਮ੍ਰਿਤਸਰ? ਚਲੋ ਗਾੜੀ ਏਕ ਸਾਈਡ ਲਗਾਓ, ਹਰ ਰੋਜ਼ ਚਲ ਪੜ੍ਹਤੇ ਹੈਂ ਪਗੜੀ ਬਾਂਧ ਕਰ।" ਉਹ ਗੱਡੀ ਰੁਕਵਾਉਂਦਿਆਂ ਕਾਫੀ ਕੁਝ ਇਕੋ ਸਾਹ ਬੋਲ ਗਿਆ। ਬਸ ਡਰਾਇਵਰ ਨੇ ਗੱਡੀ ਇਕ ਪਸੇ ਖਲ੍ਹਾਰ ਦਿੱਤੀ। ਸਾਰੀਆਂ ਸਵਾਰੀਆਂ ਦੇ ਸਮਾਨ ਦੀ ਚੈਕਿੰਗ ਕੀਤੀ ਗਈ। ਚੈਕਿੰਗ ਕਰਦੇ ਸਮੇਂ ਸਿਪਾਹੀਆਂ ਨੇ ਅਤਿ ਅਸ਼ਲੀਲ ਭਾਸ਼ਾ ਦੀ ਵਰਤੋਂ ਕੀਤੀ। ਇਸ ਤਰ੍ਹਾਂ ਕਈ ਥਾਂਵਾਂ 'ਤੇ ਬਸ ਦੀ ਚੈਕਿੰਗ ਹੋਈ। ਹਰ ਵਾਰ ਤਰ੍ਹਾਂ-ਤਰ੍ਹਾਂ ਦੇ ਢੰਗ ਤਰੀਕਿਆਂ ਨਾਲ ਸਿੱਖਾਂ ਨੂੰ ਜ਼ਲੀਲ ਕੀਤਾ ਗਿਆ। ਬਸ ਦੋ ਘੰਟੇ ਦੇ ਸਫ਼ਰ ਪਿੱਛੋਂ

ਅੰਮ੍ਰਿਤਸਰ ਬਸ ਸਟੈਂਡ 'ਤੇ ਪਹੁੰਚ ਚੁੱਕੀ ਸੀ। ਸਾਰਾ ਸ਼ਹਿਰ ਫ਼ੌਜ ਦੀ ਛਾਉਣੀ ਵਿਚ ਤਬਦੀਲ ਹੋ ਚੁੱਕਾ ਸੀ। ਅੰਮ੍ਰਿਤਸਰ ਦੀ ਉਹ ਰੌਣਕ ਜੋ ਕਦੇ ਨਿੱਕੇ ਹੁੰਦਿਆਂ ਮੈਂ ਆਪਣੇ ਚਾਚੇ ਬੂੜਾ ਸਿੰਘ ਦੇ ਨਾਲ ਆ ਕੇ ਦੇਖ ਕੇ ਗਿਆ ਸਾਂ, ਉਹ ਗਾਇਬ ਸੀ। ਟਾਵੀਂ-ਟਾਵੀਂ ਦੁਕਾਨ ਬੇਸ਼ੱਕ ਖੁੱਲ੍ਹ ਚੁੱਕੀ ਸੀ ਪਰ ਗਾਹਕਾਂ ਦੀ ਗਿਣਤੀ ਨਾ-ਮਾਤਰ ਹੀ ਸੀ। ਮੈਂ ਜਲ੍ਹਿਆਂ ਵਾਲੇ ਬਾਗ ਦੇ ਮੂਹਰਿਓਂ ਲੰਘਦਾ ਹੋਇਆ ਸੋਚ ਰਿਹਾ ਸੀ ਕਿ "..ਉਹ ਤਾਂ ਬਿਗਾਨੀ ਹਕੂਮਤ ਸੀ ਪਰ ਇਸ ਨੂੰ ਤਾਂ ਆਪਣੇ ਦੇਸ਼ ਦੀ ਫ਼ੌਜ ਕਿਹਾ ਜਾਂਦਾ ਹੈ...?" ਫਿਰ ਮਨ ਵਿਚ ਵਿਚਾਰ ਆਇਆ ਕਹਿਣ ਦੀ ਕੀ ਗੱਲ ਹੋਈ, ਹੈ ਤਾਂ ਸਰਮਾਏਦਾਰੀ ਦੀ ਹੱਥ ਠੋਕਾ ਫ਼ੌਜ ਹੀ। ਬੱਸ ਉਦੋਂ ਗੋਰੇ ਸੀ ਹੁਣ ਕਾਲਾ ਅੰਗਰੇਜ਼ ਲੋਕਾਂ ਨੂੰ ਲੁੱਟ ਰਿਹਾ ਏ। ਘੰਟਾ ਘਰ ਚੌਂਕ ਵਿਚ ਸਾਰੇ ਯਾਤਰੂਆਂ ਦੀ ਤਲਾਸ਼ੀ ਹੋ ਰਹੀ ਸੀ। ਮੇਰੀ ਵੀ ਹੋਈ। ਹੋਰ ਥਾਂਵਾਂ ਤੋਂ ਬਗੈਰ ਪੱਗ ਤਕ ਦੀ ਟੋਹ-ਟੋਹ ਕੇ ਤਲਾਸ਼ੀ ਲਈ ਗਈ। ਜੋੜਾ ਘਰ ਵਿਚ ਜੋੜੇ ਜਮਾਂ ਕਰਵਾ ਕੇ ਹਲੇ ਮੈਂ ਮੂੰਹ ਭਵਾਂਇਆ ਹੀ ਸੀ ਕਿ ਮੈਨੂੰ ਪਿਛਲੇ ਪਾਸੇ ਤੋਂ ਕਿਸੇ ਨੇ ਮੋਢਿਆਂ ਤੋਂ ਆ ਹਲੂਣਿਆ।

"ਸਤਿ ਸ੍ਰੀ ਅਕਾਲ ਭਾਅ ਜੀ।" ਮੈਂ ਆਵਾਜ਼ ਸੁਣਦੇ ਸਾਰ ਹੀ ਪਹਿਚਾਣ ਗਿਆ ਕਿ ਇਹ ਡਾ. ਸਾਹਿਬ ਸਿੰਘ ਉਰਫ ਡਾ. ਸਾਹਿਬੀ ਸੀ। ਸਾਹਿਬੀ ਅੱਜ ਅਜੀਬ ਜਿਹੀ ਹਾਲਤ ਵਿਚ ਮੈਨੂੰ ਮਿਲਿਆ। ਉਸਦੇ ਚਿੱਟਾ ਕੁੜਤਾ-ਪਜ਼ਾਮਾ ਤੇ ਸਿਰ ਉੱਪਰ ਪੀਲਾ ਪਰਨਾ ਬੰਨਿਆ ਹੋਇਆ ਸੀ। ਅਸੀਂ ਦੋਵੇਂ ਜਣੇ ਪੈਰ ਧੋ ਕੇ ਦਰਬਾਰ ਸਾਹਿਬ ਪਰਕਰਮਾਂ ਵਿਚ ਦਾਖਲ ਹੋਏ ਤਾਂ ਸਾਹਿਬੀ ਦੀਆਂ ਅੱਖਾਂ ਵਿਚੋਂ ਪਰਲ-ਪਰਲ ਹੰਝੂ ਵਹਿ ਤੁਰੇ।

"ਭਾਅ ਜੀ ਬਾਹਮਣ ਜ਼ੁਲਮ ਦੇ ਹੱਦ-ਬੰਨੇ ਟੱਪ ਗਿਐ।" ਇੰਨਾ ਆਖ ਕੇ ਸਾਹਿਬੀ ਮੇਰੇ ਮੋਢੇ 'ਤੇ ਸਿਰ ਸੁੱਟ ਕੇ ਰੋਣ ਲੱਗ ਪਿਆ।

"ਭਾਅ ਜੀ ਸਾਡੇ ਸਿਰ ਬਾਹਮਣੀ ਦੀ ਸਰਕਾਰ ਨੇ ਨਵੀਂ ਭਾਜੀ ਚਾੜ੍ਹ ਸੁੱਟੀ ਐ, ਹੁਣ ਤਾਂ ਮਾਲਾ ਵਾਲੇ ਹੱਥ ਹਥਿਆਰਾਂ 'ਤੇ ਲਿਜਾਣੇ ਈ ਪੈਣੇ ਆਂ?" ਮੇਰੇ ਮੋਢੇ ਲੱਗਾ ਉਹ ਰੋਈ ਅਤੇ ਰੋਹ ਵਿਚ ਬੋਲੀ ਜਾ ਰਿਹਾ ਸੀ। ਪਰ ਮੈਂ ਇਸ ਵਕਤ ਕੋਈ ਵੀ ਜਵਾਬ ਦੇਣਾ ਠੀਕ ਨਾ ਸਮਝਿਆ। ਅਸੀਂ ਖੱਬੇ ਪਾਸੇ ਵੱਲ ਨੂੰ ਮੁੜ ਕੇ ਪਰਿਕਰਮਾ ਵਿਚ ਤੁਰ ਪਏ।

ਇਤਿਹਾਸਕ ਰਾਮਗੜ੍ਹੀਏ ਬੁੰਗੇ ਤੋਪਾਂ ਦੇ ਗੋਲਿਆਂ ਨਾਲ ਢਹਿ ਢੇਰੀ ਹੋਏ ਪਏ ਸਨ। ਪਰਕਰਮਾ ਵਿਚ ਥਾਂ-ਥਾਂ 'ਤੇ ਮਸ਼ੀਨਗੰਨਾਂ ਦੇ ਫਾਇਰ ਵੱਜਣ ਕਰਕੇ ਮਘੋਰੇ ਖੁੱਲ੍ਹੇ ਪਏ ਸਨ।

"ਭਾਅ ਜੀ ਇਤਿਹਾਸਕ ਬੁੰਗੇ ਵੀ ਢਾਹ ਦਿੱਤੇ ਗਏ ਪਰ ਬੁੰਗਿਆਂ ਵਿਚਲੇ ਸਿੰਘਾਂ ਨੇ ਕਮਾਲ ਕਰ ਛੱਡੀ ਸੀ। ਭਾਅ ਜੀ ਪੈਰਾ ਮਿਲਟਰੀ ਦੇ ਕਾਲੇ ਕਮਾਂਡੋਜ਼ ਜੋ ਹੈਲੀਕਾਪਟਰ ਰਾਹੀਂ ਦਰਬਾਰ ਸਾਹਿਬ ਦੀ ਬੁੰਗਿਆਂ ਵਾਲੇ ਸਿੰਘਾਂ ਦੀਆਂ ਐਸ.ਐਲ.ਆਰਾਂ ਦੀ ਭੇਟ ਚੜ੍ਹ ਕੇ ਥੱਲੇ ਲਾਸ਼ ਬਣ ਕੇ ਹੀ ਡਿੱਗਦੇ ਸੀ।" ਸਾਬ੍ਹੀ ਨੇ ਦੱਸਣਾ ਸ਼ੁਰੂ ਕੀਤਾ। ਗੁਰੂ ਰਾਮਦਾਸ ਲੰਗਰ ਦੀ ਸਾਰੀ ਇਮਾਰਤ ਛਲਣੀ ਹੋਈ ਪਈ ਸੀ। ਸਾਹਿਬੀ ਮੇਰੀ ਬਾਂਹ ਫੜ ਕੇ ਗੁਰੂ ਰਾਮਦਾਸ ਸਰਾਂ ਵਾਲੇ ਪਾਸੇ ਲੈ ਗਿਆ।

"ਭਾਅ ਜੀ ਆਹ ਉਹ ਥਾਂ ਏ, ਜਿਥੇ ਪਹਿਲੀ ਜੂਨ ਸੀ.ਆਰ.ਪੀ. ਦੇ ਹਮਲੇ ਵਿਚ ਸ਼ਹੀਦ ਹੋਏ ਤੁਹਾਡੇ ਸਿਰਨਾਵੀਏਂ ਮਹਿੰਗਾ ਸਿੰਘ ਬੱਬਰ ਦੀ ਮ੍ਰਿਤਕ ਦੇਹ ਰੱਖੀ ਗਈ ਸੀ। ਬੜਾ ਦਰਸ਼ਨੀ ਸਿੰਘ ਸੀ। ਉਂਝ ਸਾਰੇ ਬੱਬਰ ਹੀ ਨਾਮ ਦੇ ਰਸੀਏ ਸਿੰਘ ਨੇ। ਵਸਾਵਾ ਸਿੰਘ, ਮਨਮੋਹਣ ਸਿੰਘ, ਸੁਲੱਖਣ ਸਿੰਘ, ਅਨੋਖ ਸਿੰਘ ਸਾਰੇ ਸਿੰਘ ਹੀ ਆਪਣੀ ਮਿਸਾਲ ਆਪ ਨੇ।" ਡਾ. ਸਾਬ੍ਹੀ ਸਿੰਘਾਂ ਦੀ ਬਹਾਦਰੀ ਬਾਰੇ ਦੱਸਦਾ ਹੋਇਆ ਧੌਣ ਮਾਣ ਵਿਚ ਅਕੜਾ ਗਿਆ।

"ਵੀਰ ਜੀ ਭਾਈ ਸੁਖਦੇਵ ਸਿੰਘ ਭਾਈ ਫ਼ੌਜਾ ਸਿੰਘ ਹੋਰਾਂ ਕਾਫ਼ੀ ਨਜ਼ਦੀਕੀ ਸਿੰਘਾਂ ਵਿਚੋਂ ਨੇ। ੧੯੭੯ ਤੋਂ ਹੀ ਆਪ ਭਗੌੜੇ ਨੇ ਤੇ ਸਭ ਤੋਂ ਪਹਿਲਾਂ ਆਪ ਨੇ ਹੀ ਆਜ਼ਾਦ ਸਿੱਖ ਰਾਜ ਦਾ ਨਾਹਰਾ ਲਾਇਆ ਅਤੇ

ਬਾਹਮਣੀ ਮਤੱਸਵ ਤੋਂ ਕੌਮ ਨੂੰ ਆਜ਼ਾਦ ਕਰਵਾਉਣ ਲਈ ਹਥਿਆਰਬੰਦ ਸੰਘਰਸ਼ ਦਾ ਰਾਹ ਫੜਿਆ। ਭਾਅ ਜੀ, ਭਾਈ ਸੁਖਦੇਵ ਸਿੰਘ... ਬਾਬਾ ਡੰਮ ਤੇ ਗੁਰੂ ਡੰਮ ਦੇ ਸਖ਼ਤ ਬਰਖਿਲਾਫ਼ ਨੇ। ਇਸੇ ਕਰਕੇ ਹੁਣ ਪੰਜਾਬ ਵਿਚ ਤ੍ਰਪ ਨਿਰੰਕਾਰੀਆਂ ਨੂੰ ਉਹਨਾਂ ਨੇ ਆਪ ਅਤੇ ਆਪਣੇ ਸਿੰਘਾਂ ਰਾਹੀਂ ਸੋਧਿਆ।"

"ਯਾਰ ਸਾਹਿਬੀ ਸੁਣਿਐ ਬਈ ਵਸਾਵਾ ਸਿੰਘ ਤਾਂ ਪਹਿਲਾਂ ਵੀ ਸੰਘਰਸ਼ੀਲ ਰਿਹੈ?" ਮੈਂ ਸੁਣੀ ਸੁਣਾਈ ਗੱਲ ਡਾ. ਸਾਬ੍ਹੀ ਦੇ ਕੰਨ ਪਾਈ।

"..ਹਾਂ, ਭਾਅ ਜੀ, ਕਹਿੰਦੇ ਆ ਬਈ ਨਕਸਲਬਾੜੀ ਲਹਿਰ ਸਮੇਂ ਦਾ ਹੀ ਭਗੌੜਾ ਐ..." ਡਾ. ਸਾਬ੍ਹੀ ਨੇ ਜਵਾਬ ਦਿੱਤਾ। ਹੌਲੀ ਹੌਲੀ ਪਰਕਰਮਾਂ ਕਰਦੇ ਹੋਏ ਅਸੀਂ ਅੱਗੇ ਨੂੰ ਵਧ ਰਹੇ ਸਾਂ ਅਤੇ ਦਰਬਾਰ ਸਾਹਿਬ ਦੀ ਭਿਆਨਕ ਤਬਾਹੀ ਦੀ ਤ੍ਰਾਸਦੀ ਸਾਡੇ ਦਿਲਾਂ 'ਤੇ ਨਸ਼ਤਰ ਮਾਰ ਰਹੀ ਸੀ।

ਅੱਛਾ..! ਬੱਬਰ ਫਿਰ ਵਿੱਚੇ ਲੜਾਈ ਛੱਡ ਕੇ ਭੱਜ ਕਿਉਂ ਗਏ? ਮੈਂ ਘੋਖਵੀਆਂ ਨਜ਼ਰਾਂ ਸਾਬ੍ਹੀ ਦੇ ਚਿਹਰੇ 'ਤੇ ਪਾਉਂਦਿਆਂ ਸਵਾਲ ਕੀਤਾ।

"..ਕਮਾਲ ਦੀ ਗੱਲ ਕਰਦੇ ਹੋ ਭਾਅ ਜੀ ਤੁਸੀ ਵੀ...?" ਸਾਬ੍ਹੀ ਇਕਦਮ ਹੈਰਾਨ ਹੋ ਕੇ ਬੋਲ ਉਠਿਆ।

"ਤੁਸੀਂ ਤਾਂ ਗੁਰੀਲਾ ਜੰਗ ਦੇ ਦਾਅ ਪੇਚਾਂ ਤੋਂ ਚੰਗੀ ਤਰ੍ਹਾਂ ਜਾਣੂੰ ਹੋ। ਜਦੋਂ ਤੁਹਾਡੇ ਵਰਗਾ ਵਿਅਕਤੀ ਅਜਿਹੀ ਗੱਲ ਕਰਦਾ ਤਾਂ ਬੜੀ ਹੈਰਾਨਗੀ ਹੁੰਦੀ ਹੈ। ਦੇਖੋ ਗੁਰੀਲਾ ਜੰਗ ਦਾ ਇਹ ਅਸੂਲ ਆ ਬਈ ਆਪਣੇ ਬੰਦੇ ਘੱਟ ਤੋਂ ਘੱਟ ਮਰਵਾ ਕੇ ਦੁਸ਼ਮਣ ਦਾ ਨੁਕਸਾਨ ਵੱਧ ਤੋਂ ਵੱਧ ਕੀਤਾ ਜਾਵੇ, ਬੱਬਰਾਂ ਵੀ ਅਜਿਹਾ ਹੀ ਕੀਤਾ। ਉਹਨਾਂ ਕੋਲ ਇਕ ਤਾਂ ਹਥਿਆਰ ਭਿੰਡਰਾਂਵਾਲੇ ਤੋਂ ਘੱਟ ਸਨ, ਦੂਸਰਾ ਉਸ ਸਮੇਂ ਸਰਾਂ ਵਿਚ ਯਾਤਰੂਆਂ ਦੀ ਤਾਦਾਦ ਕਾਫੀ ਸੀ ਫਿਰ ਵੀ ਉਹਨਾਂ ਜਿੰਨਾ ਵੱਧ ਤੋਂ ਵੱਧ ਮੁਕਾਬਲਾ ਕਰ ਸਕਦੇ ਸੀ ਕੀਤਾ, ਅਤੇ ੫ ਜੂਨ ਦੀ ਰਾਤ ਨੂੰ ਨਾਲ ਲੱਗਦੀ ਗਲੀ ਵਿਚ ਕੰਧ ਪਾੜ ਕੇ ਨਿਕਲਗੇ, ਤਾਂਕਿ ਆਉਣ ਵਾਲੇ ਸਮੇਂ ਵਿਚ ਸੰਘਰਸ਼ ਜਾਰੀ ਰੱਖਿਆ ਜਾ ਸਕੇ। ਭਾਅ ਜੀ ਤੁਸੀਂ ਬੱਬਰਾਂ ਨੂੰ ਭਗੌੜਿਆਂ ਦਾ ਲਕਬ ਹੁਣੇ ਨਾ ਦਿਉ, ਇਤਿਹਾਸ ਦੱਸੇਗਾ ਸਾਡੀ ਦਾਸਤਾਂ।" ਗੱਲਾਂ ਕਰਦੇ ਕਰਦੇ ਅਸੀਂ ਬਾਬਾ ਦੀਪ ਸਿੰਘ ਦੇ ਸ਼ਹੀਦੀ ਅਸਥਾਨ ਕੋਲ ਪਹੁੰਚ ਗਏ।

"ਭਾਅ ਜੀ ਇਥੋਂ ਹੀ ਟੈਂਕ ਖੜ੍ਹਾ ਕਰਕੇ ਅਕਾਲ ਤਖ਼ਤ ਸਾਹਿਬ ਤੇ ਤੋਪਾਂ ਦਾ ਹਮਲਾ ਕੀਤਾ ਗਿਐ।....ਭਾਅ ਜੀ ਸ਼ਰਮ ਨਹੀਂ ਆਈ ਅਕ੍ਰਿਤਘਣ ਬਹੁਗਿਣਤੀ ਨੂੰ ਉਹ ਦਿਨ ਭੁੱਲਗੇ ਜਦੋਂ ਇਸੇ ਅਕਾਲ ਤਖ਼ਤ ਤੋਂ ਸਾਡੇ ਵਡੇਰਿਆਂ ਦੇ ਜਥੇ ਨਿਕਲਦੇ ਸਨ, ਉਹਨਾਂ ਦੀਆਂ ਇੱਜ਼ਤਾਂ ਨੂੰ ਵਿਦੇਸ਼ੀਆਂ ਹੱਥੋਂ ਬਚਾਉਣ ਲਈ। ਅਸੀਂ ਵੀ ਕੋਈ ਖੁਸਰਿਆਂ ਦੀ ਕੌਮ ਨਹੀਂ। ਜੇ ਲੋਕਾਂ ਦੇ ਮਾਣ ਸਨਮਾਨ ਲਈ ਦੇਸ਼ ਦੀ ਇੱਜ਼ਤ ਲਈ ਮਰ-ਮਿਟ ਸਕਦੇ ਹਾਂ, ਤਾਂ ਆਪਣੇ ਕੌਮੀ ਘਰ ਲਈ ਵੀ ਮਰਾਂਗੇ ਮਾਰਾਂਗੇ, ਹੁਣ ਭਾਅ ਜੀ ਸਾਡਾ ਨਹੀਂ ਸਰਨਾ ਗੰਗੂਆਂ ਦੀ ਔਲਾਦ ਨਾਲ ਰਹਿ ਕੇ ਹੁਣ ਤਾਂ ਬੱਸ ਸੌ ਹੱਥ ਰੱਸਾ ਸਿਰੇ ਤੇ ਗੰਢ, ਹੁਣ ਤਾਂ ਸਾਡਾ ਨਿਸ਼ਾਨਾ ਹੋਵੇਗਾ ਆਜ਼ਾਦ ਸਿੱਖ ਰਾਜ ਖ਼ਾਲਸਾ ਰਾਜ ਅਰਥਾਤ ਖ਼ਾਲਿਸਤਾਨ..." ਸਾਹਿਬੀ ਦੀਆਂ ਅੱਖਾਂ ਲਾਲ ਸੁਰਖ ਹੋ ਚੁੱਕੀਆਂ ਸਨ। ਮੈਨੂੰ ਮਹਿਸੂਸ ਹੋਇਆ ਜਿਵੇਂ ਇਹ ਆਵਾਜ਼ ਡਾ. ਸਾਹਿਬੀ ਦੀ ਹੀ ਨਹੀਂ, ਸਗੋਂ ਸਾਰੇ ਸਿੱਖ ਨੌਜਵਾਨਾਂ ਦੀ ਆਵਾਜ਼ ਹੋਵੇ। ਇੰਨੇ ਚਿਰ ਤਕ ਅਸੀਂ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਆ ਚੁੱਕੇ ਸੀ।

ਮੈਂ ਇਕ ਸਵਾਲ ਹੋਰ ਕਰ ਦਿੱਤਾ, "ਤੇ ਤੂੰ ਸਾਬ੍ਹੀ ਕਦੋਂ ਨਿਕਲਿਆ ਦਰਬਾਰ ਸਾਹਿਬ 'ਚੋਂ?"

"ਮੈਂ ਭਾਅ ਜੀ, ੫ ਜੂਨ ਦੀ ਰਾਤ ਨੂੰ ਹੀ ਨਿਕਲ ਗਿਆ ਸੀ।" ਸਾਬ੍ਹੀ ਦੇ ਬੋਲਾਂ ਤੋਂ ਮੈਨੂੰ ਹੁਣ ਪੱਕਾ ਯਕੀਨ ਹੋ ਚੁੱਕਾ ਸੀ ਕਿ ਸਾਹਿਬੀ ਦੇ ਬੱਬਰਾਂ ਨਾਲ ਸੰਬੰਧ ਜ਼ਰੂਰ ਹਨ।

ਖੰਡਰ ਹੋਏ ਅਕਾਲ ਤਖ਼ਤ ਦੇ ਸਾਹਮਣੇ ਜਾ ਕੇ ਸਾਹਿਬੀ ਫਿਰ ਭਾਵੁਕ ਹੋ ਗਿਆ। ਉਸਨੇ ਕੁਝ ਬੋਲਣਾ ਚਾਹਿਆ ਪਰ ਹਲਕ ਨੇ ਬੁੱਲ੍ਹਾਂ ਦਾ ਸਾਥ ਨਹੀਂ ਦਿੱਤਾ। ਉਸਦੀ ਧਾਹ ਨਿਕਲਗੀ। ਉਹ ਮੇਰੇ ਮੋਢੇ ਨਾਲ ਲੱਗ ਕੇ

ਫਿਰ ਰੋਣ ਲੱਗ ਪਿਆ। ਅਕਾਲ ਤਖ਼ਤ ਦਾ ਸਾਹਮਣਾ ਹਿੱਸਾ ਤੋਪਾਂ ਦੇ ਫਾਇਰ ਲੱਗਣ ਕਰਕੇ.....ਅਕਾਲ ਤਖ਼ਤ ਸਾਹਿਬ ਦੀ ਬੇਅਦਬੀ ਦੇਖ ਕੇ ਮੇਰਾ ਮਨ ਵੀ ਉਛਾਲਾ ਮਾਰ ਗਿਆ।

'ਆਹ ਤੇਰਾ ਕੱਖ ਨਾ ਰਹੇ ਬਾਹਮਣੀਏ, ਤੂੰ ਵੀ ਇਉਂ ਹੀ ਖਿਲਰ-ਪੁਲਰ ਜਾਵੇਂ...।'' ਕੋਲ ਖੜ੍ਹਾ ਇਕ ਬਜ਼ੁਰਗ ਬੁੜਬੁੜਾ ਰਿਹਾ ਸੀ, ਬਜ਼ੁਰਗਾਂ ਦੀਆਂ ਅੱਖਾਂ ਵਿਚ ਅੱਥਰੂ ਸਨ। ਮੇਰੀਆਂ ਅੱਖਾਂ ਵਿਚਲੇ ਅਥਰੂ ਗੱਲਾਂ ਤਕ ਵਹਿ ਚੁੱਕੇ ਸਨ। ਡਾ. ਸਾਬ੍ਹੀ ਧਾਹੀਂ ਰੋਈ ਜਾ ਰਿਹਾ ਸੀ।

''ਉਏ ਕੋਈ ਨਾ ਭਾਊ ਹੁਣ ਰੋਇਆਂ ਕੀ ਬਣਦੈ? ਇਹ ਤਾਂ ਹੁੰਦਾ ਈ ਆਇਐ ਇਹ ਕਿਹੜਾ ਕੋਈ ਨਵੀਂ ਗੱਲ ਆ...? ਜਵਾਨੋ ਹੁਣ ਤਾਂ ਪੰਥ ਦੀ ਗੱਡੀ ਤੁਹਾਡੇ ਆਸਰੇ ਐ। ਰੋਵੋ ਨਾ ਉੱਠੋ, ਇਨ੍ਹਾਂ ਬੋਦੀ ਵਾਲਿਆਂ ਨੂੰ ਵੀ ਪਤਾ ਲੱਗੇ ਕੁਛ, ਕੀ ਹਸ਼ਰ ਹੁੰਦੇ ਦਸਮੇਸ਼ ਦਿਆ ਦੁਲਾਰਿਆਂ ਦੀ ਪੱਗ ਨੂੰ ਹੱਥ ਪਾਉਣ ਦਾ...? ਰੋਵੋ ਨਾ ਸ਼ੇਰ ਬਣੋ ਸ਼ੇਰ, ਸ਼ੇਰਾਂ ਦਿਓ ਬੱਚਿਓ 'ਜੇ ਜੀਵੈ ਪਤ ਲਥੀ ਜਾਇ ਸਭੁ ਹਰਾਮੁ ਜੇਤਾ ਕਿਛੁ ਖਾਇ,' ਹੁਣ ਸਮਾਂ ਰੋਣ ਦਾ ਨਹੀਂ ਭਗੌਤੀ ਸਿਮਰ ਕੇ ਮੈਦਾਨ-ਏ-ਜੰਗ ਵਿਚ ਨਿਤਰਨ ਦਾ ਏ...।'' ਬਜ਼ੁਰਗ ਡਾ. ਸਾਬ੍ਹੀ ਨੂੰ ਰੋਂਦੇ ਦੇਖ ਕੇ ਸਾਡੇ ਲਾਗੇ ਆ ਖੜੋਤਾ ਸੀ। ਡਾ. ਸਾਬ੍ਹੀ ਅਤੇ ਮੈਂ ਧਿਆਨ ਨਾਲ ਬਜ਼ੁਰਗ ਦੇ ਤੇਜੱਸਵੀ ਚਿਹਰੇ ਨੂੰ ਨਿਹਾਰ ਰਹੇ ਸੀ।

ਦਰਬਾਰ ਸਾਹਿਬ ਵਿਚ ਰਾਗੀ ਸਿੰਘਾਂ ਦੀ ਰੋਹ ਭਰੀ ਆਵਾਜ਼ ਉਠ ਰਹੀ ਸੀ- ''ਪਹਿਲਾਂ ਮਰਣੁ ਕਬੂਲਿ ਜੀਵਣ ਕੀ ਛਡਿ ਆਸ...'' ਮੈਨੂੰ ਜਾਪਿਆ ਜਿਵੇਂ ਸ਼ਹੀਦ ਭਗਤ ਸਿੰਘ ਨੇ ਬਿਲਕੁਲ ਸੱਚ ਹੀ ਕਿਹਾ ਹੈ ਕਿ ਕਈ ਵਾਰ ਸੋਚਾਂ ਦੀਆਂ ਉਲਝਣਾਂ ਫੈਸਲਿਆਂ ਨੂੰ ਕਮਜ਼ੋਰ ਕਰ ਦਿੰਦੀਆਂ ਹਨ। ਮੈਂ ਅਕਾਲ ਤਖ਼ਤ ਦੇ ਸਨਮੁਖ ਹੋ ਕੇ ਮਨ ਹੀ ਮਨ ਬੱਬਰਾਂ ਨੂੰ ਮਿਲਣ ਦਾ ਨਿਸ਼ਚਾ ਕਰ ਲਿਆ। ਹੁਣ ਮੇਰੀ ਬੱਬਰਾਂ ਤਕ ਪਹੁੰਚਣ ਵਾਲੀ ਕੜੀ ਸਾਹਿਬੀ ਹੀ ਸੀ, ਜੋ ਕੁਦਰਤੀ ਹੀ ਪਰਮਾਤਮਾ ਨੇ ਮੈਨੂੰ ਮਿਲਾ ਦਿੱਤੀ ਸੀ। ਅਸੀਂ ਪੌੜੀਆਂ ਚੜ੍ਹ ਕੇ ਅਕਾਲ ਤਖ਼ਤ ਸਾਹਿਬ ਦੇ ਅੰਦਰ ਗਏ। ਅੰਦਰ ਗੁਰੂ ਗਰੰਥ ਸਾਹਿਬ ਸਾਹਿਬ ਦਾ ਪ੍ਰਕਾਸ਼ ਅਸਥਾਨ ਸੁੰਨਾ ਪਿਆ ਹੋਇਆ ਸੀ। ਸਾਹਿਬੀ ਅੱਖਾਂ ਵਿਚੋਂ ਅੱਥਰੂ ਕੇਰਦਾ ਹੋਇਆ ਤੁਰਿਆ ਜਾ ਰਿਹਾ ਸੀ। ਅਕਾਲ ਤਖ਼ਤ ਸਾਹਿਬ ਤੋਂ ਬਾਹਰ ਨਿਕਲ ਕੇ ਮੈਂ ਪੌੜੀਆਂ ਕੋਲ ਖਲੋ ਗਿਆ। ਅਚਾਨਕ ਹੀ ਸਾਹਿਬੀ ਬਾਬਾ ਗੁਰਬਖਸ਼ ਸਿੰਘ ਸ਼ਹੀਦ ਦੇ ਬੁੰਗੇ ਕੋਲੋਂ ਇਕ ਛੋਲਿਆਂ ਦਾ ਪੈਕਟ ਲੈ ਆਇਆ।

''ਆਹ ਦੇਖੋ ਭਾਅ ਜੀ, ਆਹ ਸੀ ਸਿੰਘਾਂ ਦੀ ਖੁਰਾਕ, ਮੀਡੀਏ ਵਾਲੇ ਕੁੱਤੇ ਤੁਖਮ ਕਹਿੰਦੇ ਆ, ਬਈ ਸਿੰਘ ਗੁਲਛਰੇ ਉਡਾਉਂਦੇ ਸੀ, ਸ਼ਰਮ ਨਹੀਂ ਆਉਂਦੀ, ਝੂਠ ਬੋਲਦਿਆਂ ਨੂੰ।'' ਫਿਰ ਅਸੀਂ ਦਰਬਾਰ ਸਾਹਿਬ ਮੱਥਾ ਟੇਕਿਆ।

''ਭਾਅ ਜੀ ਆਹ ਪੁਰਾਤਨ ਸਰੂਪ ਵਿਚੋਂ ਵੀ ਗੋਲੀ ਨਿਕਲੀ ਹੋਈ ਐ, ਇਥੇ ਅੰਦਰ ਵੀ ਅਖੰਡ ਕੀਰਤਨੀ ਜਥੇ ਦੇ ਨਿਹੱਥੇ ਤਿੰਨ ਸਿੰਘ ਗੋਲੀਆਂ ਵੱਜਣ ਕਰਕੇ ਸ਼ਹੀਦ ਹੋਏ ਸਨ।''

o-----o-----o

ਕਾਂਡ 4

ਕੋਈ ਡੇਢ ਘੰਟੇ ਬਾਅਦ ਅਸੀਂ ਦਰਬਾਰ ਸਾਹਿਬ ਦੀ ਪਰਕਰਮਾਂ ਵਿਚੋਂ ਬਾਹਰ ਆ ਕੇ ਚੌਂਕ ਘੰਟਾ ਘਰ ਵਾਲੇ ਪਾਸੇ ਜੋੜਾ ਘਰ ਕੋਲ ਬਣੇ ਪੱਥਰ ਦੇ ਬੈਂਚਾਂ ਉੱਪਰ ਬੈਠ ਗਏ। ਮੈਂ ਬੂਟ ਪਾਉਂਦਿਆਂ ਹੋਇਆ ਸਾਹਿਬੀ ਨੂੰ ਪੁੱਛ ਲਿਆ, ਹੁਣ ਫਿਰ ਕੀ ਵਿਚਾਰ ਐ ਛੋਟੇ ਵੀਰ?

"..ਭਾਅ ਜੀ, ਵਿਚਾਰਾਂ ਦਾ ਸਮਾ ਹੁਣ ਕਿਥੇ ਰਹਿ ਗਿਆ....? ਅੱਗ ਲੱਗੀ ਤੋਂ ਮਸਕਾਂ ਦੇ ਭਾਅ ਕੌਣ ਪੁੱਛਦੈ? ਹੁਣ ਤਾਂ ਸਿਰਫ ਬਦਲਾ, ਅਕਾਲ ਤਖਤ ਸਾਹਿਬ ਦੀ ਹੋਈ ਬੇਹੁਰਮਤੀ ਦਾ ਬਦਲਾ ਅਕ੍ਰਿਤਘਣਾਂ ਦੇ ਦੇਸ ਕੋਲੋਂ..." ਡਾ. ਸਾਬ੍ਹੀ ਇਕ ਦਮ ਗੰਭੀਰ ਸੁਰ ਵਿਚ ਬੋਲਿਆ।

"..ਭਾਊ ਬਦਲਾ ਤਾਂ ਠੀਕ ਐ, ਪਰ ਕੋਈ ਬੰਨ-ਸੁਬ ਵੀ ਬਣੇ..." ਮੈਂ ਟੋਹਣ ਦੇ ਯਤਨ ਵਿਚ ਸਾਹਿਬੀ ਨੂੰ ਕਿਹਾ।

"ਤੁਸੀਂ ਬੇਫਿਕਰ ਰਹੋ ਭਾਅ ਜੀ, ਕੇਰਾਂ ਸਤਿਗੁਰੂ ਕ੍ਰਿਪਾ ਕਰੇ।"

"ਨਾ ਫਿਰ ਵੀ ਮੇਰਾ ਤਾਂ ਕਿਸੇ ਨਾਲ ਕੋਈ ਲਿੰਕ ਵਗੈਰਾ ਹੈ ਨਹੀਂ...?" ਮੇਰੀਆਂ ਨਜ਼ਰਾਂ ਸਵਾਲੀਆ ਲਹਿਜੇ ਵਿਚ ਡਾ. ਸਾਹਿਬ ਸਿੰਘ ਉਰਫ ਸਾਹਿਬੀ ਦੇ ਚਿਹਰੇ 'ਤੇ ਗੱਡੀਆਂ ਹੋਈਆਂ ਸਨ।

"..ਲਿੰਕ ਤਾਂ ਮੇਰਾ ਵੀ ਐਨਾ ਹੈ ਨੀਂ ਪਰ ਮੇਰਾ ਇਕ ਦੋਸਤ ਰਹਿੰਦੈ ਰਾਣੀ ਕੇ ਬਾਗ ਵਿਚ ਬਿੱਟੂ। ਉਹਦਾ ਲਿੰਕ ਹੈਗਾ ਕਿਸੇ ਵਿਅਕਤੀ ਨਾਲ। ਹਲੇ ਮੇਰੀ ਕੱਲ੍ਹ ਹੀ ਗੱਲ ਹੋਈ ਸੀ, ਉਹ ਵੀ ਉਤਾਵਲਾ ਏ ਬੱਬਰਾਂ ਵਿਚ ਜਾਣ ਲਈ, ਸ਼ਾਇਦ ਉਹਨੂੰ ਜਾਨਣ ਵਾਲਾ ਬੰਦਾ ਆਪਾਂ ਨੂੰ ਬੱਬਰਾਂ ਤਕ ਪਹੁੰਚਾ ਦੇਵੇ.....।" ਸਾਬ੍ਹੀ ਦੀਆਂ ਅੱਖਾਂ ਵਿਚ ਆਸ ਦੀ ਕਿਰਨ ਚਮਕੀ।

"....ਫਿਰ ਮੇਰੇ ਯਾਰ ਵੇਂਹਦਾ ਕੀ ਏਂ? ਚੱਲ ਫੜ ਰਕਸ਼ਾ ਤੇ ਚੱਲੀਏ ਰਾਣੀ ਕੇ ਬਾਗ ਵੱਲ..." ਅਸੀਂ ਜਲਦੀ ਜਲਦੀ ਬੂਟ ਪਾਏ ਤੇ ਰਕਸ਼ਾ ਫੜ ਕੇ ਰਾਣੀ ਕੇ ਬਾਗ ਡਾ. ਸਾਹਿਬੀ ਦੇ ਦੋਸਤ ਬਿੱਟੂ ਦੇ ਘਰ ਵੱਲ ਨੂੰ ਚੱਲ ਪਏ।............

ਅਵਨਿੰਦਰਦੀਪ ਸਿੰਘ ਨਿੰਦੀ ਡਾਇਰੀ ਦਾ ਇਕੱਲਾ-ਇਕੱਲਾ ਅੱਖਰ ਬੜੇ ਗਹੁ ਨਾਲ ਪੜ੍ਹ ਰਿਹਾ ਸੀ। ਉਸ ਦਾ ਪਸੀਨਾ ਕੰਨ ਤੋਂ ਚੋਅ ਕੇ ਉਸਦੀ ਦਾੜ੍ਹੀ ਨੂੰ ਗਿਲ੍ਹਿਆਂ ਕਰ ਰਿਹਾ ਸੀ। ਡਾਇਰੀ ਵਿਚਲੀ ਇਬਾਰਤ ਦਾ ਇਕ ਇਕ ਸ਼ਬਦ ਉਸ ਦੀ ਲੂੰਈਂ ਕੰਡਿਆਂ ਰਿਹਾ ਸੀ। ਲਾਇਬ੍ਰੇਰੀ ਤੋਂ ਬਾਹਰ ਦੁਪਹਿਰ ਆਪਣੇ ਜੋਬਨ 'ਤੇ ਸੀ ਅਤੇ ਸੂਰਜ ਸ਼ਾਇਦ ਕਿਸੇ ਗੁੱਸੇ ਵਿਚ ਪ੍ਰਿਥਵੀ ਵੱਲ ਨੂੰ ਆਪਣਾ ਤਾਪ ਤੇਜ ਪੂਰੇ ਜਲਾਲ ਨਾਲ ਛੱਡ ਰਿਹਾ ਸੀ।

ਵਾਰਸ ਇਸ਼ਕ ਦੇ ਆਣ ਮੈਦਾਨ ਲੱਥੇ

ਬੁਰਾ ਸੂਰਮੇ ਨੂੰ ਰਣੋਂ ਹੱਲਣਾ ਈ

ਨਿੰਦੀ ਦੀ ਰੁਚੀ ਡਾਇਰੀ ਪੜ੍ਹਨ ਵਿਚ ਹੋਰ ਵਧ ਰਹੀ ਸੀ। ਡਾਇਰੀ ਵਧੀਆ ਢੰਗ ਨਾਲ ਆਪਣਾ ਆਪ ਵੀ ਦਰਸਾ ਰਹੀ ਸੀ, ਸਗੋਂ ਨਾਲੋਂ ਨਾਲ ਮਹਿੰਗਾ ਸਿੰਘ ਬੱਬਰ ਦੇ ਸਾਹਿਤਕ ਪ੍ਰੇਮ ਦਾ ਪ੍ਰਗਟਾਵਾ ਵੀ ਬਾਖੂਬੀ ਕਰ ਰਹੀ ਸੀ। ਨਿੰਦੀ ਨੇ ਪੜ੍ਹਨਾ ਸ਼ੁਰੂ ਕੀਤਾ।

"........ਤੈਨੂੰ ਪਤੈ ਸ਼ਹੀਦ ਭਗਤ ਸਿੰਘ ਰਿਕਸ਼ੇ 'ਤੇ ਨਹੀਂ ਬੈਠਦਾ ਹੁੰਦਾ ਸੀ...?" ਮੈਂ ਡਾ. ਸਾਬ੍ਹੀ ਨੂੰ ਟੋਹਣ ਦਾ ਯਤਨ ਕਰਦਿਆਂ ਕਿਹਾ।

"..ਹਾਂ, ਭਾਅ ਜੀ ਮੈਨੂੰ ਪਤੈ, ਸਰਦਾਰ ਭਗਤ ਸਿੰਘ ਰਕਸ਼ੇ ਦੀ ਸਵਾਰੀ ਨਹੀਂ ਕਰਿਆ ਕਰਦੇ ਸਨ, ਉਹ ਬਰਾਬਰੀ ਦੇ ਸਮਾਜ ਦੇ ਚਾਹਵਾਨ ਸਨ...।"

"....ਪਰ ਤੇਰੇ ਕਈ ਸਿੱਖ ਵਿਦਵਾਨ ਤਾਂ ਉਹਨੂੰ ਸ਼ਹੀਦ ਹੀ ਨਹੀਂ ਮੰਨਦੇ..." ਮੈਂ ਵਿਅੰਗ ਵਿਚ ਚੋਟ ਮਾਰੀ।

"..ਹਾਂ, ਭਾਅ ਜੀ ਇਹੋ ਤਾਂ ਸਾਡਾ ਦੁਖਾਂਤ ਏ ਕਿ ਅਸੀਂ ਆਪਣਿਆਂ ਨੂੰ ਵੀ ਬਿਗਾਨਿਆਂ ਦੀ ਝੋਲੀ ਵਿਚ ਸੁੱਟਣ ਲੱਗੇ ਝੱਟ ਲਾਉਂਦੇ ਆਂ, ਪਰ ਭਾਅ ਜੀ ਬੱਬਰ ਖਾਲਸਾ ਤੇ ਜਥਾ ਤਾਂ ਭਗਤ ਸਿੰਘ ਹੁਰਾਂ ਨੂੰ ਸ਼ਹੀਦ ਮੰਨਦਾ ਹੈ..." ਸਾਬ੍ਹੀ ਨੇ ਸਿੱਖ ਵਿਦਵਾਨਾਂ ਦੀ ਸੋਚ 'ਤੇ ਹੈਰਾਨੀ ਪ੍ਰਗਟ ਕੀਤੀ। "ਕਿਉਂ? ਤੁਸੀਂ ਨਹੀਂ ਮੰਨਦੇ ਭਗਤ ਸਿੰਘ ਨੂੰ ਨਾਸਤਕ?" ਮੈਂ ਸਵਾਲ ਕੀਤਾ।

"ਨਹੀਂ ਭਾਅ ਜੀ ਜਦੋਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਜੇਲ੍ਹ ਵਿਚੋਂ ਰਿਹਾਅ ਹੋਣ ਵਾਲੇ ਦਿਨ ਭਗਤ ਸਿੰਘ ਹੋਰਾਂ ਨੂੰ ਵੀ ਮਿਲੇ, ਭਾਈ ਸਾਹਿਬ ਦੀ ਸਖਸ਼ੀਅਤ ਦਾ ਉਨ੍ਹਾਂ 'ਤੇ ਬਹੁਤ ਡੂੰਘਾ ਪ੍ਰਭਾਵ ਪਿਆ ਤੇ ਭਗਤ ਸਿੰਘ ਹੁਰਾਂ ਨਾਸਤਕਪੁਣੇ ਦੀ ਜੂਠ ਲਾਹ ਕੇ ਦੁਬਾਰਾ ਕੇਸ ਰੱਖੇ ਤੇ ਸਿੱਖੀ ਧਾਰਨ ਕੀਤੀ, ਭਗਤ ਸਿੰਘ ਹੁਰਾਂ ਦੀ ਅੰਤਮ ਇੱਛਾ ਅੰਮ੍ਰਿਤ ਛਕਣ ਦੀ ਸੀ ਪਰ ਸਰਮਾਏਦਾਰ ਅੰਗਰੇਜ਼ ਸਰਕਾਰ ਨੇ ਇਹ ਪੂਰੀ ਨਾ ਹੋਣ ਦਿੱਤੀ..." ਡਾ. ਸਾਬ੍ਹੀ ਨੇ ਬੋਲਦਿਆਂ ਹੋਇਆਂ ਮੈਨੂੰ ਭਾਈ ਰਣਧੀਰ ਸਿੰਘ ਦੀ ਲਿਖਤ ਜੇਲ੍ਹ ਚਿੱਠੀਆਂ ਪੁਸਤਕ ਪੜ੍ਹਨ ਦੀ ਤਾਕੀਦ ਕੀਤੀ।

"..ਆਹ ਰੋਕ ਦਈਂ ਸਿੰਘਾ, ਏਥੇ ਈ..." ਸਾਬ੍ਹੀ ਨੇ ਇਕ ਚਿੱਟੇ ਰੰਗ ਦੀ ਕੋਠੀ ਅੱਗੇ ਜਾ ਕੇ ਰਿਕਸ਼ੇ ਵਾਲੇ ਨੂੰ ੫ ਦਾ ਨੋਟ ਫੜਾਉਂਦਿਆਂ ਕਿਹਾ।

ਅਸੀਂ ਰਿਕਸ਼ੇ ਤੋਂ ਉਤਰ ਕੇ ਡੋਰ-ਬੈੱਲ ਵਜਾਈ। ਮੈਂ ਮਨ ਹੀ ਮਨ ਸੋਚ ਰਿਹਾ ਸੀ ਇਹ ਪੁੱਠਾ ਵਰਤਾਰਾ ਕਿਵੇਂ ਵਰਤ ਰਿਹੈ? ਇਨਕਲਾਬੀ ਤਾਂ ਹਮੇਸ਼ਾਂ ਕੱਖਾਂ ਦੇ ਢਾਰਿਆਂ 'ਚੋਂ ਪੈਦਾ ਹੁੰਦੇ ਆਏ ਆ, ਪਰ ਆਹ ਏਥੇ ਕਿਵੇਂ ਬਾਗੀ ਸੋਚ ਪੈਦਾ ਹੋਗੀ? ਚਲੋ ਮਿਲਣ 'ਤੇ ਹੀ ਪਤਾ ਲੱਗੂ, ਪਾਣੀ ਕਿੰਨਾ ਕੁ ਡੂੰਘਾ ਏ?

ਘੰਟੀ ਸੁਣ ਕੇ ਇਕ ਪੰਜਾਹ ਕੁ ਸਾਲ ਦੀ ਔਰਤ ਨੇ ਦਰਵਾਜ਼ਾ ਖੋਲ੍ਹਿਆ, ਜਿਸਦੇ ਗਾਤਰੇ ਕਿਰਪਾਨ, ਕਾਲੀ ਚੁੰਨੀ ਤੇ ਸਿਰ 'ਤੇ ਜੂੜਾ ਕਰਕੇ ਗੁਰਮੁਖੀ ਦਸਤਾਰ ਸਜਾਈ ਹੋਈ ਸੀ।

"ਜੀ ਅਸੀਂ ਕੰਵਰਜੀਤ ਨੂੰ ਮਿਲਣੈ..." ਡਾ. ਸਾਬ੍ਹੀ ਨੇ ਫਤਹਿ ਬੁਲਾਉਂਦਿਆਂ ਦਰਵਾਜ਼ਾ ਖੋਲ੍ਹਣ ਵਾਲੀ ਔਰਤ ਨੂੰ ਕਿਹਾ।

"ਆਉ, ਬੇਟਾ ਜੀ ਆਇਆਂ ਨੂੰ, ਬਿੱਟੂ ਘਰੇ ਈ ਆ..." ਫਤਹਿ ਦਾ ਜਵਾਬ ਦਿੰਦੇ ਹੋਏ ਔਰਤ ਨੇ ਸਾਨੂੰ ਬਰਾਂਡੇ ਵਿਚ ਡਹੇ ਸੋਫੇ 'ਤੇ ਬੈਠਣ ਲਈ ਇਸ਼ਾਰਾ ਕਰ ਦਿੱਤਾ।

"ਬਿੱਟੂ! ਓ ਬਿੱਟੂ, ਤੇਰੇ ਮਿੱਤਰ ਆਏ ਐ..." ਉਸ ਉੱਥੇ ਖੜਿਆਂ ਹੀ ਅੰਦਰ ਨੂੰ ਮੂੰਹ ਕਰਕੇ ਅਵਾਜ਼

ਦਿੱਤੀ।

"ਆਇਆ ਮੰਮੀ..." ਅੰਦਰੋਂ ਬਿੱਟੂ ਦੀ ਆਵਾਜ਼ ਆਈ।

"ਚੰਗਾ ਬੇਟਾ ਮੈਂ ਤੁਹਾਡੇ ਲਈ ਚਾਹ-ਪਾਣੀ ਤਿਆਰ ਕਰਾਂ..." ਆਖ ਕੇ ਬਿੱਟੂ ਦੇ ਮਾਤਾ ਜੀ ਅੰਦਰ ਚਲੇ ਗਏ।

ਥੋੜ੍ਹੇ ਸਮੇਂ ਵਿਚ ਹੀ ਸਿਰ 'ਤੇ ਛੋਟੀ ਜਿਹੀ ਕੇਸਕੀ ਬੰਨ੍ਹੀ ਇਕ ਸਿੱਖ ਨੌਜਵਾਨ ਬਰਾਂਡੇ ਵਿਚ ਦਾਖਲ ਹੋਇਆ ਜੋ ਡਾ. ਸਾਬ੍ਹੀ ਤੋਂ ਵੀ ਦੋ ਸਾਲ ਛੋਟਾ ਜਾਪ ਰਿਹਾ ਸੀ।

ਸਾਡੀ ਆਪਸ ਵਿਚ ਫਤਹਿ ਸਾਂਝੀ ਹੋਈ। ਬਿੱਟੂ ਤੇ ਸਾਹਿਬੀ ਇਕ ਦੂਜੇ ਨੂੰ ਜੱਫੀ ਪਾ ਕੇ ਮਿਲੇ।

"ਬਿੱਟੂ, ਇਹ ਮੇਰੇ ਪਿੰਡੋਂ ਹਨ, ਸ. ਮਹਿੰਗਾ ਸਿੰਘ। ਸਮਝ ਮੇਰੇ ਵੱਡੇ ਵੀਰ ਜੀ ਹੀ ਹਨ। ਭਾਅ ਜੀ ਇਹ ਕੰਵਰਜੀਤ ਸਿੰਘ ਬਿੱਟੂ ਹੈ। ਮੇਰਾ ਸਕੂਲ ਦਾ ਹਮ-ਜਮਾਤੀ ਏ, ਮੇਰੇ ਨਾਲ ਇਕੱਠਿਆਂ ਸ਼ਿਵਾਲਕ ਪਬਲਿਕ ਸਕੂਲ ਚੰਡੀਗੜ੍ਹ ਪੜ੍ਹਦਾ ਰਿਹੈ। ਅੱਜ ਕੱਲ੍ਹ ਬਿਜਨੈੱਸ ਐਡਮਨਿਸਟਰੇਸ਼ਨ ਵਿਚ ਡਿਗਰੀ ਕਰ ਰਿਹੈ।" ਬਿੱਟੂ ਨੇ ਬੜੇ ਤਪਾਕ ਨਾਲ ਮੇਰੇ ਨਾਲ ਹੱਥ ਮਿਲਾਇਆ। ਇੰਨੇ ਚਿਰ ਨੂੰ ਮਾਤਾ ਜੀ ਚਾਹ ਲੈ ਕੇ ਪਹੁੰਚ ਗਏ।

ਮਾਤਾ ਜੀ ਦੇ ਵਾਪਸ ਜਾਣ ਤੋਂ ਬਾਅਦ ਸਾਹਿਬੀ ਨੇ ਗੱਲ ਸ਼ੁਰੂ ਕੀਤੀ, "ਕਿਉਂ ਬਿੱਟੂ ਹੋਇਆ ਕੋਈ ਪ੍ਰਬੰਧ?"

"ਆਹੋ ਇਕ ਗੁਰਦਾਸਪੁਰੀਆ ਭਾਊ ਮੈਨੂੰ ਜਾਣਦੈ ਤੇ ਇਥੇ ਅੰਮ੍ਰਿਤਸਰ ਹੀ ਕਾਰੋਬਾਰ ਕਰਦੈ। ਮੈਂ ਉਸ ਕੋਲ ਗੱਲ ਕੀਤੀ ਸੀ, ਉਹ ਕਹਿੰਦਾ ਸੀ ਕਿ ਬੱਬਰਾਂ ਦਾ ਮੈਨੂੰ ਪਤਾ ਨਹੀਂ ਪਰ ਉਹ ਸਾਨੂੰ ਪਾਕਿਸਤਾਨ ਭੇਜ ਦਊਗਾ, ਉੱਥੇ ਸਾਨੂੰ ਬੱਬਰਾਂ ਨੂੰ ਲੱਭਣ ਵਿਚ ਕੋਈ ਮੁਸ਼ਕਲ ਨਹੀਂ ਹੋਵੇਗੀ, ਕਿਉਂਕਿ ਅੱਜਕੱਲ੍ਹ ਸਾਰੇ ਖਾੜਕੂ ਗਰੁੱਪ ਪਾਕਿਸਤਾਨ ਵਿਚ ਆਪੋ ਆਪਣੀ ਭਰਤੀ ਵਿਚ ਰੁੱਝੇ ਹੋਏ ਐ, ਤੁਸੀਂ ਅੱਜ ਰਾਤ ਮੇਰੇ ਕੋਲ ਰਹੋ, ਮੈਂ ਹੁਣੇ ਘੰਟੇ ਕੁ ਤਕ ਉਸ ਨਾਲ ਗੱਲ ਕਰਕੇ ਆਉਨਾਂ.....।"

"ਮੰਮਾ, ਇਹ ਮੇਰੇ ਮਿੱਤਰ ਨੇ ਦਰਬਾਰ ਸਾਹਿਬ ਦਰਸ਼ਨਾਂ ਨੂੰ ਆਏ ਨੇ, ਅੱਜ ਰਾਤੀਂ ਮੇਰੇ ਕੋਲ ਹੀ ਰਹਿਣਗੇ, ਤੁਸੀਂ ਸ਼ਾਮ ਦੇ ਪਰਸ਼ਾਦੇ ਇਨ੍ਹਾਂ ਦੇ ਵੀ ਲਾਹ ਲੈਣੇ, ਅਸੀਂ ਹੁਣ ਬਾਜ਼ਾਰ ਘੁੰਮ ਆਈਏ..." ਆਖ ਕੇ ਬਿੱਟੂ ਸਾਨੂੰ ਨਾਲ ਲੈ ਕੇ ਬਾਜ਼ਾਰ ਵੱਲ ਤੁਰ ਪਿਆ। ਬਾਜ਼ਾਰ ਵਿਚ ਸਾਨੂੰ ਇੱਕ ਹੋਟਲ 'ਤੇ ਬਿਠਾ ਕੇ ਬਿੱਟੂ ਆਪ ਉਸ ਗੁਰਦਾਸਪੁਰੀਏ ਭਾਊ ਨੂੰ ਮਿਲਣ ਚਲਿਆ ਗਿਆ। ਅਸੀਂ ਉਥੇ ਬੈਠੇ ਚਾਹ ਪੀਂਦੇ ਰਹੇ ਤੇ ਆਪਸੀ ਗੱਲਾਂ ਵਿਚ ਮਸ਼ਰੂਫ ਰਹੇ। ਤਕਰੀਬਨ ਘੰਟੇ ਕੁ ਬਾਅਦ ਬਿੱਟੂ ਵਾਪਸ ਮੁੜਿਆ। ਉਸਦੇ ਚਮਕ ਰਹੇ ਚਿਹਰੇ ਨੇ ਹੀ ਸਾਨੂੰ ਦੱਸ ਦਿੱਤਾ ਕਿ ਜ਼ਰੂਰ ਕੋਈ ਨਾ ਕੋਈ ਗੱਲ ਬਣਨ ਦੀ ਉਮੀਦ ਬੱਝੀ ਹੈ।

"ਕਿਉਂ ਭਾਊ ਕੁਛ ਪਿਆ ਪੱਲੇ?" ਬਿੱਟੂ ਦੇ ਕੋਲ ਆਉਣ ਤੇ ਸਾਬ੍ਹੀ ਨੇ ਪੁੱਛਿਆ।

"..ਹਾਂ ਜੀ, ਹਾਂ ਜੀ ਡਾ. ਸਾਬ੍ਹੀ ਕਿਉਂ ਨਹੀਂ, ਜ਼ਰੂਰ ਪਿਆ ਪੱਲੇ, ਪੱਲੇ ਕਿਉਂ ਨਾ ਪਵੇ, ਜਦ ਗੁਰੂ ਵੱਲ ਹੋਵੇ 'ਸਤਿਗੁਰ ਹੋਇ ਦਇਆਲ ਤਾ ਸਰਧਾ ਪੂਰੀਐ' ਕੱਲ੍ਹ ਨੂੰ ਆਪਾਂ ਚੱਲਣਾ ਡੇਰਾ ਬਾਬਾ ਨਾਨਕ, ਬਾਕੀ ਉਥੋਂ ਅੱਗੇ ਗਾਈਡ-ਲਾਈਨ ਆਪੇ ਮਿਲ ਜਾਵੇਗੀ, ਚੱਲੋ, ਹੁਣ ਘਰ ਚੱਲੀਏ, ਪਰਸ਼ਾਦਾ ਛਕੀਏ ਤੇ ਸੌਂਈਏ..." ਆਖਦਿਆਂ ਹੋਇਆਂ ਬਿੱਟੂ ਸਫਲਤਾ ਦੇ ਰਾਜ਼ ਵਿਚ ਮੁਸਕਰਾ ਪਿਆ।

ਉਸ ਰਾਤ ਅਸੀਂ ਬਿੱਟੂ ਦੇ ਘਰ ਸੁੱਤੇ। ਮੇਰੇ ਬਗੈਰ ਬਾਕੀ ਸਾਰੇ ਮੈਂਬਰ ਸਵੇਰੇ ੪ ਵਜੇ ਤੋਂ ਪਹਿਲਾਂ ਹੀ ਜਾਗ ਪਏ। ਡਾ. ਸਾਹਿਬੀ ਅਤੇ ਬਿੱਟੂ ਨੇ ਰਲ ਕੇ ਨਿਤਨੇਮ ਕੀਤਾ ਅਤੇ ਅਸੀਂ ਸਵੇਰੇ ਨਾਸ਼ਤਾ ਕਰਨ ਤੋਂ ਬਾਅਦ ਤਿਆਰ ਹੋ ਕੇ ਡੇਰਾ ਬਾਬਾ ਨਾਨਕ ਵੱਲ ਚੱਲ ਪਏ। ਡੇਰਾ ਬਾਬਾ ਨਾਨਕ ਨੂੰ ਚੱਲਣ ਵਾਲੀ ਬੱਸ, ਬੱਸ-ਸਟੈਂਡ ਤੋਂ

ਫੜੀ। ਬੱਸ ਵਿਚ ਬੈਠ ਕੇ ਸਾਨੂੰ ਬਿੱਟੂ ਨੇ ਦੱਸਿਆ ਕਿ ਆਪਾਂ ਬੱਸ ਵਿਚ ਕੋਈ ਗੱਲ ਨਹੀਂ ਕਰਨੀ। ਬੱਸ ਸਟੈਂਡ 'ਤੇ ਉਤਰ ਕੇ ਆਪਾਂ ਨੂੰ ਇਕ ਨੀਲੀ ਕਮੀਜ਼ ਵਾਲਾ ਵਿਅਕਤੀ ਸਾਈਕਲ ਦੇ ਉੱਤੇ ਬੈਠਾ ਦਿੱਸੇਗਾ। ਆਪਾਂ ਨੂੰ ਦੇਖਣ ਸਾਰ ਉਹ ਆਪਣੇ ਅੱਗੇ ਅੱਗੇ ਤੁਰ ਪਵੇਗਾ। ਆਪਾਂ ਬਿਨਾਂ ਕੁਝ ਬੋਲੇ ਜਾਂ ਪੁੱਛੇ ਉਸਦੇ ਮਗਰ ਤੁਰ ਪੈਣਾ ਹੈ। ਉਹ ਆਪਾਂ ਨੂੰ ਆਪੇ ਪਾਕਿਸਤਾਨ ਛੱਡ ਆਵੇਗਾ। ਇਹ ਸਭ ਕੁਝ ਬਿੱਟੂ ਨੂੰ ਗੁਰਦਾਸਪੁਰੀਏ ਭਾਊ ਨੇ ਸਮਝਾ ਦਿੱਤਾ ਸੀ।

ਤਕਰੀਬਨ ਘੰਟੇ ਦੇ ਸਫ਼ਰ ਬਾਅਦ ਖਚੜ-ਖਚੜ ਕਰਦੀ ਰੋਡਵੇਜ਼ ਦੀ ਲਾਰੀ ਡੇਰਾ ਬਾਬਾ ਨਾਨਕ ਬੱਸ ਸਟੈਂਡ 'ਤੇ ਜਾ ਕੇ ਰੁਕੀ। ਸਾਰੀਆਂ ਸਵਾਰੀਆਂ ਬੱਸ ਸਟੈਂਡ ਵਿਚੋਂ ਨਿਕਲ ਕੇ ਆਪੋ ਆਪਣੇ ਰਸਤੇ ਫੜ ਰਹੀਆਂ ਸਨ। ਬੱਸ ਸਟੈਂਡ ਦੀ ਖੱਬੀ ਨੁੱਕਰ ਵਿਚ ਤੂਤ ਦੇ ਛਾਂਵੇ ਟੁੱਟੇ ਜਿਹੇ ਸਾਇਕਲ ਦੇ ਕੈਰੀਅਰ 'ਤੇ ਇਕ ਨੀਲੀ ਕਮੀਜ਼ ਵਾਲਾ ਭਾਊ ਆਉਣ ਜਾਣ ਵਾਲਿਆਂ ਵੱਲ ਗਹੁ ਨਾਲ ਤੱਕ ਰਿਹਾ ਸੀ। ਉਸਨੂੰ ਦੇਖ ਕੇ ਬਿੱਟੂ ਨੇ ਆਪਣੇ ਚਿੱਟੇ ਰੁਮਾਲ ਨਾਲ ਹੱਥ ਪੂੰਝਣੇ ਸ਼ੁਰੂ ਕਰ ਦਿੱਤੇ। ਸ਼ਾਇਦ ਇਹ ਉਸ ਲਈ ਇਸ਼ਾਰਾ ਸੀ। ਆਪਣੇ ਜਾਣੂੰਆਂ ਨੂੰ ਆਇਆ ਵੇਖ, ਉਹ ਭਾਊ ਬਿਨਾਂ ਕੁਛ ਬੋਲੇ ਉਥੋਂ ਸਾਈਕਲ ਨੂੰ ਰੇੜ੍ਹ ਕੇ ਹੌਲੀ ਹੌਲੀ ਤੁਰ ਪਿਆ। ਤਕਰੀਬਨ ਕਿੱਲੇ ਕੁ ਦੀ ਵਿੱਥ ਉਸ ਤੋਂ ਪਾ ਕੇ ਅਸੀਂ ਤਿੰਨ ਜਣੇ ਵੀ ਉਸਦੇ ਮਗਰ ਹੋ ਤੁਰੇ। ਸਾਡੇ ਤਿੰਨਾਂ ਜਣਿਆਂ ਦੇ ਮੂੰਹ ਬਿਲਕੁਲ ਖਾਮੋਸ਼ ਸਨ। ਸਾਰਾ ਆਲਮ ਹੀ ਚੁੱਪ ਚਾਪ ਲੱਗ ਰਿਹਾ ਸੀ। ਗਰਮੀ ਦਾ ਦਿਨ ਹੋਣ ਕਰਕੇ ਸਾਡੇ ਸਾਰਿਆਂ ਦੇ ਕੱਪੜੇ ਪਸੀਨੇ ਨਾਲ ਤਰ ਹੋ ਰਹੇ ਸਨ। ਸਾਈਕਲ ਵਾਲਾ ਭਾਊ ਸਾਡੇ ਅੱਗੇ ਅੱਗੇ ਤੁਰ ਕੇ ਬਾਜ਼ਾਰ ਪਾਰ ਕਰ ਚੁੱਕਾ ਸੀ। ਬਾਜ਼ਾਰ ਪਾਰ ਕਰ ਕੇ ਉਸਨੇ ਸਾਡੇ ਤਿੰਨਾਂ ਵੱਲ ਮਗਰ ਨੂੰ ਮੂੰਹ ਭਵਾਂ ਕੇ ਗੌਰ ਨਾਲ ਤੱਕਿਆ ਫਿਰ ਹੌਲੀ ਜਿਹੇ ਮਗਰ ਤੁਰ ਆਉਣ ਦਾ ਇਸ਼ਾਰਾ ਕਰਕੇ ਸਾਈਕਲ 'ਤੇ ਚੜ੍ਹ ਗਿਆ। ਹੁਣ ਨੀਲੀ ਕਮੀਜ਼ ਵਾਲਾ ਹੌਲੀ ਹੌਲੀ ਸਾਈਕਲ 'ਤੇ ਸਾਥੋਂ ਦੋ ਕੁ ਕਿੱਲੇ ਦੀ ਵਿੱਥ 'ਤੇ ਅੱਗੇ-ਅੱਗੇ ਜਾ ਰਿਹਾ ਸੀ। ਅਸੀਂ ਸਹਿਜੇ ਸਹਿਜੇ ਉਸ ਦਾ ਪਿੱਛਾ ਕਰ ਰਹੇ ਸੀ ਤੇ ਆਪਣੇ ਵੱਲੋਂ ਸਤਰਕ ਰਹਿਣ ਦੀ ਕੋਸ਼ਿਸ਼ ਵੀ ਕਰ ਰਹੇ ਸੀ ਕਿ ਕਿਤੇ ਕਿਸੇ ਨੂੰ ਸ਼ੱਕ-ਸੁਬਹ ਨਾ ਹੋ ਜਾਵੇ। ਸਾਈਕਲ ਵਾਲੇ ਨੇ ਪੱਕੀ ਸੜਕ ਛੱਡ ਕੇ ਹੌਲੀ-ਹੌਲੀ ਕੱਚੇ ਰਾਹ 'ਤੇ ਲਹਿੰਦੇ ਵੱਲ ਨੂੰ ਸਾਈਕਲ ਮੋੜ ਲਿਆ। ਬਿੱਟੂ ਦੇ ਗੁੱਟ 'ਤੇ ਬੱਧੀ ਹੱਥ-ਘੜੀ ਸ਼ਾਮ ਦੇ ਸਾਢੇ ਪੰਜ ਵਜਾ ਰਹੀ ਸੀ ਪਰ ਗਰਮੀਆਂ ਦੇ ਦਿਨ ਹੋਣ ਕਰਕੇ ਦਿਨ ਹਲੇ ਵਾਧੂ ਖੜ੍ਹਾ ਸੀ। ਕੋਈ ਘੰਟੇ ਕੁ ਦੇ ਸਫ਼ਰ ਦੇ ਬਾਅਦ ਸਾਈਕਲ ਵਾਲਾ ਇਕ ਖੇਤ ਵਿਚ ਬਣੀ ਮੋਟਰ ਦੇ ਕੋਠੇ ਲਾਗੇ ਜਾ ਕੇ ਖਲੋ ਗਿਆ। ਅਸੀਂ ਤਿੰਨੋਂ ਜਣੇ ਉਸ ਤੋਂ ਥੋੜ੍ਹਾ ਪਿਛਾਂਹ ਹੀ ਰੁਕ ਗਏ। ਉਸਨੇ ਸਾਨੂੰ ਰੁਕਦਿਆਂ ਦੇਖ ਕੇ ਕੋਲ ਆਉਣ ਲਈ ਹੌਲੇ ਜਿਹੇ ਹੱਥ ਦਾ ਇਸ਼ਾਰਾ ਕਰ ਦਿੱਤਾ। ਅਸੀਂ ਝਿਜਕਦਿਆਂ-ਝਿਜਕਦਿਆਂ ਅੱਗੇ ਨੂੰ ਵਧਣਾ ਸ਼ੁਰੂ ਕੀਤਾ।

"ਕੋਈ ਗੱਲ ਨਹੀਂ ਭਾਊ ਆ ਜਾਓ ਨਿਸ਼ੰਗ, ਡਰਨ ਕਿਉਂ ਡਹੇ ਜੇ? ਹੁਣ ਨਾ ਡਰੋ ਹੁਣ ਤਾਂ ਆਪਾਂ ਨਿਕਲ ਆਏ, ਡਰ ਤਾਂ ਬਾਜ਼ਾਰ ਜਾਂ ਪੱਕੀ ਸੜਕ 'ਤੇ ਹੁੰਦੈ, ਜਿਥੇ ਕੁੱਤੇ ਬਿੱਲੇ ਜਹੇ ਖਾਕੀ ਵਰਦੀਆਂ ਜਿਹੀਆਂ ਪਾ ਕੇ ਫਿਰਦੇ ਰਹਿੰਦੇ ਐ। ਐਥੇ ਤਾਂ ਕਿਰਪਾ ਹੈ ਸੱਚੇ ਪਾਤਸ਼ਾਹ ਦੀ ਤੁਸੀਂ ਤੁਰੇ ਆਉ ਨਿਸ਼ੰਗ...।" ਨੀਲੀ ਕਮੀਜ਼ ਵਾਲੇ ਨੇ ਪਹਿਲੀ ਵਾਰੀ ਸਾਡੇ ਨਾਲ ਗੱਲ ਕੀਤੀ। ਉਹ ਖੇਤ ਵਿਚਲੇ ਬਣੇ ਹੋਏ ਪਾਣੀ ਵਾਲੇ ਖਾਲ ਵਿਚੋਂ ਬੁੱਕਾਂ ਭਰਕੇ ਪਾਣੀ ਪੀਣ ਲੱਗਾ। ਜਦ ਤਕ ਅਸੀਂ ਵੀ ਸਾਰੇ ਉਸ ਕੋਲ ਪਹੁੰਚ ਗਏ।

ਵਾਹਿਗੁਰੂ ਜੀ ਕਾ ਖ਼ਾਲਸਾ॥

ਵਾਹਿਗੁਰੂ ਜੀ ਕੀ ਫਤਹਿ ॥

ਅਸੀਂ ਤਿੰਨਾਂ ਜਣਿਆਂ ਫਤਹਿ ਗਜਾਈ ਤੇ ਇਕ ਤੂਤ ਦੀ ਛਾਂਵੇ ਡੱਠੇ ਮੰਜੇ ਉੱਤੇ ਬੈਠ ਗਏ। "ਤੁਸੀਂ ਬਹੁ ਜ਼ਰਾ ਏਥੇ, ਮੈਂ ਕੋਈ ਚਾਹ-ਪਾਣੀ ਦਾ ਕਰਦਾਂ ਪ੍ਰਬੰਧ, ਲੌਢੇ ਵੇਲੇ ਦੇ ਤੁਰੇ ਹੋਏ ਹੋਵੋਗੇ, ਤਕਾਲਾਂ ਪੈਣ ਡਹੀਆਂ ਨੇ ਜਿਊਂਦੀ ਜਾਨ ਨੇ ਢਿੱਡ ਵੀ ਤਾਂ ਭਰਨਾ ਹੋਇਆ। ਮੌਤੋਂ ਭੁੱਖ ਬੁਰੀ... ਐਵੇਂ ਤਾਂ ਨਹੀਂ ਕਿਹਾ ਸਿਆਣਿਆਂ...।"

ਏਨਾ ਆਖ ਕੇ ਨੀਲੀ ਕਮੀਜ ਵਾਲਾ ਭਾਊ ਕੋਠੇ ਨੂੰ ਲੱਗਾ ਜੰਦਰਾ ਖੋਲ੍ਹ ਕੇ ਅੰਦਰ ਵੜ ਗਿਆ। ਉਸਨੇ ਕੱਚ ਦੀ ਬੋਤਲ ਵਿਚ ਪਾ ਕੇ ਪਾਣੀ ਵਾਲੇ ਖਾੜੇ ਵਿਚ ਰੱਖਿਆ ਹੋਇਆ ਦੁੱਧ ਕੱਢ ਲਿਆ ਤੇ ਸਟੋਵ 'ਤੇ ਚਾਹ ਧਰ ਦਿੱਤੀ।

"ਲਉ ਤੁਸੀਂ ਉਨ੍ਹਾਂ ਚਿਰ ਚਿੱਡ ਦੀ ਅੱਗ ਮੱਠੀ ਕਰੋ, ਸ਼ਾਮਾਂ ਦੀ ਰੋਟੀ ਖੇਤਰ ਹੀ ਆ ਜਾਵੇਗੀ, ਮੈਂ ਆਪਣੇ ਛੋਟੇ ਬੇਲੀ ਨੂੰ ਬੋਲ ਮਾਰ ਆਇਆ ਸੀ...।" ਉਸ ਨੇ ਚਾਹ ਗਿਲਾਸਾਂ ਵਿਚ ਪਾ ਕੇ ਸਾਨੂੰ ਫੜਾ ਦਿੱਤੀ ਤੇ ਇਕ ਚੀਨੀ ਦੀ ਪਲੇਟ ਵਿਚ ਕੁਝ ਬਿਸਕੁਟ ਪਾ ਕੇ ਸਾਡੇ ਖਾਣ ਲਈ ਅੱਗੇ ਧਰ ਦਿੱਤੇ।

"ਭਾਅ ਜੀ, ਤੁਸਾਂ ਏਨੀ ਖੇਚਲ ਕਾਹਨੂੰ ਕਰਨੀ ਸੀ।" ਡਾ. ਸਾਬ੍ਹੀ ਨੇ ਰਸਮੀ ਗੱਲ ਤੋਰੀ। ਉਂਝ ਢਿੱਡੋਂ ਭੁੱਖਾ ਹੋਣ ਕਰਕੇ ਉਹ ਬਿਸਕੁਟ ਖਾ ਘੱਟ ਤੇ ਚਰ ਵੱਧ ਰਿਹਾ ਸੀ।

"ਹੈਂ, ਬੱਲਿਆ ਆਹ ਕੀ ਕਿਹਾ, ਊ ਖੇਚਲ ਕਿਹੜੀ? ਨਾਲੇ ਆਏ ਗਏ ਸਿੱਖ-ਸਾਧ ਦੀ ਸੇਵਾ ਤਾਂ ਹਰ ਗੁਰਸਿੱਖ ਦਾ ਫਰਜ਼ ਐ, ਉਂਝ ਮੈਂ ਤਾਂ ਅਨਪੜ੍ਹ ਜਿਹਾ ਬੰਦਾ ਆਂ, ਤੁਸੀਂ ਪਾੜ੍ਹੇ ਜਵਾਨ ਜਾਪਦੇ ਓ, ਇਹ ਤਾਂ ਦਾਤੇ ਦੀ ਮਿਹਰ ਆ, ਦਾਣਾ ਪਾਣੀ ਗੁਰੂ ਦਾ, ਟਹਿਲ ਸੇਵਾ ਸਿੱਖ ਸੰਗਤਾਂ ਦੀ..." ਨੀਲੀ ਕਮੀਜ ਵਾਲੇ ਭਾਊ ਵਿਚੋਂ ਗੁਰਸਿੱਖੀ ਦੀ ਮਹਿਕ ਉਡ-ਉਡ ਪੈ ਰਹੀ ਸੀ। ਉਸ ਦਾ ਜੱਟਕਾ ਬੜਬੋਲਾ ਤੇ ਭੋਲਾਪਣ ਮੈਨੂੰ ਵੱਧ ਪ੍ਰਭਾਵਿਤ ਕਰ ਰਿਹਾ ਸੀ। ਅਸੀਂ ਹਲੇ ਚਾਹ ਪੀ ਕੇ ਹਟੇ ਹੀ ਸੀ ਕਿ ਖੇਤ ਵੱਲ ਨੂੰ ਇਕ ਹੋਰ ਸਾਈਕਲ ਸਵਾਰ ਆਉਂਦਾ ਦਿਖਾਈ ਦਿੱਤਾ।

"ਓ, ਤੂੰ ਹੁਣੇ ਆ ਗਿਐਂ? ਮੈਂ ਤੈਨੂੰ ਤਕਾਲਾਂ ਦੇ ਪ੍ਰਸ਼ਾਦੇ ਲਿਆਣ ਲਈ ਕਿਹਾ ਸੀ।" ਉਸਨੇ ਸਾਈਕਲ ਸਵਾਰ ਨੂੰ ਨਜਦੀਕ ਆਉਣ 'ਤੇ ਪੁਛ-ਪ੍ਰਤੀਤ ਕੀਤੀ।

"ਭਾਊ, ਮੈਂ ਆਖਿਆ ਬਈ ਚਲੋ ਖੇਤਰ ਗੇੜਾ ਹੀ ਮਾਰ ਆਵਾਂ, ਹੋਰ ਤਾਂ ਕੋਈ ਖਾਸ ਗੱਲ ਨਹੀਂ ਸੀ। ਜੇ ਤੂੰ ਕਹਿੰਨੇ ਤਾਂ ਘਰੋਂ ਰੋਟੀ ਫੜ ਲਿਆਉਨਾ...?" ਸਾਈਕਲ 'ਤੇ ਆਉਣ ਵਾਲੇ ਨੇ ਜਵਾਬ ਦਿੱਤਾ ਪਰ ਸਾਡੇ ਵੱਲ ਬਹੁਤਾ ਗਹੁ ਨਾ ਕੀਤਾ।

"ਠੀਕ ਚੰਗਾ ਫਿਰ ਸ਼ੇਰ ਬਣ ਕੇ ਪਰਸ਼ਾਦਾ ਘਰੋਂ ਫੜੀ ਆ...।" ਨੀਲੀ ਕਮੀਜ਼ ਵਾਲੇ ਦੀ ਗੱਲ ਹਲੇ ਮੂੰਹ ਵਿਚ ਹੀ ਸੀ ਕਿ ਨਵਾਂ ਸਾਈਕਲ ਸਵਾਰ ਉਨ੍ਹੀਂ ਪੈਰੀ ਹੀ ਵਾਪਸ ਮੁੜ ਗਿਆ।

"ਭਾਊ ਤੁਸੀਂ ਮੇਰੇ ਨਾਲ ਆਉ।" ਆਖ ਕੇ ਨੀਲੀ ਕਮੀਜ ਵਾਲਾ ਇਕ ਵੱਟ ਉੱਪਰ ਤੁਰ ਪਿਆ। ਵੱਟ ਦੇ ਦੋਹਾਂ ਪਾਸਿਆਂ ਦੇ ਖੇਤ ਵਿਚ ਮੱਕੀ ਦੀ ਲੰਮੀ ਫਸਲ ਖਲੋਤੀ ਸੀ, ਜਿਸ ਵਿਚ ਤੁਰੇ ਜਾਂਦੇ ਅਸੀਂ ਬਾਹਰ ਕਿਸੇ ਨੂੰ ਦਿਖਾਈ ਦੇਈਏ ਅਸੰਭਵ ਹੀ ਸੀ। ਖੇਤ ਦੇ ਦੂਸਰੇ ਪਾਸੇ ਜਾ ਕੇ ਨੀਲੀ ਕਮੀਜ਼ ਵਾਲੇ ਨੇ ਸਮਝਾਉਣਾ ਸ਼ੁਰੂ ਕੀਤਾ,

"...ਭਾਅ ਆਹ ਸਾਹਮਣੇ ਲੰਮੀ ਸਾਰੀ ਉੱਚੀ ਜਿਹੀ ਮਿੱਟੀ ਦੀ ਵੱਟ ਵੇਂਹਦੇ ਓ ਨਾ, ਅਸਲ ਵਿਚ ਉਹ ਸੇਮ ਨਾਲੇ ਦੀ ਉਰਲੀ ਪਾਧੀਂ ਐ, ਇਸ ਤੋਂ ਅੱਗੇ ਸੇਮ ਨਾਲਾ ਸ਼ੁਰੂ ਹੋ ਜਾਣੈ, ਜਿਹਦੀ ਚੌੜਾਈ ਕੋਈ ਡੇਢ ਕੁ ਕਿੱਲਾ ਹੋਵੇਗੀ। ਸੇਮ ਅੰਦਰੋਂ ਤਾਂ ਸੁੱਕੀ ਹੀ ਹੁੰਦੀ ਆ, ਪਰ ਇਸ ਵਿਚ ਬੀ.ਐਸ.ਐਫ. ਦੀਆਂ ਗੱਡੀਆਂ ਪਟਰੋਲਿੰਗ ਕਰਦੀਆਂ ਰਹਿੰਦੀਆਂ, ਹਰ ਸਮੇਂ ਇਕ ਗੱਡੀ ਜਾਂਦੀ ਹੈ ਅਤੇ ਦੂਸਰੀ ਆਉਂਦੀ ਹੈ...।"

"ਫਿਰ ਸੇਮ ਨਾਲਾ ਕਿਵੇਂ ਪਾਰ ਕੀਤਾ ਜਾ ਸਕੇਗਾ...?" ਡਾ. ਸਾਬ੍ਹੀ ਨੇ ਸ਼ੰਕਾ ਜ਼ਾਹਰ ਕੀਤਾ।

"...ਕੋਈ ਗੱਲ ਨਹੀ ਭਾਅ ਜੀ ਉਹ ਵੀ ਕਰ ਦਿਆਂਗੇ ਪ੍ਰਬੰਧ, ਗੁਰੂ ਦੀ ਮਿਹਰ ਨਾਲ ਤੁਸੀਂ ਚਿੰਤਾ ਨਾ ਕਰੋ। ਪਹਿਲਾਂ ਤੁਸੀਂ ਪਰਲੇ ਪਾਸੇ ਦਾ ਭੂਗੋਲ ਧਿਆਨ ਨਾਲ ਸੁਣ ਲਉ। ਸੇਮ ਨਾਲਾ ਖਤਮ ਹੋਣ ਦੇ ਨਾਲ ਜੰਗਲ ਜਿਹਾ ਸ਼ੁਰੂ ਹੋ ਜਾਂਦਾ ਹੈ, ਜਿਸ ਵਿਚ ਝਾੜ ਛਿਛਰ ਬੜਾ ਉਗਿਐ ਹੋਇਐ, ਕੋਈ ਦਸ ਪੰਦਰਾਂ ਕਿੱਲੇ ਤੁਰਨ

ਬਾਅਦ ਦਰਿਆ ਰਾਵੀ ਆ ਜਾਂਦੈ, ਦਰਿਆ ਪਾਰ ਕਰਨ ਪਿੱਛੋਂ ਨੋ-ਮੈਨ ਲੈਂਡ ਸ਼ੁਰੂ ਹੋ ਜਾਂਦੀ ਆ। ਉਸ ਤੋਂ ਬਾਅਦ ਇਕ ਕੱਚੀ ਜਿਹੀ ਕੰਧ ਆਉਂਦੀ ਏ, ਜਿਸਦੇ ਪਾਰਲੇ ਪਾਸੇ ਪਾਕਿਸਤਾਨ ਸ਼ੁਰੂ ਹੋ ਜਾਂਦੈ, ਹੁਣ ਤੁਹਾਨੂੰ ਜਾਣ ਦਾ ਢੰਗ ਵੀ ਦੱਸ ਦੇਵਾਂ ਤੇ ਸੇਮ ਨਾਲ ਵਾਲੀ ਸਮੱਸਿਆ ਦਾ ਹੱਲ ਵੀ। ....ਦੇਖੋ ਸ਼ਾਮ ਦੇ ਸਵਾ ਸੱਤ ਤੋਂ ਸਾਢੇ ਸੱਤ ਤਕ ਗਸਤੀ ਗੱਡੀਆਂ ਦੀ ਆਵਾਜਾਈ ਬੰਦ ਹੋ ਜਾਂਦੀ ਹੈ ਕਿਉਂਕਿ ਇਸ ਵੇਲੇ ਗਸ਼ਤੀ ਟੁਕੜੀਆਂ ਦੀ ਡਿਊਟੀ ਖ਼ਤਮ ਹੁੰਦੀ ਹੈ, ਡਿਊਟੀ 'ਤੇ ਪਹੁੰਚਣ ਵਾਲੇ ੧੫ ਮਿੰਟ ਲੇਟ ਪਹੁੰਚਦੇ ਆ ਤੇ ਫਾਰਗ ਹੋਣ ਵਾਲੇ ਕੋ ੧੦:੧੫ ਮਿੰਟ ਪਹਿਲਾਂ ਹੀ ਛੱਡ ਆਉਂਦੇ ਆ, ਬਸ ਇਹੋ ਕੋਈ ਅੱਧਾ ਘੰਟਾ ਹੀ ਹੁੰਦੈ ਸੇਮ ਨਾਲਾ ਪਾਰ ਕਰਨ ਲਈ। ਪਰ ਇਕ ਗੱਲ ਦਾ ਖਾਸ ਧਿਆਨ ਰੱਖਣਾ ਪਵੇਗਾ, ਤੁਸੀਂ ਸੇਮ ਨਾਲਾ ਸਿੱਧੇ ਭੱਜ ਕੇ ਪਾਰ ਨਹੀਂ ਕਰਨਾ, ਕਿਉਂਕਿ ਪਿਛਲੇ ਪਾਸੇ ਉਰਲੀ ਪਾਧੀਂ ਉੱਤੇ ਬੀ.ਐਸ.ਐਫ. ਦੀਆਂ ਚੌਂਕੀਆਂ ਵਿਚੋਂ ਪਤਾ ਲੱਗਣ 'ਤੇ ਗੋਲੀ ਵੱਜਣ ਦਾ ਖਦਸ਼ਾ ਵੀ ਹੋ ਸਕਦੈ। ਸੇਮ ਨਾਲੇ ਅੰਦਰ ਵੜਦੇ ਸਮੇਂ ਲੰਮਿਆਂ ਪੈ ਕੇ ਅਰਕਾਂ ਦੇ ਸਹਾਰੇ ਰੀਂਗ ਕੇ ਪਾਰ ਜਾਣਾ ਹੋਵੇਗਾ...।" ਨੀਲੀ ਕਮੀਜ਼ ਵਾਲੇ ਨੇ ਦੋਵੇਂ ਕੂਹਣੀਆਂ ਅੱਗੇ ਕਰਕੇ ਰੀਂਗਣ ਦਾ ਅਭਿਆਸ ਕੀਤਾ।

"..ਹੈਂ! ਦੋ ਕਿੱਲੇ ਦੀ ਵਾਟ ਰੀਂਗ ਕੇ...?"

ਬਿੱਟੂ ਦੇ ਮੂੰਹੋਂ ਅਚਾਨਕ ਨਿਕਲ ਗਿਆ।

"ਕਿਉਂ, ਭਾਅ ਜੀ ਡਰ ਲੱਗਦੈ? ਅਖੇ ਕੋਹ ਨਾ ਚੱਲੀ ਤੇ ਬਾਬਾ ਤਿਹਾਈ ਜੇ, ਕੌਮੀ ਘਰ ਬਣਾਉਣ ਲਈ ਪਤਾ ਨਹੀਂ ਹੋਰ ਕੀ ਜਫਰ ਜਾਲਣੇ ਪੈਣੇ ਆ? ਤੁਸੀਂ ਤਾਂ ਹੁਣੇ ਈ ਘਾਬਰੀ ਜਾਂਦੇ ਓ, ਘਰੋਂ ਗਏ ਸੀ ਫਿਰੰਗੀ ਦੇ ਮਾਰਨੇ ਨੂੰ, ਸਗੋਂ ਕੁੰਜੀਆਂ ਹੱਥ ਫੜਾ ਆਏ..." ਨੀਲੀ ਕਮੀਜ਼ ਵਾਲਾ ਵਿਅਕਤੀ ਮੁਸਕੜੀਏ ਵਿਅੰਗ ਕਰ ਗਿਆ। "ਜਦੋਂ ਤੁਸੀਂ ਸੇਮ ਨਾਲਾ ਪਾਰ ਕਰਕੇ ਜੰਗਲ ਵਿਚ ਵੜਗੇ ਤਾਂ ਆਪਣੇ ਆਪ ਨੂੰ ਸੁਰੱਖਿਅਤ ਸਮਝਣਾ ਤੇ ਸ਼ਾਮ ਨੂੰ ਤੁਰਨ ਵੇਲੇ ਦੋ ਤਾਰੇ ਪੱਛੋਂ ਵੱਲ ਦੇ ਪਾਸੇ ਦਿਖਾਈ ਦੇਣਗੇ। ਉਹਨਾਂ ਦੀ ਸੇਧ ਵਿਚ ਤੁਰੇ ਜਾਣਾ ਤੁਸੀਂ ਆਪਣੇ ਆਪ ਮੰਜ਼ਲ 'ਤੇ ਪਹੁੰਚ ਜਾਵੋਗੇ। ਆਉ ਹੁਣ ਪ੍ਰਸ਼ਾਦਾ ਵੀ ਆ ਗਿਐ ਹੋਣੈ ਜਾ ਕੇ ਕੋਠੇ 'ਤੇ ਛਕੀਏ..." ਨੀਲੀ ਕਮੀਜ਼ ਵਾਲੇ ਨੇ ਸਾਨੂੰ ਸਾਰੀ ਸਥਿਤੀ ਸਮਝਾ ਕੇ ਵਾਪਿਸ ਕੋਠੇ ਦੇ ਕੋਲ ਲੈ ਆਂਦਾ। ਉਦੋਂ ਤਕ ਪਿੰਡੋਂ ਰੋਟੀ ਵੀ ਆ ਚੁੱਕੀ ਸੀ। ਰੋਟੀ ਖਾਣ ਤੋਂ ਪਹਿਲਾਂ ਸਾਬ੍ਹੀ ਨੇ ਰਹਿਰਾਸ ਦਾ ਪਾਠ ਕੀਤਾ ਤੇ ਅਸੀਂ ਸਾਰਿਆਂ ਸੁਣਿਆ। ਰੋਟੀ ਖਾਣ ਬਾਅਦ ਨੀਲੀ ਕਮੀਜ਼ ਵਾਲਾ ਸਾਨੂੰ ਸਾਰਿਆਂ ਨੂੰ ਫਿਰ ਮੁਖ਼ਾਤਬ ਹੋਇਆ:

"ਚੰਗਾ ਭਾਅ, ਮੇਰਾ ਕੰਮ ਇਥੇ ਖ਼ਤਮ ਹੋਇਆ, ਮੇਰੀ ਡਿਊਟੀ ਬੱਸ ਏਨੀ ਹੀ ਸੀ, ਹੁਣ ਤੁਸੀਂ ਜਲਦੀ ਚਾਲੇ ਪਾਓ ਸੱਤ ਵੱਜਣ ਵਿਚ ਸਿਰਫ਼ ਪੰਜ ਮਿੰਟ ਬਾਕੀ ਨੇ..." ਡਾ. ਸਾਹਿਬੀ ਨੇ ਸਫਲਤਾ ਲਈ ਪਰਮਾਤਮਾ ਪਾਸ ਅਰਦਾਸ ਕੀਤੀ ਤੇ ਸਾਡੀ ਤਿੱਕੜੀ ਮੰਜ਼ਲ-ਏ-ਮਕਸੂਦ ਵੱਲ ਨੂੰ ਰਵਾਨਾ ਹੋ ਪਈ। ਮੱਕੀ ਦੇ ਖੇਤਾਂ ਵਿਚੋਂ ਦੀ ਹੁੰਦੇ ਹੋਏ ਅਸੀਂ ਸੇਮ ਨਾਲੇ ਦੀ ਉਰਲੀ ਪਾਸੀਂ ਦੇ ਬਿਲਕੁਲ ਲਾਗ ਵਾਲੀ ਕਪਾਹ ਦੀ ਫਸਲ ਵਿਚ ਛੁਪ ਕੇ ਬੈਠ ਗਏ। ਅੱਤ ਗਰਮੀ ਹੋਣ ਕਰਕੇ ਸਾਰੇ ਜਣੇ ਹਾਲੋਂ ਬੇਹਾਲ ਹੋਏ ਪਏ ਸਾਂ। ਸੇਮ ਨਾਲੇ ਵਿਚ ਹਲਾਂ ਗਸ਼ਤੀ ਗੱਡੀਆਂ ਦੀ ਘੂੰਅ-ਘੂੰਅ ਦੀ ਆਵਾਜ਼ ਸਾਨੂੰ ਸੁਣਾਈ ਦੇ ਰਹੀ ਸੀ। ਕੋਈ ਦਸ ਕੁ ਮਿੰਟ ਬਾਅਦ ਗੱਡੀਆਂ ਦੀ ਆਵਾਜ਼ ਬੰਦ ਹੋਈ ਤਾਂ ਸਾਡਾ ਨਵੀਆਂ ਤੇ ਅਨਜਾਣ ਰਾਹਾਂ ਵੱਲ ਤਿਆਰੀਆਂ ਵਾਲਾ ਸਫਰ ਸ਼ੁਰੂ ਹੋਇਆ। ਸਭ ਤੋਂ ਪਹਿਲਾਂ ਬਿੱਟੂ ਸੇਮ ਨਾਲੇ ਦੀ ਪਾਂਧੀ ਉਥੋਂ ਕੋਡਾ-ਕੋਡਾ ਤੁਰ ਕੇ ਦੂਜੇ ਪਾਸੇ ਲੰਮਾ ਪੈ ਗਿਆ। ਗੱਡੀਆਂ ਦੀ ਆਵਾਜਾਈ ਕਰਕੇ ਕੱਚੀ ਧਰਤੀ ਧੂੜ ਤੇ ਭੁੱਬਲ ਬਣੀ ਪਈ ਸੀ। ਬਿੱਟੂ ਦੀ ਦਾੜ੍ਹੀ ਧੂੜ ਨਾਲ ਭਰ ਗਈ। ਮੈਂ ਅਤੇ ਡਾ. ਸਾਬ੍ਹੀ ਵੀ ਡੰਡਉਤ ਹੋ ਗਏ। ਤਕਰੀਬਨ ਡੇਢ ਕਿੱਲੇ ਦੀ ਵਾਟ ਤੈਅ ਕਰਨ ਤੋਂ ਬਾਅਦ ਸੇਮ ਨਾਲੇ ਦੀ ਦੂਸਰੀ ਪਾਧੀਂ ਆਈ। ਜਦ ਤਕ ਹਨੇਰਾ ਆਪਣੇ ਪੈਰ ਪਾਸਾਰ ਚੁੱਕਾ ਸੀ। ਸੇਮ ਨਾਲੇ ਦੇ ਦੂਸਰੇ ਪਾਸੇ ਜਾ ਕੇ ਅਸੀਂ ਤਿੰਨਾਂ ਜਣਿਆਂ ਇਕ ਦੂਜੇ ਨੂੰ ਸੰਵਾਰ ਕੇ ਦੇਖਿਆ ਤਾਂ ਹੱਸਣੋਂ ਨਾ ਰੁਕ ਸਕੇ, ਕਿਉਂਕਿ ਘੱਟਾ ਪੈਣ ਕਰਕੇ ਮੂੰਹ, ਸਿਰ ਤੇ ਕੱਪੜੇ ਲੱਥਪੱਥ ਹੋ ਚੁੱਕੇ ਸਨ।

ਬਿੱਟੂ ਮਸਾਂ ਹੱਸਦਾ ਹੱਸਦਾ ਰੁਕਿਆ, "ਭਾਅ ਜੀ ਵੇਖੋ ਡਾ. ਸਾਬ੍ਹੀ ਦਾ ਭੂਤ ਆ ਰਿਹੈ।" ਡਾ. ਸਾਬ੍ਹੀ ਦੀ ਤਰਸਯੋਗ ਹਾਲਤ 'ਤੇ ਮੈਥੋਂ ਵੀ ਹੱਸੇ ਬਗੈਰ ਨਾ ਰਹਿ ਹੋਇਆ ਕਿਉਂਕਿ ਡਾ. ਦੀਆਂ ਅੱਖਾਂ ਨੂੰ ਲੱਗੀਆਂ ਐਨਕਾਂ 'ਤੇ ਧੂੜ ਪੈਣ ਕਰਕੇ ਉਹ ਅੰਧਰਾਤੇ ਦੇ ਮਰੀਜਾਂ ਵਾਂਗ ਐਵੇਂ ਪਲਾਹੀਂ ਹੱਥ ਮਾਰ ਰਿਹਾ ਸੀ।

"..ਉਏ ਭੜੂਓ ਹੱਸਣ ਦਾ ਟਾਈਮ ਨਹੀਂ। ਉਹ ਤਾਰੇ ਲੱਭੋ, ਕਿਹੜੇ ਸੀ...? ਜਿਨ੍ਹਾਂ ਨੇ ਆਪਾਂ ਨੂੰ ਸੇਧ ਦੇਣੀ ਸੀ...?" ਡਾਕਟਰ ਨੇ ਸਾਡੇ ਨਜ਼ਦੀਕ ਹੁੰਦੇ ਹੋਏ ਕਿਹਾ। ਜਦ ਸਾਡੀ ਨਜ਼ਰ ਅਸਮਾਨ ਵੱਲ ਗਈ ਤਾਂ ਉਥੇ ਨਾ ਟੂਣੀਆ, ਨਾ ਟੂਣੀਏ ਦਾ ਪੁੱਤ, ਕਿਉਂਕਿ ਬੱਦਲ ਹੋਣ ਕਰਕੇ ਤਾਰਿਆਂ ਸਮੇਤ ਚੰਦ ਮਾਮਾ ਜੀ ਵੀ ਗਾਇਬ ਹੋ ਚੁੱਕੇ ਸਨ। ਹੁਣ ਸਾਡਾ ਸਫ਼ਰ ਤਾਰਿਆਂ ਦੀ ਅਗਵਾਈ ਬਗੈਰ ਦਿਸ਼ਾਹੀਣ ਹੋ ਚੁੱਕਾ ਸੀ।

"..ਲਉ ਕਰ ਲਉ ਘਿਉ ਨੂੰ ਭਾਂਡਾ, ਇਥੇ ਤਾਂ ਬੱਦਲ ਹੋਗੇ ਹੁਣ ਕੀ ਹੋਵੇਗਾ...?" ਡਾਕਟਰ ਨੇ ਚਿੰਤਾ ਪ੍ਰਗਟ ਕੀਤੀ। ਇਕ ਵਾਰ ਸਲਾਹ ਹੋਈ ਕਿ ਕਿਉਂ ਨਾ ਵਾਪਸ ਮੁੜਿਆ ਜਾਵੇ? ਪਰ ਪਿਛਲੇ ਪਾਸੇ ਸੇਮ ਨਾਲੇ ਵਿਚੋਂ ਗੱਡੀਆਂ ਦੇ ਚੱਲਣ ਦੀ ਆਵਾਜ਼ ਫਿਰ ਆਉਣ ਲੱਗੀ ਸੀ ਤੇ ਹੁਣ ਪਿਛਾਂਹ ਮੁੜਨਾ ਖਤਰੇ ਤੋਂ ਖਾਲੀ ਨਹੀਂ ਸੀ। ਇਸ ਲਈ ਜੰਗਲ ਵਿਚ ਅੰਨ੍ਹੇ-ਧੂਹ ਸਫ਼ਰ ਸ਼ੁਰੂ ਕਰ ਦਿੱਤਾ ਗਿਆ। ਅਸੀਂ ਤਿੰਨੋਂ ਜਣੇ ਇਕ ਦੂਸਰੇ ਦਾ ਹੱਥ ਫੜ੍ਹ ਕੇ ਤੁਰ ਰਹੇ ਸੀ। ਕਿਤੇ ਕਿਤੇ ਪਾਣੀ ਆ ਜਾਂਦਾ ਸੀ, ਕਦੇ ਸੁੱਕੀ ਜ਼ਮੀਨ। ਜਿਆਦਾ ਤਰ ਜ਼ਮੀਨ ਸਿੱਧੀ ਜਿਹੀ ਸੀ। ਜ਼ੋਰ ਦੀ ਹਵਾ ਚੱਲ ਪਈ। ਸਾਰੇ ਦਾ ਸਾਰਾ ਝੱਲ ਹਵਾ ਚੱਲਣ ਕਰਕੇ ਹਿੱਲਣ ਲੱਗਾ ਅਤੇ ਇਉਂ ਮਹਿਸੂਸ ਹੋਇਆ ਜਿਵੇਂ ਕੋਈ ਰਾਗਣੀ ਅਲਾਪ ਰਿਹਾ ਹੁੰਦੈ।

"ਨਾਜ਼ੁਕ ਪੈਰ ਮਲੂਕ ਸੱਸੀ ਦੇ ਮਹਿੰਦੀ ਨਾਲ ਸ਼ਿੰਗਾਰੇ.." ਮੈਂ ਹਾਸ਼ਮ ਦੀ ਸੱਸੀ ਵਿਚੋਂ ਤੁਕ ਛੇੜ ਲਈ।

"..ਲੈ ਹੈ ਧਗੜਾ ਉਇ ਸੱਸੀ ਤਾਂ ਥਲ ਵਿਚ ਸੜੀ ਸੀ ਤੇ ਹੁਣ ਮਾਮਾ ਹੀਰ ਦਿਆ ਆਪਾਂ ਨੂੰ ਦਰਿਆ ਪਾਰ ਕਰਨਾ ਪੈਣੈ, ਉਹ ਵੀ ਰਾਵੀ ਕੋਈ ਝਨਾਂ ਨਹੀਂ ਬਈ ਆਸ਼ਕਾਂ ਦੀ ਫਿਤਰਤ ਤੋਂ ਜਾਣੂੰ ਹੋ ਕੇ ਮਾੜਾ ਮੋਟਾ ਰਹਿਮ ਕਰ ਦਵੇਗਾ। ਹੁਣ ਤਾਂ ਸੋਹਣੀ ਗਾ ਸੋਹਣੀ..." "ਧੀ ਤੁਲੇ ਘੁਮਿਆਰ ਦੀ ਸੋਹਣੀ ਨਾ ਸਦਾਏ ਮੋਹ ਲੈਂਦੀ ਉੱਡਦੇ ਪੰਛੀ ਜਦ ਨੈਣਾਂ ਦੇ ਤੀਰ ਚਲਾਏ, ਨਾਲੇ ਭਾਊ ਦੇਖੀਂ ਕਿਤੇ ਕੋਈ ਯਾਦ ਤਾਂ ਨੀਂ ਸਤਾ ਰਹੀ...?" ਡਾ. ਸਾਬ੍ਹੀ ਨੇ ਮੇਰੇ ਕੂਹਣੀ ਮਾਰੀ। ਸਾਡੇ ਤਿੰਨਾਂ ਜਣਿਆਂ ਵਿਚ ਹਾਸੜ ਮੱਚ ਗਈ। "..ਉਏ ਕਿੱਥੇ ਅਸੀਂ ਤਾਂ ਜੁੱਗਾਂ ਜੁਗਾਂਤਰਾਂ ਤੋਂ ਪੂਰੇ ਪੱਕੇ ਬ੍ਰਹਮਚਾਰੀ ਆਂ ਤੂੰ ਦੱਸ ਤੈਨੂੰ ਤਾਂ ਨਹੀਂ ਕਿਸੇ ਡਾਕਟਰਨੀ ਦੀ ਯਾਦ ਆਉਂਦੀ...?"

"..ਨਾ ਭਾਊ ਅਟਕ ਤੋਂ ਅਟਕਣੇ ਵਾਲੋਂ ਕੇ ਲੀਏ ਹੈਂ, ਮਾੜੀਆਂ ਮੋਟੀਆਂ ਅਟਕਾਰਾਂ ਸਾਨੂੰ ਕਿੱਥੇ ਰੋਕ ਸਕਣ। ਸਭ ਨਰਸਾਂ, ਡਾਕਟਰਨੀਆਂ ਰਹਿਗੀਆਂ ਦਰਾਂ ਦਰਵਾਜ਼ਿਆਂ 'ਤੇ ਖਲੋਤੀਆਂ 'ਨਗਰ ਭਲਾ ਵੱਸਦਾ ਤੇ ਸਾਧੂ ਭਲੇ ਚਲੰਦੇ ਜੀ, ਵਹਿੰਦੇ ਪਾਣੀ ਨਿਰਮਲ ਹੁੰਦੇ ਦਾਗ ਨਾ ਲੱਗਣ ਮੰਦੇ ਜੀ..." ਹਾਲੇ ਗੱਲ ਡਾ. ਸਾਬ੍ਹੀ ਦੇ ਮੂੰਹ ਵਿਚ ਹੀ ਸੀ ਕਿ ਉਸਦੇ ਅੱਗੇ ਤੁਰੇ ਜਾ ਰਹੇ ਬਿੱਟੂ ਦਾ ਪੈਰ ਗੋਡੇ ਗੋਡੇ ਪਾਣੀ ਵਿਚ ਧੜੰਮ ਕਰਕੇ ਪੈ ਗਿਆ।

"..ਭਾਅ ਜੀ, ਆਹ ਤਾਂ ਦਰਿਆ ਆ ਗਿਆ..." ਬਿੱਟੂ ਪੈਰ ਪੈਣ ਸਾਰ ਚੌਂਕ ਉਠਿਆ।

"ਚਲੋ ਫਿਰ ਵੇਹਨੇ ਕੀ ਓਂ? ਲਗਾਈਏ ਤਾਰੀ..." ਮੈਂ ਅੱਗੇ ਹੋ ਕੇ ਤੈਰਨ ਦੀ ਸਲਾਹ ਨਾਲ ਤਿਆਰੀ ਕਰ ਲਈ।

"..ਪਰ ਭਾਅ ਜੀ ਮੈਂ ਤਾਂ ਤੈਰਨਾ ਨਹੀਂ ਜਾਣਦਾ...." "....ਤੇ ਮੈਂ ਵੀ ਨਹੀਂ...?" ਬਿੱਟੂ ਤੇ ਡਾ. ਦੋਵੇਂ ਅੱਗੇ ਪਿਛਲ ਬੋਲ ਉੱਠੇ।

"..ਆਹ ਤੁਹਾਨੂੰ ਧਗੜਿਓ, ਜੇ ਤੈਰਨਾ ਨਹੀਂ ਸੀ ਜਾਣਦੇ ਤਾਂ ਵਣਜ ਕਿਉਂ ਸਹੇੜਨਾ ਸੀ? ਹੁਣ ਬਿਨਾਂ ਤੈਰੇ ਅੱਗੇ ਕਿਵੇਂ ਜਾਵਾਂਗੇ...? ਪਿੱਛੇ ਮੁੜਿਆਂ ਚਿੱਤੜਾਂ 'ਤੇ ਡੇਢ ਕਿੱਲੋ ਦੀ ਗੋਲੀ ਵੱਜੂ, ਅਖੇ ਅਸਮਾਨ ਤੋਂ ਡਿੱਗੀ ਤੇ ਖਜੂਰ 'ਤੇ ਅਟਕੀ..." ਮੈਂ ਹੈਰਾਨੀ ਤੇ ਗੁੱਸੇ ਦੀ ਰਲੀ ਮਿਲੀ ਸੁਰ ਵਿਚ ਪੌਂਛੂ ਭਾਸ਼ਾ ਵਰਤ ਗਿਆ।

ਬਿੱਟੂ ਦੀ ਗੁੱਟ-ਘੜੀ ਦਾ ਰੇਡੀਅਮ ਚਮਕਿਆ। ਰਾਤ ਦੇ ੧੨:੩੦ ਵੱਜਣ ਨੂੰ ਸਨ।

"ਭਾਅ ਜੀ ਦੇਖੀ ਜਾਵੇਗੀ ਹੁਣ ਤਾਂ ਥੱਕੇ ਪਏ ਹਾਂ ਹਵਾ ਵੀ ਬੜੀ ਸੋਹਣੀ ਵਗਣ ਡਈ ਏ ਪਹੁ ਫੁੱਟ ਦੀ ਨਾਲ ਜਿਥੋਂ ਪਾਣੀ ਘੱਟ ਦਿਸੇਗਾ ਉਥੋਂ ਤਾਰੀ ਲਗਾਕੇ ਅੱਗੇ ਲੰਘ ਜਾਵਾਂਗੇ ਮੈਂ ਤਾਂ ਲੱਗਾ ਅੜਿੰਗ-ਬੜਿੰਗ ਹੋਣ" ਆਖਕੇ ਬਿੱਟੂ ਨੇ ਆਪਣੀ ਸਿਰ ਦੀ ਪੱਗ ਖੋਲ੍ਹ ਕੇ ਉਤੇ ਲੈ ਲਈ ਤੇ ਦਰਿਆ ਕਿਨਾਰੇ ਬਰੇਤੀ 'ਤੇ ਹੀ ਲੰਮਾ ਪੈ ਗਿਆ।

"ਮੇਰੀ ਗੁੱਡੀਆਂ-ਪਟੋਲਿਆਂ ਨਾਲ ਖੇਡਦੀ ਦੱਬ ਲਈ ਕਬੀਲਦਾਰੀ ਨੇ" ਆਖਕੇ ਡਾਕਟਰ ਸਾਬ੍ਹੀ ਵੀ ਉਹਦੀ ਪੱਗ ਵਿਚ ਵੜ ਕੇ ਨਾਲ ਹੀ ਸੌਂ ਗਿਆ।

ਪਰ ਮੈਨੂੰ ਨੀਂਦ ਕਿੱਥੇ? ਆਸ਼ਕ.. ਚੋਰ.. ਫਕੀਰ.. ਖੁਦਾ ਤੋਂ ਮੰਗਦੇ ਘੁੱਪ ਹਨੇਰਾ... ਇਨ੍ਹਾਂ ਨੂੰ ਕੀ ਪਤੈ? ਚੱਲ ਮਨਾਂ ਤੂੰ ਪੈ ਜਾ ਲੰਮਾ ਅੱਜ ਨੀਂ ਉਠਾ ਹੁੰਦਾ ਹਨੇਰੇ ਦਾ ਫਾਇਦਾ। ਤੜਕਿਉਂ ਲੱਗਾਗੇਂ ਕਿਸੇ ਸਿਰੇ। ਮੈਨੂੰ ਨਾ ਚਾਹੁੰਦਿਆਂ ਵੀ ਲੰਮਾ ਪੈਣਾ ਪੈ ਗਿਆ। ਡਾਕਟਰ ਸਾਬ੍ਹੀ ਤੇ ਬਿੱਟੂ ਥੱਕੇ ਹੋਣ ਕਰਕੇ ਘੂਕ ਸੌਂ ਗਏ। ਮੈਂ ਦੋਹਾਂ ਨੂੰ ਸੁੱਤਿਆਂ ਨੂੰ ਦੇਖ ਕੇ ਸੋਚਿਆ ਕਿ ਸਿਆਣਿਆਂ ਨੇ ਸੱਚ ਹੀ ਕਿਹਾ ਹੈ ਕਿ ਭੁੱਖ ਮਾਸ ਅਤੇ ਨੀਂਦ ਬਿਸਤਰਾ ਨਹੀਂ ਦੇਖਦੀ... ਖੁਧਿਆਵੰਤ ਨ ਜਾਣਈ ਭੱਖੁ ਅਭੱਖੁ ਸਭਿ ਖਾਇ...। ਡੂਮਣੇ ਦੀ ਮੱਖੀ ਜਿੱਡਾ ਜਿੱਡਾ ਮੱਛਰ ਕੰਨਾਂ ਕੋਲ ਅਨੋਖੀ ਬੀਨ ਵਜਾ ਰਿਹਾ ਸੀ। ਕਿਤੇ ਕਿਤੇ ਦੂਰ ਪਾਣੀ ਵਿਚੋਂ ਡੱਡੂ ਗੜੈਂ ਗੜੈਂ ਦੀ ਆਵਾਜ਼ ਕੱਢਕੇ ਜਾਗਦੇ ਰਹੋ ਦਾ ਚੌਕੀਦਾਰੀ ਹੋਕਾ ਦੇ ਰਿਹਾ ਸੀ। ਮੈਨੂੰ ਹਾਲੇ ਨੀਂਦ ਦਾ ਮਾੜਾ ਜਿਹਾ ਝੋਕਾ ਆਇਆ ਸੀ ਕਿ ਢੱਠਾ ਹੋਇਆ ਅਕਾਲ ਤਖ਼ਤ ਮੇਰੇ ਸਾਹਮਣੇ ਆ ਖਲੋਤਾ ਤੇ ਨਾਲ ਹੀ ਸੰਤ ਜਰਨੈਲ ਸਿੰਘ ਦੀ ਤਸਵੀਰ ਮੇਰੇ ਸੁੱਤੇ ਪਏ ਦੇ ਜਿਹਨ ਦੀ ਕੈਨਵਿਸ 'ਤੇ ਉਭਰੀ। ਤਸਵੀਰ ਦੇ ਬੁੱਲ੍ਹ ਫਰਕੇ, "ਕਾਮਰੇਡਾ.. ਸੂਰਮਾ ਉਹੀ ਹੁੰਦੈ ਜੋ ਸੱਚ ਧਰਮ ਦੀ ਖਾਤਿਰ ਲੜ ਮਰੇ, ਸੂਰਾ ਸੋ ਪਹਿਚਾਨੀਐ.. ਧਰਤੀ ਬਰਾਬਰਤਾ ਦਾ ਸਮਾਜ ਮੰਗਦੀ ਆ ਤੇ ਬਰਾਬਰਤਾ ਲਿਆਉਣ ਲਈ ਖੂਨ ਡੋਲ੍ਹਣਾ ਪੈਣੈ। ਨਵਾਂ ਉਸਾਰਨ ਲਈ ਪੁਰਾਣਾ ਢਾਉਣਾ ਪੈਣੈ ਧਰਤੀ 'ਤੇ ਬਰਾਬਰੀ ਦਾ ਸਮਾਜ ਬ੍ਰਾਹਮਣੀ ਸਮਾਜ ਦੀ ਵਿਤਕਰਿਆਂ ਭਰੀ ਗੁਲਾਮੀ ਤੋਂ ਆਜ਼ਾਦ ਹੋਕੇ ਹੀ ਆਊ। ਇਨਕਲਾਬ... ਲੈਨਿਨ..ਮਾਰਕਸ ਦੀਆਂ ਵਿਦੇਸ਼ੀ ਕਹਾਣੀਆਂ ਤੋਂ ਨਹੀਂ ਸਗੋਂ ਗੁਰੂ ਨਾਨਕ ਸਾਹਿਬ ਦੀ ਬਾਣੀ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਤਲਵਾਰ ਵਿਚੋਂ ਨਿਕਲਣੈ। ਆਹ ਫੜ ਭਗੌਤੀ ਤੇ ਕੁੱਦ ਪੈ ਮੈਦਾਨ ਅੰਦਰ......." ਹਾਲੇ ਮੈਂ ਸੰਤਾਂ ਕੋਲੋਂ ਸੁਪਨੇ ਵਿਚ ਤਲਵਾਰ ਹੱਥ ਫੜੀ ਹੀ ਸੀ ਕਿ ਪਟੱਕ ਦੇਣੇ ਮੇਰੀ ਅੱਖ ਖੁੱਲ੍ਹ ਗਈ। ਕੋਈ ਡੱਡੂ ਨੁਮਾ ਜੰਤੂ ਮੇਰੇ ਗਿੱਟੇ ਵਿਚ ਵੱਜਾ ਸੀ। ਲਾਗੇ ਵਾਲੇ ਪਿੰਡ ਦੇ ਗੁਰਦੁਆਰੇ ਸਾਹਿਬ ਦਾ ਸਪੀਕਰ ਬੋਲ ਪਿਆ- "*ਫਰੀਦਾ ਪਿਛਲ ਰਾਤ ਨ ਜਾਗਿਓ ਜੀਵੰਦੜੋ ਮੋਇਓਹਿ........*" "ਉਠੋ ਭਾਈ ਕਰਮਾ ਵਾਲਿਉ ਅੰਮ੍ਰਿਤ ਵੇਲੇ ਦੇ ਚਾਰ ਵੱਜ ਚੁੱਕੇ ਹਨ" ਮੈਂ ਭਾਈ ਜੀ ਦੀ ਆਵਾਜ਼ ਸੁਣਕੇ ਸਤਰਕ ਹੋ ਗਿਆ ਸਭ ਤੋਂ ਪਹਿਲਾਂ ਸੁੱਤੇ ਪਏ ਡਾਕਟਰ ਸਾਬ੍ਹੀ ਤੇ ਬਿੱਟੂ ਨੂੰ ਜਗਾਇਆ।

o------o------o

ਕਾਂਡ 5

ਕੋਈ ਸਵਾ ਕੁ ਚਾਰ ਵਜੇ ਦੇ ਕਰੀਬ ਪਹੁ ਫੁੱਟਣੀ ਸ਼ੁਰੂ ਹੋਈ। ਦਿਨ ਦੇ ਚਾਨਣੇ ਤੋਂ ਪਹਿਲਾਂ ਦਰਿਆ ਪਾਰ ਕਰਨਾ ਜ਼ਰੂਰੀ ਸੀ। ਸੋ ਦਿਲ ਤਕੜਾ ਕਰਕੇ ਅਸੀਂ ਤਿੰਨੋਂ ਜਣੇ ਦਰਿਆ ਦੇ ਪਾਣੀ ਕੋਲੋਂ ਪਹੁੰਚੇ। 'ਲੱਲੂ ਕਰੇ ਕਵੱਲੀਆਂ ਰੱਬ ਸਿੱਧੀਆਂ ਪਾਉਂਦਾ' ਦੀ ਕਹਾਵਤ ਅਨੁਸਾਰ ਜਿਹੜੇ ਪਾਣੀ ਤੋਂ ਰਾਤੀ ਅਸੀਂ ਡਰੇ ਸੀ ਉਹ ਸਿਰਫ ਗੋਡੇ-ਗੋਡੇ ਹੀ ਸੀ। ਤਕਰੀਬਨ ਸਾਰਾ ਦਰਿਆ ਹੀ ਗੋਡੇ-ਗੋਡੇ ਪਾਣੀ ਤੋਂ ਨੀਵਾਂ ਵਹਿ ਰਿਹਾ ਸੀ ਜਿਸ ਨੂੰ ਪਾਰ ਕਰਨ ਲਈ ਸਾਨੂੰ ਤਰਨ ਦੀ ਵੀ ਲੋੜ ਨਾ ਪਈ।

ਅਸੀਂ ਸਾਰਿਆਂ ਨੇ ਹਿੰਮਤ ਕਰਕੇ ਲੰਮੇ ਕਦਮੀਂ ਦਰਿਆ ਪਾਰ ਕੀਤਾ ਅਤੇ ਨੋ ਮੈਨ ਲੈਂਡ ਵਿਚ ਪ੍ਰਵੇਸ਼ ਕਰ ਗਏ। ਹੁਣ ਅਸੀਂ ਆਪਣੇ ਆਪ ਕੁਝ ਸੁਰੱਖਿਅਤ ਮਹਿਸੂਸ ਕੀਤਾ। ਨੋ ਮੈਨ ਲੈਂਡ ਪਾਰ ਕਰਨ ਬਾਅਦ ਅਸੀਂ ਛੋਟੀ ਜਿਹੀ ਕੱਚੀ ਕੰਧ ਟੱਪੀ। ਉਨ੍ਹਾਂ ਦਿਨਾਂ ਵਿਚ ਕੰਡਿਆਲੀ ਤਾਰ ਨਹੀਂ ਹੋਇਆ ਕਰਦੀ ਸੀ। ਕੰਧ ਟੱਪਣ ਤੋਂ ਬਾਅਦ ਅਸੀਂ ਹਾਲੇ ਅੱਧਾ ਕਿਲ੍ਹਾ ਵਾਟ ਗਏ ਸੀ ਕਿ ਸਾਹਮਣੇ ਮਿੱਠੀ ਮਿੱਠੀ ਸੂਰਜ ਦੀ ਲੋ ਦੇ ਚਾਨਣ ਵਿਚ ਪਾਕਿਸਤਾਨੀ ਪੋਸਟ ਉਪਰ ਲੱਗਿਆ ਹਰਾ ਝੰਡਾ ਦਿਖਾਈ ਦਿੱਤਾ। ਅਸੀਂ ਉਸਦੀ ਸੇਧ ਵੱਲ ਹੋ ਤੁਰੇ ਕਿ ਸਾਡੇ ਪਿਛਲੇ ਪਾਸੇ ਕੋਈ ਆਵਾਜ਼ ਉਰਦੂ ਬੋਲਦੀ ਉਭਰੀ.. "ਹੇ ਭਾਈ ਜਾਨ.. ਵੋਹ ਦੇਖੋ ਭਿੰਡਰਾਂਵਾਲਾ ਕੇ ਚੇਲੇ ਆ ਗਏ.. ਭਿੰਡਰਾਂਵਾਲੇ ਕੇ ਚੇਲੇ ਆ ਗਏ... ਭਿੰਡਰਾਂਵਾਲੇ ਕੇ ਚੇਲੇ.." ਇਕ ਹਰੀ ਵਰਦੀ ਤੇ ਤੁਰਲੇ ਵਾਲੀ ਪੱਗ ਬੱਧੀ ਇਕ ਪਾਕਿਸਤਾਨੀ ਰੇਂਜਰ ਸਾਡੇ ਪਛਾੜੀ ਖੜ੍ਹਾ ਰੌਲਾ ਪਾਈ ਜਾ ਰਿਹਾ ਸੀ। ਉਸਦਾ ਕਿਹਾ ਹੋਇਆ ਭਿੰਡਰਾਂਵਾਲਾ ਦੇ ਚੇਲੇ ਸ਼ਬਦ ਮੇਰੇ ਲੂੰਈ ਕੰਡਿਆ ਗਿਆ ਤੇ ਮੈਨੂੰ ਸਦਾ ਯਾਦ ਆਉਣ ਸਮੇਂ ਸਰੂਰ ਦਿੰਦਾ ਹੈ ਕਿਸੇ ਧਾਰਮਿਕ ਇਨਕਲਾਬੀ ਸ਼ਖਸੀਅਤ ਦੇ ਨਾਂ ਦਾ ਮੇਰੇ ਨਾਲ ਜੁੜਨਾ ਮੈਨੂੰ ਆਨੰਦ ਦਾਇਕ ਮਾਣਮੱਤਾ ਮਹਿਸੂਸ ਹੋਇਆ।

ਮੇਰਾ ਸਾਰੇ ਦਾ ਸਾਰਾ ਚਾਅ ਉਦੋਂ ਇਕ ਦਮ ਹੈਰਾਨੀ ਵਿਚ ਬਦਲ ਗਿਆ ਜਦੋਂ ਚਾਰ-ਪੰਜ ਪਾਕਿਸਤਾਨੀਆਂ ਨੇ ਸਾਡੇ ਆਲੇ-ਦੁਆਲੇ ਘੇਰਾ ਘੱਤ ਲਿਆ ਤੇ ਸਾਡੀ ਤਲਾਸ਼ੀ ਲੈਣੀ ਸ਼ੁਰੂ ਕਰ ਦਿੱਤੀ। ਤਲਾਸ਼ੀ ਤੋਂ ਬਾਅਦ ਸਾਨੂੰ ਤੰਬੂ ਵਰਗੀ ਪੁਲਿਸ ਪੋਸਟ ਵਿਚ ਲਿਜਾਇਆ ਗਿਆ।

"..ਹਾਂ ਬਈ ਸਰਦਾਰੋ ਕਿਵੇਂ ਆਏ ਜੇ...?" ਇਕ ਪਾਕਿਸਤਾਨੀ ਅਫਸਰ ਨੇ ਤੰਬੂ ਵਿਚ ਦਾਖਲ ਹੁੰਦਿਆਂ ਸਾਡੇ ਨਾਲ ਵਾਰੋ ਵਾਰ ਹੱਥ ਮਿਲਾਉਂਦਿਆਂ ਪੁਛਿਆ। ਉਸਨੇ ਸਾਨੂੰ ਨਾਲ ਹੀ ਕੁਰਸੀਆਂ 'ਤੇ ਬੈਠਣ ਦਾ ਇਸ਼ਾਰਾ ਕਰ ਦਿੱਤਾ ਅਤੇ ਘੰਟੀ ਮਾਰ ਕੇ ਚਪੜਾਸੀ ਨੂੰ ਚਾਹ-ਪਾਣੀ ਦਾ ਇੰਤਜ਼ਾਮ ਕਰਨ ਲਈ ਆਖ ਦਿੱਤਾ।

"ਆਉਂਣਾ ਕਿਵੇਂ ਹੋਇਆ ਜਨਾਬ...? ਸਾਡੀ ਸਾਰੀ ਕੌਮ ਦੀ ਹੋਈ ਬੇਪਤੀ ਦਾ ਤੁਹਾਨੂੰ ਕਿਹੜਾ ਪਤਾ ਨੀਂ... ਅਕਾਲ ਤਖ਼ਤ ਦੀ ਬੇ ਹੁਰਮਤੀ... ਧੀਆਂ ਭੈਣਾਂ ਨਾਲ ਜ਼ਬਰ-ਜਿਨਾਹ... ਕੀ ਨੀਂ ਹੋਇਆ ੧੯੭੮ ਤੋਂ ਲੈ ਕੇ ਹੁਣ ਤਕ ਸਾਡੇ ਨਾਲ....?" ਡਾਕਟਰ ਸਾਬ੍ਹ ਨੇ ਗੱਲ ਆਪਣੇ ਹੱਥ ਲੈ ਲਈ ਜਦ ਤਕ ਸੇਵਾਦਾਰ ਚਾਹ ਤੇ ਪਕੌੜੇ ਲੈ ਕੇ ਆ ਗਿਆ।

"ਲਓ ਪਹਿਲਾਂ ਕੁਝ ਛਕੋ ਸਫਰ ਦੇ ਭੁੱਖੇ ਹੋਵੋਗੇ।" ਅਫਸਰ ਨੇ ਪਕੌੜੇ ਤੇ ਚਾਹ ਸਾਡੇ ਅੱਗੇ ਕਰਦਿਆਂ ਕਿਹਾ। "ਨਾ ਹੁਣ ਪਤਾ ਲੱਗਾ... ਹੁਣ ਦਿਖਾਈ ਦਿੱਤਾ ਗਾਂਧੀ ਟੋਪੀ ਤੇ ਖੱਦਰ ਵਾਲੇ ਅਹਿੰਸਾਵਾਦੀਆਂ ਦਾ ਅਸਲੀ ਰੂਪ? ਉਦੋਂ ਤਾਂ ਤੁਹਾਡੇ ਲੀਡਰਾਂ ਨੂੰ ਦੇਸ਼ ਭਗਤੀ ਦਾ ਭੂਤ ਚਿੰਬੜਿਆ ਹੋਇਆ ਸੀ। ਅਖੇ ਮਿਸਟਰ ਜਿਨਾਹ ਨੂੰ ਨਹੀਂ ਮਿਲਣਾ ਤੇ ਹੁਣ..?"

ਮੈਨੂੰ ਜਾਪਿਆ ਕਿ ਪਾਕਿਸਤਾਨੀ ਅਫਸਰ ਸਾਨੂੰ ਬੇਲੋੜਾ ਜ਼ਲੀਲ ਕਰ ਰਿਹਾ ਹੈ।

"ਜਨਾਬ ਅਸੀਂ ਤਾਂ ਤੁਹਾਡੇ ਕੋਲ ਮਿੱਤਰ ਜਾਣਕੇ ਡੁੱਬਦੇ ਨੂੰ ਤਿਣਕੇ ਦੇ ਸਹਾਰੇ ਵਾਂਗ ਸਹਾਇਤਾ ਲਈ ਆਏ ਸੀ। ਤੁਸੀਂ ਕੋਈ ਸਹਾਇਤਾ ਨਹੀਂ ਕਰ ਸਕਦੇ ਤਾਂ ਸਾਡਾ ਤੇ ਸਾਡੀ ਕੌਮ ਦਾ ਮਜ਼ਾਕ ਉਡਾ ਕੇ ਸੜੇ ਤੇ ਲੂਣ ਤਾਂ ਨਾ ਭੁੱਕੋ" ਮੈਂ ਵਿਚੋਂ ਹੀ ਬੋਲ ਪਿਆ।

"ਉਹ ਨਹੀਂ ਭਾਈ ਸਰਦਾਰ ਜਵਾਨਾਂ, ਕੀਤੀ ਤਾਂ ਮੈਂ ਸੱਚੀ ਗੱਲ ਸੀ ਜੇ ਤੇਰੇ ਮਨ ਨੂੰ ਬੁਰੀ ਲੱਗੀ ਹੋਵੇ ਤਾਂ ਮਾਫੀ ਚਾਹੁਨਾ ਵਾਂ। ਆਈ ਐਮ ਰੀਅਲੀ ਸੌਰੀ..." ਐਸ ਵਾਰ ਅਫਸਰ ਦੇ ਮੂੰਹ 'ਤੇ ਸੱਚ ਮੁੱਚ ਹੀ ਅਫਸੋਸ ਦਾ ਆਲਮ ਸੀ। "ਬਈ ਦੇਖੋ... ਮੇਰੇ ਹੱਥ ਵੱਸ ਕੋਈ ਬਹੁਤਾ ਨਹੀਂ... ਹੁਣ ਤਾਂ ਮੈਂ ਹੋਇਆ ਕਾਨੂੰਨ ਦਾ ਬੱਧਾ ਤੇ ਕਿਉਂਕਿ ਤੁਹਾਡੇ ਕੋਲ ਕੋਈ ਵੀਜ਼ਾ ਜਾਂ ਹੋਰ ਡਾਕੂਮੈਂਟ ਤਾਂ ਹੈ ਨੀਂ ਇਸ ਲਈ ਮੈਨੂੰ ਤੁਹਾਡੀ ਗ੍ਰਿਫਤਾਰੀ ਪਾ ਕੇ ਤੁਹਾਨੂੰ ਹਾਈਕਮਾਂਡ ਕੋਲ ਪਹੁੰਚਾਉਣਾ ਪੈਣੈ... ਬਾਕੀ ਡਾਹਢਿਆਂ ਦੀ ਮਰਜ਼ੀ ਤੇ ਤੁਹਾਡੀ ਕਿਸਮਤ..." ਪਾਕਿਸਤਾਨੀ ਅਫਸਰ ਨੇ ਆਪਣੇ ਦੋਵੇਂ ਹੱਥ ਮੇਜ਼ ਤੋਂ ਚੁੱਕਕੇ ਹਵਾ ਵਿਚ ਖਿਲਾਰ ਦਿੱਤੇ।

"ਉਂਝ ਸਰਦਾਰੋ ਤੁਹਾਡੇ ਵੱਡਿਆਂ ਲੀਡਰਾਂ ਦੀਆਂ ਕੀਤੀਆਂ ਗਲਤੀਆਂ ਦਾ ਖਮਿਆਜ਼ਾ ਅੱਜ ਸਾਰੀ ਕੌਮ ਨੂੰ ਭੁਗਤਣਾ ਪੈ ਰਿਹੈ..." ਅਫਸਰ ਨੇ ਸਾਡੇ ਵੱਲ ਗਹੁ ਨਾਲ ਵੇਖਿਆ।

"ਤੁਸੀਂ ਖਾਨ ਸਾਹਿਬ ਉਨਾਂ ਖੁਸੱਟ ਲੋਕਾਂ ਨੂੰ ਸਾਡੇ ਲੀਡਰ ਕਹਿ ਕੇ ਵਾਰ ਵਾਰ ਸਾਡਾ ਮੂੰਹ ਚਿੜਾ ਰਹੇ ਹੋ.... ਇਹ ਤਾਂ ਅਸੀਂ ਵੀ ਜਾਣਦੇ ਆਂ ਕਿ ਖਤਾ ਲਮਹੇ ਨੇ ਕੀ ਸਜ਼ਾ ਸਦੀਓਂ ਨੇ ਪਾਈ। ਪਰ ਹੁਣ ਹੋ ਕੀ ਸਕਦਾ ਹੈ? ਹੁਣ ਤਾਂ ਸਾਡੇ ਵਾਹਦ ਲੀਡਰ ਸੰਤ ਜਰਨੈਲ ਸਿੰਘ ਤੇ ਉਨ੍ਹਾਂ ਦੀ ਸੋਚ ਹੈ ਜਿਸ 'ਤੇ ਪਹਿਰਾ ਦੇਣ ਲਈ ਅਤੇ ਸੰਤ ਜੀ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਔਕੜਾਂ ਨੂੰ ਸਹਿ ਕੇ ਇਥੇ ਆਏ ਹਾਂ" ਡਾਕਟਰ ਸਾਬ੍ਹੀ ਵਾਰ ਵਾਰ ਖਾਨ ਦੇ ਰਵਾਇਤੀ ਅਕਾਲੀਆਂ ਨੂੰ ਕੌਮ ਦੇ ਲੀਡਰ ਕਹਿਣ ਕਰਕੇ ਕੁਝ ਖਿਝ ਗਿਆ।

"..ਉਹ ਤਾਂ ਠੀਕ ਹੈ ਜਵਾਨੋਂ, ਪਰ ਬਹੁਤ ਕਠਿਨ ਹੈ ਡਗਰ ਪਨਘਟ ਕੀ... ਲਿਆਓ ਆਪਣੇ ਨਾਂ ਤੇ ਪਤੇ ਨੋਟ ਕਰਵਾਓ..." ਕਹਿੰਦਿਆਂ ਹੋਇਆਂ ਅਫਸਰ ਨੇ ਨੋਟ ਬੁੱਕ ਤੇ ਪੈਨ ਚੁੱਕ ਲਿਆ।

"ਕੋਈ ਗੱਲ ਨੀਂ ਜਨਾਬ ਤੁਹਾਨੂੰ ਔਖੀ ਡੰਡੀ ਦਾ ਜੇ ਪਤੈ ਤਾਂ ਸਾਡੇ ਕੌਮੀ ਜਜ਼ਬਿਆਂ ਤੇ ਕੁਰਬਾਨੀਆਂ ਦਾ ਅਹਿਸਾਸ ਵੀ ਹੋਵੇਗਾ ਹੀ, ਜਦੋਂ ਆਜ਼ਾਦੀ ਦੀ ਹੀਰ ਨੂੰ ਪਰਨਾਉਣਾ ਹੀ ਮਿੱਥ ਲਿਆ ਤਾਂ ਕੰਨ ਪੜਵਾਉਣ ਤੋਂ ਕਾਹਦਾ ਡਰਨਾ? ਤੁਸੀਂ ਮੁੰਦਰਾਂ ਪਾਉਣ ਦਾ ਸਵਾਬ ਖੱਟੋ ਕੇਰਾਂ..." ਕੋਲ ਖਲੋਤਾ ਬਿੱਟੂ ਬੋਲਿਆ ਉਸਦੇ ਬੋਲ ਵਿਚ ਰਾਵੀ ਦੇ ਪਾਣੀ ਵਰਗੀ ਰਵਾਨਗੀ ਸੀ।

"..ਉਹ ਆਫਰੀਨ ਤੇਰੇ ਸਰਦਾਰਾ... ਸਦਕੇ ਤੇਰੀ ਜੰਮਣ ਵਾਲੀ ਦੇ, ਸਦਕੇ ਤੇਰੀ ਕੌਮ ਦੇ..." ਖਾਨ ਨੇ ਉਠਕੇ ਬਿੱਟੂ ਨੂੰ ਗੱਲਵਕੜੀ ਪਾ ਲਈ। "..ਲੈ ਪਹਿਲਾਂ ਤੂੰ ਹੀ ਲਿਖਾ ਆਪਣਾ ਪਤਾ...।....

ਹਾਂ ਕੀ ਨਾਮ....?"

"ਜੀ.. ਕੰਵਰਜੀਤ ਸਿੰਘ ਬਿੱਟੂ...।"

"....ਵਲਦ....?"

"ਸ. ਸ਼ਮਸ਼ੇਰ ਸਿੰਘ...।"

"ਵਾਸੀ...?"

"ਰਾਣੀ ਕਾ ਬਾਗ, ਅੰਮ੍ਰਿਤਸਰ...।"

"...ਪੜ੍ਹਾਈ...?"

"ਡਿਗਰੀ ਇਨ ਬਿਜਨੈਸ ਐਡਮਿਨਸਟ੍ਰੇਸ਼ਨ...।"

ਇਕ ਵਾਰੀ ਤਾਂ ਖਾਨ ਦਾ ਹੱਥ ਕੰਬ ਗਿਆ। "ਕਮਾਲ ਏ ਬਈ ਇਨ੍ਹਾਂ ਵਿਚ ਇੰਨਾ ਪੜ੍ਹ-ਲਿਖ ਕੇ ਵੀ ਕੌਮੀ ਜਜ਼ਬਾ ਨਹੀ ਮਰਿਆ! ਪਤਾ ਨਹੀਂ ਇਨ੍ਹਾਂ ਦਾ ਪੀਰ ਕੀ ਆਬੇ ਹਿਯਾਤ ਪਿਲਾ ਗਿਐ... ਬਾਟੇ ਵਿਚ ਘੋਲ ਕੇ..." ਖਾਨ ਬੜਬੜਾਇਆ।

"ਹਾਂ ਜੀ ਸਰਦਾਰ ਸਾਹਿਬ ਤੁਹਾਡਾ ਨਾਂ....?"

ਖਾਨ ਅਫਸਰ ਡਾਕਟਰ ਸਾਬ੍ਹੀ ਨੂੰ ਮੁਖਾਤਬ ਹੋਇਆ।

"ਸਰ ਆਈ ਐਮ ਸਾਹਿਬ ਸਿੰਘ ਉਰਫ ਸਾਬ੍ਹੀ ਸੰਨ ਆਫ ਸ. ਕ੍ਰਿਪਾਲ ਸਿੰਘ ....,

.....ਵੀ.ਪੀ.ਓ. ਦਾਨੂਵਾਲ, ਪੱਟੀ, ਅੰਮ੍ਰਿਤਸਰ.....।"

"ਓਹ ਵੈਰੀ ਗੁੱਡ... ਯੂਅਰ ਕੁਆਲੀਫਿਕੇਸ਼ਨ...?"

ਖਾਨ ਡਾਕਟਰ ਸਾਬ੍ਹੀ ਤੋਂ ਪ੍ਰਭਾਵਿਤ ਸੀ।

"ਐਮ.ਬੀ.ਬੀ.ਐਸ. ਫਾਈਨਲ ਯੀਅਰ ਨਾਓ...।"

"...ਹੈਂ...!" ਖਾਨ ਹੈਰਾਨਗੀ ਦੇ ਆਲਮ ਵਿਚ ਹੋਰ ਕੁਝ ਨਾ ਬੋਲ ਸਕਿਆ।

"ਮੈਂ ਮਹਿੰਗਾ ਸਿੰਘ ਸੰਨ ਆਫ ਸਿੰਗਾਰਾ ਸਿੰਘ.....

......ਵੀ.ਪੀ.ਓ. ਦਾਨੂਵਾਲ, ਅੰਮ੍ਰਿਤਸਰ....

.....ਪੜ੍ਹਾਈ ਬੀ.ਏ.....।"

ਮੈਂ ਆਪਣੀ ਜਾਣ-ਪਛਾਣ ਖੁਦ ਹੀ ਦੱਸ ਦਿੱਤੀ।

"ਅੱਛਾ ਸਰਦਾਰ ਜੀ ਅੱਜ ਤੁਸੀਂ ਆਰਾਮ ਕਰੋ, ਕੱਲ੍ਹ ਨੂੰ ਤੁਹਾਨੂੰ ਲਾਹੌਰ ਲਿਜਾਇਆ ਜਾਵੇਗਾ। ਕਿਸੇ ਵੀ ਚੀਜ਼ ਦੀ ਲੋੜ ਹੋਵੇ ਤਾਂ ਕਹਿ ਦੇਣਾ। ਹੁਣ ਤੁਸੀਂ ਨਹਾ ਧੋ ਕੇ ਕੱਪੜੇ ਬਦਲ ਲਵੋ। ਔਹ ਤੰਬੂ ਵੱਲ ਤੁਹਾਡੀ ਰਿਹਾਇਸ਼ ਦਾ ਪ੍ਰਬੰਧ ਹੈ।" ਉਸਨੇ ਖੱਬੇ ਹੱਥ ਇਸ਼ਾਰਾ ਕੀਤਾ।

"ਰਹਿਮਤ ਅਲੀ...........? .....ਓਏ ਸਰਫਰਾਜ਼..." ਆਫੀਸਰ ਨੇ ਬੈਲ 'ਤੇ ਹੱਥ ਮਾਰਦਿਆਂ ਆਵਾਜ਼ ਮਾਰੀ।

"ਯੈਸ ਸਰ...." ਦੋ ਲੰਮੇ ਉਚੇ ਪਠਾਣਾਂ ਨੇ ਜੋੜ ਕੇ ਪੈਰ ਖੜਕਾਉਂਦਿਆਂ ਸਲੂਟ ਆ ਮਾਰੀ।

"..ਇੰਜ ਕਰੋ ਸਰਦਾਰ ਜੀ ਹੁਰਾਂ ਨੂੰ ੧੪ ਨੰਬਰ ਤੰਬੂ ਵਿਚ ਲੈ ਜਾਓ ਇਨ੍ਹਾਂ ਲਈ ਗਰਮ ਪਾਣੀ ਦਾ ਪ੍ਰਬੰਧ ਕਰੋ.... ਆਪਣੇ ਪ੍ਰਾਹੁਣੇ ਜੇ.... ਚੰਗੇ ਪੜ੍ਹੇ ਲਿਖੇ ਹੈਨ.... ਦੇਖਿਓ ਮੈਨੂੰ ਸੇਵਾ ਪੱਖੋਂ ਕੋਈ ਉਲ੍ਹਾਂਬਾ ਨਾ ਆਵੇ, ਕਲ੍ਹ ਨੂੰ ਇਨ੍ਹਾਂ ਨੂੰ ਹਾਈ ਕਮਾਂਡ ਦੇ ਪੇਸ਼ ਕਰਨਾ ਐ... ਨਾਲੇ ਵਜੀਦੇ ਅਪਰੇਟਰ ਨੂੰ ਕਹੁ ਕਿ ਕੰਟਰੋਲ

ਹੁਮ ਨੂੰ ਸੂਚਿਤ ਕਰੋ.... ਤੁਸੀਂ ਸਰਦਾਰ ਜੀ ਜਾਉ ਇਨ੍ਹਾਂ ਨਾਲ...।" ਐਨਾ ਆਖ ਕੇ ਪਾਕਿਸਤਾਨੀ ਅਫਸਰ ਕਾਗਜ਼ਾਤ ਫਰੋਲਣ ਵਿਚ ਮਸਰੂਫ ਹੋ ਗਿਆ। ਸਿਪਾਹੀਆਂ ਨੇ ਬਾਹਰ ਨਿਕਲਦੇ ਸਮੇਂ ਫਿਰ ਸਲੂਟ ਖੜਕਾਇਆ ਤੇ ਸਾਨੂੰ ਨਾਲ ਲੈ ਤੁਰੇ।

ਅਗਲੇ ਦਿਨ ਸਾਨੂੰ ਬੁਰਕੇ ਪਹਿਨਾ ਦਿੱਤੇ ਗਏ ਅਤੇ ਹਦਾਇਤ ਦਿੱਤੀ ਗਈ ਕਿ ਹੁਣ ਤੁਹਾਨੂੰ ਲਾਹੌਰ ਲਿਜਾਇਆ ਜਾਵੇਗਾ, ਇਸ ਲਈ ਸਾਹਮਣੇ ਖੜ੍ਹੇ ਟਰੱਕਾਂ ਵਿਚ ਬੈਠ ਜਾਉ। ਟਰੱਕ ਕੋਈ ਦੋ-ਢਾਈ ਘੰਟੇ ਦੇ ਸਫਰ ਬਾਅਦ ਲਾਹੌਰ ਸ਼ਹਿਰ ਵਿਚ ਵੜ ਗਏ। ਮੈਨੂੰ ਮਹਿਸੂਸ ਹੋਇਆ ਕਿ ਨੇੜੇ-ਤੇੜੇ ਇਲਾਕੇ ਵਿਚ ਬਿਨਾਂ ਵਜ੍ਹਾ ਹੀ ਟਰੱਕ ਘੁਮਾਏ ਗਏ ਸਨ ਤਾਂ ਕਿ ਸਾਨੂੰ ਰਸਤੇ ਦਾ ਪਤਾ ਨਾ ਲੱਗ ਸਕੇ। ਇਕ ਲਾਲ ਰੰਗ ਦੀ ਇਮਾਰਤ ਕੋਲ ਟਰੱਕ ਰੋਕ ਦਿੱਤੇ ਗਏ। ਹੁਣ ਸਾਨੂੰ ਪਤਾ ਚੱਲਿਆ ਕਿ ਪਾਕਿਸਤਾਨ ਫੌਜ ਦੀ ਅੰਡਰ ਕਸਟਡੀ ਵਿਚ ਸੀ। ਟਰੱਕ ਤੋਂ ਉਤਰਨ ਸਾਰ ਸਾਨੂੰ ਸ਼ੱਬ ਦੀ ਸ਼ੱਬ ਕਮਾਂਡੋਜ਼ ਨੇ ਘੇਰ ਲਿਆ। ਮਿਲਟਰੀ ਅਫਸਰ ਨੇ ਸਾਨੂੰ ਪੁਲਿਸ ਦੇ ਹਵਾਲੇ ਕਰ ਦਿੱਤਾ ਤੇ ਵਾਪਸ ਪਰਤ ਗਿਆ। ਹਿਰਾਸਤ ਵਿਚ ਲੈਣ ਤੋਂ ਬਾਅਦ ਸਾਨੂੰ ਇਕ ਹਾਲ ਨੁਮਾ ਕਮਰੇ ਵਿਚ ਦੂਰ ਦੂਰ ਕਰਕੇ ਬਿਠਾ ਦਿੱਤਾ ਗਿਆ। ਪੁਲਿਸ ਦਾ ਇਕ ਇਕ ਸਿਪਾਹੀ ਸਾਡੇ ਸਿਰਾਂ ਉਪਰ ਖੜ੍ਹਾ ਕਰ ਦਿੱਤਾ ਗਿਆ ਅਤੇ ਸਾਨੂੰ ਆਪਸ ਵਿਚ ਬੋਲਣ ਤੋਂ ਸਖ਼ਤੀ ਨਾਲ ਵਰਜ ਦਿੱਤਾ ਗਿਆ। ਮੈਂ ਮਹਿਮਾਨ ਨਿਵਾਜ਼ੀ ਦੇ ਇਸ ਅਜੀਬ ਢੰਗ ਤੋਂ ਹੈਰਾਨ ਸਾਂ। ਫਿਰ ਸ਼ੁਰੂ ਹੋਇਆ ਇਕ ਅਨੋਖਾ ਇਮਤਿਹਾਨ, ਇਹ ਸੀ ਪਾਕਿਸਤਾਨੀ ਪੁਲਿਸ ਦਾ ਪੁੱਛ-ਗਿੱਛ ਦਾ ਢੰਗ। ਕੋਈ ਢਾਈ ਕੁ ਵਜੇ ਦੁਪਹਿਰ ਨੂੰ ਸਿਵਲ ਡਰੈਸ ਵਿਚ ਤਿੰਨ ਪਾਕਿਸਤਾਨੀ ਪੰਜਾਬੀ ਆਏ ਜਿਨ੍ਹਾਂ ਨੇ ਵਾਰ ਵਾਰ ਸਾਡੇ ਕੋਲੋਂ ਨਾਂ ਪਤਾ ਤੇ ਯੋਗਤਾ ਆਦਿ ਪੁੱਛ-ਗਿੱਛ ਕਰਕੇ ਕਾਪੀਆਂ 'ਤੇ ਨੋਟ ਕੀਤੀ।

ਕੀ ਕਰਨ ਪਾਕਿਸਤਾਨ ਆਏ ਜੇ....?

ਪੁੱਛ 'ਤੇ ਅਸੀਂ ਸਾਰਿਆਂ ਨੇ ਜਵਾਬ ਦਿੱਤਾ ਕਿ ਸੰਘਰਸ਼ ਕਰਨ ਲਈ ਅਤੇ ਕੌਮੀ ਆਜ਼ਾਦੀ ਦੀ ਪ੍ਰਾਪਤੀ ਲਈ ਤੁਹਾਡੀ ਸਹਾਇਤਾ ਤੇ ਖਾੜਕੂ ਬਨਣ ਲਈ ਆਏ ਹਾਂ। ਉਸ ਟੋਲੀ ਦੇ ਜਾਣ ਬਾਅਦ ਅੱਧੇ ਘੰਟੇ ਪਿਛੋਂ ਤਿੰਨ ਜਣੇ ਹੋਰਾਂ ਦੀ ਟੋਲੀ ਆ ਗਈ। ਫਿਰ ਉਹੀ ਸਵਾਲ ਦੁਹਰਾਏ ਗਏ। ਦੁਪਹਿਰ ਢਾਈ ਵਜੇ ਤੋਂ ਲੈ ਕੇ, ਬਾਰਾਂ ਵਜੇ ਤਕ ਇਹੋ ਕਾਰਵਾਈ ਚਲਦੀ ਗਈ। ਸਾਡੇ ਖਾਣ-ਪੀਣ ਦਾ ਕੋਈ ਖਿਆਲ ਨਹੀਂ ਸੀ ਤੇ ਨਾ ਹੀ ਸਾਨੂੰ ਇਕ ਦੂਜੇ ਨਾਲ ਬੋਲਣ ਦਿੱਤਾ ਗਿਆ। ਅਸੀਂ ਸਾਰੇ ਇਸ ਵਰਤਾਰੇ ਤੋਂ ਬਹੁਤ ਦੁਖੀ ਸਾਂ। ਵਾਰ ਵਾਰ ਇਕੋ ਹੀ ਸਵਾਲਾਂ ਦੇ ਉੱਤਰ ਦੇ ਕੇ ਅਤੇ ਉਨੀਂਦਰੇਂ ਨਾਲ ਪ੍ਰੇਸ਼ਾਨ ਵੀ ਸਾਂ। ਤਕਰੀਬਨ ਸਾਢੇ ਬਾਰਾਂ ਵਜੇ ਰਾਤ ਨੂੰ ਪੁਲਿਸ ਦੇ ਮੁਲਾਜ਼ਮਾਂ ਦਾ ਟੋਲਾ ਅੰਦਰ ਆਇਆ, ਜਿਨ੍ਹਾਂ ਨੇ ਸਾਨੂੰ ਹਾਲ ਕਮਰੇ ਦੀ ਇਕ ਨੁਕਰੇ ਇਕੱਠਾ ਕਰ ਲਿਆ। ਟੋਲੇ ਦੀ ਅਗਵਾਈ ਸਾਨੂੰ ਫੌਜ ਦੇ ਹਵਾਲੇ ਤੋਂ ਲੈਣ ਵਾਲਾ ਡੀ.ਐਸ.ਪੀ. ਕਰ ਰਿਹਾ ਸੀ। ਹਾਲ ਵਿਚ ਕੁਝ ਕੁਰਸੀਆਂ ਡਹੀਆਂ ਹੋਈਆਂ ਸਨ, ਜਿਨ੍ਹਾਂ ਵਿਚੋਂ ਇਕ ਕੁਰਸੀ ਉਪਰ ਡੀ.ਐਸ.ਪੀ. ਬੈਠ ਗਿਆ। ਸਾਰੇ ਹਾਲ ਵਿਚ ਸ਼ਮਸ਼ਾਨ ਦੀ ਚੁੱਪ ਵਰਗੀ ਸ਼ਾਂਤੀ ਪਸਰੀ ਹੋਈ ਸੀ। ਬਾਹਰ ਦੂਰ ਕਿਤੇ ਕਿਤੇ ਕੁੱਤਾ ਭੌਂਕਣ ਦੀ ਆਵਾਜ਼ ਆ ਰਹੀ ਸੀ। ਸਾਰੇ ਹਾਲ ਵਿਚ ਮਾਮੂਲੀ ਜਿਹੀ ਰੌਸ਼ਨੀ ਸੀ। ਥੋੜ੍ਹੀ ਦੇਰ ਬਾਅਦ ਚੀਂਅ...ਅ....ਅ. ਦੀ ਆਵਾਜ਼ ਕਰਦਾ ਹੋਇਆ ਲੱਕੜ ਦਾ ਦਰਵਾਜ਼ਾ ਖੁੱਲ੍ਹਿਆ। ਡੀ.ਐਸ.ਪੀ. ਆਪਣੀ ਕੁਰਸੀ ਤੋਂ ਇਕ ਦਮ ਉਠਕੇ ਖੜ੍ਹਾ ਹੋ ਗਿਆ। ਬੂਹੇ ਵਿਚੋਂ ਲੰਮੇ ਕਦਮੀਂ ਤਿੰਨ ਸੂਟਡ-ਬੂਟਡ ਆਦਮੀ ਹਾਲ ਵਿਚ ਦਾਖਲ ਹੋਏ। ਬੂਹੇ 'ਤੇ ਖੜ੍ਹੇ ਸਿਪਾਹੀ ਸਲੂਟ ਮਾਰ ਕੇ ੯੦ ਦੇ ਕੋਣ ਵਾਂਗ ਆਕੜ ਕੇ ਖਲੋ ਗਏ। ਡੀ.ਐਸ.ਪੀ. ਨੇ ਗਿੱਟੇ ਜੋੜ ਕੇ ਸਲੂਟ ਮਾਰਿਆ। ਹੁਣ ਡੀ.ਐਸ.ਪੀ. ਸਮੇਤ ਸਾਰੇ ਜਣਿਆਂ ਆਪੋ ਆਪਣੀ ਜਗ੍ਹਾ ਮੱਲ ਲਈ।

"ਹਲਾ..! ਆਹ ਜੇ ਭਾਰਤੀ ਸਰਦਾਰ...?" ਨਵੇਂ ਆਏ ਅਫਸਰਾਂ ਵਿਚੋਂ ਇਕ ਬੋਲਿਆ। "ਇਹ ਕਿਵੇਂ ਆਪਣੇ ਪਿਉ ਦਾ ਦੇਸ਼ ਸਮਝ ਕੇ ਆ ਵੜੇ ਇਧਰ...?"

"ਕੁਤਬਦੀਨ... ਕਾਰਵਾਈ ਸ਼ੁਰੂ ਕੀਤੀ ਜਾਵੇ....।" ਅਫਸਰ ਨੇ ਡੀ.ਐਸ.ਪੀ. ਨੂੰ ਇਸ਼ਾਰਾ ਕੀਤਾ।

"ਹਾਂ ਬਈ ਸਰਦਾਰੋ, ਪਹਿਲਾਂ ਤਾਂ ਮੈਂ ਤਿਹਾਨੂੰ ਇਹ ਦੱਸ ਦਿਵਾਂ ਕਿ ਇਹ ਅਫ਼ਸਰਾਨ ਸਾਡੀਆਂ ਖੁਫ਼ੀਆ ਏਜੰਸੀਆਂ ਦੇ ਉੱਚ ਅਫ਼ਸਰਾਨ ਨੇ... ਤੇ ਮੇਰੇ ਬਾਰੇ ਤੁਸੀਂ ਜਾਣ ਹੀ ਗਏ ਹੋਵੋਂਗੇ..... ਮੇਰਾ ਨਾਂ ਮੁਹੰਮਦ ਕੁਤਬ-ਉਦ-ਦੀਨ ਸਯੱਦ ਡੀ.ਐਸ.ਪੀ. ਆਫ ਇੰਨਵੈਸਟੀਗੇਸ਼ਨ ਹੈ। ਮੇਰਾ ਸੁਭਾਅ ਤਾਂ ਤਿਹਾਨੂੰ ਹੁਣੇ ਪਤਾ ਲੱਗ ਹੀ ਜਾਊ, ਪਰ ਮੇਰੇ ਸੁਭਾਅ ਦੀ ਇਕ ਖਾਸੀਅਤ ਇਹ ਵੇ... ਕਿ ਮੈਂ ਝੂਠ ਬਿਲਕੁਲ ਪਸੰਦ ਨਹੀਂ ਕਰਦਾ... ਤੇ ਆਸ ਕਰਨਾਂ ਵਾ.... ਕਿ ਤੁਸੀਂ ਮੈਨੂੰ ਜੱਲਾਦ ਨਹੀਂ ਬਣਾਉਂਗੇ... ਜੋ ਮੈਂ ਪੁੱਛਾਂਗਾਂ ਉਹਦਾ ਸਹੀ ਸਹੀ ਤੇ ਸੱਚ-ਸੱਚ ਜਵਾਬ ਅਦਾ ਫਰਮਾਉਂਗੇ... ਹਲਾ ਹੁਣ ਸਿਆਣੇ ਬੀਬੇ ਬਣਕੇ ਦੱਸੋ ਕਿ ਤੁਸੀਂ ਪਾਕਿਸਤਾਨ ਕੀ ਕਰਨ ਆਏ ਜੇ....? ਕਿਹੜੀ ਭਾਰਤੀ ਖੁਫ਼ੀਆ ਏਜੰਸੀ ਨੇ ਤਿਹਾਨੂੰ ਇਥੇ ਭੇਜਿਆ ਜੇ ਤੇ ਤਿਹਾਡਾ ਮਿਸ਼ਨ ਕੀ ਜੇ...?" ਡੀ.ਐਸ.ਪੀ. ਕੁਤਬ-ਉਦ-ਦੀਨ ਨੇ ਸਾਡੇ ਤਿੰਨਾਂ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਚਿਹਰਿਆਂ ਵੱਲ ਵੇਂਹਦਿਆਂ ਬੜੇ ਜ਼ਾਬਤੇ ਨਾਲ ਸੁਆਲਾਂ ਦਾ ਸਿਲਸਿਲਾ ਸ਼ੁਰੂ ਕੀਤਾ।

"ਸਰ, ਅਸੀਂ ਪਹਿਲਾਂ ਵੀ ਦੱਸ ਚੁੱਕੇ ਹਾਂ ਕਿ ਅਸੀਂ ਕੌਮ ਦੀ ਬ੍ਰਾਹਮਣਾਂ ਹੱਥੋਂ ਹੋਈ ਬੇਇਜ਼ਤੀ ਦਾ ਬਦਲਾ ਲੈਣ ਲਈ ਹਥਿਆਰਬੰਦ ਸੰਘਰਸ਼ ਕਰਨ ਹਿੱਤ ਸਹਾਇਤਾ ਦੀ ਆਸ ਨਾਲ ਇਥੇ ਆਏ ਆਂ, ਸਾਡੇ ਕਿਸੇ ਭਾਰਤੀ ਖੁਫ਼ੀਆ ਏਜੰਸੀ ਨਾਲ ਕੋਈ ਸੰਬੰਧ ਨਹੀਂ। ਸਾਡਾ ਬਸ ਇਕੋ ਇਕ ਮਿਸ਼ਨ ਐ ਬਦਲਾ... ਬਦਲਾ... ਬਦਲਾ... ਭਾਰਤੀ ਹਾਕਮਾਂ ਹੱਥੋਂ ਹੋਈ ਅਕਾਲ ਤਖਤ ਸਾਹਿਬ ਦੀ ਹੋਈ ਬੇਅਦਬੀ ਦਾ ਬਦਲਾ... ੧੯੪੭ ਤੋਂ ਲੈ ਕੇ ਹੁਣ ਤਕ ਪੰਥ ਨਾਲ ਕੀਤੇ ਧੋਖਿਆਂ ਦਾ ਬਦਲਾ...।" ਡਾਕਟਰ ਸਾਬ੍ਹੀ ਏਨਾ ਕਹਿ ਕੇ ਭਾਵੁਕ ਹੋ ਗਿਆ।

"ਹਲਾ, ਤੇ ਤੁਸੀਂ ਹਥਿਆਰਬੰਦ ਸੰਘਰਸ਼ ਦੀ ਸਹਾਇਤਾ ਦੀ ਆਸ ਨਾਲ ਇਥੇ ਆਏ ਵੋ... ਨਾ ਤਿਹਾਨੂੰ ਕਿਹੜੇ ਕੰਜਰ ਨੇ ਦੱਸ ਦਿੱਤਾ ਕਿ ਅਸਾਂ ਇਥੇ ਹਰ ਜਣੇ-ਖਣੇ ਦੀ ਸਹੈਤਾ ਲਈ ਧਰਮਸ਼ਾਲਾ ਜਾਂ ਕੋਈ ਸਰਾਂ ਖੋਲ੍ਹ ਛੱਡੀ ਊ...? ਸਾਡਾ ਤਿਹਾਡੀ ਕੌਮ ਨਾਲ ਇੱਟ ਕੁੱਤੇ ਦਾ ਵੈਰ... ਭਾਰਤ, ਸਾਡਾ ਗੁਆਂਢੀ ਦੇਸ਼ ਤੁਸਾਂ ਸਿੱਖੜਿਆਂ ਦੀ ਮੁਦੈਦ ਕਰਕੇ ਅਸਾਂ ਆਪਣੇ ਇਕ ਵਧੀਆ ਗੁਵਾਂਢੀ ਨੂੰ ਦੁਸ਼ਮਣ ਬਣਾਲ੍ਹਾ ਜੇ...? ਕੋਈ ਨਾ ਤੁਸੀਂ ਸੱਚ ਨਾ ਦੱਸਿਆ ਜੇ ਅਸਾਂ ਆਪੇ ਪੁੱਛ ਲੈਣਾ ਏ... ਅਖੇ ਕੌਮ ਆਜ਼ਾਦ ਕਰਵਾਉਣੀ ਜੇ... ਨਾ ਸੰਤਾਲੀ ਵੇਲੇ ਸੁੱਤੇ ਪਏ ਸਓ... ਉਦੋਂ ਤਾਂ ਸਾਰੇ ਮੁਸਲੇ ਤਿਹਾਨੂੰ ਕਿਸਾਈ ਭਾਸਦੇ ਸਨ ਤੇ ਬਾਮ੍ਹਣ ਭਾਈ... ਤੇ ਹੁਣ ਉਲਟੀ ਗੰਗਾ ਭੇਵ੍ਹੇ ਨੂੰ ਕਿਵੇਂ ਵਗ ਪਈ...? ਉਏ ਇਲਮਦੀਨਾਂ... ਫੇਰੀਂ ਕੇਰਾਂ ਤੈਂਬੜ ਇਨ੍ਹਾਂ 'ਤੇ... ਵੱਡੇ ਸੰਘਰਸ਼ਸ਼ੀਲ... ਭੱਤਾ ਭਨਵਾਕੇ ਖੇਤਰ ਦਾ ਰਾਹ ਪੁੱਛਣ ਡਹੇ ਜੇ....।"

ਅਫਸਰ ਦਾ ਹੁਕਮ ਪਾਕੇ ਇਲਮਦੀਨ ਦੇ ਹੱਥ ਵਿਚਲਾ ਮੋਟਾ ਸੋਟਾ ਡਾਕਟਰ ਸਾਬ੍ਹੀ ਦੇ ਮੌਰਾਂ ਵਿਚ ਆਣ ਵੱਜਾ ਤੇ ਡਾਕਟਰ ਸਾਬ੍ਹੀ ਦੀ ਐਨਕ ਦੋ ਫੁੱਟ ਦੂਰ ਜਾ ਡਿੱਗੀ। ਉਹ ਮੂਧੇ ਮੂੰਹ ਧਰਤੀ 'ਤੇ ਜਾ ਡਿੱਗਾ। ਮੈਂ ਭੱਜ ਕੇ ਉਹਦੇ ਉਤੇ ਲੰਮਾ ਜਾ ਪਿਆ।

"ਉਏ ਮਾਖੇ ਖਾਂ.... ਆਹ ਬਹੁਤਾ ਕਾਹਲਾ ਈ... ਦੇਈਂ ਕੇਰਾਂ ਸ਼ਾਂਦਾ ਇ੍ਹਨੂੰ... ਦਰਦ ਆਉਂਦੇ ਵੱਡਾ ਹਮਦਰਦੀ...।" ਅਗਲੇ ਹੀ ਪਲ ਮਾਖੇ ਖਾਂ ਹੋਰਾਂ ਦਾ ਕਹਿਰ ਮੇਰੇ ਮੌਰਾਂ 'ਤੇ ਲਹਿਰ ਗਿਆ। ਮੈਂ ਡਾਕਟਰ ਸਾਬ੍ਹੀ ਦੇ ਕੋਲ ਹੀ ਜਾ ਡਿੱਗਾ

"ਲੈ ਲੈਲਾ ਸਹੈਤਾ... ਕਿਉਂ ਆਇਆ ਝੋਟੇ ਨਾਲ ਯਾਰੀ ਲਾਉਣ ਦਾ ਸਵਾਦ...? ਹੁਣ ਚਾਂਗਾਂ ਨਾ ਮਾਰ ਫਸ ਗਈ ਨੂੰ ਫਟਕਣ ਕਾਹਦੀ..." ਮੈਂ ਡਾਕਟਰ ਸਾਬ੍ਹੀ ਵੱਲ ਨੂੰ ਮੂੰਹ ਕਰਕੇ ਡਾਂਗਾਂ ਖਾਂਦਿਆਂ ਹੋਇਆਂ ਅੜ੍ਹਾਟ ਪਾਇਆ।

"ਅਹੇ.. ਹਾਏ.. ਉਏ ਭਾਊ...।" ਦੂਸਰੇ ਪਾਸੇ ਬਿੱਟੂ ਕਿਸੇ ਕਸਾਈ ਦੀ ਛੱਲੀਆਂ ਵਾਲੀ ਕੁੱਟ ਨੂੰ ਨਾ ਸਹਿੰਦਾ ਹੋਇਆ ਚੀਕ ਚਿਹਾੜਾ ਪਾ ਰਿਹਾ ਸੀ। ਬਿੱਟੂ ਤੇ ਸਾਬ੍ਹੀ ਮਾਰ ਖਾਣ ਪਿਛੋਂ ਬੇਹੋਸ਼ ਹੋ ਚੁੱਕੇ ਸਨ ਪਰ

ਅਸੀਂ ਤਿੰਨਾਂ ਜਣਿਆਂ ਆਪਣੇ ਬਿਆਨ ਨਾ ਬਦਲੇ। ਮੈਂ ਕਾਫੀ ਕੁੱਟ ਖਾਈ ਗਿਆ, ਪਰ ਜਦੋਂ ਅੱਤ ਹੋ ਗਈ ਤਾਂ ਮੈਂ ਗਾਲ੍ਹਾਂ ਦਾ ਤਵਾ ਧਰ ਲਿਆ। ਮਾਖੇ ਖਾਂ ਇਕ ਡਾਂਗ ਮਾਰਦਾ ਤੇ ਮੈਂ ਚਾਰ ਗਾਲ੍ਹਾਂ ਕੱਢ ਕੇ ਆਪਣੇ ਆਪ ਨੂੰ ਬਰਾਬਰ ਸਮਝਦਾ। "...ਆਹ ਆਹ ਤੇਰੀ ਭੈਣ...... ਦੀ..... ਫੇਰੇ ਦੇਣਿਆ ਹੌਲੀ ਮਾਰ ਜਵਾਈ ਦੇ ਆਹ... ਤੇਰੀ ਮਾਂ ਨੂੰ..... ਆਹ... ਤੇਰੀ ਆਪਾ ਜਾਨ ਨੂੰ ਲੈ ਜਾਂ ਕੱਢ ਕੇ... ਹੌਲੀ ਕੁਤੀ ਦੇ ਉਹੇ ਜਵਾਈ ਨੂੰ....।" ਮਾਖੇ ਖਾਂ ਕੁੱਟਦਾ ਕੁੱਟਦਾ ਹਫ ਗਿਆ ਤੇ ਆਖਰੀ ਗਾਲ੍ਹ ਮੇਰੇ ਮੂੰਹ ਵਿਚ ਹੀ ਰਹਿ ਗਈ। ਮੈਂ ਬੇਹੋਸ਼ ਹੋ ਚੁੱਕਾ ਸਾਂ। ਸਾਨੂੰ ਤਿੰਨਾਂ ਨੂੰ ਬੇਹੋਸ਼ ਪਿਆਂ ਹੀ ਸਾਰੇ ਅਫਸਰ ਛੱਡਕੇ ਤੁਰ ਗਏ। ਅਸੀਂ ਸਵੇਰ ਤਕ ਬੇਹੋਸ਼ੀ ਦੇ ਆਲਮ ਵਿਚ ਹੀ ਰਹੇ। ਤੜਕੇ ਕੋਈ ਛੇ ਵਜੇ ਦੇ ਕਰੀਬ ਸਾਨੂੰ ਡਿਊਟੀ 'ਤੇ ਖੜ੍ਹੇ ਸਿਪਾਹੀਆਂ ਨੇ ਆਣ ਜਗਾਇਆ।

"...ਲੈ ਬਈ ਬਹਾਦਰੋ ਚਾਹ ਪੀਉ... ਉਤੇ ਉਠ ਖਾਂ ਮੇਰੇ ਤੇਗਾਂ ਦਿਆ ਧਨੀਆ..." ਮਾਖੇ ਖਾਂ ਨੇ ਮੇਰੇ ਕੋਲ ਆਕੇ ਬ੍ਰੈਡ ਤੇ ਚਾਹ ਰੱਖਦਿਆਂ ਕਿਹਾ। ਮੈਂ ਹੌਲੀ-ਹੌਲੀ ਉਠਕੇ ਬੈਠਦਾ ਹੋ ਗਿਆ। ਸਾਰਾ ਸਰੀਰ ਡਾਂਗਾਂ ਦੀ ਮਾਰ ਨਾਲ ਥਾਂ ਥਾਂ ਤੋਂ ਦੁਖ ਰਿਹਾ ਸੀ।

"ਮੈਂ ਨੀਂ ਪੀਣੀ ਉਏ ਚਾਹ ਚੂਹ ਲੈ ਜਾ ਪਰ੍ਹਾਂ ਪਹਿਲਾਂ ਕੁੱਟ ਲਿਆ ਹੁਣ ਵਿਰਾਣ ਡਿਹਾ ਜੇ, ਨਾ ਹੁਣ ਕੋਈ ਬਾਕੀ ਰਹਿ ਗੀ ਤਾਂ ਉਹ ਵੀ ਕੱਢ ਲੈ... ਚਾਹ ਦੇ ਨਾਲ ਰੁਪਈਆ ਵੀ ਫੜਾ ਦੇਣਾ ਸੀ....।" ਮੈਂ ਬੈਠਦਿਆਂ ਹੀ ਮਾਖੇ ਖਾਂ ਨੂੰ ਰਾਤ ਦੀ ਕੁੱਟ ਬਦਲੇ ਫਿਰ ਗਾਲ੍ਹਾਂ ਨਾਲ ਬਰਸਾਜ ਦਿੱਤਾ। ਰਾਤ ਦੀ ਕੁੱਟ ਖਾ ਕੇ ਮੈਂ ਨਿਡਰ ਹੋ ਚੁੱਕਾ ਸੀ। 'ਕੋਈ ਗੱਲ ਨੀਂ ਰਾਤ ਵਾਲੀ ਤੋਂ ਜ਼ਿਆਦਾ ਤਾਂ ਹੁਣ ਕਰਨੋਂ ਰਹੇ' ਮੈਂ ਮਨ ਹੀ ਮਨ ਸੋਚਿਆ।

"ਤੂੰ ਤਾਂ ਭਾਊ ਐਵੇਂ ਹਮਾਤੜ 'ਤੇ ਰਾਸ਼ਨ ਲੈ ਕੇ ਚੜ੍ਹੀ ਜਾਨੈਂ। ਮੈਂ ਤਾਂ ਉਤਲਿਆਂ ਦਾ ਹੁਕਮ ਵਜਾਇਐ... ਮੈਂ ਵੀ ਤਾਂ ਦਰਜਨ ਨਿਆਣਿਆਂ ਦੀ ਪਾਲਣੀ ਹੋਈ। ਨੌਕਰੀ ਕੀ ਤੇ ਨਖਰਾ ਕੀ? ...ਨਾਲੇ ਮੇਰੀ ਕਿਹੜਾ ਕੋਈ ਤੇਰੇ ਨਾਲ ਦੁਸ਼ਮਣੀ ਹੈਗੀ ਵੇ। ਉਂਝ ਦੂਜੇ ਦੋਨੋਂ ਭਾਊ ਤਾਂ ਪੜ੍ਹੇ ਲਿਖੇ ਜਾਪਦੇ ਐ... ਪਰ ਗੁੱਸਾ ਨਾ ਕਰੀਂ ਤੂੰ ਤਾਂ ਕਿਸੇ ਕੰਜਰਾਂ ਦੇ ਕਾਲਜ 'ਚੋਂ ਗਾਲ੍ਹਾਂ ਦੀ ਡਿਗਰੀ ਕੀਤੀ ਹੋਈ ਜਾਪਦੀ ਐ... ਗਾਲ੍ਹਾਂ ਤਾਂ ਪਤੰਦਰਾ ਬਿਸ਼ਨਪਦਿਆਂ ਵਾਂਗ ਫੁੱਟਦੈਂ... ਨਾਲੇ ਜਿਥੇ ਤੁਸੀਂ ਕੁਝ ਕਰਨਾ ਉਥੇ ਕੁਝ ਕਰ ਨੀਂ ਸਕਦੇ ਅਖੇ ਮਾਰੀ ਧਾੜ ਚਮਿਆਰਾਂ 'ਤੇ...।" ਮਾਖੇ ਖਾਂ ਦੀ ਵਿਅੰਗਆਤਮਕ ਚੋਟ ਨਾਲ ਸਾਰੇ ਹੱਸ ਪਏ। "ਲੈ ਹੁਣ ਚਾਹ ਪੀ ਮਾਖੇ ਖਾਂ ਨੇ ਹੁਣ ਮੇਰੇ ਵੱਲ ਚਾਹ ਕੀਤੀ। ਚਾਹ ਪੀਣ ਤੋਂ ਬਾਅਦ ਮੈਂ ਡਾਕਟਰ ਸਾਬ੍ਹੀ ਤੇ ਬਿੱਟੂ ਨੂੰ ਵਿਅੰਗ ਕੀਤਾ

"...ਕਿਉਂ ਸੱਜਣੋਂ ਕੀ ਹਾਲ ਜੇ...?"

"...ਹਾਲ ਕੀ ਹੋਣਾ ਜੈਸਾ ਟੱਟੂ ਵੈਸੀ ਚਾਲ ਐ... ਫਸਾਤਾ ਕੰਜਰ ਦੇ ਡਾਕਟਰ ਸਾਬ੍ਹੀ ਨੇ... ਅਖੇ ਪਾਕਿਸਤਾਨ ਜਾਣਾ, ਘਰ ਵੀ ਛੱਡਿਆ ਤੇ ਪੱਲੇ ਵੀ ਕੀ ਪਿਆ? ਆਹੀ ਛਿੱਤਰ ਪੋਲਾ...! ਬੜਾ ਵਧੀਆ ਢੰਗ ਏ ਡਾਕਟਰ ਸਾਹਿਬ ਤੁਹਾਡੇ ਮਿੱਤਰਾਂ ਦਾ ਮਹਿਮਾਨ ਨਿਵਾਜ਼ੀ ਕਰਨ ਦਾ... ਲੈ ਫੜ ਲੈ ਹੁਣ ਡੀ.ਐਸ.ਪੀ. ਇਨਵੈਸਟੀਗੇਸ਼ਨ ਮੁਹੰਮਦ ਕੁਤਬ-ਉਦ-ਦੀਨ ਲਾਹੌਰਵੀ ਦਾ ਛਣਕਣਾ...।" ਬਿੱਟੂ ਡਾਕਟਰ ਸਾਬ੍ਹੀ 'ਤੇ ਅੰਦਰਲੇ ਮਨੋਂ ਔਖਾ ਸੀ।

"ਨਾ ਉਧਰਲੇ ਪੰਜਾਬ ਵਿਚ ਤਾਂ ਸਾਰੇ ਤੇਰੇ ਮਾਸੀ ਦੇ ਪੁੱਤ ਲੱਗਦੇ ਆ। ਚਾਰ ਡਾਂਗਾਂ ਕੀ ਵੱਜੀਆਂ ਵੱਡੇ ਸੂਰਮੇ ਦਾ ਸਿਦਕ ਪਿਛਲ ਖੁਰੀਂ ਹੋ ਤੁਰਿਆ। ਭਾਈ ਫੌਜਾ ਸਿੰਘ, ਕੁਲਵੰਤ ਸਿੰਘ ਨਾਗੋਕੇ ਹੋਰਾਂ ਵਾਲੀ ਤਾਂ ਨੀਂ ਹੋਈ। ਜੇ ਇਹ ਵਧੀਆ ਮਿੱਤਰ ਨੀਂ ਬਾਮ੍ਹਣ ਕਿਹੜਾ ਤੈਨੂੰ ਸੇਵੀਆਂ ਤੜਕੀ ਬੈਠੈ... ਜਾਂ ਕੋਈ ਖਰੈਤੀ ਲਾਲ ਆਪਣਾ ਸ਼ੀਲੋ ਦਾ ਰਿਸ਼ਤਾ ਦੇਣ ਲੱਗਿਐ ਤੈਨੂੰ। ਦੇਸ਼ ਭਗਤੀ ਦੇ ਬਦਲੇ ਵੱਜਣਾ ਤਾਂ ਹਿੰਦੁਸਤਾਨ ਵਿਚ ਵੀ ਤੈਂ ਅੱਤਵਾਦੀ ਹੀ ਆ...।" ਡਾਕਟਰ ਸਾਬ੍ਹੀ ਆਪਣੀ ਜਗ੍ਹਾ ਤੈਸ਼ ਵਿਚ ਆ ਗਿਆ।

"ਉਏ ਸੱਜਣੋਂ ਲੜਨ ਕਿਉਂ ਡਹੇ ਜੇ? ਇਉਂ ਹੀ ਹੁੰਦਾ ਗ਼ੁਲਾਮਾਂ ਦੇ ਨਾਲ... ਇਹ ਹਸ਼ਰ ਹੀ ਹੁੰਦਾ ਜਿਹੜੀ ਕੌਮ ਦਾ ਕੋਈ ਘਰ-ਘਾਟ ਹੀ ਨਾ ਹੋਵੇ। ਉਹਦਾ ਹਾਲ ਤਾਂ ਧੋਬੀ ਦੇ ਕੁੱਤੇ ਜਿਆ ਹੋਣਾ ਹੀ ਹੋਇਆ... ਕਿਤੇ ਅੱਤਵਾਦੀ ਵੱਖਵਾਦੀ ਕਿਤੇ ਜ਼ਰਾਇਮ ਪੇਸ਼ਾ... ਤੇ ਕਿਤੇ ਖੁਫ਼ੀਆ ਏਜੰਟ... ਹੁਣ ਤਾਂ ਕੌਮੀ ਘਰ ਬਾਰੇ ਸੋਚੋ... ਅਗਾਹਾ ਕੂ ਤ੍ਰਾਘ ਪਿਛਾ ਫੇਰ ਨ ਮੁਹਡੜਾ..." ਮੇਰੇ ਮੂੰਹੋਂ ਅਚਾਨਕ ਹੀ ਗੁਰਬਾਣੀ ਦੀ ਤੁੱਕ ਸੁਣ ਕੇ ਡਾਕਟਰ ਸਾਬ੍ਹੀ ਮਜ਼ਾਕ ਕਰ ਗਿਆ "ਲਉ ਆਹ ਆ ਗਏ ਪੰਥ ਦੇ ਪ੍ਰਸਿੱਧ ਪ੍ਰਚਾਰਕ ਸੰਤ ਸ੍ਰੀ ੧੦੮ ਮਹਿੰਗਾ ਸਿੰਘ ਜੀ ਦਾਨੂਵਾਲ ਵਾਲੇ ਕੰਮਰੇਡ ਸਾਹਿਬ। ਹੁਣ ਇਨ੍ਹਾਂ ਨੂੰ ਵੀ ਬਾਣੀ ਨਾਜ਼ਲ ਹੋਣ ਡਹੀ ਐ।"

"...ਕੋਈ ਗੱਲ ਨੀ ਬੱਲਿਆ ਕੇਰਾਂ ਹੱਥ ਵਿਚ ਕੁਝ ਆ ਲੈਣ ਦੇ, ਪੰਜਾਬ ਤੇ ਪੰਥ ਨੂੰ ਜੋਕਾਂ ਬਣਕੇ ਚੰਬੜੇ ਬਾਬਿਆਂ ਦੀ ਵੀ ਖਾਦ ਪਾਵਾਂਗੇ ਖੇਤਾਂ ਵਿਚ... ਇਨ੍ਹਾਂ ਵੀ ਗਾਲ਼ ਛੱਡਿਆ ਸਾਰਾ ਪੰਜਾਬ। ਸਾਲੇ ਵਿਹਲੀਆਂ ਖਾ ਕੇ ਗੋਗੜਾਂ ਵਧਾਈ ਫਿਰਦੇ ਐ ਜਿਵੇਂ ਅਣਗਿਣਤ ਮ੍ਹੀਨਾ ਚੱਲਦਾ ਹੁੰਦੈ..." ਬਿੱਟੂ ਬਾਬਿਆਂ ਦੇ ਸਖ਼ਤ ਬਰਖਿਲਾਫ ਹੋਣ ਕਰਕੇ ਦੰਦ ਕਰੀਚਣ ਲੱਗਾ।

"ਉਨ੍ਹਾਂ ਦੀ ਖਾਦ ਤਾਂ ਤਦੇ ਪਾਉਗੇ ਜੇ ਇਥੋਂ ਛੁਟ ਕੇ ਜਾਉਗੇ...?" ਸਾਡੇ ਸਿਰ 'ਤੇ ਖਲੋਤਾ ਡੀ.ਐਸ.ਪੀ. ਕੁਤਬ-ਉਦ-ਦੀਨ ਇਕ ਦਮ ਬੋਲ ਪਿਆ। ਸਾਨੂੰ ਆਪਣੀਆਂ ਗੱਲਾਂ ਵਿਚ ਉਸਦੇ ਮਲਕੜੇ ਜਿਹੇ ਸਾਡੇ ਕੋਲ ਆ ਖੜ੍ਹਣ ਦਾ ਪਤਾ ਨਹੀ ਸੀ ਲੱਗਿਆ। "...ਕਰਦੇ ..ਆਂ ਤਿਹਾਨੂੰ ਭਾਰਤ ਸਰਕਾਰ ਦੇ ਹਵਾਲੇ... ਵੱਡੇ ਜਿਹਾਦੀਆਂ ਨੂੰ... ਅਖੇ ਆਜ਼ਾਦੀ ਲੈਣੀ ਐ, ਬਦਲਾ ਲੈਣਾ ਬਾਮ੍ਹਣਾਂ ਕੋਲੋਂ... ਨਾ ਤੁਸੀਂ ਤਾਂ ਬਦਲਾ ਲੈਣਾ ਹੋਇਆ ਤੇ ਉਨ੍ਹਾਂ ਆਪਣੇ ਦੇਸ਼ ਦੀ ਏਕਤਾ ਅਖੰਡਤਾ ਕਾਇਮ ਰੱਖਣੀ ਹੋਈ... ਸਾਨੂੰ ਵਿਚੋਂ ਕੀ ਮਿਲੂਗਾ...? ... ਠੈਣਾ...? ਵਾਧੂ ਦੀ ਦੁਸ਼ਮਣੀ...? ਅੱਗੇ ਜਦੋਂ ਵੀ ਦਿੱਲੀ ਵੱਲ ਵਧਣ ਦਾ ਅਸਾਂ ਫੈਸਲਾ ਕੀਤਾ ਤਾਂ ਵਿਆਹ ਵਿਚ ਬੀ ਦਾ ਲੇਖਾ ਤਿਹਾਡੀ ਕੌਮ ਨੇ ਹੀ ਪਾਇਆ ਜੇ... ਨਾ ਖੇਡਣਾ ਨਾ ਖੇਡਣ ਦੇਣਾ। ਖੁੱਤੀ 'ਚ ਮੂਤਣ ਲਈ ਸ਼ੇਰ... ਓਏ ਮਾਖੇ ਖਾਂ ਕੱਸੋ ਇਨ੍ਹਾਂ ਦੀ ਮੁਸ਼ਕਾਂ ਤੇ ਸੁੱਟੋ ਗੱਡੀ ਵਿਚ... ਇਨ੍ਹਾਂ ਨੂੰ ਪਾਰ ਕਰਵਾਈਏ ਵਾਹਗਾ ਤੇ ਮਾਰੀਏ ਹਿੰਦੁਸਤਾਨੀਆਂ ਦੇ ਮੱਥੇ।" ਕੁਤਬ-ਉਦ-ਦੀਨ ਕਾਫੀ ਲੰਬਾ ਲੈਕਚਰ ਝਾੜ ਗਿਆ।

"ਭਾਅ ਜੀ ਸਾਨੂੰ ਭਾਰਤ ਦੇ ਹਵਾਲੇ ਕਰਨ ਨਾਲੋਂ ਗੋਲੀ ਮਾਰ ਦਿਆ ਜੇ.....।" ਡਾ ਸਾਬ੍ਹੀ ਨੇ ਮਾਖੇ ਖਾਂ ਕੋਲੋਂ ਆਪਣੇ ਹੱਥ ਪਿਛੇ ਨਰੜਾਉਂਦਿਆਂ ਇਕ ਕਿਸਮ ਦਾ ਤਰਲਾ ਕੀਤਾ।

"ਕਿਉਂ ਗੋਲੀ ਤਿਹਾਨੂੰ ਮਾਰ ਕੇ ਅਸਾਂ ਨੂੰ ਕਿਹੜਾ ਕੋਈ ਜੰਨਤ ਨਸੀਬ ਹੋ ਜਾਵੇਗੀ? ਅਸੀਂ ਕਰਾਂਗੇ ਤਿਹਾਨੂੰ ਭਾਰਤ ਸਰਕਾਰ ਦੇ ਹਵਾਲੇ ਉਥੋਂ ਤਿਹਾਨੂੰ ਆਪਣੇ ਆਪ ਭੇਜ ਦਿੱਤਾ ਜਾਵੇਗਾ ਬਾਮ੍ਹਣਾਂ ਦੇ ਸਵਰਗ ਵਿਚ..." ਡੀ.ਐਸ.ਪੀ. ਦੀ ਟਕੋਰ ਸੁਣਕੇ ਸਾਰੇ ਸਿਪਾਹੀ ਉਚੀ ਉਚੀ ਹੱਸ ਪਏ। "ਭਾਅ ਜੀ ਆਪਣੇ ਕਿਹੜਾ ਪੈਰ ਬੰਨ੍ਹੇ ਐ ਭੱਜ ਚਲੀਏ...?" ਟਰੱਕ ਵਿਚ ਬੈਠਣ ਸਮੇਂ ਬਿੱਟੂ ਨੇ ਮੇਰੇ ਨੇੜੇ ਹੁੰਦਿਆਂ ਕਿਹਾ।

"ਨਾ ਭੱਜ ਕੇ ਜਾਵੇਂਗਾ ਕਿੱਥੇ...? ਰਾਤ ਵਾਲੀ ਭੁੱਲਗੀ...? ਜੇ ਫੜੇ ਗਏ ਤਾਂ ਉਸ ਤੋਂ ਬੁਰੀ ਹੋਵੇਗੀ। ਭਲਾ ਇਸੇ ਵਿਚ ਈ ਆ ਸਿਰ 'ਤੇ ਪਈ ਨੂੰ ਰੱਬ ਦਾ ਭਾਣਾ ਮੰਨ ਕੇ ਜ਼ਰਿਆ ਜਾਵੇ। ਚੜ੍ਹ ਜਾ ਬੱਚਾ ਸੂਲੀ ਰਾਮ ਭਲੀ ਕਰੇਗਾ..." ਮੈਂ ਟਰੱਕ 'ਤੇ ਚੜ੍ਹਦਿਆਂ ਹੋਇਆਂ ਜਵਾਬ ਦਿੱਤਾ।

ਸਾਡੇ ਨਾਲ ਪਾਕਿਸਤਾਨੀ ਪੁਲਿਸ ਦੇ ਦਸ ਪੰਦਰਾਂ ਕਰਮਚਾਰੀ ਵੀ ਚੜ੍ਹ ਗਏ। "ਮਾਖੇ ਖਾਂ ਇਨ੍ਹਾਂ ਦੇ ਗੱਤਲੇ ਵਿਚ ਜੜ੍ਹ ਦਿਉ ਜੇ ਉਤਾਂਹ ਨੂੰ ਸਿਰ ਚੁੱਕਕੇ ਦੇਖਣ ਦੀ ਹਿੰਮਤ ਕਰਨ... ਨਾਲੇ ਗੱਲ ਸੁਣ ਓਏ ਸਰਦਾਰ ਜਵਾਨੋਂ ਨੀਵੀਂ ਪਾਕੇ ਬੈਠਣਾ ਜੇ... ਪਾਕਿਸਤਾਨ ਵਿਚ ਸੌਂਦਰਯ ਦਰਸ਼ਨ ਔਰ ਯਾਤਰਾ ਦੋਨੋਂ ਏਕ ਸਾਥ ਕਰਨੇ ਮਨ੍ਹਾ ਹੈਂ...।"

ਡੀ.ਐਸ.ਪੀ. ਨੂੰ ਸੰਸਕ੍ਰਿਤ ਰਲੀ ਹਿੰਦੀ ਬੋਲਣ ਦੀ ਕੋਸ਼ਿਸ਼ ਕਰਦਿਆਂ ਦੇਖ ਕੇ ਸਾਰੇ ਸਿਪਾਹੀਆਂ ਸਣੇ ਸਾਡਾ ਵੀ ਹਾਸਾ ਨਿਕਲ ਗਿਆ। ਟਰੱਕ ਸਟਾਰਟ ਹੋਇਆ ਤੇ ਹੌਲੀ-ਹੌਲੀ ਸਪੀਡ ਫੜਨ ਲੱਗਾ। ਸਾਡੇ

ਸਾਰਿਆਂ ਦੇ ਦਿਲ ਕਿਸੇ ਅਚੇਤ ਡਰ ਨਾਲ ਧੜਕ-ਧੜਕ ਵੱਜ ਰਹੇ ਸਨ। ਭਾਰਤ ਜਾ ਕੇ ਪਤਾ ਨੀ ਕੀ ਹੋਵੇਗੀ। ਨਾ ਕੁਝ ਕੀਤਾ ਨਾ ਕਰਾਇਆ ਵਾਧੂ ਦੇ ਭੜੂਏ ਅਖਵਾਇਆ...?

"ਕੀ ਸੱਚ ਮੁੱਚ ਹੀ ਇਹ ਸਾਨੂੰ ਭਾਰਤ ਦੇ ਹਵਾਲੇ ਕਰ ਦੇਣਗੇ ਜਾਂ ਇਨ੍ਹਾਂ ਦੀ ਕੋਈ ਚਾਲ ਐ...? ਆਜ਼ਾਦੀ...? ਇਨਕਲਾਬ....? ਅਕਾਲ ਤਖ਼ਤ ਦੀ ਬੇਅਦਬੀ ਦਾ ਬਦਲਾ...? ਖਾਲਸਾ ਰਾਜ...? ਖਾਲਿਸਤਾਨ...?" ਅਜਿਹੇ ਕਈ ਪ੍ਰਸ਼ਨ ਮੇਰੇ ਮਨ ਵਿਚ ਲਗਾਤਾਰ ਖਲਬਲੀ ਮਚਾ ਰਹੇ ਸਨ। ਕੋਈ ਸਵਾ ਕੁ ਘੰਟੇ ਦੇ ਸਫਰ ਬਾਅਦ ਟਰੱਕ ਨੂੰ ਪਿਛਾਂਹ ਨੂੰ ਬੈਕ ਕਰਕੇ ਲਗਾਇਆ ਗਿਆ। ਨੀਵੀਆਂ ਪਾਈ ਰੱਖਣ ਕਰਕੇ ਸਾਡੀਆਂ ਗਰਦਨਾਂ ਦਰਦ ਕਰ ਰਹੀਆਂ ਸਨ ਮੈਂ ਹੌਲੀ ਦੇਣੇ ਸਿਰ ਉਤਾਂਹ ਚੁੱਕ ਕੇ ਦੇਖਿਆ ਤਾਂ ਅੰਗਰੇਜ਼ੀ ਵਿਚ ਲਿਖੇ ਹੋਏ ਮੋਟੇ ਅੱਖਰ ਮੇਰੀਆਂ ਅੱਖਾਂ ਸਾਹਮਣਿਉਂ ਗੁਜ਼ਰ ਗਏ "ਜੇਲ੍ਹ ਫੈਸਲਾਬਾਦ"।

"ਉਏ ਸਿੰਘਾ ਉਤਾਂਹ ਨੀਂ ਤਕਣਾ ਬਈ...।" ਕੋਲੋਂ ਹੀ ਕਿਸੇ ਸਿਪਾਹੀ ਦੀ ਆਵਾਜ਼ ਗਰਜ਼ੀ। ਪਰ ਤਦ ਤਕ ਮੈਂ ਪੜ੍ਹ ਚੁੱਕਾ ਸਾਂ ਕਿ ਅਸੀਂ ਕਿਥੇ ਹਾਂ।

o-----o-----o

ਕਾਂਡ 6

ਜੇਲ੍ਹ ਦਾ ਵੱਡਾ ਮੁੱਖ ਦਰਵਾਜ਼ਾ ਖੋਲ੍ਹ ਕੇ ਸਾਨੂੰ ਧੱਕਾ ਦੇ ਕੇ ਅੰਦਰ ਵਾੜ ਦਿੱਤਾ ਗਿਆ। ਉਸ ਤੋਂ ਪਿਛੋਂ ਇਕ ਲੋਹੇ ਦਾ ਹੋਰ ਬੂਹਾ ਆਇਆ... ਇਕ ਹੋਰ... ਇਕ ਹੋਰ... ਤੀਜੇ ਬੂਹੇ ਕੋਲ ਜਾ ਕੇ ਬਿੱਟੂ ਨੇ ਪੁੱਛਿਆ, "ਭਾਅ ਜੀ ਆਹ ਪਤਿਊਹਰੇ ਆਪਾਂ ਨੂੰ ਕਿਥੇ ਸੁੱਟਣਗੇ?"

"ਕੋਈ ਨਾ.... ਡਰ ਨਾ ਪਾਕਿਸਤਾਨ ਦੀ ਫੈਸਲਾਬਾਦ ਜੇਲ੍ਹ ਐ, ਭਾਰਤ ਨਹੀਂ ਭੇਜਦੇ...।" ਮੈਂ ਤਸੱਲੀ ਦੇਣ ਦੇ ਰੌਂਅ ਵਿਚ ਕਿਹਾ।

"..ਕਿਉਂ? ਤੁਸੀਂ ਭਾਅ ਜੀ ਭਵਿੱਖਬਾਣੀਆਂ ਵੀ ਕਰਨ ਲੱਗ ਪਏ ਓ। ਲੱਗਦਾ ਰਾਤ ਮਾਖੇ ਖਾਂ ਨਜੂਮੀਆਂ ਜੋਤਿਸ਼ ਵਿੱਦਿਆ ਦਾ ਪਾਠ ਚੰਗਾ ਪੜ੍ਹਾ ਗਿਐ..!" ਡਾਕਟਰ ਸਾਬ੍ਹੀਂ ਨੇ ਮੈਨੂੰ ਮਜ਼ਾਕ ਦੇ ਲਹਿਜੇ ਵਿਚ ਕਿਹਾ।

"..ਨਹੀਂ ਮੈਂ ਮੇਨ ਗੇਟ 'ਤੇ ਲਿਖਿਆ ਹੋਇਆ ਪੜ੍ਹ ਲਿਆ ਸੀ..." ਮੇਰੀ ਗੱਲ ਸੁਣਕੇ ਸਾਰਿਆਂ ਦੇ ਸਾਹ ਸੁਖਾਲੇ ਹੋ ਗਏ। ਕਿਉਂਕਿ ਹੁਣ ਅਸੀਂ ਭਾਰਤੀ ਬੁੱਚੜਾਂ ਦੇ ਹੱਥ ਆਉਣ ਖੁਣੋਂ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰ ਰਹੇ ਸੀ।

"ਇਹਦੇ ਤਾਂ ਸਹੁਰੀ ਦੇ ਬੂਹੇ ਹੀ ਨਹੀਂ ਮੁੱਕਣ 'ਚ ਆਉਂਦੇ..." ਡਾਕਟਰ ਸਾਬ੍ਹੀ ਨੇ ਆਲੇ-ਦੁਆਲੇ ਦੇਖਦੇ ਹੋਏ ਕਿਹਾ। ਅਸੀਂ ਛੇਵੇਂ-ਸੱਤਵੇਂ ਬੂਹੇ ਕੋਲ ਗਏ ਸੀ ਕਿ ਅਚਾਨਕ ਹੀ ਸਾਡੇ ਕੰਨ ਖੜ੍ਹੇ ਹੋ ਗਏ। ਲਾਗ ਵਾਲੀ ਪਹਿਲੀ ਕੋਠੜੀ ਵਿਚੋਂ "ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ" ਦਾ ਜੈਕਾਰਾ ਗੂੰਜ ਉਠਿਆ। ਬੱਸ ਫਿਰ ਕੀ ਸੀ ਸਾਰੀ ਜੇਲ੍ਹ ਵਿਚ "..ਤਿੰਨ ਜਣੇ ਹੋਰ ਆ ਗਏ ਉਏ... ਤਿੰਨ ਜਣੇ ਹੋਰ ਆ ਗਏ ਉਏ..." ਦਾ ਰੌਲਾ ਪੈ ਗਿਆ। ਰੌਲਾ ਕਾਹਦਾ ਸਾਡੇ ਨਾਂ ਦੀਆਂ ਬੋਲੀਆਂ ਹੀ ਪੈਣ ਲੱਗ ਗਈ ਕਿਉਂਕਿ ਜੇਲ੍ਹ ਵਿਚ ਪੰਜ-ਛੇ ਸੌ ਹੋਰ ਪੰਜਾਬੀ ਸਿੱਖ ਨੌਜਵਾਨ ਕੈਦ ਸਨ। ਇਹ ਸਾਰੇ ਵੀ ਸਾਡੇ ਵਾਂਗ ਮਦਦ ਦੀ ਆਸ ਨਾਲ ਇਥੇ ਆਏ ਸਨ।

"ਭਾਊ ਕਿਥੋਂ ਆਏ ਜੇ...?" ਇਕ ਸਿੱਖ ਨੌਜਵਾਨ ਨੇ ਮੈਨੂੰ ਗੱਲਵਕੜੀ ਵਿਚ ਲੈਂਦਿਆਂ ਪੁੱਛਿਆ।

"ਅੰਮ੍ਰਿਤਸਰ ਤੋਂ..." ਮੈਂ ਦੱਸਿਆ। "..ਹਲਾ! ਫਿਰ ਤਾਂ ਆਪਣੇ ਲਾਕੇ ਦੇ ਲੱਗਦੇ ਹੈਗੇ ਜੇ, ਕੋਈ ਗੱਲ ਨੀ ਚੱਕ ਦਿਆਂਗੇ ਫੱਟੇ ਤੁਸੀਂ ਆਉ ਕੇਰਾਂ..." ਉਹ ਸਾਨੂੰ ਵਿਹੜੇ ਵਿਚ ਲੈ ਗਿਆ, ਜਿਥੇ ਪੰਜ-ਸੱਤ ਹੋਰ ਸਿੰਘ ਵੀ ਬੈਠੇ ਸਨ।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

ਫਤਹਿ ਅਤੇ ਜੈਕਾਰਿਆਂ ਦੀ ਆਵਾਜ਼ ਨਾਲ ਇਕੱਲੀ ਜੇਲ੍ਹ ਹੀ ਨਹੀਂ, ਸਾਰਾ ਫੈਸਲਾਬਾਦ ਹੀ ਗੂੰਜ ਰਿਹਾ

ਜਾਪਦਾ ਸੀ। ਕੋਈ ਤਿੰਨ ਕੁ ਦਿਨ ਮੇਲ-ਮਿਲਾਪ ਦਾ ਸਿਲਸਿਲਾ ਚੱਲਦਾ ਰਿਹਾ। ਸਾਨੂੰ ਮਿਲਣ ਵਾਲੇ ਨੌਜਵਾਨਾਂ ਵਿਚੋਂ ਬਹੁਤੇ ਮੁੰਡੇ ਅਣਦਾੜ੍ਹੀਏ ਅਤੇ ਅਨਜਾਣ ਅੱਲੜ੍ਹ ਬਿਰਤੀ ਦੇ ਹੀ ਸੀ। ਕੁਝ ਕੁ ਸਮਝਦਾਰ ਰਹਿਤੀਏ ਸਿੰਘਾਂ ਨੂੰ ਛੱਡ ਕੇ ਜੋ ਵੀ ਸਾਨੂੰ ਮਿਲਿਆ ਬੱਸ ਭੰਗੜੇ ਪਾਉਂਦਾ ਹੀ ਮਿਲਿਆ।

ਮੈਂ ਡਾ. ਸਾਥੀ ਨੂੰ ਕਿਹਾ, "ਡਾਕਟਰ ਸਾਹਿਬ ਤੇਰੇ ਆਹ ਛੋਕਰੇ ਜਿਹਿਆਂ ਨੂੰ ਖਾਲਸਾ ਰਾਜ ਦੀ ਏ.ਬੀ.ਸੀ. ਵੀ ਨਹੀਂ ਪਤਾ ਉਂਝ ਹੀ ਭਾਵਨਾ ਅਧੀਨ ਵਹਿ ਕੇ ਤੁਰੇ ਹੋਏ ਅਨਾੜੀ ਲੱਗਦੇ ਆ। ਇਨ੍ਹਾਂ ਤੋਂ ਕਿਥੋਂ ਗੱਡੀ ਸਿਰੇ ਚੜ੍ਹਣੀ ਆ...?"

"ਕਿਉਂ ਭਾਅ ਜੀ... ਆਪਾਂ ਵੀ ਤਾਂ ਭਾਵੁਕ ਹੋਕੇ ਆਏ ਹਾਂ, ਇਧਰਲੇ ਪਾਸੇ?"

"ਉਹ ਠੀਕ ਐ.. ਹੋਸ਼ ਤੇ ਸਿਧਾਂਤ ਤੋਂ ਬਗੈਰ ਨਿਰੇ ਜੋਸ਼ ਨਾਲ ਸੰਘਰਸ਼ ਨਹੀਂ ਜਿੱਤੇ ਜਾਂਦੇ। ਤੂੰ ਨੀ ਦੇਖਿਆ ਤਿੰਨਾਂ ਦਿਨਾਂ ਵਿਚ ਇਕ ਵੀ ਮੁੰਡਾ ਸੀਰੀਅਸ ਜਾਂ ਸਿਧਾਂਤਕ ਨਹੀਂ ਮਿਲਿਆ, ਸਗੋਂ ਸਾਰੇ ਨਾਨ-ਸਟਾਪ ਭੰਗੜਾ ਪਾਰਟੀ ਦੇ ਮੈਂਬਰ ਹੀ ਮਿਲੇ ਆ।"

"ਹਾਂ ਗੱਲ ਤਾਂ ਤੁਹਾਡੀ ਠੀਕ ਐ... ਮਾਹੌਲ ਵੀ ਕੋਈ ਪਤੰਦਰਾਂ ਨੇ ਕੋਈ ਏਕਤਾ ਵਾਲਾ ਨਹੀਂ ਸਿਰਜਿਆ, ਸਗੋਂ ਜੇਲ੍ਹ ਵਿਚ ਵੀ ਮਝੈਲਾਂ, ਮਲਵਈਆਂ ਤੇ ਪੇਂਡੂਆਂ, ਸ਼ਹਿਰੀਆਂ ਦਾ ਝਗੜਾ ਸਹੇੜੀ ਬੈਠੇ ਐ...।" ਡਾ. ਸਾਥੀ ਚਿੰਤਾਤੁਰ ਸੁਰ ਵਿਚ ਬੋਲਿਆ।

"ਬਿੱਟੂ ਕਿਥੇ ਐ? ਅੱਜ ਸਵੇਰ ਦਾ ਦਿਖਾਈ ਨਹੀਂ ਦਿੱਤਾ...?" ਮੈਂ ਸੁਭਾਵਕ ਹੀ ਡਾ. ਸਾਥੀ ਤੋਂ ਪੁੱਛਿਆ। "ਗੁਰਦੁਆਰੇ ਮੱਥਾ ਟੇਕਣ ਗਿਆ ਵਾਪਸ ਨਹੀਂ ਆਇਆ ਸਵੇਰ ਦਾ ਗਿਐ..." ਡਾ. ਸਾਥੀ ਨੇ ਉਤਰ ਦਿੱਤਾ। "ਚਲੋ ਫਿਰ ਦੇਖੀਏ... ਕਿਤੇ ਬੈਠਾ ਹੋਵੇਗਾ?" ਮੈਂ ਡਾ. ਸਾਥੀ ਨੂੰ ਨਾਲ ਤੁਰਨ ਦਾ ਇਸ਼ਾਰਾ ਕਰਕੇ ਗੁਰਦੁਆਰਾ ਸਾਹਿਬ ਵੱਲ ਨੂੰ ਚੱਲ ਪਿਆ। ਡਾ. ਸਾਥੀ ਵੀ ਮੇਰੇ ਨਾਲ ਹੋ ਤੁਰਿਆ। ਅਸੀਂ ਹਾਲੇ ਜੇਲ੍ਹ ਦੇ ਗੁਰਦੁਆਰੇ ਤੋਂ ਥੋੜ੍ਹੀ ਦੂਰ ਹੀ ਸਾਂ ਕਿ ਇਕ ਸਿਆਣੇ ਜਿਹੇ ਭੱਦਰ ਪੁਰਸ਼ ਨਾਲ ਬਿੱਟੂ ਤੁਰਿਆ ਆਉਂਦਾ ਦਿਖਾਈ ਦਿੱਤਾ।

"ਔਹ ਆਉਂਦਾ ਜੇ..." ਡਾ. ਸਾਥੀ ਇਕ ਦਮ ਚੌਂਕ ਉਠਿਆ।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਿਹ॥

ਪਰਸਪਰ ਫਤਿਹ ਹੋਣ ਪਿਛੋਂ ਬਿੱਟੂ ਨੇ ਸਾਡਾ ਤੁਅੱਰਫ ਆਪਣੇ ਨਾਲ ਤੁਰੇ ਆ ਰਹੇ ਭੱਦਰ ਪੁਰਸ਼ ਨਾਲ ਕਰਵਾਇਆ। "..ਭਾਈ ਸਾਹਿਬ ਜੀ ਇਹ ਹਨ ਮੇਰੇ ਸਾਥੀ ਮਹਿੰਗਾ ਸਿੰਘ ਤੇ ਸਾਹਿਬ ਸਿੰਘ। ਜਿਨ੍ਹਾਂ ਬਾਬਤ ਮੈਂ ਤੁਹਾਨੂੰ ਗੁਰੂ ਘਰ ਹੀ ਦੱਸਿਆ ਸੀ.." ਮੈਂ ਦੇਖਣ ਨੂੰ ਪ੍ਰੋਫੈਸਰ ਜਾਪ ਰਹੇ ਵਿਅਕਤੀ ਨੂੰ ਮਿਲਾਉਣ ਲਈ ਹੱਥ ਕੱਢਿਆ, "..ਭਾਊ ਇਹ ਨੇ ਹਾਈਜੈਕਰ ਤੇ ਪੰਥਕ ਕਵੀ ਸਰਦਾਰ ਗਜਿੰਦਰ ਸਿੰਘ ਮੁਖੀ 'ਦਲ ਖਾਲਸਾ' ਇਹ ਵੀ ਇਥੇ ਜੇਲ੍ਹ ਵਿਚ ਹਾਈਜੈਕਿੰਗ ਕਰਕੇ ਸਜ਼ਾ ਭੁਗਤ ਰਹੇ ਨੇ..." ਬਿੱਟੂ ਨੇ ਸਾਡਾ, ਸਰਦਾਰ ਸਾਹਿਬ ਨਾਲ ਤੁਅੱਰਫ ਕਰਾਉਂਦਿਆਂ ਕਿਹਾ।

"ਹੋਰ ਗੁਰਮੁਖੋ ਆ ਗਏ? ਚਲੋ ਸਤਿਗੁਰੂ ਨੇ ਭਲਾ ਕੀਤਾ 'ਜਿਵ ਜਿਵ ਹੁਕਮੁ ਤਿਵੈ ਤਿਵ ਕਾਰ'..." ਸ. ਗਜਿੰਦਰ ਸਿੰਘ ਨੇ ਹੱਥ ਮਿਲਾਉਣ ਪਿਛੋਂ ਸਾਨੂੰ ਗਹੁ ਨਾਲ ਤੱਕਦਿਆਂ ਕਿਹਾ। "ਚੰਗਾ.. ਹੁਣ ਮੇਰਾ ਸਹਿਜ ਪਾਠ ਕਰਨ ਵਾਲਾ ਰਹਿੰਦੈ। ਕੱਲ੍ਹ ਨੂੰ ਭੋਗ ਪਾਉਣਾ। ਤੁਸੀਂ ਵੀ ਆਇਓ, ਸਾਰੇ ਵੀਰ ਆਉਣਗੇ ਤੇ ਕੌਮੀ ਸਥਿਤੀਆਂ ਬਾਰੇ ਵੀ ਵਿਚਾਰਾਂ ਕਰਾਂਗੇ" ਆਖ ਕੇ ਸ. ਗਜਿੰਦਰ ਸਿੰਘ ਹੁਰੀਂ ਗੁਰੂ ਘਰ ਵੱਲ ਵਾਪਸ ਪਰਤ ਗਏ ਅਤੇ ਅਸੀਂ ਆਪਣੇ ਕਮਰੇ ਵਿਚ ਆ ਗਏ।

"ਬਈ ਬਿੱਟੂ ਆਹ ਸਾਰੇ ਲੁੰਗ ਲਾਣੇ ਵਿਚੋਂ ਮੈਨੂੰ ਸੀਰੀਅਸ ਵਿਅਕਤੀ ਇਕੋ ਸਰਦਾਰ ਗਜਿੰਦਰ ਸਿੰਘ ਹੁਰੀਂ ਹੀ ਜਾਪੇ ਆ। ਬਾਕੀ ਤਾਂ ਐਵੇਂ ਮਾਤਾ ਦਾ ਮਾਲ ਈ ਐ..।" ਡਾ. ਸਾਬ੍ਹੀ ਸ. ਗਜਿੰਦਰ ਸਿੰਘ ਹੁਰਾਂ ਤੋਂ ਪਹਿਲੀ ਨਜ਼ਰੇ ਹੀ ਪ੍ਰਭਾਵਿਤ ਹੋ ਗਿਆ ਸੀ।

"ਤੁਸੀਂ ਵੀ ਯਾਰ ਉਂਝ ਹੀ ਲੱਖਣ ਲੈਂਦੇ ਓ ਬਈ ਬੰਦਾ ਕਿਹੋ ਜਿਹਾ ਹੋਊ...? ਜਿੰਨਾਂ ਚਿਰ ਆਪਾਂ ਉਨ੍ਹਾਂ ਦੇ ਵਿਚਾਰਾਂ ਤੋਂ ਜਾਣੂ ਨਹੀਂ ਹੁੰਦੇ ਓਨਾਂ ਚਿਰ ਕੀ ਕਿਹਾ ਜਾ ਸਕਦੈ...?" ਮੈਂ ਫੋਕੀ ਸ਼ਰਧਾ ਜਾਂ ਉਪਰਲੀ ਦਿੱਖ ਦੀ ਥਾਵੇਂ ਵਿਚਾਰਾਂ ਦੇ ਆਦਾਨ ਪ੍ਰਦਾਨ ਨੂੰ ਵੱਧ ਤਰਜੀਹ ਦਿੰਦਾ ਸਾਂ।

"ਬਸ ਯਾਰ ਕਾਮਰੇਡ ਤੁਸੀਂ ਵੀ ਕਈ ਵਾਰ ਬਿਨਾਂ ਗੱਲ ਤੋਂ ਹੀ ਸ਼ੱਕ ਦਾ ਆਲਮ ਸਿਰਜ ਲੈਂਦੇ ਹੋ। ਸ਼ਰਧਾ ਤੇ ਵਿਸ਼ਵਾਸ ਸਹਾਰੇ ਹੀ ਦੁਨੀਆਂ ਖਲੋਤੀ ਐ।" ਬਿੱਟੂ ਨੇ ਨੱਕ ਸਕੋੜਿਆ।

"ਚਲੋ ਯਾਰ ਛੱਡੋ ਐਵੇਂ ਬਹਿਸਦੇ ਕਿਉਂ ਓ? ਕੱਲ੍ਹ ਨੂੰ ਪਤਾ ਲੱਗ ਹੀ ਜਾਣਾ ਜਦੋਂ ਸਰਦਾਰ ਹੁਰਾਂ ਦਾ ਲੈਕਚਰ ਜਾਂ ਵਿਚਾਰ ਸੁਣੇ ਕਿ ਕਿਹੜੇ ਭਾਅ ਵਿਕਦੀ ਏ...।" ਡਾ. ਸਾਬ੍ਹੀ ਵੀ ਪਰਖੇ ਬਿਨਾਂ ਖਰੇ-ਖੋਟੇ ਦਾ ਅੰਦਾਜ਼ਾ ਲਾਉਣ ਦੇ ਹੱਕ ਵਿਚ ਨਹੀਂ ਸੀ।

"ਨਾਲੇ ਸੁਣਿਐ ਬਈ ਦਲ ਖਾਲਸਾ ਗਿਆਨੀ ਜ਼ੈਲੇ ਨੇ ਖੜ੍ਹੀ ਕੀਤੀ ਸੀ...?" ਮੈਂ ਅਤੀਤ ਵਿਚ ਝਾਤੀ ਮਾਰਨ ਦੀ ਜੁਅਰਤ ਵਿਚ ਸਾਂ।

"ਚਲੋ ਕਲ੍ਹ ਨੂੰ ਇਹ ਸ਼ੰਕਾ ਵੀ ਕੱਢ ਲਵਾਂਗੇ, ਆਓ ਹੁਣ ਚਾਹ ਪੀਏ..." ਬਿੱਟੂ ਨੇ ਚਾਹ ਪੀਣ ਲਈ ਲੰਗਰ ਵੱਲ ਜਾਣ ਦਾ ਇਸ਼ਾਰਾ ਕੀਤਾ ਅਸੀਂ ਵੀ ਉਸਦੇ ਮਗਰੇ ਹੋ ਤੁਰੇ।

* * *

ਦੂਸਰੇ ਦਿਨ ਤੜਕੇ ਹੀ ਨਿਤਨੇਮ ਤੋਂ ਬਾਅਦ ਗੁਰਦੁਆਰਾ ਸਾਹਿਬ ਵਿਚੋਂ ਕੀਰਤਨ ਦੀ ਆਵਾਜ਼ ਆਉਣ ਲੱਗ ਪਈ।

"... ਮਿਲਹੁ ਪਿਆਰੇ ਜੀਆ... ਪ੍ਰਭ ਕੀਆ ਤੁਮਾਰਾ ਥੀਆ...।" ਕੀਰਤਨ ਕਰਨ ਵਾਲੇ ਕੀਰਤਨੀਏ ਉਪਰੋਕਤ ਸ਼ਬਦ ਇਕ ਖਾਸ ਅੰਦਾਜ਼ ਵਿਚ ਪੜ੍ਹ ਰਹੇ ਸਨ, ਜੋ ਕਿ ਆਮ ਨਾਲੋਂ ਵੱਖਰਾ ਮਹਿਸੂਸ ਹੋ ਰਿਹਾ ਸੀ। ਸ਼ਬਦ ਵਿਚ ਜਿਥੇ ਕਿਤੇ ਨਾਮ ਦੀ ਗੱਲ ਹੁੰਦੀ ਤਾਂ ਕੀਰਤਨੀਏ ਵਾਹਿਗੁਰੂ ਵਾਹਿਗੁਰੂ ਦੀ ਧੁਨੀ ਲਾਉਂਦੇ ਸਨ। ਮੈਂ ਪਹਿਲਾਂ ਕਦੇ ਅਜਿਹਾ ਕੀਰਤਨ ਨਹੀਂ ਸੁਣਿਆ ਸੀ, ਪਰ ਬਿੱਟੂ ਤੇ ਸਾਬ੍ਹੀ ਦੋਵੇਂ ਅਖੰਡ ਕੀਰਤਨੀ ਜੱਥੇ ਨਾਲ ਸੰਬੰਧਤ ਹੋਣ ਕਰਕੇ ਪਹਿਲਾਂ ਵੀ ਅਜਿਹੇ ਕੀਰਤਨ ਸਮਾਗਮਾਂ 'ਤੇ ਜਾਂਦੇ ਰਹੇ ਸਨ। ਅਸੀਂ ਨਹਾ ਧੋ ਕੇ ਜੇਲ੍ਹ ਅੰਦਰਲੇ ਗੁਰਦੁਆਰਾ ਸਾਹਿਬ ਵਿਚ ਪਹੁੰਚ ਗਏ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਜਾ ਮੱਥਾ ਟੇਕਿਆ। ਕੀਰਤਨ ਕਰਨ ਵਾਲੇ ਗੁਰਮੁਖੀ ਦਸਤਾਰਿਆਂ ਵਾਲੇ ਸਿੰਘ ਸਨ। ਉਨ੍ਹਾਂ ਦੇ ਚਿਹਰੇ ਲਾਲੀਆਂ ਨਾਲ ਦੱਗਦੇ ਸਨ। ਸਾਰੇ ਸਿੰਘਾਂ ਦੇ ਸੁਰਮਈ ਬਾਣਾ ਤੇ ਨਿਹੰਗ ਸਿੰਘਾਂ ਵਾਂਗ ਕਾਲੇ ਰੰਗ ਦੇ ਦਸਤਾਰੇ ਸਜਾਏ ਹੋਏ ਸਨ। ਡਾ. ਸਾਬ੍ਹੀ ਨੂੰ ਮੈਂ ਪੁਛਿਆ "ਇਹ ਕੌਣ ਕੀਰਤਨੀਏ ਸਿੰਘ ਨੇ...?"

"ਹੈ ਤਾਂ ਅਖੰਡ ਕੀਰਤਨੀਏ ਈ... ਪਰ ਪਹਿਲਾਂ ਕਿਤੇ ਆਪਣੇ ਪੰਜਾਬ ਵਿਚ ਕੀਰਤਨ ਕਰਦੇ ਦੇਖੇ ਨੀਂ...।" ਡਾ. ਸਾਬ੍ਹੀ ਕੀਰਤਨ ਕਰਨ ਵਾਲਿਆਂ ਨੂੰ ਪਛਾਨਣ ਤੋਂ ਅਸਮਰਥ ਸੀ।

ਕੋਈ ਘੰਟਾ ਸਵਾ ਘੰਟਾ ਕੀਰਤਨ ਹੁੰਦਾ ਰਿਹਾ। ਮੈਂ ਡਾ. ਸਾਬ੍ਹੀ ਨੂੰ ਪੁਛਿਆ, "ਯਾਰ ਭੋਗ ਕਦੋਂ ਕੁ ਪਾਉਣਗੇ...? ਇਹ ਤਾਂ ਪਤੰਦਰ ਹਟਣ 'ਚ ਨੀਂ ਆਉਣ ਡਹੇ...!"

"ਬਸ ਹੁਣ ਆਨੰਦ ਸਾਹਿਬ ਪੜ੍ਹਨ ਬਾਅਦ ਅਰਦਾਸ ਹੋ ਜਾਣੀ ਆ। ਗੁਰੂ ਗ੍ਰੰਥ ਸਾਹਿਬ ਦੇ ਪਾਠ ਦਾ

ਭੋਗ ਤਾਂ ਇਹ ਸਵੇਰੇ ਸਵੇਰੇ ਹੀ ਪਾ ਦਿੰਦੇ ਆ...।" ਡਾ. ਸਾਬ੍ਰੀ ਨੇ ਮੈਨੂੰ ਦੱਸਿਆ। ਅਰਦਾਸ ਅਤੇ ਹੁਕਮਨਾਮੇ ਤੋਂ ਬਾਅਦ ਸ. ਗਜਿੰਦਰ ਸਿੰਘ ਨੇ ਮਾਇਕਰੋਫੋਨ ਗੁਰੂ ਗ੍ਰੰਥ ਸਾਹਿਬ ਦੇ ਖੱਬੇ ਪਾਸੇ ਪਏ ਲੈਕਚਰ ਸਟੈਂਡ ਕੋਲ ਕਰ ਲਿਆ।

"ਗੁਰੂ ਸੰਵਾਰਿਓ! ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ......" ਫਤਿਹ ਦੇ ਜਵਾਬ ਵਿਚ ਗੁਰੂ ਘਰ ਦਾ ਛੋਟਾ ਜਿਹਾ ਹਾਲ ਅਤੇ ਉਸਦੇ ਅੱਗੇ ਬਣਿਆ ਬਰਾਂਡਾ ਅਕਾਸ਼ ਗੁੰਜਾਊ ਧੁਨੀ ਨਾਲ ਗੂੰਜ ਉਠਿਆ। "... ਸਤਿਕਾਰਯੋਗ ਖਾਲਸਾ ਜੀਓ, ਸਭ ਤੋਂ ਪਹਿਲਾਂ ਤਾਂ ਮੈਂ ਯੁੱਗੋ ਯੁੱਗ ਅਟੱਲ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁਕਰਾਨਾ ਕਰਦਾ ਹਾਂ, ਜਿਨ੍ਹਾਂ ਦੀ ਕਿਰਪਾ ਦ੍ਰਿਸ਼ਟੀ ਸਦਕਾ ਅਸੀਂ ਅੱਜ ਸਤਿਸੰਗ ਦਾ ਅਵਸਰ ਮਾਣ ਰਹੇ ਹਾਂ... ਹੁਣੇ ਤੁਸੀਂ ਭਾਈ ਟਹਿਲ ਸਿੰਘ ਬੱਬਰ ਦੇ ਜਥੇ ਪਾਸੋਂ ਗੁਰਬਾਣੀ ਦਾ ਮਨੋਹਰ ਕੀਰਤਨ ਸਰਵਨ ਕੀਤਾ ਹੈ। ਮੈਂ ਕੀਰਤਨੀਏ ਸਿੰਘਾਂ ਦਾ ਧੰਨਵਾਦ ਕਰਨਾ ਆਪਣਾ ਫਰਜ਼ ਸਮਝਦਾ ਹਾਂ, ਜਿਨ੍ਹਾਂ ਨੇ ਸਾਡੀ ਬੇਨਤੀ ਪ੍ਰਵਾਨ ਕਰਕੇ ਸਾਨੂੰ ਬਾਹਰੋਂ ਆ ਕੇ ਗੁਰੂ ਸ਼ਬਦ ਨਾਲ ਜੋੜਿਆ ਹੈ...।" ਟਹਿਲ ਸਿੰਘ ਬੱਬਰ ਦਾ ਨਾਂ ਸੁਣਨ ਸਾਰ ਮੇਰੇ ਕੰਨ ਖੜ੍ਹੇ ਹੋ ਗਏ। ਟਹਿਲ ਸਿੰਘ ਹੁਰੀਂ ਆਪਣੇ ਸਾਥੀਆਂ ਸਮੇਤ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਸਿਰ ਨੀਵਾਂ ਪਰ ਰੀੜ੍ਹ ਦੀ ਹੱਡੀ ਨੱਬੇ ਦੇ ਕੋਣ 'ਤੇ ਸਿੱਧੀ ਕਰੀ ਬੈਠੇ ਮੈਨੂੰ ਯੋਗੀਆਂ ਵਰਗੇ ਜਾਪ ਰਹੇ ਸਨ। ਸਿੰਘਾਂ ਦੇ ਚਿਹਰਿਆਂ ਉਪਰ ਸ਼ਾਂਤ ਤੇ ਬੀਰ ਰਸ ਦੀ ਆਭਾ ਦਿਖਾਈ ਦੇ ਰਹੀ ਸੀ। ਮੈਂ ਸੋਚ ਰਿਹਾ ਸੀ... "ਇਹ ਖਾੜਕੂ ਐਕਸ਼ਨ ਕਿਵੇਂ ਕਰ ਲੈਂਦੇ ਹੋਣਗੇ...? ਵਾਹਿਗੁਰੂ ਵਾਹਿਗੁਰੂ ਕਰਦੇ ਤਾਂ ਔਖੇ ਜਿਹੇ ਸਾਹ ਲਈ ਜਾਂਦੇ ਆ। ਦੇਖਣ ਨੂੰ ਵੀ ਸੰਤ ਸੁਭਾਅ ਦੇ ਜਾਪਦੇ ਆ, ਕੀ ਕਦੇ ਇਨ੍ਹਾਂ ਨੂੰ ਗੁੱਸਾ ਆਉਂਦਾ ਹੋਊ...?"

ਭਾਈ ਗਜਿੰਦਰ ਸਿੰਘ ਜੀ ਦਲ ਖਾਲਸਾ ਦੇ ਮੁੱਖ ਪੰਚ ਸਨ। ਉਸ ਦਿਨ ਉਨ੍ਹਾਂ ਦੁਆਰਾ ਦਿੱਤਾ ਹੋਇਆ ਲੈਕਚਰ ਮੇਰੀ ਜ਼ਿੰਦਗੀ ਦਾ ਪਹਿਲਾ ਖਾਲਿਸਤਾਨੀ ਲੈਕਚਰ ਸੀ। ਭਾਈ ਗਜਿੰਦਰ ਸਿੰਘ ਦੀ ਆਵਾਜ਼ ਵਿਚੋਂ ਰੋਹ... ਜਾਬਤਾ... ਤੇ ਕਵਿਤਾ... ਫੁੱਟ ਫੁੱਟ ਪੈ ਰਹੀ ਸੀ। ਉਨ੍ਹਾਂ ਦੇ ਸਿਰ ਉਪਰ ਬੰਨ੍ਹੀ ਕਾਲੀ ਟੂਟੀ ਵਾਲੀ ਪੱਗ ਵਿਚੋਂ ਝਾਕਦੀ ਪੀਲੀ ਫਿਫਟੀ ਪਤਲੇ ਜਿਹੇ ਦਾੜ੍ਹੇ ਵਾਲੇ ਲਾਲ ਸੁਰਖ ਚਿਹਰੇ ਉਪਰ ਆਪਣਾ ਪ੍ਰਭਾਵ ਪਾ ਰਹੀ ਸੀ। ਚਿਹਰੇ ਮੁਹਰੇ ਤੋਂ ਉਹ ਪ੍ਰਭਾਵਸ਼ਾਲੀ ਦਿੱਖ ਵਾਲੇ ਗੁਰਮੁਖ ਸਿੱਖ ਮਹਿਸੂਸ ਹੋ ਰਹੇ ਸਨ। ਉਨ੍ਹਾਂ ਇਕ ਸੁਲਝੇ ਹੋਏ ਮਿਸ਼ਨਰੀ ਵਾਂਗ ਆਪਣੀ ਗੱਲ ਅੱਗੇ ਤੋਰੀ......।

"....ਖਾਲਸਾ ਜੀਓ ਸਾਡੇ ਰਹਿਬਰ ਗੁਰੂ ਗ੍ਰੰਥ ਸਾਹਿਬ ਦਾ ਫੁਰਮਾਨ ਹੈ... ਜੇ ਜੀਵੈ ਪਤਿ ਲਥੀ ਜਾਇ, ਸਭੁ ਹਰਾਮੁ ਜੇਤਾ ਕਿਛੁ ਖਾਇ... ਜੇਕਰ ਜਿਉਂਦਿਆਂ ਹੀ ਗ਼ੁਲਾਮੀ ਦੀ ਜ਼ਿੰਦਗੀ ਭੋਗਣੀ ਪਵੇ ਤਾਂ ਇਸ ਤੋਂ ਵੱਡਾ ਦਰਦ ਹੋਰ ਕੋਈ ਨਹੀਂ ਹੋ ਸਕਦਾ। ਬੇ-ਗ਼ੈਰਤ ਦਾ ਜਿਊਣਾ ਮੋਇਆਂ ਸਮਾਨ ਹੋਇਆ ਕਰਦਾ ਹੈ.....। ੧੯੪੭ ਤੋਂ ਜੇਕਰ ਹਿੰਦੂਸਤਾਨੀ ਇਤਿਹਾਸ ਵਾਚਿਆ ਜਾਵੇ ਤਾਂ ਇਕ ਗੱਲ ਚਿੱਟੇ ਦਿਨ ਵਾਂਗ ਸਪੱਸ਼ਟ ਹੋ ਜਾਂਦੀ ਹੈ ...ਕਿ ਸਿੱਖ ਕੌਮ ਦੇਸ਼ ਦੀ ਆਜ਼ਾਦੀ ਹਿੱਤ ਕੁਰਬਾਨੀਆਂ ਕਰਨ ਦੇ ਬਾਵਜੂਦ ਵੀ ਅੱਜ ਤਕ ਗ਼ੁਲਾਮੀਆਂ ਭਰੀ ਜ਼ਿੰਦਗੀ ਭੁਗਤ ਰਹੀ ਹੈ... ਉਸ ਤੋਂ ਵੱਡੇ ਦੁਖ ਦੀ ਗੱਲ ਇਹ ਹੈ ਕਿ ਪੰਥ ਦੀ ਰਾਜਸੀ ਹਿੱਸੇ ਵਿਚ ਸਰਗਰਮ ਜਮਾਤ ਅਕਾਲੀ ਦਲ ਤੇ ਆਮ ਸਿੱਖ ਲੋਕ ਹਿੰਦੂਵਾਦੀ ਗ਼ੁਲਾਮੀ ਸਹਿਣ ਦੇ ਆਦੀ ਹੋ ਚੁੱਕੇ ਹਨ... ਜਿਹੜਾ ਥੋੜ੍ਹਾ ਬਹੁਤ ਨੌਜਵਾਨ ਵਰਗ ਜੋ ਜਾਗ੍ਰਿਤ ਅਵਸਥਾ ਵਿਚ ਵੀ ਹੈ ਤਾਂ ਉਸ ਕੋਲ ਸਹੀ ਪੈਂਤੜਾ, ਰਾਜਸੀ ਸੂਝ-ਬੂਝ ਅਤੇ ਗੁਰੂ ਨਾਨਕ ਸਾਹਿਬ ਦੀ ਵਿਸ਼ਾਲ ਸੋਚ ਮੁਤਾਬਿਕ ਦੂਰ ਦ੍ਰਿਸ਼ਟੀ ਦੀ ਘਾਟ ਵੀ ਸਪੱਸ਼ਟ ਦਿਖਾਈ ਦੇ ਰਹੀ ਹੈ...... ਕੌਮ ਦੀ ਆਜ਼ਾਦੀ ਲਈ ਦਿਲ ਵਿਚ ਤੜਪ ਰੱਖ ਕੇ ਤੁਰਨ ਵਾਲੇ ਜਾਂਬਾਜ਼ ਸਾਥੀਓ, ਬੇਸ਼ੱਕ ਤੁਹਾਡੇ ਸਭਨਾਂ ਵਿਚ ਕੌਮ ਨੂੰ ਆਜ਼ਾਦ ਤੱਕਣ ਦਾ ਸੱਚਾ-ਸੁੱਚਾ ਜਜ਼ਬਾ ਤੇ ਕੁਰਬਾਨੀ ਦੀ ਭਾਵਨਾ ਤਾਂ ਅਤਿ ਪ੍ਰਬਲ ਹੈ... ਪਰ ਉਪਰੋਕਤ ਕਾਰਨ ਜੋ ਮੈਂ ਪਹਿਲਾਂ ਵੀ ਬਿਆਨ ਕੀਤੇ ਹਨ, ਨੂੰ ਦੂਰ ਕਰੇ ਬਗੈਰ ਕੌਮ ਦੀ ਮੰਝਧਾਰ ਵਿਚ ਫਸੀ ਬੇੜੀ ਕਿਸੇ ਕਿਨਾਰੇ ਲੱਗਣੀ ਅਸੰਭਵ ਜਾਪ ਰਹੀ ਹੈ... ਅੱਜ ਅਸੀਂ ਬੇਸ਼ੱਕ ਗੋਲੀ ਜਾਂ ਬੰਦੂਕ ਦੇ ਜ਼ੋਰ 'ਤੇ ਥੋੜ੍ਹੇ ਸਮੇਂ ਲਈ ਪੰਜਾਬ ਦੀ ਧਰਤੀ ਜਾਂ ਅਖ਼ਬਾਰੀ ਸੁਰਖੀਆਂ ਵਿਚ ਛਾ ਜਾਈਏ, ਪਰ ਇਤਿਹਾਸ ਦੇ ਸੁਨਹਿਰੀ

ਅੱਖਰ ਸਿਰਜਣ ਲਈ ਸਾਨੂੰ ਲੋੜ ਤੋਂ ਵੀ ਕਿਤੇ ਵੱਧ ਅਨੁਸ਼ਾਸ਼ਨ, ਗੁਰਸਿੱਖੀ ਸਪਿਰਟ ਅਤੇ ਹਾਥੀ ਦੇ ਸਿਰ 'ਤੇ ਕੁੰਡੇ ਵਰਗੇ ਜਾਬਤੇ ਦੀ ਲੋੜ ਹੈ... ਖਾਲਸਾ ਜੀ ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਡਾ ਇਤਿਹਾਸ ਕੁਰਬਾਨੀਆਂ ਭਰਿਆ ਤੇ ਲਹੂ ਨਾਲ ਸਿੰਜਿਆ ਹੋਇਆ ਹੈ। ਪਰ ਅਜੋਕੇ ਸਮੇਂ ਵਿਚ ਸਾਡਾ ਦੁਸ਼ਮਣ ਅਠਾਰਵੀਂ ਸਦੀ ਦੇ ਦੁਸ਼ਮਣ ਵਾਂਗ ਇਕੱਲਾ ਜ਼ਾਲਮ ਹੀ ਨਹੀਂ, ਸਗੋਂ ਡਾਹਢਾ ਚਤਰ ਵੀ ਹੈ... ਪੁਰਾਣੇ ਸਮੇਂ ਵਿਚ ਜਦੋਂ ਸਾਡੇ ਬੰਦ-ਬੰਦ ਕੱਟ ਹੋਏ ਸਨ, ਉਸ ਸਮੇਂ ਸਾਰਾ ਕੁਝ ਆਮ ਲੋਕਾਂ ਦੇ ਸਾਹਮਣੇ ਹੋਣ ਕਰਕੇ ਸਾਡੀਆਂ ਸ਼ਹਾਦਤਾਂ ਦੀ ਧਾਕ ਬੈਠ ਜਾਇਆ ਕਰਦੀ ਸੀ ਤੇ ਜਵਾਨ ਖੂਨ ਖੁਦ-ਬ-ਖੁਦ ਸਿੱਖੀ ਨੂੰ ਪਿਆਰ ਕਰਨ ਲੱਗ ਜਾਂਦਾ ਸੀ... ਪਰ ਅੱਜ ਹਾਲਤ ਇਹ ਹੈ ਕਿ ਸਾਡਾ ਦੁਸ਼ਮਣ 'ਸਾਮ ਦਾਮ ਦੰਡ ਭੇਦ' ਦੀ ਨੀਤੀ 'ਤੇ ਚੱਲਣ ਵਾਲੇ ਚਾਣਕਿਆ ਤੇ ਗੰਗੂਆਂ ਦੀ ਕਿਸਮ 'ਚੋਂ ਹੈ... ਇਹ ਗੱਦਾਰ... ਹਜਾਰਾਂ ਸਾਲ ਆਪਣੀ ਚਤੁਰਾਈ ਨਾਲ ਲੋਕਾਂ ਵਿਚ ਵੰਡਾਂ... ਵਰਗਾਂ ਦਾ ਸਿਆਪਾ ਖੰਡਾ ਕੇ ਉਨ੍ਹਾਂ ਨੂੰ ਲੁੱਟਦਾ ਰਿਹਾ ਹੈ... ਸੋ ਸਾਨੂੰ ਜੰਗ ਜਿੱਤਣ ਲਈ ਹੁਣ ਸ਼ੇਰ ਵਰਗੀ ਬਹਾਦਰੀ ਦੇ ਨਾਲ ਨਾਲ ਲੂੰਬੜੀ ਵਰਗੀ ਹੁਸ਼ਿਆਰੀ ਦੀ ਵੀ ਲੋੜ ਹੈ... ਬੀਤੇ ਇਤਿਹਾਸ ਵਿਚ ਸਾਡੇ ਲੀਡਰਾਂ ਨੇ ਆਪਣੇ ਦੇਸ਼ ਭਗਤੀ ਦੇ ਫੋਕੇ ਫਤੂਰ ਤੇ ਕੁਝ ਹੋਛੇ ਤੇ ਨਿਜੀ ਹਿੱਤਾਂ ਖਾਤਿਰ ਆਪਣੀ ਸਾਰੀ ਕੌਮ ਦੀ ਕਿਸਮਤ ਹਿੰਦੂ ਕੌਮ ਨਾਲ ਭਾਰਤ ਰੂਪੀ ਪਿੰਜਰੇ ਵਿਚ ਕੈਦ ਕਰਕੇ ਕੌਮ ਦੇ ਭਵਿੱਖ ਨਾਲ ਖਿਲਵਾੜ ਕੀਤਾ ਹੈ... ਅੱਜ ਸਮੇਂ ਦੀ ਸਿਤਮਜਰੀਫੀ ਹੈ ਕਿ ਕੌਮ ਨੂੰ ਫਿਰ ਦੁਬਾਰਾ ਆਪਣਾ ਘਰ ਬਣਾਉਣ ਲਈ ਲਹੂ ਡੋਲ੍ਹਵਾਂ ਸੰਘਰਸ਼ ਕਰਨਾ ਪੈ ਰਿਹਾ ਹੈ... ਇਹ ਸਾਰੇ ਵਰਤਾਰੇ ਲਈ ਸਾਡੇ ਨਾਅਹਿਲ ਬੇਵਕੂਫ ਰਵਾਇਤੀ ਲੀਡਰ ਜਿੰਮੇਵਾਰ ਕਹੇ ਜਾ ਸਕਦੇ ਹਨ... ਖਾਲਸਾ ਜੀਓ ਦੇਸ਼ ਦੀ ਆਜਾਦੀ ਵਿਚ ਤਰਿਆਨਵੇਂ ਪ੍ਰਤੀਸ਼ਤ ਕੁਰਬਾਨੀ ਕਰਨ ਵਾਲਾ ਖਾਲਸਾ ਧਰਮ ਇਨ੍ਹਾਂ ਅਹਿੰਸਾ ਦੇ ਪੁਜਾਰੀਆਂ ਨੂੰ ਆਜ਼ਾਦੀ ਮਿਲਣ ਤੋਂ ਤੁਰੰਤ ਬਾਅਦ ਜ਼ਰਾਇਮ ਪੇਸ਼ਾ ਦਿਖਾਈ ਦੇਣ ਲੱਗਿਆ...:

ਜੀਓ ਆਏ ਆਜਾਦੀਏ ਕਹਾਂ ਤੈਨੂੰ, ਦਿਲ ਰੋਂਦਾ ਏ ਦੇਖ ਤਸਵੀਰ ਤੇਰੀ...

ਲੱਖਾਂ ਪੁੱਤ ਮਰਵਾ ਕੇ ਵੀ ਹੱਥ ਆਈ, ਸਿਰਫ ਪਾਟੀ ਹੋਈ ਚੁੰਨੀ ਦੀ ਲੀਰ ਤੇਰੀ।

ਸ. ਪਿਆਰਾ ਸਿੰਘ ਨਿਰਛਲ ਦੀਆਂ ਇਹ ਸਤਰ੍ਹਾਂ ਇਹ ਗੱਲ ਚੰਗੀ ਤਰ੍ਹਾਂ ਖੋਲ੍ਹ ਦੱਸਦੀਆਂ ਹਨ ...ਕਿ ਅਸੀਂ ਆਜ਼ਾਦ ਭਾਰਤ ਦੇ ਗ਼ੁਲਾਮ ਲੋਕ ਹਾਂ... ਗੋਰੇ ਅੰਗਰੇਜ਼ ਨੂੰ ਅਸੀਂ ਖ਼ੂਨ ਡੋਲ੍ਹਵੀਂ ਲੜਾਈ ਬਾਅਦ ਦੇਸ਼ ਵਿਚੋਂ ਬਾਹਰ ਕੀਤਾ, ਪਰ ਕਾਲਾ ਸਰਮਾਏਦਾਰ ਕਸਾਈ ਲੋਕਾਂ ਦੇ ਗਲੇ ਪੈ ਗਏ... ਬਹਾਦਰ ਦੋਸਤੋ ਤੁਸੀਂ ਸਾਰੇ ਹੀ ਆਪੋ ਆਪਣੀ ਥਾਵੇਂ ਚੰਗੀ ਸੋਚ ਦੇ ਮਾਲਕ ਹੋ, ਇਹ ਗੱਲ ਤੁਹਾਡੀ ਕੌਮ ਪ੍ਰਤੀ ਆਜ਼ਾਦੀ ਹਿੱਤ ਚੁੱਕੀ ਹੋਈ ਸ਼ਮਸ਼ੀਰ ਤੋਂ ਹੀ ਸਿੱਧ ਹੋ ਜਾਂਦੀ ਹੈ, ਪਰ ਫਿਰ ਵੀ ਮੈਂ ਸੰਖੇਪ ਵਿਚ ਇਤਿਹਾਸ 'ਤੇ ਸਰਸਰੀ ਨਜ਼ਰਸਾਨੀ ਕਰਵਾਉਣਾ ਆਪਣਾ ਫਰਜ਼ ਸਮਝਦਾ ਹਾਂ..." ਸ. ਗਜਿੰਦਰ ਸਿੰਘ ਦੇ ਬੋਲ ਵਿਦਵਤਾ ਭਰਪੂਰ ਹੋਣ ਦੇ ਨਾਲ ਨਾਲ ਗੜ੍ਹਕਵੇਂ ਅਤੇ ਡੂੰਘੇ ਵੀ ਸਨ।

ਮੈਨੂੰ ਜਾਪ ਰਿਹਾ ਸੀ ਕਿ ਸਰਦਾਰ ਆਪਣੀਆਂ ਬਾਜ਼ ਵਰਗੀਆਂ ਤੇਜ਼ ਤਰਾਰ ਨਜ਼ਰਾਂ ਮੇਰੇ ਚਿਹਰੇ 'ਤੇ ਗੱਡ ਕੇ ਜਿਵੇਂ ਮੇਰੇ ਦਿਲ ਵਿਚ ਉਤਰ ਰਿਹਾ ਹੋਵੇ। ਸਰਦਾਰ ਦੇ ਬੋਲਣ ਵਿਚ ਜਿੱਥੇ ਅਥਾਹ ਜਾਦੂਈ ਕਲਾ ਸੀ ਉਥੇ ਹਰ ਇਕ ਸ਼ਬਦ ਮੈਨੂੰ ਧੁਰ ਅੰਦਰੋਂ ਅਣੀਆਲੇ ਤੀਰਾਂ ਦੇ ਵੱਜਣ ਵਾਂਗ ਜ਼ਖਮੀ ਕਰ ਰਿਹਾ ਸੀ। ਸਰਦਾਰ ਦੀਆਂ ਅੱਖਾਂ ਦੀ ਲਾਲੀ ਰੋਹ ਅਤੇ ਅੱਖਾਂ ਵਿਚਲੀ ਨਮੀ, ਅੰਤਰ ਮਨ ਦੇ ਦਰਦ ਤੇ ਮਨ ਮਸਤਕ 'ਤੇ ਸਹੀਆਂ ਹੋਈਆਂ ਮਾਰਾਂ ਅਤੇ ਲੰਮੇ ਸੰਘਰਸ਼ਸ਼ੀਲ ਜੀਵਨ ਦੇ ਉਤਰਾਅ-ਚੜ੍ਹਾਅ ਦੀ ਕਹਾਣੀ ਕਹਿ ਰਹੀ ਸੀ। ਮੈਨੂੰ ਲੱਗਿਆ ਕਿ ਸ. ਗਜਿੰਦਰ ਸਿੰਘ ਸਿੱਖ ਕੌਮ ਦੇ, ਘੋੜੇ ਵੇਚ ਕੇ ਸੁੱਤੇ ਹੋਏ ਲੀਡਰਾਂ, ਕੇਡਰ ਅਤੇ ਜਜ਼ਬਾਤੀ ਰੌਅ ਵਿਚ ਏਕਤਾ ਦੀ ਰੌਸ਼ਨੀ ਖੁਣੋ ਭਟਕੇ ਹੋਏ ਖਾੜਕੂ ਕੇਡਰ 'ਤੇ ਅੰਦਰੋਂ ਅੰਦਰੀ ਦੁਖੀ ਸੀ। ਪਰ... ਵਾਰਿਸ ਸ਼ਾਹ ਇਕੱਲੜਾ ਕਰਾਂ ਕੀ ਮੈਂ ਤੁਸੀਂ ਤੇ ਸੱਤੇ ਇਕੱਠੀਆਂ ਵਗਦੀਆਂ ਹੋ... ਵਾਲੀ ਕਹਾਣੀ ਹੋਣ ਕਰਕੇ ਕੁਝ ਕਰਨ ਤੋਂ

ਵੀ ਅਸਮਰਥ ਸੀ। ਜਿਥੇ ਰਵਾਇਤੀ ਲੀਡਰ ਕੇਡਰ ਆਪਣੇ ਨਿੱਜੀ ਸਵਾਰਥਾਂ ਤੇ ਕੁਰਸੀ ਦੀ ਭੁੱਖ ਖਾਤਿਰ ਪੰਥ ਨੂੰ ਵੇਚ ਕੇ ਖਾਣ ਲਈ ਤੁਲਿਆ ਹੋਇਆ ਸੀ, ਉਥੇ ਖਾੜਕੂ ਕੇਡਰ ਬੰਦੂਕ ਦੀ ਅੰਨ੍ਹੀ ਵਰਤੋਂ ਉਪਰ ਹੀ ਇਨਕਲਾਬ ਜਾਂ ਖਾਲਸਾ ਰਾਜ ਦੇ ਆਉਣ ਦੀਆਂ ਆਸਾਂ ਲਗਾਈ ਬੈਠਾ ਸੀ। ਸਰਦਾਰ ਗਜਿੰਦਰ ਸਿੰਘ ਹਾਲੇ ਆਪਣਾ ਲੈਕਚਰ ਦੇ ਹੀ ਰਿਹਾ ਸੀ ਕਿ ਅਚਾਨਕ ਹੀ ਥੱਲੇ ਬੈਠੇ ਸੰਗਤ ਰੂਪੀ ਖਾੜਕੂ ਗਰੁੱਪਾਂ ਵਿਚ ਕੋਈ ਰਾਮ ਰੌਲਾ ਪੈ ਗਿਆ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੀ ਜੰਗ ਵਰਗੀ ਸਥਿਤੀ ਬਣ ਗਈ।

ਗੱਲ ਕੁਝ ਇਉਂ ਹੋਈ ਸਰਦਾਰ ਗਜਿੰਦਰ ਸਿੰਘ ਹੁਰੀਂ ਆਪਣੇ ਲੈਕਚਰ ਵਿਚ ਕਹਿ ਰਹੇ ਸਨ... "ਖਾਲਸਾ ਜੀਉ ਜਿਵੇਂ ਮੈਂ ਪਹਿਲਾਂ ਹੀ ਦੱਸ ਰਿਹਾ ਸੀ ਕਿ ਸਾਡਾ ਵਾਹ ਅੱਜ ਚਤਰ ਗੰਗੂ ਦੀ ਔਲਾਦ ਨਾਲ ਪਿਆ ਹੈ... ਪੁਰਾਤਨ ਸਮੇਂ ਇਕ ਗੰਗੂ ਸੀ ਪਰ ਅੱਜ ਕਲ੍ਹ ਤਾਂ ਗੰਗੂ ਦਾ ਬੀਜ ਪੂਰੇ ਹਿੰਦੂਸਤਾਨ ਵਿਚ ਫੈਲਣ ਕਰਕੇ ਅਕ੍ਰਿਤਘਣਾਂ ਦੀਆਂ ਪਲਟਣਾਂ ਹੀ ਫਿਰ ਰਹੀਆਂ; ਇਨ੍ਹਾਂ ਸਾਰਿਆਂ ਵਿਚ ਗੰਗੂ ਦੀ ਰੂਹ ਪ੍ਰਵੇਸ਼ ਕਰ ਗਈ ਹੈ:

ਆਹ ਗਾਂਧੀ, ਆਹ ਨਹਿਰੂ, ਆਹ ਨਹਿਰੂ ਦੀ ਧੀ ਏ...

ਸਭ ਗੰਗੂ ਹੀ ਗੰਗੂ ਨੇ, ਹੋਰ ਇਥੇ ਕੀ ਏ...?

ਲੋੜ ਹੈ ਅੱਜ ਦੇ ਗੰਗੂ ਨੂੰ ਪਛਾਨਣ ਦੀ, ਅੱਜ ਦੀ ਸਭ ਤੋਂ ਵੱਡੀ ਸਮੱਸਿਆ ਗੰਗੂ ਦੇ ਸਰੀਰ ਦੀ ਨਹੀਂ, ਗੰਗੂ ਦੀ ਰੂਹ ਦੀ ਐ। ਤੇ ਗੰਗੂ ਦੀ ਰੂਹ ਗਾਂਧੀ ਟੋਪੀਆਂ ਵਿਚੋਂ ਦੀ ਹੁੰਦੀ ਹੋਈ ਚਿੱਟੀਆਂ ਤੇ ਨੀਲੀਆਂ ਪੱਗਾਂ ਵਾਲਿਆਂ ਵਿਚ ਵੀ ਪ੍ਰਵੇਸ਼ ਕਰ ਚੁੱਕੀ ਹੈ... ਗੰਗੂ ਦੀ ਰੂਹ ਸਾਡੇ ਅਕਾਲੀ ਤੇ ਕਾਂਗਰਸੀ ਕਹਾਉਂਦੇ ਸਿੱਖ ਲੀਡਰਾਂ ਵਿਚ ਵੀ ਪ੍ਰਵੇਸ਼ ਕਰ ਚੁੱਕੀ ਹੈ... ਸੋ ਵੀਰੋ ਅੱਜ ਆਪਣੇ ਸਿਰਾਂ 'ਤੇ ਜਿਥੇ ਬੰਦੂਕ ਚੁੱਕ ਕੇ ਜ਼ੁਲਮ ਨਾਲ ਲੜਨ ਦੀ ਜ਼ਿੰਮੇਵਾਰੀ ਆਣ ਪਈ ਹੈ, ਉਥੇ ਸਾਰੀ ਕੌਮ ਅਤੇ ਪੰਜਾਬ ਦੇ ਹਰ ਵਾਸੀ ਨੂੰ ਗੰਗੂ ਦੀ ਰੂਹ ਦੀ ਪਹਿਚਾਣ ਕਰਵਾਉਣਾ ਵੀ ਸਾਡੀ ਜ਼ਿੰਮੇਵਾਰੀ ਹੋਵੇਗੀ, ਨਹੀਂ ਤਾਂ ਤਾਰੀਖ ਇਕ ਇਤਿਹਾਸਕ ਗਲਤੀ ਨੂੰ ਮੁੜ ਦੁਹਰਾ ਦੇਵੇਗੀ ਤੇ ਸਾਰੀਆਂ ਸ਼ਹਾਦਤਾਂ ਨੂੰ ਘੱਟੇ ਵਿਚ ਰੋਲ ਕੇ... ਅੰਤ ਅਤੇ ਦੇਸ਼ ਭਗਤੀ ਦੇ ਨਕਾਬ ਹੇਠ ਫਿਰ ਦੁਬਾਰਾ ਕੁਰਸੀ 'ਤੇ ਕਾਬਜ਼ ਹੋਣ ਵਾਲੇ ਲੁੰਬੜਾਂ ਨੂੰ ਪੰਜਾਬੀਆਂ ਦੇ ਭੋਲੇਪਣ ਦੀ ਨਜ਼ਰ ਨੇ ਨਹੀਂ ਪਹਿਚਾਣ ਸਕਣਾ... ਸਭ ਤੋਂ ਜ਼ਰੂਰੀ ਗੱਲ... ਇਕ ਅਕਾਲ ਪੁਰਖ... ਅਕਾਲ ਤਖ਼ਤ ਅਤੇ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਹੇਠ ਏਕਤਾ ਦਾ ਮੁਜ਼ਾਹਰਾ ਕਰਨ ਦੀ ਹੈ... ਅੱਜ ਲੋੜ ਹੈ ਭਾਈ ਫੌਜਾ ਸਿੰਘ, ਭਾਈ ਕੁਲਵੰਤ ਸਿੰਘ ਨਾਗੋਕੇ ਅਤੇ ਭਾਈ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਸੋਚ ਨੂੰ ਘਰ-ਘਰ ਪਹੁੰਚਾਉਣ ਦੀ ਹੈ...। ਅਸੀਂ ਸਮਝਦੇ ਹਾਂ ਕਿ ਸਾਡੇ ਪੰਥਕ ਸਿਆਸੀ ਲੀਡਰਾਂ ਨੂੰ ਭਾਈ ਜਰਨੈਲ ਸਿੰਘ ਵਰਗੇ ਲੀਡਰਾਂ ਦੀ ਸੋਚ ਤੋਂ ਕੁਝ ਸੂਝ-ਬੂਝ ਲੈਣੀ ਚਾਹੀਦੀ ਹੈ........।"

ਹਾਲੇ ਸਰਦਾਰ ਗਜਿੰਦਰ ਸਿੰਘ ਆਪਣਾ ਭਾਸ਼ਨ ਕਰ ਹੀ ਰਹੇ ਸਨ ਕਿ ਥੱਲੇ ਬੈਠੇ ਇਕੱਠ ਵਿਚੋਂ ਇਕ ਸਿੰਘ ਬੋਲ ਪਿਆ, "ਤੁਸੀਂ ਸੰਤ ਬਾਬਾ ਜਰਨੈਲ ਸਿੰਘ ਨੂੰ 'ਭਾਈ' ਕਹਿ ਕੇ ਕਿਵੇਂ ਬੁਲਾਇਆ..? ਅੱਜ ਉਹ ਸਾਰੀ ਕੌਮ ਦੀ ਤੇ ਭਿੰਡਰਾਂਵਾਲੀ ਟਕਸਾਲ ਦੀ ਸਨਮਾਣਯੋਗ ਹਸਤੀ ਨੇ, ਨਾਲੇ ਹੋਰ ਉਨ੍ਹਾਂ ਦੇ ਮੇਚ ਦੇ ਕਿਵੇਂ ਹੋਏ? ਕਿਥੇ ਰਾਜਾ ਭੋਜ ਕਿਥੇ ਗੰਗੂ ਤੇਲੀ...?" ਸਾਡੇ ਤਿੰਨਾਂ ਸਮੇਤ ਭਾਈ ਗਜਿੰਦਰ ਸਿੰਘ ਵੀ ਇਸ ਸਿੰਘ ਦੀ ਹਰਕਤ ਅਤੇ ਬੋਲਣ ਦੇ ਅਵੇਤੇ ਢੰਗ 'ਤੇ ਹੈਰਾਨ ਜਿਹੇ ਹੋ ਗਏ। ਭਾਈ ਗਜਿੰਦਰ ਸਿੰਘ ਨੇ ਹੱਥ ਦੇ ਇਸ਼ਾਰੇ ਨਾਲ ਉਸ ਸਿੰਘ ਨੂੰ ਬਿਠਾਉਣ ਦੀ ਕੋਸ਼ਿਸ਼ ਕੀਤੀ, ਪਰ ਸਾਰੀ ਸੰਗਤ ਦੋ ਧੜ੍ਹਿਆਂ ਵਿਚ ਵੰਡੀ ਗਈ; ਅੱਧੇ ਸੰਤ ਜਰਨੈਲ ਸਿੰਘ ਹੁਰਾਂ ਨੂੰ ਭਾਈ ਕਹਿਣ ਦੇ ਹਮਾਇਤੀ ਸਨ ਤੇ ਅੱਧੇ ਸੰਤ ਕਹਿਣ ਦੇ। ਵੇਖਦੇ ਹੀ ਵੇਖਦੇ ਸੰਤ ਕਹੋ... ਭਾਈ ਕਹੋ... ਸੰਤ ਕਹੋ... ਭਾਈ ਕਹੋ, ਦਾ ਰੌਲਾ ਪੈਣਾ ਸ਼ੁਰੂ ਹੋ ਗਿਆ। ਦੋਹਾਂ ਧਿਰਾਂ ਦੇ ਅੱਖੜ ਰਵੱਈਏ ਕਰਕੇ ਨੌਂ ਪੂਰਬੀਏ ਤੇ ਤੇਰ੍ਹਾਂ ਚੁੱਲ੍ਹੇ ਵਾਲੀ ਗੱਲ ਹੋ ਗਈ। ਭਾਈ ਟਹਿਲ ਸਿੰਘ ਤੇ ਭਾਈ ਗਜਿੰਦਰ ਸਿੰਘ

ਹੁਰੀਂ ਸਾਰਿਆਂ ਨੂੰ ਹੱਥ ਜੋੜ ਜੋੜ ਕੇ ਰੌਲਾ ਨਾ ਪਾਉਣ ਦੀਆਂ ਬੇਨਤੀਆਂ ਕਰ ਰਹੇ ਸਨ, ਪਰ ਨਗਾਰਖਾਨੇ ਵਿਚ ਤੂਤੀ ਦੀ ਕੌਣ ਸੁਣਦਾ ਹੈ..? ਸਾਰਾ ਵਰਤਾਰਾ ਮੇਰੇ ਲਈ ਅਜੀਬ ਸੀ। ਮੈਂ ਸੋਚ ਰਿਹਾ ਸਾਂ ਕਿ ਸਰਬੱਤ ਦਾ ਭਲਾ ਮੰਗਣ ਵਾਲਿਆਂ ਦੀ ਅਜਿਹੀ ਨਾਗ ਬਿਰਤੀ ਦਾ ਕੀ ਬਣੇਗਾ...? ਅਚਾਨਕ ਹੀ ਸਾਰੇ ਸ਼ਾਂਤੀ ਵਰਤਗੀ ਕਿਉਂਕਿ ਭਾਈ ਗਜਿੰਦਰ ਸਿੰਘ ਭਾਵੁਕਤਾ 'ਤੇ ਕਾਬੂ ਨਾ ਰੱਖ ਸਕੇ ਤੇ ਧਾਹੀਂ ਰੋਣ ਲੱਗ ਪਏ। ਉਮਰ ਵਿਚ ਸਾਰਿਆਂ ਤੋਂ ਵੱਡੇ ਇਕ ਸਿੰਘ ਦੇ ਸਾਰੇ ਮੁੰਡਿਆਂ ਦੇ ਇਕੱਠ ਵਿਚ ਧਾਹੀਂ ਰੋ ਪੈਣ 'ਤੇ ਹੈਰਾਨਗੀ ਤੇ ਚੁੱਪ ਦਾ ਆਲਮ ਬਰਕਰਾਰ ਹੋ ਗਿਆ। ਭਾਈ ਟਹਿਲ ਸਿੰਘ ਬੱਬਰ ਦੀਆਂ ਅੱਖਾਂ ਵੀ ਨਮ ਹੋ ਚੁੱਕੀਆਂ ਸਨ। ਉਨ੍ਹਾਂ ਦੇ ਨਾਲ ਆਏ ਸਿੰਘਾਂ ਵਿਚੋਂ ਕਿਸੇ ਨੇ ਵੀ ਕਾਂਵਾਂ ਰੌਲੀ ਵਿਚ ਹਿੱਸਾ ਨਹੀਂ ਲਿਆ ਸੀ। ਸ਼ਾਇਦ ਜਥੇਦਾਰ ਦੇ ਨਾਲ ਹੋਣ ਕਰਕੇ ਜ਼ਾਬਤਾ ਕਾਇਮ ਸੀ। ਮੈਨੂੰ ਭਾਈ ਟਹਿਲ ਸਿੰਘ ਖਾੜਕੂ ਦੀ ਬਜਾਏ ਬਹੁਤੇ ਨਰਮ ਦਿਲ ਇਨਸਾਨ ਜਾਪ ਰਹੇ ਸਨ। ਉਹ ਨੀਵੀਂ ਪਾਈ ਬੈਠੇ ਸਨ ਅਤੇ ਪਰਲ ਪਰਲ ਵਗ ਰਹੇ ਹੰਝੂ ਉਨ੍ਹਾਂ ਦੀ ਅੰਤਰ ਪੀੜਾ ਨੂੰ ਪ੍ਰਗਟ ਕਰ ਰਹੇ ਸਨ। ਉਹ ਵਾਰ ਵਾਰ ਹੱਥ ਜੋੜ ਕੇ ਸਿਰ ਨੀਵਾਂ ਕਰਕੇ ਗੁਰੂ ਸਾਹਿਬ ਅੱਗੇ ਧਰਤੀ ਨਾਲ ਲਗਾ ਰਹੇ ਸਨ। ਮੈਨੂੰ ਜਾਪਿਆ ਜਿਵੇਂ ਉਹ ਗੁਰੂ ਸਾਹਿਬ ਨੂੰ ਸਿੱਖਾਂ ਤਾਈਂ ਸੁਮੱਤ ਬਖਸ਼ਣ ਦੀ ਬੇਨਤੀ ਕਰ ਰਹੇ ਹੋਣ।

ਕੋਈ ਪੰਦਰਾਂ ਮਿੰਟ ਭਾਈ ਗਜਿੰਦਰ ਸਿੰਘ ਹੁਰੀਂ ਰੋਂਦੇ ਰਹੇ। ਕੰਵਰਜੀਤ ਸਿੰਘ ਬਿੱਟੂ ਨੇ ਹਿੰਮਤ ਕਰਕੇ ਭਾਈ ਸਾਹਿਬ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਦੀਆਂ ਮੋਟੀਆਂ ਮੋਟੀਆਂ ਅੱਖਾਂ ਲਾਲ ਸੁਰਖ ਹੋ ਗਈਆਂ ਸਨ...।

ਭਾਈ ਸਾਹਿਬ ਸੰਭਲੇ ਤੇ ਫਿਰ ਮਾਇਕ ਕੋਲ ਜਾ ਕੇ ਬੋਲਣਾ ਸ਼ੁਰੂ ਕੀਤਾ... "ਹੋਇ ਇਕੱਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰੋ ਲਿਵ ਲਾਇ...।" ਭਾਈ ਗਜਿੰਦਰ ਸਿੰਘ ਨੇ ਗੁਰਬਾਣੀ ਦੀ ਤੁੱਕ ਬੋਲ ਕੇ ਕਹਿਣਾ ਸ਼ੁਰੂ ਕੀਤਾ। "..ਵੀਰੋ, ਜਦੋਂ ਤਕ ਸਾਡੇ ਵਿਚੋਂ ਬੰਦੇ ਨੂੰ ਰੱਬ ਬਣਾਉਣ ਦੀ ਬਿਰਤੀ ਨਹੀਂ ਜਾਂਦੀ, ਉਨਾਂ ਚਿਰ ਸਾਨੂੰ ਸਮਝਣਾ ਚਾਹੀਦੈ ਕਿ ਅਸੀਂ ਗੁਰਮਤਿ ਨੂੰ ਸਹੀ ਅਰਥਾਂ ਵਿਚ ਸਮਝ ਹੀ ਨਹੀਂ ਸਕੇ। ਜੇ ਗੁਰੂ ਨਾਨਕ ਸਾਹਿਬ ਦਾ ਰਬਾਬੀ ਭਾਈ ਮਰਦਾਨਾ 'ਭਾਈ' ਹੋ ਸਕਦਾ ਹੈ, ਭਾਈ ਗੁਰਦਾਸ 'ਭਾਈ' ਹੋ ਸਕਦੇ ਹਨ, ਭਾਈ ਬਿਧੀ ਚੰਦ, ਭਾਈ ਬਹਿਲੋ ਆਦਿਕ ਤੋਂ ਲੈ ਕੇ ਹੁਣ ਤਕ ਦੇ ਸਿੱਖ ਇਤਿਹਾਸ ਵਿਚ ਕਿੰਨੇ ਹੀ ਨਾਮ ਗਿਣਾਏ ਜਾ ਸਕਦੇ ਹਨ, ਜਿਨ੍ਹਾਂ ਨੇ ਬੰਦ-ਬੰਦ ਕਟਾਏ, ਖੋਪਰੀਆਂ ਲਹਾਈਆਂ ਆਪਣੇ ਹੱਥੀਂ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਲਿਖਣ ਦੀ ਸੇਵਾ ਕੀਤੀ, ਉਨ੍ਹਾਂ ਨੂੰ 'ਭਾਈ' ਕਹਿ ਕੇ ਹੀ ਯਾਦ ਕੀਤਾ ਜਾਂਦਾ ਹੈ ਤਾਂ ਜੇ ਮੈਂ ਸੰਤ ਜਰਨੈਲ ਸਿੰਘ ਹੁਰਾਂ ਨੂੰ 'ਭਾਈ' ਕਹਿ ਦਿੱਤਾ ਤਾਂ ਕਿਹੜੀ ਗਲਤੀ ਹੋ ਗਈ? ਵੀਰੋ ਮੇਰੇ ਭਾਈ ਕਹਿਣ ਨਾਲ ਸੰਤ ਜੀ ਦੀ ਸ਼ਾਨ ਅਤੇ ਸਰਬ ਪ੍ਰਵਾਨਤਾ ਵਿਚ ਕੋਈ ਕਮੀ ਨਹੀਂ ਹੋਣ ਲੱਗੀ, ਸਗੋਂ ਭਾਈ-ਭਾਈ, ਭਰਾ-ਭਰਾ ਵਾਲੀ ਨੀਤੀ ਕੌਮ ਵਿਚ ਵਧਣ ਕਰਕੇ ਏਕਤਾ ਨੂੰ ਜ਼ਰੂਰ ਬਲ ਮਿਲ ਸਕਦਾ ਹੈ... "ਜਨ ਨਾਨਕ ਮੰਗੇ ਧੂੜ ਤਿਨ੍ਹ ਜੋ ਗੁਰਿ ਕੇ ਸਿਖ ਮੇਰੇ ਭਾਈ..." ਮੈਂ ਖੁਦ ਹਾਈਜੈਕਿੰਗ ਤੋਂ ਪਹਿਲਾਂ ਸੰਤ ਜਰਨੈਲ ਸਿੰਘ ਹੁਰਾਂ ਨੂੰ ਭਾਈ ਸਾਹਿਬ ਸ਼ਬਦ ਨਾਲ ਸੰਬੋਧਤ ਹੁੰਦਾ ਰਿਹਾ ਹਾਂ। ਉਨ੍ਹਾਂ ਤਾਂ ਕਦੇ ਵੀ ਇਸ ਗੱਲ ਦਾ ਬੁਰਾ ਨਹੀਂ ਮਨਾਇਆ, ਸਗੋਂ ਆਮ ਸੰਤਾਂ ਵਾਂਗ ਜੇਕਰ ਕਦੇ ਕਿਸੇ ਨੇ ਉਨ੍ਹਾਂ ਨੂੰ ਮੱਥਾ ਟੇਕਣ ਦੀ ਕੋਸ਼ਿਸ਼ ਕਰਨੀ ਤਾਂ ਉਹ ਬਹੁਤ ਬੁਰਾ ਮਨਾਇਆ ਕਰਦੇ ਸਨ। ਸਤਿਕਾਰਯੋਗ ਵੀਰੋ, ਕਲਗੀਧਰ ਪਾਤਸ਼ਾਹ ਸਾਨੂੰ ਇਕੋ ਬਾਟੇ ਵਿਚ ਹਰ ਵਰਗ, ਜਾਤ, ਕਰਮ, ਕੁਲ ਤੇ ਅਨਧਰਮ ਦਾ ਨਾਸ਼ ਕਰਨ ਵਾਲੇ ਅੰਮ੍ਰਿਤ ਦੀ ਦਾਤ ਬਖਸ਼ ਕੇ ਸਾਰੇ ਸਮਾਜ ਵਿਚ ਇਕ ਨਵਾਂ ਆਪਸੀ ਭਰੱਪਣ ਰੱਖਣ ਵਾਲਾ ਖਾਲਸਾ ਧਰਮ ਹੋਂਦ ਵਿਚ ਲਿਆਂਦਾ, ਪਰ ਵੀਰੋ ਅੱਜ ਅਸੀਂ ਮਾਮੂਲੀ ਗੱਲਾਂ ਤੇ ਆਪਸ ਵਿਚ ਭਗੜ ਕੇ ਕਿਹੜੇ ਪੰਥ ਦੀ ਸੇਵਾ ਕਰਨੀ ਚਾਹੁੰਦੇ ਹਾਂ...? ਅਸੀਂ ਤਾਂ ਢਾਈ ਟੋਟਰੂ ਵੀ ਇਕੱਠੇ ਹੋ ਕੇ ਨਹੀਂ ਰਹਿ ਸਕਦੇ ਤੇ ਵਿਸ਼ਵ ਦੇ ਭਾਈਚਾਰੇ ਨੂੰ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਤੇ ਗੁਰੂ ਗ੍ਰੰਥ ਸਾਹਿਬ ਦੀ ਸੋਚ ਦੀ ਹਾਣੀ ਕਿਵੇਂ ਬਣਾ ਸਕਾਂਗੇ..? ਸ਼ਹੀਦ ਸਾਰੀ ਕੌਮ ਦੇ ਸਾਂਝੇ ਹੋਇਆ ਕਰਦੇ ਹਨ। ਕਿਸੇ ਇਕ ਜਥੇਬੰਦੀ ਜਾਂ ਧਿਰ ਦੇ ਨਹੀਂ...। ਅਸੀਂ ਤਾਂ ਆਪਣੇ ਕੌਮੀ ਸ਼ਹੀਦਾਂ ਨੂੰ ਵੀ ਵਲਗਣਾਂ ਵਿਚ ਕੈਦ ਕਰਕੇ ਆਪਣੀ ਸੌੜੀ ਸੋਚ ਦਾ

ਮੁਜ਼ਾਹਰਾ ਕਰਨੋਂ ਨਹੀਂ ਝਿਜਕਦੇ। ਕੀ ਇਹੋ ਹੈ ਸੱਭੇ ਸਾਂਝੀ ਵਾਲ ਸਦਾਇਨ ਦਾ ਸੱਚ...? ਕੀ ਇਹੋ ਹੈ ਕੁਦਰਤ ਕੇ ਸਭ ਬੰਦੇ ਅਤੇ ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ ਦਾ ਸੰਦੇਸ਼...? ਵੀਰੋ ਲੋੜ ਹੈ ਆਪਣੇ ਅੰਦਰ ਝਾਤੀ ਮਾਰਨ ਦੀ। ਅੱਜ ਦੁਨੀਆਂ ਦੀ ਬਹੁ ਗਿਣਤੀ ਉਨ੍ਹਾਂ ਨਾਸਤਿਕ ਤਾਕਤਾਂ ਵੱਲ ਨੂੰ ਉਲਾਰ ਹੋ ਰਹੀ ਹੈ, ਜਿਨ੍ਹਾਂ ਹਾਲੇ ਕੱਲ੍ਹ ਮਜ਼ਦੂਰ ਨੂੰ ਇਕੱਠੇ ਹੋਣ ਦਾ ਨਾਅਰਾ ਦਿੱਤਾ। ਅਜਿਹੇ ਲੋਕਾਂ ਨੂੰ ਵਾਧੂ ਵਿਚ ਹੀ ਵਿਸ਼ਵ ਪੱਧਰ ਦੇ ਮਹਾਨ ਨਾਇਕ ਹੋਣ ਦਾ ਖਿਤਾਬ ਮਿਲ ਰਿਹਾ ਹੈ। ਜਿਨ੍ਹਾਂ ਲੋਕਾਂ ਨੇ ਅੱਜ ਦੇ ਆਧੁਨਿਕਤਾ ਵਿਚ ਅੰਗੜਾਈ ਲੈ ਰਹੇ ਸਮਾਜ ਨੂੰ ਕਮਿਊਨਿਜ਼ਮ ਦੀ ਡੋਰ ਵਿਚ ਬੰਨ੍ਹਣ ਦਾ ਯਤਨ ਕੀਤਾ ਹੈ ਉਨ੍ਹਾਂ ਨੂੰ ਅੱਜ ਦਾ ਪ੍ਰਚਾਰ ਮੀਡੀਆ ਹੀਰੋ ਬਣਾ ਕੇ ਪੇਸ਼ ਕਰ ਰਿਹਾ ਹੈ, ਪਰ ਮਹਾਨ ਗੁਰੂ ਨਾਨਕ ਸਾਹਿਬ ਦੀ ਆਵਾਜ਼ ਜਿਸ ਨੇ ਮਨੁੱਖਤਾ ਦੇ ਕਾਲੇ ਸਮਿਆਂ ਅੰਦਰ ਅੰਨ੍ਹਿਆਂ ਤੇ ਬੋਲਿਆਂ ਲੋਕਾਂ ਦੀ ਧਰਤੀ 'ਤੇ ਅਸਲੀ ਬ੍ਰਦਰਹੁੱਡ ਦੇ ਸਿਧਾਂਤ ਦੀ ਰੋਸ਼ਨੀ ਖਿਲਾਰੀ ਤੇ ਵਿਤਕਰਿਆਂ ਭਰਪੂਰ ਸਮਾਜ ਵਿਚ ਇਨਸਾਨੀ ਅਤੇ ਰੂਹਾਨੀ ਏਕਤਾ ਦੀ ਰੌਸ਼ਨ ਮਿਸ਼ਾਲ ਜਗਾਈ। ਅਜਿਹੇ ਮਹਾਨ ਗੁਰੂ ਦੀ ਸੋਚ ਨੂੰ ਸਾਡੀਆਂ ਇਨ੍ਹਾਂ ਗਲਤ ਆਦਤਾਂ ਨੇ ਵਿਸ਼ਵ ਪੱਧਰ ਵਿਚ ਵਿਆਪਕ ਪੱਧਰ 'ਤੇ ਫੈਲਣ ਨਹੀਂ ਦਿੱਤਾ। ਸੋ ਵੀਰੋ ਭਾਈ-ਭਾਈ ਹੋਣਾ ਕੋਈ ਮਾੜੀ ਗੱਲ ਨਹੀਂ। ਅਸੀਂ ਸਾਰੇ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਸਮਰਪਿਤ ਲੋਕਾਂ ਲਈ ਉਹ ਹਰ ਕਿਣਕਾ ਹਰ ਕਤਰਾ ਵੀ ਸਾਡਾ ਭਾਈ ਹੈ ਜੋ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਸਮਰਪਿਤ ਹੈ। ਗੁਰੂ ਦੀ ਮੱਤ ਨੂੰ ਸਮਰਪਿਤ ਅਸੀਂ ਸਾਰੇ ਹੀ ਭਾਈ-ਭਾਈ ਹਾਂ। ਇਹੋ ਸੰਦੇਸ਼ ਅਸੀਂ ਸਾਰੀ ਦੁਨੀਆਂ ਨੂੰ ਦੇਣਾ ਹੈ ਤੇ ਇਹੋ ਸੰਦੇਸ਼ ਗੁਰੂ ਨਾਨਕ ਸਾਹਿਬ ਦਾ ਹੈ। ਜ਼ਾਲਮ ਅਤੇ ਜਰਵਾਣਿਆਂ ਲਈ ਖਾਲਸਾ ਮੌਤ ਹੈ ਤਾਂ ਗਰੀਬ ਗੁਰਬੇ ਲਈ ਢਾਲ ਹੈ। ਸ਼ਸਤਰ ਜ਼ਰਵਾਣੇ ਦੀ ਭੱਖਿਆ ਤੇ ਗਰੀਬ ਦੇ ਰੱਖਿਆ ਲਈ ਉਠਾਏ ਜਾਂਦੇ ਹਨ। ਸੋ ਵੀਰੋ ਹਾੜਾ ਕੌਮ ਦੇ ਵਾਸਤੇ ਆਪਸ ਵਿਚ ਹੋਰ ਨਾ ਭਿੜੋ, ਤੁਹਾਨੂੰ ਲੜਦਿਆਂ ਦੇਖ ਕੇ ਦੁਸ਼ਮਣ ਤਾਕਤਾਂ ਅੰਦਰੋ ਅੰਦਰੀ ਖੁਸ਼ ਹੁੰਦੀਆਂ ਹਨ, ਬਾਮ੍ਹਣ ਦਾ ਆਖਰ ਨਿਸ਼ਾਨਾ ਪੱਗਾਂ ਵਾਲਿਆਂ ਨੂੰ ਆਪਸ ਵਿਚ ਲੜਾ-ਭਿੜਾ ਕੇ ਖਤਮ ਕਰਨਾ ਹੀ ਹੈ...... ਜੇ ਬੋਲਦੇ ਸਮੇਂ ਮੇਰੇ ਤੋਂ ਗਲਤੀ ਹੋ ਗਈ ਹੋਵੇ ਤਾਂ ਮੁਆਫੀ ਚਾਹੁੰਦਾ ਹਾਂ।"

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਿਹ॥

ਭਾਈ ਗਜਿੰਦਰ ਸਿੰਘ ਦੇ ਬੈਠ ਜਾਣ ਬਾਅਦ ਸਾਰੇ ਸਿੰਘ ਸ਼ਾਂਤ ਹੋ ਗਏ। "ਵਾ..ਹਿ..ਗੁ..ਰੂ........." ਸੰਗਤ ਵਿਚੋਂ ਕਿਸੇ ਇਕ ਸਿੰਘ ਦੀ ਆਵਾਜ਼ ਬਸ ਫਿਰ ਕੀ ਸੀ ਸਾਰੀ ਸੰਗਤ ਵੈਰਾਗ ਵਿਚ ਵਾਹਿਗੁਰੂ ਵਾਹਿਗੁਰੂ ਦਾ ਇਲਾਹੀ ਜਾਪ ਕਰਨ ਲੱਗੀ। ਮੈਨੂੰ ਮਹਿਸੂਸ ਹੋਇਆ ਕਿ ਸੱਚ-ਮੁੱਚ ਹੀ ਗੁਰਮਤਿ ਨਾਮ ਵਿਚ ਕੋਈ ਰੂਹਾਨੀ ਸ਼ਕਤੀ ਹੈ ਜੋ ਸਾਰੇ ਵਿਸ਼ਵ ਨੂੰ ਇਕ ਡੋਰ ਨਾਲ ਬੰਨ੍ਹ ਸਕਦੀ ਹੈ। ਵਾਹਿਗੁਰੂ ਵਾਹਿਗੁਰੂ ਦਾ ਅਭਿਆਸ ਕੋਈ ਅੱਧਾ ਘੰਟਾ ਚਲਦਾ ਰਿਹਾ। ਨਾਮ ਅਭਿਆਸ ਫਤਿਹ ਦੀ ਆਵਾਜ਼ ਬੁਲੰਦ ਕਰਦਾ ਹੋਇਆ ਸ਼ਾਂਤ ਹੋਇਆ ਤਾਂ ਭਿੰਡਰਾਂਵਾਲੇ ਜਥੇ ਦੇ ਸਿੰਘ ਦੇਗ ਵਰਤਾਉਣ ਲਈ ਉਠ ਖੜ੍ਹੇ ਹੋਏ। ਦੇਗ ਵਰਤਾਉਂਦਿਆਂ ਸਾਰੇ ਸਿੰਘਾਂ ਦੇ ਬੁੱਲ੍ਹਾਂ ਵਿਚੋਂ ਵਾਹਿਗੁਰੂ ਵਾਹਿਗੁਰੂ ਦਾ ਰੂਹਾਨੀ ਸੰਦੇਸ਼ ਨਿਕਲ ਰਿਹਾ ਸੀ। "ਲੈ ਬਈ ਸਾਭ ਸਿੰਘਾ ਗੱਫਾ... ਵਾਹਿਗੁਰੂ..." ਇਕ ਸਿੰਘ ਨੇ ਮੇਰੇ ਹੱਥਾਂ ਵਿਚ ਤਕੜਾ ਖੁੱਲ੍ਹਾ ਗੱਫਾ ਦੇਗ ਦਾ ਦੇ ਦਿੱਤਾ। ਪਹਿਲੀ ਗਰਾਹੀ ਅੰਦਰ ਜਾਂਦੇ ਸਾਰ ਹੀ ਮੇਰੇ ਧੁਰ ਅੰਦਰੋਂ ਝਰਨਾਹਟ ਛਿੜ ਗਈ ਅਤੇ ਮੈਂ ਆਪ ਮੁਹਾਰੇ ਹੀ ਵਾਹਿਗੁਰੂ ਵਾਹਿਗੁਰੂ ਜਪਣ ਲੱਗ ਪਿਆ। ਉਸ ਤੋਂ ਬਾਅਦ ਵਿਚ ਲੰਗਰ ਵਰਤਾਇਆ ਗਿਆ, ਲੰਗਰ ਵਿਚ ਸਰਬ ਲੋਹ ਦੇ ਬਰਤਨ ਆਪਣਾ ਖਾਲਸਾਈ ਜਾਹੋ-ਜਲਾਲ ਦਿਖਾ ਰਹੇ ਸਨ।

o-----o-----o

ਕਾਂਡ 7

ਦੂਸਰੀ ਸਵੇਰ ਅੰਮ੍ਰਿਤ ਵੇਲੇ ਅਸੀਂ ਨਿਤਨੇਮ ਕਰਕੇ ਹਟੇ ਹੀ ਸਾਂ ਕਿ ਡਿਊਟੀ 'ਤੇ ਖੜ੍ਹੇ ਸੰਤਰੀ ਨੇ ਆਵਾਜ਼ ਮਾਰੀ, "ਆਪ ਤੀਨੋਂ ਕੋ ਸ. ਗਜਿੰਦਰ ਸਿੰਘ ਨੇ ਆਪਣੇ ਕਮਰੇ ਮੇਂ ਬੁਲਾਇਆ ਹੈ।"

"...ਲਉ ਬਈ ਜਵਾਨੋਂ ਖਿੱਚ ਦਿਉ ਤਿਆਰੀਆਂ... ਲੱਗਦਾ ਹਾਕ ਵੱਜਗੀ...।" ਬਿੱਟੂ ਨੇ ਕੱਛਾਂ ਵਜਾਈਆਂ। ਉਸ ਨੂੰ ਆਸ ਸੀ ਕਿ ਹੁਣ ਭਰਤੀ ਦਾ ਪ੍ਰਬੰਧ ਜ਼ਰੂਰ ਹੋ ਜਾਵੇਗਾ। ਅਸੀਂ ਭਾਈ ਗਜਿੰਦਰ ਸਿੰਘ ਦੇ ਕਮਰੇ ਵਿਚ ਚਲੇ ਗਏ ਤਾਂ ਉਥੇ ਇਕ ਸਿੰਘ ਹੋਰ ਬੈਠਾ ਸੀ। ਫਤਿਹ ਦੀ ਸਾਂਝ ਬਾਅਦ ਭਾਈ ਗਜਿੰਦਰ ਸਿੰਘ ਨੇ ਸਾਨੂੰ ਦੱਸਿਆ ਕਿ ਇਹ ਸਿੰਘ ਬੱਬਰ ਖਾਲਸਾ ਜਥੇਬੰਦੀ ਵੱਲੋਂ ਨੌਜਵਾਨਾਂ ਦੀ ਭਰਤੀ ਲਈ ਇਥੇ ਆਇਆ ਹੈ। ਜਦੋਂ ਜੇਲ੍ਹ ਵਿਚ ਬੰਦ ਹੋਰ ਨੌਜਵਾਨਾਂ ਨੂੰ ਵੀ ਬੱਬਰਾਂ ਦੇ ਹਲਕਾਰੇ ਦੇ ਆਉਣ ਦਾ ਪਤਾ ਲੱਗਾ ਤਾਂ ਪੰਦਰਾਂ ਵੀਹ ਮੁੰਡੇ ਹੋਰ ਬੱਬਰਾਂ ਵਿਚ ਜਾਣ ਲਈ ਸਰਦਾਰ ਗਜਿੰਦਰ ਸਿੰਘ ਦੇ ਕਮਰੇ ਵਿਚ ਆ ਜੁੜੇ।

ਬੱਬਰਾਂ ਦੀ ਤਰਫੋਂ ਆਏ ਸਿੰਘ ਨੇ ਸਾਰੇ ਮੁੰਡਿਆਂ ਨੂੰ ਸੰਬੋਧਿਤ ਹੁੰਦਿਆਂ ਕਿਹਾ, "ਸਿੰਘੋ ਮੇਰੀ ਡਿਊਟੀ ਤਾਂ ਸਿਰਫ ਇਥੋਂ ਕੁਝ ਕੁ ਸਿੰਘਾਂ ਨੂੰ ਹਾਈਕਮਾਂਡ ਤਕ ਪਹੁੰਚਾਉਣ ਦੀ ਲੱਗੀ ਹੈ... ਭਰਤੀ ਕਰਨ ਜਾਂ ਨਾ ਕਰਨ ਦਾ ਵਾਅਦਾ ਮੈਂ ਨਹੀਂ ਕਰ ਸਕਦਾ... ਇਹ ਫੈਸਲਾ ਮੁੱਖ ਪ੍ਰਬੰਧਕ ਪੰਚਾਇਤ ਹੀ ਕਰਦੀ ਹੈ। ਸੋ ਜੇਕਰ ਭਰਤੀ ਨਾ ਹੋ ਸਕਣ ਦੀ ਸੂਰਤ ਵਿਚ ਕਿਸੇ ਵੀਰ ਨੇ ਕੋਈ ਇਤਰਾਜ਼ ਕਰਨਾ ਹੋਵੇ ਉਹ ਬੇਸ਼ੱਕ ਹੁਣੇ ਨਾ ਜਾਵੇ ਕਿਉਂਕਿ ਅਨਸਿਲੈਕਟਡ ਸਿੰਘਾਂ ਨੂੰ ਕੈਂਪ ਵਿਚੋਂ ਵਾਪਸ ਭੇਜ ਦਿੱਤਾ ਜਾਵੇਗਾ।"

ਇਸ ਤੋਂ ਬਾਅਦ ਹਲਕਾਰੇ ਸਿੰਘ ਨੇ ਭਾਈ ਗਜਿੰਦਰ ਸਿੰਘ ਹੁਰਾਂ ਤੋਂ ਇਜਾਜ਼ਤ ਲਈ। ਭਾਈ ਗਜਿੰਦਰ ਸਿੰਘ ਸਾਨੂੰ ਜੇਲ੍ਹ ਦੇ ਦਰਵਾਜ਼ੇ ਤਕ ਵਿਦਾ ਕਰਨ ਆਏ।

"...ਦੇਖੋ ਬਈ ਜੋਧਿਉ ਗੁਰੂ ਗੋਬਿੰਦ ਸਿੰਘ ਸਾਡੇ ਧਰਮ ਦੇ ਪਿਤਾ ਜੀ ਹਨ ਤੇ ਸਿਆਣਾ ਪੁੱਤਰ ਉਹੀ ਹੁੰਦਾ ਹੈ ਜੋ ਪਿਤਾ ਦੀ ਦਸਤਾਰ ਨੂੰ ਦਾਗ਼ ਨਾ ਲਾਵੇ... ਸੰਘਰਸ਼ ਸਦਾ ਗੁਰਸਿੱਖੀ ਰਹਿਤਾਂ ਵਿਚ ਪ੍ਰਪੱਕ ਰਹਿ ਕੇ ਹੀ ਕਰਨਾ... ਗੁਰੂ ਭਲੀ ਕਰੇਗਾ...।" ਕਹਿੰਦਿਆਂ ਹੋਇਆਂ ਭਾਈ ਗਜਿੰਦਰ ਸਿੰਘ ਦੇ ਨੈਣ ਮੱਲੋ-ਮੱਲੀ ਛਲਕ ਪਏ।

ਸਾਨੂੰ ਇਕ ਮੈਟਾਡੋਰ ਵਿਚ ਬਿਠਾ ਲਿਆ ਗਿਆ ਜਿਸਦਾ ਡਰਾਇਵਰ ਵੀ ਅੰਮ੍ਰਿਤਧਾਰੀ ਸਿੰਘ ਸੀ। ਉਸਦੇ ਗਾਤਰੇ ਪਾਇਆ ਲੰਮਾ ਸਾਰਾ ਮਾਊਜ਼ਰ ਕਾਲੇ ਰੰਗ ਦੀਆਂ ਲਿਸ਼ਕਾਂ ਮਾਰ ਰਿਹਾ ਸੀ। ਸਾਨੂੰ ਲੈ ਕੇ ਆਉਣ ਵਾਲਾ ਸਿੰਘ ਸਭ ਤੋਂ ਮਗਰੋਂ ਮੈਟਾਡੋਰ ਵਿਚ ਚੜ੍ਹਿਆ ਤੇ ਅਖੀਰਲੀ ਸੀਟ 'ਤੇ ਬੈਠ ਗਿਆ, ਸੀਟ ਹੇਠ ਪਈ ਸਟੇਨਗੰਨ ਉਸਨੇ ਬੈਠਣ ਸਮੇਂ ਆਪਣੀ ਬੁੱਕਲ ਵਿਚ ਕਰ ਲਈ। ਉਹ ਖੁਦ ਅੱਗੇ ਹੋ ਕੇ ਚੌਪਈ ਸਾਹਿਬ ਦਾ ਪਾਠ ਕਰਵਾਉਣ ਲੱਗਾ... "ਹਮਰੀ ਕਰੋ ਹਾਥ ਦੈ ਰੱਛਾ..." ਭਗਤੀ ਅਤੇ ਸ਼ਕਤੀ ਦਾ ਅਨੋਖਾ ਸੁਮੇਲ ਵੇਖਣ ਨੂੰ ਮਿਲ ਰਿਹਾ ਸੀ।

"ਕਾਸ਼..! ਵਿਹਲੀਆਂ ਖਾਣ ਵਾਲੇ ਸਾਰੇ ਅਖੌਤੀ ਧਰਮੀ ਲੋਕ ਜੇਕਰ ਸੱਚ-ਮੁੱਚ ਦੇ ਸੰਤ ਬਣਕੇ ਇਕ

ਜੁੱਟ ਹੋ ਕੇ ਜ਼ੁਲਮ ਵਿਰੁੱਧ ਹਥਿਆਰ ਚੁੱਕ ਲੈਣ ਤਾਂ ਜ਼ਾਲਮਾਂ ਦਾ ਸਰਵਨਾਸ਼ ਧਰਤੀ ਤੋਂ ਯਕੀਨੀ ਹੋ ਸਕਦਾ ਹੈ... ਪਰ ਅਫਸੋਸ ਤਾਂ ਇਸ ਗੱਲ ਦਾ ਹੈ ਕਿ ਅੱਜ ਦਾ ਧਾਰਮਿਕ ਵਿਅਕਤੀ ਪਾਖੰਡੀ ਚੰਮ ਬਚਾਊ ਤੇ ਬੁਜ਼ਦਿਲ ਬਣ ਚੁੱਕਾ ਹੈ।'' ਮੈਂ ਮਨ ਹੀ ਮਨ ਸੋਚਿਆ।

ਤਰ੍ਹਾਂ ਤਰ੍ਹਾਂ ਦੇ ਸ਼ਹਿਰਾਂ ਅਤੇ ਖੇਤਾਂ ਦੇ ਸਫਰ ਤੋਂ ਬਾਅਦ ਗੱਡੀ ਨੂੰ ਇਕ ਫਾਰਮ ਹਾਊਸ ਵਿਚ ਵਾੜ ਦਿੱਤਾ ਗਿਆ। ਗੇਟ 'ਤੇ ਖੜ੍ਹੇ ਸਿੰਘ ਨੇ ਗੱਡੀ ਅੰਦਰ ਸਾਰ ਗੇਟ ਬੰਦ ਕਰ ਦਿੱਤਾ ਅਤੇ ਆਪਣੇ ਹੱਥ ਵਿਚਲੀ ਲੰਬੀ ਸਾਰੀ ਬੈਰਲ ਵਾਲੀ ਗੰਨ ਸ਼ਾਹਨਾ ਅੰਦਾਜ਼ ਵਿਚ ਆਪਣੇ ਮੋਢੇ 'ਤੇ ਰੱਖ ਕੇ ਇਕ ਕੌਲੇ ਤੋਂ ਦੂਜੇ ਵੱਲ ਨੂੰ ਗੇੜੇ ਦੇਣੇ ਸ਼ੁਰੂ ਕਰ ਦਿੱਤੇ।

''ਆਓ ਬਈ ਸਿੰਘੋ ਤੁਹਾਨੂੰ ਕੁਝ ਛਕਾਇਆ ਜਾਵੇ।'' ਗੇਟ ਦੇ ਕੋਲ ਖੜ੍ਹਾ ਇਕ ਹੋਰ ਹਥਿਆਰਬੰਦ ਸਿੰਘ ਸਾਨੂੰ ਬਰਾਂਡਾ ਨੁਮਾ ਕਮਰੇ ਵਿਚ ਲੈ ਗਿਆ। ਸਾਨੂੰ ਸਾਰਿਆਂ ਨੂੰ ਇਕੋ ਪੰਗਤ ਵਿਚ ਬਿਠਾ ਕੇ ਸਰਬਲੋਹ ਦੇ ਬਾਟਿਆਂ ਵਿਚ ਦੇਸੀ ਚਾਹ ਪਾ ਦਿੱਤੀ ਗਈ।

ਵਰਤਾਵੇ ਸਿੰਘ ਨੇ ਹੱਥ ਜੋੜ ਕੇ ਕਹਿਣਾ ਸ਼ੁਰੂ ਕੀਤਾ- ''ਖਾਲਸਾ ਜੀ ਇਥੇ ਗੁਰੂ ਕੇ ਲੰਗਰ ਵਿਚ ਖਿੱਡ ਫੂਕਣੀ ਨਹੀਂ ਮਿਲਦੀ, ਕਿਉਂਕਿ ਖਿੱਡ ਫੂਕਣੀ ਵਰਤਾਉਣਾ ਮਨ੍ਹਾਂ ਹੈ... ਕਿਹਾ ਜਾਂਦਾ ਹੈ ਕਿ ਉਸ ਵਿਚ ਕੈਫੀਨ ਨਾਂ ਦਾ ਜ਼ਹਿਰੀਲਾ ਨਸ਼ਈ ਤੱਤ ਹੁੰਦਾ ਹੈ... ਸਿੱਖੀ ਕੀ...? ਤੇ ਅਮਲ ਕੀ...? ਇਸੇ ਲਈ ਚੜ੍ਹਦੀ ਕਲਾ ਵਾਲੇ ਸਿੰਘ ਚਾਹ ਦੀ ਵਰਤੋਂ ਨਹੀਂ ਕਰਦੇ... ਸੋ ਚਾਹ ਦੇ ਚਸਕਾਲੂ ਵੀਰਾਂ ਕੋਲੋਂ ਅਸੀਂ ਮਾਫੀ ਚਾਹੁੰਦੇ ਆਂ...।'' ਇਸ ਐਲਾਨ ਵਿਚ ਮੈਨੂੰ ਬੱਬਰਾਂ ਦੇ ਕੈਂਪ ਵਿਚਲੇ ਪਹਿਲੇ ਅਨੁਸ਼ਾਸ਼ਨੀ ਨਿਯਮ ਦੇ ਦਰਸ਼ਨ ਹੋਏ।

''ਹਾਂ ਬਈ ਸਿੰਘੋ ਹੁਣ ਆਪ ਸਭ ਥੋੜ੍ਹਾ ਟਾਇਮ ਆਰਾਮ ਕਰ ਲਓ, ਸ਼ਾਮੀ ਚਾਰ ਵਜੇ ਤੋਂ ਛੇ ਵਜੇ ਤਕ ਭਰਤੀ ਕੀਤੇ ਜਾਣ ਵਾਲੇ ਸਿੰਘਾਂ ਦੀ ਚੋਣ ਹੋਊਗੀ...।'' ਸਾਨੂੰ ਲੈ ਕੇ ਆਉਣ ਵਾਲੇ ਸਿੰਘ ਨੇ ਭਰਤੀ ਦੇ ਸਮੇਂ ਬਾਬਤ ਚਾਨਣਾ ਪਾਇਆ। ਉਸਦੇ ਗਲ ਪਾਇਆ ਨਿਹੰਗ ਸਿੰਘਾਂ ਵਾਲਾ ਚੋਲਾ ਅਤੇ ਹੱਥ ਵਿਚ ਫੜੀ ਹੋਈ ਅਸਾਲਟ ਪੁਰਾਤਨ ਖਾਲਸਾਈ ਪ੍ਰਭਾਵ ਦੇ ਨਾਲ ਨਾਲ ਆਧੁਨਿਕਤਾ ਦੇ ਦਰਸ਼ਨ ਵੀ ਕਰਾ ਰਹੀ ਸੀ। ਉਸੇ ਸ਼ਾਮ ਚਾਰ ਵਜੇ ਸਾਨੂੰ ਫਾਰਮ ਹਾਊਸ ਦੇ ਪਿਛਲੇ ਪਾਸੇ ਦੇ ਵਿਹੜੇ ਵਿਚ ਨਿੰਮ ਦੀ ਛਾਵੇਂ ਇਕ ਦਰੀ 'ਤੇ ਬਿਠਾ ਦਿੱਤਾ ਗਿਆ। ਇਥੇ ਪਹਿਲਾਂ ਵੀ ਕੋਈ ਤੀਹ ਕੁ ਸਿੰਘ ਹੋਰ ਬੈਠੇ ਸਨ। ਕੁਲ ਮਿਲਾ ਕੇ ਪੰਜਾਹ ਕੁ ਦੀ ਗਿਣਤੀ ਸੀ। ਸਾਰੇ ਸਿੰਘ ਦਰੀ 'ਤੇ ਚੜ੍ਹਦੇ ਪਾਸੇ ਵੱਲ ਮੂੰਹ ਕਰੀ ਬੈਠੇ ਸਨ ਕਿ ਅਚਾਨਕ ਫਾਰਮ ਹਾਊਸ ਦੇ ਇਕ ਖੂੰਜੇ ਵਿਚਲਾ ਨਿੱਕਾ ਜਿਹਾ ਬੂਹਾ ਖੁੱਲ੍ਹਿਆ ਤੇ ਕੋਈ ਪੰਜ ਕੁ ਸਿੰਘ ਸ਼ਸਤਰਾਂ ਵਿਚ ਸਨਬੱਧ ਸਾਰੇ ਸਿੰਘਾਂ ਨੂੰ ਫਤਿਹ ਬੁਲਾ ਕੇ ਸਾਰਿਆਂ ਦੇ ਸਾਹਮਣੇ ਖਲੋ ਗਏ।

ਸਿੰਘਾਂ ਦੇ ਆਉਣ ਸਮੇਂ ਬੈਠੇ ਟੋਲੇ ਵਿਚੋਂ ਕੁਝ ਸਿੰਘਾਂ ਨੇ ਖੜ੍ਹੇ ਹੋ ਕੇ ਫਤਿਹ ਬੁਲਾਉਣੀ ਚਾਹੀ ਤਾਂ ਜਥੇਦਾਰ ਜਿਸ ਦੇ ਸਿਰ 'ਤੇ ਪੀਲੀ ਨਿਹੰਗ ਸਿੰਘਾਂ ਵਰਗੀ ਦਸਤਾਰ ਸਜਾਈ ਹੋਈ ਸੀ ਅਤੇ ਗਲ ਵਿਚ ਕਾਰਤੂਸਾਂ ਨਾਲ ਭਰੇ ਹੋਏ ਪਟੇ ਵਿਚ ਕਾਲੇ ਰੰਗ ਦਾ ਰਵਾਲਵਰ ਲਟਕ ਰਿਹਾ ਸੀ, ਨੇ ਹੱਥ ਜੋੜਦੇ ਹੋਏ ਕਿਹਾ, ''ਖਾਲਸਾ ਜੀ... ਖੜ੍ਹੇ ਹੋਣ ਦੀ ਕੋਈ ਲੋੜ ਨਹੀਂ, ਅਸੀਂ ਵੀ ਤੁਹਾਡੇ ਵਰਗੇ ਹੀ ਹਾਂ... ਗੁਰਮਤਿ ਵਿਚ ਸਾਰੇ ਮਨੁੱਖ ਬਰਾਬਰ ਨੇ ਤੇ ਗੁਰੂ ਕੇ ਸਿੱਖ ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਹਿੱਤ ਖੜ੍ਹੋਂਦੇ ਆ... ਕਿਸੇ ਮੜ੍ਹੇ ਸਰੀਰ ਦੇ ਸਤਿਕਾਰ ਵਿਚ ਨਹੀਂ...।'' ਬੋਲਣ ਵਾਲਾ ਸਿੰਘ ਕੱਦ ਦਾ ਉਂਚਾ-ਲੰਮਾ, ਭਰਵੇਂ ਸਰੀਰ ਤੇ ਚੌੜੇ ਲਾਲ ਚਿਹਰੇ ਦਾ ਮਾਲਕ ਸੀ। ਤਲਵਾਰ ਵਰਗੇ ਤਿੱਖੇ ਨੱਕ, ਚੌੜੇ ਮੱਥੇ 'ਤੇ ਕਸੀਆਂ ਹੋਈਆਂ ਭਵਾਂ ਥੱਲੇ ਨਿੱਕੀਆਂ ਨਿੱਕੀਆਂ ਪਰ ਬਾਜ਼ ਵਾਂਗ ਚੁਸਤ ਉਸਦੀਆਂ ਅੱਖਾਂ ਸਾਰੇ ਆਸੇ-ਪਾਸੇ ਦਾ ਜਾਇਜ਼ਾ ਲੈਂਦੀਆਂ ਹੋਈਆਂ ਸਾਰੇ ਸਿੰਘਾਂ ਨੂੰ ਗ਼ੌਰ ਨਾਲ ਪਰਖ ਰਹੀਆਂ ਸਨ। ਪੰਜਾਂ ਸਿੰਘਾਂ ਵਿਚੋਂ ਇਕ ਸਿੰਘ ਭਾਈ ਟਹਿਲ ਸਿੰਘ ਹੁਰੀਂ ਵੀ ਸਨ ਜੋ ਕਿ ਉਸ ਦਿਨ ਜੇਲ੍ਹ ਵਿਚ ਕੀਰਤਨ ਕਰਨ ਗਏ ਸਨ।

"ਆਹ ਸਿੰਘ ਕੌਣ ਐ...?" ਮੈਂ ਡਾ. ਸਾਬ੍ਹੀ ਨੂੰ ਪੁੱਛਿਆ।

"ਭਾਈ ਸੁਖਦੇਵ ਸਿੰਘ ਬੱਬਰ...।" ਡਾ. ਸਾਬ੍ਹੀ ਨੇ ਮੇਰੇ ਕੰਨ ਕੋਲ ਮੂੰਹ ਕਰਕੇ ਹੌਲੀ ਦੇਣੇ ਕਿਹਾ।

"...ਤੇ ਉਹ ਕੌਣ ਐ ਨੀਲੇ ਚੋਲੇ ਵਾਲਾ...?" ਮੈਂ ਇਕ ਭਾਰੀ ਭਰਕਮ ਦਾੜ੍ਹੀ ਵਾਲੇ ਸਿੰਘ ਜੋ ਕਿ ਮਾਮੂਲੀ ਜਿਹਾ ਅੱਗੇ ਨੂੰ ਝੁਕਿਆ ਖੜ੍ਹਾ ਸੀ, ਵੱਲ ਇਸ਼ਾਰਾ ਕੀਤਾ।

"...ਇਹ ਭਾਈ ਵਸਾਵਾ ਸਿੰਘ ਬੱਬਰ ਉਰਫ ਚਾਚਾ ਐ... ਔਹ ਭਾਈ ਸੁਲੱਖਣ ਸਿੰਘ ਤੇ ਅਨੋਖ ਸਿੰਘ ਨੇ...।" ਡਾ. ਸਾਬ੍ਹੀ ਨੇ ਬਾਕੀ ਦੇ ਸਿੰਘਾਂ ਬਾਬਤ ਵੀ ਆਪਣੇ ਆਪ ਦੱਸ ਦਿੱਤਾ। ਉਹ ਦਰਬਾਰ ਸਾਹਿਬ ਜਾਂਦਾ ਰਿਹਾ ਹੋਣ ਕਰਕੇ ਇਨ੍ਹਾਂ ਸਿੰਘਾਂ ਨੂੰ ਪਛਾਣਦਾ ਸੀ। ਇਹ ਦੋਵੇਂ ਸਿੰਘ ਹੱਥਾਂ ਵਿਚ ਅਸਾਲਟਾਂ ਫੜੀ ਖੱਬੇ ਪਾਸੇ ਖੜ੍ਹੇ ਸਨ ਤੇ ਆਪਣੇ ਮੂੰਹ ਵਿਚ ਹੀ ਸਵਾਸ-ਗਰਾਸ ਵਾਹਿਗੁਰੂ ਗੁਰਮੰਤਰ ਦਾ ਅਭਿਆਸ ਕਰੀ ਜਾ ਰਹੇ ਸਨ। ਜਦੋਂ ਮੇਰੀ ਨਜ਼ਰ ਫਾਰਮ ਹਾਊਸ ਦੇ ਕੋਠੇ 'ਤੇ ਪਈ ਤਾਂ ਦੇਖਿਆ ਕਿ ਦੋ ਸਿੰਘ ਜਿਨ੍ਹਾਂ ਕੋਲ ਲੰਮੀ ਦੂਰੀ 'ਤੇ ਮਾਰ ਕਰਨ ਵਾਲੀਆਂ ਐਸ.ਐਲ.ਆਰ. ਗੰਨਾਂ ਸਨ, ਸਾਡੇ ਸਾਰਿਆਂ ਅਤੇ ਆਲੇ-ਦੁਆਲੇ ਉਤੇ ਨਜ਼ਰ ਰੱਖ ਰਹੇ ਸਨ।

ਆਉਣ ਵਾਲੇ ਸਿੰਘਾਂ ਨੇ ਭਾਈ ਵਸਾਵਾ ਸਿੰਘ ਨੂੰ ਵਿਚਕਾਰ ਕਰਕੇ ਆਪਸ ਵਿਚ ਕੋਈ ਗੱਲ ਕੀਤੀ ਅਤੇ ਸਾਰੇ ਇਕੱਠ ਨੂੰ ਘੋਖਵੀਆਂ ਨਜ਼ਰਾਂ ਨਾਲ ਪੜਚੋਲਿਆ। ਸਾਰੇ ਦੇ ਸਾਰੇ ਭਰਤੀ ਹੋਣ ਆਏ ਰੰਗਰੂਟਾਂ ਵਿਚ ਚੁੱਪ ਪਸਰ ਗਈ। ਭਾਈ ਵਸਾਵਾ ਸਿੰਘ ਨੂੰ ਛੱਡ ਕੇ ਬਾਕੀ ਦੇ ਚਾਰ ਸਿੰਘ ਸਾਡੇ ਵੱਲ ਨੂੰ ਮੂੰਹ ਕਰਕੇ ਦਰੀ ਉਪਰ ਬੈਠ ਗਏ ਤਾਂ ਵਸਾਵਾ ਸਿੰਘ ਨੇ ਫਤਿਹ ਬੁਲਾਉਂਦਿਆਂ ਗੱਲ ਸ਼ੁਰੂ ਕੀਤੀ। ਬੇਸ਼ੱਕ ਵਸਾਵਾ ਸਿੰਘ ਕੋਲ ਕੋਈ ਮਾਈਕ ਆਦਿਕ ਨਹੀਂ ਸੀ, ਪਰ ਉਸਦੀ ਆਵਾਜ਼ ਵਿਚ ਇਕ ਗੜਕ ਬਰਕਰਾਰ ਸੀ। ਸਾਰੇ ਸਰੋਤੇ ਇਉਂ ਸ਼ਾਂਤ ਹੋਏ ਬੈਠੇ ਸਨ ਜਿਵੇਂ ਕੋਈ ਗੰਗਾ ਕਿਨਾਰੇ ਬੈਠੇ ਸਮਾਧ ਸਥਿਤ ਜੋਗੀਆਂ ਦਾ ਟੋਲਾ ਹੋਣ।

ਵਸਾਵਾ ਸਿੰਘ ਨੇ ਕਹਿਣਾ ਸ਼ੁਰੂ ਕੀਤਾ, "ਸਤਿਕਾਰਯੋਗ ਵੀਰੋ! ਜਿੰਨੇ ਕਦਮ ਚੱਲ ਕੇ ਆਏ ਹੋ ਦਾਸਾਂ ਦੇ ਸਿਰ ਮੱਥੇ... ਅਸੀਂ ਕਰਮਾਂ ਵਾਲੇ ਹਾਂ ਕਿ ਚੜ੍ਹਦੀ ਉਮਰ ਵਾਲੇ ਨੌਜਵਾਨ ਸਿੰਘਾਂ ਦੇ ਦਰਸ਼ਨ ਹੋਏ, ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਤੁਸੀਂ ਸਭਨਾਂ ਨੇ ਸਮੇਂ ਦੀ ਨਜ਼ਾਕਤ ਨੂੰ ਪਛਾਣਦੇ ਹੋਇਆਂ ਕੌਮੀ ਆਜ਼ਾਦੀ ਦੀ ਪ੍ਰਾਪਤੀ ਲਈ ਸੰਘਰਸ਼ ਦਾ ਰਾਹ ਚੁਣਿਆ... ਜਾਗਦੀਆਂ ਕੌਮਾਂ ਦੀ ਇਹ ਪਛਾਣ ਹੋਇਆ ਕਰਦੀ ਹੈ ਕਿ ਉਨ੍ਹਾਂ ਕੌਮਾਂ ਦੀ ਨੌਜਵਾਨ ਪੀੜ੍ਹੀ ਜਾਗਦੀ ਹੁੰਦੀ ਹੈ...। ....ਤੇ ਜਿਸ ਕੌਮ ਦੇ ਨੌਜਵਾਨ ਕਾਮ, ਕ੍ਰੋਧ ਅਤੇ ਸਵਾਰਥ ਦੀ ਸੁੱਖ ਰਹਿਣੀ ਜ਼ਿੰਦਗੀ ਦੇ ਕਾਇਲ ਹੋ ਕੇ ਗਾਫ਼ਿਲ ਹੋ ਜਾਣ, ਉਹ ਇਤਿਹਾਸ ਦੇ ਗ੍ਰੰਥ ਵਿਚੋਂ ਗਲਤ ਅੱਖਰ ਵਾਂਗ ਖ਼ਤਮ ਹੋ ਜਾਂਦੀ ਐ... ਬੇਸ਼ੱਕ ਤੁਸੀਂ ਸਭ ਹੀ ਧੰਨਤਾ ਦੇ ਯੋਗ ਹੋ ਜੋ ਕਿ ਰਸਤੇ ਦੀਆਂ ਤੰਗੀਆਂ ਤੁਰਸ਼ੀਆਂ ਭੁੱਖ ਤ੍ਰੇਹ ਕੱਟਦੇ ਹੋਏ ਵਾਟਾਂ ਝਾਗ ਕੇ ਇਥੇ ਆਏ ਹੋ... ਪਰ ਬੱਬਰ ਖਾਲਸਾ ਜਥੇਬੰਦੀ ਵਿਚ ਭਰਤੀ ਹੋਣ ਲਈ ਕੁਝ ਅਸੂਲ ਜ਼ਰੂਰੀ ਹਨ... ਜੇ ਕੁਝ ਕਾਰਨਾਂ ਕਰਕੇ ਕੋਈ ਵੀਰ ਜਥੇਬੰਦੀ ਵਿਚ ਭਰਤੀ ਹੋਣੋਂ ਰਹਿ ਜਾਵੇ ਤਾਂ ਸਾਡੀ ਮਜਬੂਰੀ ਨੂੰ ਸਮਝਦੇ ਹੋਏ ਨਿਰਾਸ਼ ਹੋਣ ਦੀ ਥਾਵੇਂ ਅਗਲੀ ਵਾਰ ਨੂੰ ਤਿਆਰੀ ਸਹਿਤ ਆਵੇ... ਜੋ ਵੀ ਵੇਰਵਾ ਆਪ ਜੀ ਕੋਲੋਂ ਪੁੱਛਿਆ ਜਾਵੇ ਕ੍ਰਿਪਾ ਕਰਕੇ ਉਹ ਸਹੀ-ਸਹੀ ਦੱਸਣ ਦੀ ਖੇਚਲ ਕਰਨੀ...।" ਲੈਕਚਰ ਕਰਨ ਤੋਂ ਬਾਅਦ ਭਾਈ ਵਸਾਵਾ ਸਿੰਘ ਦਰੀ ਉਪਰ ਬੈਠੇ ਪਹਿਲੇ ਚਾਰ ਸਿੰਘਾਂ ਕੋਲ ਬੈਠ ਗਏ। ਅੰਦਰੋਂ ਇਕ ਹੋਰ ਸਿੰਘ ਵਿਹੜੇ ਵਿਚ ਆਇਆ ਤੇ ਭਰਤੀ ਹੋਣ ਵਾਲੇ ਸਿੰਘਾਂ ਤੇ ਚੋਣ ਕਰਨ ਵਾਲਿਆਂ ਵਿਚਕਾਰ ਪੈਨ ਤੇ ਕਾਪੀ ਫੜ ਕੇ ਬੈਠ ਗਿਆ।

"...ਹਾਂ ਜੀ ਭਾਈ ਸਾਹਿਬ ਪਹਿਲਾਂ ਤੁਸੀਂ ਚੱਲੋ..." ਸਭ ਤੋਂ ਅੱਗੇ ਖੱਬੇ ਪਾਸੇ ਬੈਠੇ ਇਕ ਰੰਗਰੂਟ ਨੂੰ ਵਿਚਕਾਰ ਬੈਠੇ ਬੱਬਰ ਨੇ ਅੱਗੇ ਆਉਣ ਦਾ ਇਸ਼ਾਰਾ ਕੀਤਾ। ਭਾਈ ਅਨੋਖ ਸਿੰਘ ਨੇ ਨਵੇਂ ਰੰਗਰੂਟ ਤੋਂ ਸਵਾਲ ਪੁਛਣੇ ਸ਼ੁਰੂ ਕੀਤੇ।

"...ਆਪ ਜੀ ਦਾ ਨਾਮ...?"

"ਗੁਰਤੇਜ ਸਿੰਘ..." ਰੰਗਰੂਟ ਨੇ ਜਵਾਬ ਦਿੱਤਾ।

"ਪਿਤਾ ਦਾ ਨਾਮ ਤੇ ਪਿੰਡ...?"

"ਸ. ਗੱਜਣ ਸਿੰਘ... ਪਿੰਡ ਮਾਨਾਂਵਾਲਾ... ਅੰਮ੍ਰਿਤਸਰ...।" ਦੋਹਾਂ ਧਿਰਾਂ ਦੇ ਸਵਾਲ ਜਵਾਬ ਨੂੰ ਪੈਨ ਤੇ ਕਾਪੀ ਵਾਲਾ ਨੋਟ ਕਰ ਰਿਹਾ ਸੀ।

"ਅੰਮ੍ਰਿਤਧਾਰੀ ਹੋ...?"

"ਜੀ ਹਾਂ...।"

"ਪੰਜ ਬਾਣੀਆਂ ਦੇ ਨਿਤਨੇਮੀ ਹੋ...?"

"ਜੀ ਹਾਂ...।"

ਨਿਤਨੇਮ ਤੋਂ ਇਲਾਵਾ ਕੋਈ ਹੋਰ ਬਾਣੀਆਂ ਪੜ੍ਹਦੇ ਹੋ...?

"ਜੀ.. ਨ..ਹੀਂ..." ਜਵਾਬ ਦੇਣ ਵਾਲਾ ਨੀਵੀਂ ਪਾ ਗਿਆ।

"ਅੱਛਾ... ਕਦੇ ਕੋਈ ਹਥਿਆਰ ਚਲਾਇਆ ਹੈ... ਜਾਂ ਗਤਕਾ ਵਗੈਰਾ ਜਾਣਦੇ ਹੋ?" ਭਾਈ ਅਨੋਖ ਸਿੰਘ ਨੇ ਹੱਥ ਦੇ ਇਸ਼ਾਰੇ ਨਾਲ ਘੋੜਾ ਦਬਾਉਣ ਦੀ ਸਥਿਤੀ ਬਣਾਉਂਦਿਆਂ ਸੱਜੇ ਹੱਥ ਦੀ ਪਹਿਲੀ ਉਂਗਲ ਹਿਲਾਈ।

"ਜੀ... ਕੋਈ ਹਥਿਆਰ ਵਗੈਰਾ ਤਾਂ ਕਿਤੇ ਨੀ ਚਲਾਇਆ ਪਰ ਗਤਕਾ ਜਾਣਦਾਂ। ਪਿੰਡ ਦੇ ਕੋਲ ਰਹਿੰਦੇ ਨਿਹੰਗਾਂ ਤੋਂ ਸਿੱਖਿਆ ਸੀ...।" ਜਵਾਬ ਦੇਣ ਵਾਲੇ ਦੀਆਂ ਅੱਖਾਂ ਵਿਚ ਸਵੈਮਾਣ ਦੀ ਚਮਕ ਸੀ।

"ਠੀਕ ਐ... ਤੁਸੀਂ ਉਸ ਸੱਜੇ ਪਾਸੇ ਬੈਠ ਜਾਓ...।" ਰੰਗਰੂਟ ਭਾਈ ਅਨੋਖ ਸਿੰਘ ਦਾ ਹੁਕਮ ਸੁਣ ਕੇ ਦਰੀ ਦੇ ਸੱਜੇ ਹੱਥ ਬੈਠ ਗਿਆ। ਇਸ ਤਰ੍ਹਾਂ ਸਵਾਲਾਂ ਜਵਾਬਾਂ ਦਾ ਸਿਲਸਿਲਾ ਹਰ ਰੰਗਰੂਟ ਨਾਲ ਚੱਲਦਾ ਰਿਹਾ ਅਤੇ ਰੰਗਰੂਟਾਂ ਦੀ ਸੱਜੇ-ਖੱਬੇ ਵੰਡ ਹੁੰਦੀ ਰਹੀ। ਵੰਡ ਬਾਅਦ ਭਾਈ ਅਨੋਖ ਸਿੰਘ ਨੇ ਖੱਬੇ ਪਾਸੇ ਬੈਠੇ ਕੁਝ ਕੁ ਸਿੰਘਾਂ ਨੂੰ ਸੰਬੋਧਿਤ ਹੁੰਦਿਆਂ ਮਜ਼ਬੂਰੀ ਦੱਸਦੇ ਹੋਏ ਜਥੇਬੰਦਕ ਡਿਸਪਲਨ ਕਰਕੇ ਭਰਤੀ ਨਾ ਕਰ ਸਕਣ ਦੀ ਮੁਆਫੀ ਮੰਗੀ। ਅਨਸਿਲੇਕਟਡ ਸਿੰਘਾਂ ਨੂੰ ਵਾਪਸ ਭੇਜ ਦਿੱਤਾ ਗਿਆ। ਇਸ ਤੋਂ ਉਪਰੰਤ ਭਾਈ ਵਸਾਵਾ ਸਿੰਘ ਨੇ ਸਾਨੂੰ ਤਿੰਨਾਂ ਨੂੰ ਕੋਲ ਸੱਦ ਲਿਆ।

"ਤੁਹਾਨੂੰ ਤਾਂ ਪਹਿਲਾਂ ਵੀ ਕਦੇ ਦੇਖਿਆ ਲੱਗਦੈ...?" ਭਾਈ ਸੁਲੱਖਣ ਸਿੰਘ ਨੇ ਡਾ. ਸਾਬ੍ਹੀ ਵੱਲ ਇਸ਼ਾਰਾ ਕੀਤਾ।

"ਹਾਂ ਜੀ ਭਾਈ ਸਾਹਿਬ ਮੈਂ ਦਰਬਾਰ ਸਾਹਿਬ 'ਤੇ ਹੋਰ ਥਾਵਾਂ 'ਤੇ ਕੀਰਤਨ ਸਮਾਗਮਾਂ ਵਿਚ ਜਾਂਦਾ ਰਿਹਾਂ... ਗਾਹੇ-ਬਗਾਹੇ ਗੁਰੂ ਰਾਮਦਾਸ ਸਰਾਂ ਦਰਬਾਰ ਸਾਹਿਬ ਵਿਖੇ ਵੀ ਕਈ ਸਿੰਘਾਂ ਦੇ ਦਰਸ਼ਨ ਕੀਤੇ ਆ...।" ਡਾ. ਸਾਬ੍ਹੀ ਨੇ ਇਕੋ ਸਾਹ ਕਾਫੀ ਕੁਝ ਬੋਲਿਆ।

"ਅੱਛਾ ਹੁਣ ਆਪਣਾ ਤੁਆਰਫ ਵੀ ਕਰਵਾਉ...?" ਭਾਈ ਸੁਖਦੇਵ ਸਿੰਘ ਗੁਲਾਬੀ ਬੁੱਲ੍ਹਾਂ ਵਿਚੋਂ ਮਿੰਨ੍ਹਾ-ਮਿੰਨ੍ਹਾ ਮੁਸਕਰਾਏ। ਅਸੀਂ ਵਾਰੋ ਵਾਰ ਆਪਣੀ ਵਿੱਦਿਅਕ ਯੋਗਤਾ ਤੇ ਨਾਮ ਪਤੇ ਨੋਟ ਕਰਵਾਏ।

"ਤੁਸੀਂ ਚੰਗੇ ਪੜ੍ਹੇ-ਲਿਖੇ ਹੋ... ਅਸੀਂ ਤੁਹਾਨੂੰ ਸੁਰੱਖਿਅਤ ਵਾਪਸ ਭੇਜ ਦਵਾਂਗੇ... ਇਹ ਮਾਰਗ ਬੜਾ ਔਖੈ... ਤੁਸੀਂ ਸੋਹਲ ਜਿੰਦਾਂ ਇਨ੍ਹਾਂ ਕੰਡਿਆਂ ਭਰੇ ਰਾਹਾਂ 'ਤੇ ਚੱਲਦੇ ਔਖੇ ਹੋ ਜਾਓਗੇ... ਜਾਉ ਘਰਾਂ ਨੂੰ ਪਰਤ ਜਾਉ... ਜਾਹ ਮੁੜ ਜਾ ਹਾਲੇ ਵੀ ਘਰ ਮੁੜ ਜਾ ਤੇ ਇਸ਼ਕੇ 'ਚ ਕੀ ਰੱਖਿਆ...?" ਭਾਈ ਸੁਖਦੇਵ ਸਿੰਘ ਨੇ ਗੱਲ

ਕਰਕੇ ਸਾਡੇ ਚਿਹਰਿਆਂ ਵੱਲ ਦੇਖਿਆ।

"ਅਸੀਂ ਤਾਂ ਭਾਈ ਸਾਹਿਬ ਜੀ ਸਾਰਾ ਥਾਨ ਹੀ ਤੁਹਾਡੇ ਹਵਾਲੇ ਕਰ ਦਿੱਤੈ... ਜਿਵੇਂ ਤੁਹਾਡੀ ਮਰਜ਼ੀ... ਪਰ ਢੱਠਾ ਹੋਇਆ ਅਕਾਲ ਤਖ਼ਤ ਸਾਹਿਬ, ਕੌਮ ਦੀ ਹੋਈ ਬੇਪੱਤੀ ਸਾਡਾ ਮੂੰਹ ਚਿੜ੍ਹਾਉਂਦੀ ਐ... ਅਸੀਂ ਰਾਤਾਂ ਦੀ ਨੀਂਦ ਤੇ ਦਿਨ ਦੇ ਚੈਨ ਨੂੰ ਕਦੋਂ ਦੇ ਅਲਵਿਦਾ ਆਖ ਚੁੱਕੇ ਹਾਂ... ਬਾਬਿਓ ਦਿਲ 'ਚ ਲੱਗੀ ਜਿਊਣ ਨੀ ਦਿੰਦੀ... ਅਸੀਂ ਤਾਂ ਹੁਣ ਅਕਾਲ ਤਖ਼ਤ... ਕੌਮੀ ਘਰ ਲਈ ਲੜਾਂਗੇ...।" ਬਿੱਟੂ ਭਾਵੁਕ ਹੋ ਗਿਆ।

"...ਹਾਂ ਬਈ ਕਾਮਰੇਡਾ ਤੂੰ ਕਾਹਦੇ ਲਈ ਲੜੇਂਗਾ?" ਭਾਈ ਵਸਾਵਾ ਸਿੰਘ ਜੋ ਕਿ ਨਿਕਸਲਾਈਟ ਰਹਿਣ ਕਰਕੇ ਮੇਰਾ ਪਰਿਵਾਰਕ ਪਿਛੋਕੜ ਪਤਾ ਲੱਗਣ 'ਤੇ ਚਾਚੇ ਬੂਟਾ ਸਿੰਘ ਬਾਰੇ ਜਾਣ ਗਿਆ ਸੀ, ਨੇ ਮੈਨੂੰ ਸਵਾਲ ਕੀਤਾ।

"...ਜੀਹਦੀ ਖਾਤਿਰ ਤੁਸੀਂ ਸਾਰੇ ਲੜ ਰਹੇ ਹੋ... ਮੈਂ ਬਾਬੇ ਗੁਰੂ ਨਾਨਕ ਦੀ ਇਨਕਲਾਬੀ ਸੋਚ ਲਈ... ਬਰਾਬਰਤਾ ਦਾ ਸਮਾਜ ਸਿਰਜਣ ਲਈ... ਗੁਰੂ ਗੋਬਿੰਦ ਸਿੰਘ ਜੀ ਦੀ ਇਨਕਲਾਬੀ ਵਿਚਾਰਧਾਰਾ ਨੂੰ ਸਾਰੀ ਦੁਨੀਆਂ ਉਤੇ ਲਾਗੂ ਕਰਨ ਹਿੱਤ ਜੂਝਾਂਗਾ...ਜਥੇਦਾਰ ਸਾਹਿਬ...!" ਮੈਨੂੰ ਖੁਦ ਨੂੰ ਪਤਾ ਨਾ ਲੱਗਿਆ ਕਿ ਮੈਂ ਕਦੋਂ ਭਾਵੁਕਤਾ ਵਿਚ ਵਹਿ ਗਿਆ।

"ਸ਼ਾਬਾਸ਼..! ਪਰ ਕਾਮਰੇਡ ਸਾਹਿਬ ਸਾਡਾ ਜਥੇਬੰਦਕ ਅਸੂਲ ਹੈ ਕਿ ਅਸੀਂ ਬੇ-ਅੰਮ੍ਰਿਤੀਏ ਨੂੰ ਜਥੇਬੰਦੀ ਵਿਚ ਭਰਤੀ ਨਹੀਂ ਕਰਦੇ...... ਤੇ ਧੱਕੇ ਨਾਲ ਅੰਮ੍ਰਿਤ ਛਕਾਉਣਾ ਸਾਨੂੰ ਨਾ ਗਵਾਰਾ ਏ...।" ਕੋਲ ਬੈਠੇ ਸੁਲੱਖਣ ਸਿੰਘ ਬੱਬਰ ਨੇ ਗੱਲ ਕਰਕੇ ਥਲੜਾ ਬੁੱਲ੍ਹ ਦੰਦਾਂ ਵਿਚ ਟੁੱਕਿਆ।

"ਭਾਅ ਜੀ ਤੁਸੀਂ ਇਸ ਨੂੰ ਹਥਿਆਰ ਵਗੈਰਾ ਨਾ ਦਿਉ, ਪਰ ਕ੍ਰਿਪਾ ਕਰਕੇ ਟਰੇਨਿੰਗ ਜ਼ਰੂਰ ਦਿਉ..." ਬਿੱਟੂ ਨੇ ਮੇਰੀ ਸਿਫਾਰਿਸ਼ ਕੀਤੀ।

"ਅੱਛਾ...! ਤੇ ਹਥਿਆਰ ਬਾਅਦ ਵਿਚ ਤੁਸੀਂ ਇਨ੍ਹਾਂ ਤਕ ਪਹੁੰਚਦੇ ਕਰ ਦਿਉਂਗੇ..." ਭਾਈ ਵਸਾਵਾ ਦੇ ਇਹ ਕਹਿਣ 'ਤੇ ਸਾਰੇ ਜਣੇ ਹੱਸ ਪਏ।

"ਦੇਖੋ ਸੱਜਣੋ ਬੇਸ਼ੱਕ ਮਹਿੰਗਾ ਸਿੰਘ ਹੁਰਾਂ ਦੀ ਵੀ ਵਿਚਾਰਧਾਰਾ ਵਧੀਆ ਹੈ, ਪਰ ਅਸੀਂ ਮਜਬੂਰ ਹਾਂ... ਜੇਕਰ ਭਾਈ ਮਹਿੰਗਾ ਸਿੰਘ ਇਕ ਮਹੀਨੇ ਦੇ ਅੰਦਰ-ਅੰਦਰ ਅੰਮ੍ਰਿਤਧਾਰੀ ਹੋਣ ਲਈ ਤਨੋ-ਮਨੋ ਰਾਜ਼ੀ ਹੋ ਕੇ ਸਾਨੂੰ ਕਹਿ ਦੇਣਗੇ ਤਾਂ ਇਨ੍ਹਾਂ ਨੂੰ ਭਰਤੀ ਕਰ ਲਿਆ ਜਾਵੇਗਾ... ਵਰਨਾ ਸਾਨੂੰ ਅਫਸੋਸ ਰਹੇਗਾ ਕਿ ਇਕ ਵਧੀਆ ਵਿਚਾਰਧਾਰਾ ਵਾਲਾ ਇਨਕਲਾਬੀ ਵਿਅਕਤੀ ਸਾਡੇ ਹੱਥੋਂ ਜਾਂਦਾ ਰਿਹਾ...।" ਭਾਈ ਸੁਖਦੇਵ ਸਿੰਘ ਬੱਬਰ ਨੇ ਆਖਰੀ ਫੈਸਲਾ ਸੁਣਾ ਦਿੱਤਾ। "...ਤੇ ਇਕ ਗੁਜ਼ਾਰਿਸ਼ ਹੋਰ ਹੈ ਕਿ ਮਹਿੰਗਾ ਸਿੰਘ ਜੀ ਤੁਹਾਨੂੰ ਜਿੰਨਾਂ ਟਾਇਮ ਇਥੇ ਰਹਿਣਾ ਹੋਵੇਗਾ, ਨਿਤਨੇਮ ਕਰਨਾ ਪਵੇਗਾ ਤੇ ਬਾਕੀ ਸਾਰੇ ਵੀਰਾਂ ਵਾਂਗ ਅਨੁਸ਼ਾਸ਼ਨ ਬੱਧ ਰਹਿਣਾ ਪਵੇਗਾ... ਹਰ ਰੋਜ਼ ਦੀ ਧਾਰਮਿਕ ਮਰਿਯਾਦਾ ਵਿਚ ਹਿੱਸਾ ਲੈਣਾ ਪਵੇਗਾ ਤੇ ਜੋ ਵੀ ਲਿਟਰੇਚਰ ਅਸੀਂ ਦੇਵਾਂਗੇ ਪੜ੍ਹਨਾ ਪਵੇਗਾ... । ਕੀ ਤੁਸੀਂ ਇਸਦਾ ਵਚਨ ਦਿੰਦੇ ਹੋ...?" ਭਾਈ ਅਨੋਖ ਸਿੰਘ ਨੇ ਮੇਰੇ ਮੂਹਰੇ ਸਵਾਲ ਰੱਖ ਦਿੱਤਾ।

"ਮੈਨੂੰ ਮਨਜ਼ੂਰ ਹੈ...।" ਮੇਰੇ ਵੱਲੋਂ ਸਹਿਮਤੀ ਦਿੱਤੇ ਜਾਣ 'ਤੇ ਪੰਜ ਮੁਖੀ ਬੱਬਰਾਂ ਦੀ ਕਮੇਟੀ ਨੇ ਮੈਨੂੰ ਕੈਂਪ ਵਿਚ ਰਹਿਣ ਦੀ ਇਜਾਜ਼ਤ ਦੇ ਦਿੱਤੀ।

ਇਸ ਤੋਂ ਬਾਅਦ ਇਕ ਸਿੰਘ ਨੇ ਡਾ. ਸਾਬ੍ਹੀ ਨੂੰ ਰਹਿਰਾਸ ਸੁਣਾਉਣ ਲਈ ਕਿਹਾ। ਰਹਿਰਾਸ ਤੋਂ ਬਾਅਦ ਅਰਦਾਸ ਹੋਈ ਅਤੇ ਅਸੀਂ ਸਾਰੇ ਪ੍ਰਸ਼ਾਦਾ ਛਕਣ ਚਲੇ ਗਏ। ਲੰਗਰ ਛਕਣ ਤੋਂ ਬਾਅਦ ਭਾਈ ਟਹਿਲ ਸਿੰਘ ਨੇ ਐਲਾਨ ਕੀਤਾ: "ਨਵੇਂ ਆਏ ਸਿੰਘਾਂ ਵਾਸਤੇ ਹਾਲੇ ਚਾਰ ਦਿਨਾਂ ਤਕ ਛੁੱਟੀ ਹੈ ਸੋ ਸਾਰੇ ਜਣੇ ਆਪਣੀ ਮਰਜ਼ੀ

ਨਾਲ ਘੁੰਮਣ ਫਿਰਨ, ਖਾਣ ਪੀਣ ਪਰ ਕਿਸੇ ਨੇ ਵੀ ਫਾਰਮ ਹਾਊਸ ਤੋਂ ਬਾਹਰ ਜਾਣ ਸਮੇਂ ਕਿਸੇ ਜਾਣਕਾਰ ਸਿੰਘ ਨੂੰ ਨਾਲ ਲੈ ਕੇ ਜਾਣਾ ਹੈ...।" ਇਸ ਬਾਅਦ ਅਸੀਂ ਸਾਰੇ ਹਾਲ ਨੁਮਾ ਕਮਰੇ ਵਿਚ ਸੌਣ ਲਈ ਚਲੇ ਗਏ। ਸਾਰੇ ਸਿੰਘਾਂ ਨੇ ਇਕੱਠੇ ਹੋ ਕੇ ਸੋਹਿਲੇ ਦਾ ਪਾਠ ਕੀਤਾ ਅਤੇ ਲੰਮੇ ਲੇਟ ਗਏ।

o------o------o

ਕਾਂਡ 8

ਸਵੇਰੇ ਢਾਈ ਕੁ ਵਜੇ ਮੈਨੂੰ ਸਾਡੇ ਕਮਰੇ ਦੇ ਨਾਲ ਕੁਝ ਪੈਰ ਚਾਲ ਸੁਣਾਈ ਦਿੱਤੀ। ਕੈਂਪ ਵਿਚ ਪੁਰਾਣੇ ਰਹਿ ਰਹੇ ਸਿੰਘ ਮੋਟਰ ਚਲਾ ਕੇ ਇਸ਼ਨਾਨ ਕਰਨ ਲੱਗੇ ਸਨ। ਭਾਵੇਂ ਕਿ ਬਿੱਟੂ ਅਤੇ ਸਾਬ੍ਹੀ ਵੀ ਹਰ ਰੋਜ਼ ਚਾਰ ਕੁ ਵਜੇ ਉਠ ਹੀ ਖੜ੍ਹਦੇ ਸਨ। ਪਰ ਬੱਬਰਾਂ ਦੇ ਸਵਾ ਦੋ ਢਾਈ ਕੁ ਵਜੇ ਜਾਗਣ ਕਰਕੇ ਮੈਂ ਹੈਰਾਨਗੀ ਦੇ ਆਲਮ ਵਿਚ ਸਾਂ। ਮੈਂ ਸੋਚ ਰਿਹਾ ਸਾਂ ਕਿ ਢਾਈ ਵਜੇ ਉਠ ਕੇ ਕੇਸੀ ਇਸ਼ਨਾਨ ਕਰਨਾ, ਚੰਗਾ ਜੱਭ ਪੈ ਗਿਆ...। ਹਾਲੇ ਰਾਤ ਟਿਮਟਿਮਾ ਰਹੀ ਸੀ ਦੂਰ ਕਿਤੇ ਟਾਵਾਂ-ਟਾਵਾਂ ਕੁੱਤਾ ਭੌਂਕਣ ਦੀ ਆਵਾਜ਼ ਆ ਰਹੀ ਸੀ। ਅਸੀਂ ਨਵੇਂ ਆਏ ਹੋਣ ਕਰਕੇ ਛੁੱਟੀ 'ਤੇ ਸਾਂ। ਇਸ ਲਈ ਮਚਲੇ ਹੋ ਕੇ ਪਏ ਰਹੇ। ਇਸ਼ਨਾਨ ਕਰ ਚੁੱਕੇ ਸਿੰਘ ਹਾਲ ਕਮਰੇ ਵਿਚ ਇਕੱਠੇ ਹੋਣੇ ਸ਼ੁਰੂ ਹੋ ਗਏ ਤੇ ਗੁਰੂ... ਗੁਰੂ... ਵਾਹਿਗੁਰੂ ਵਾਹਿਗੁਰੂ ਦੀ ਧੁਨੀ ਹਾਲ ਵਿਚ ਗੂੰਜਣ ਲੱਗੀ। ਸਾਰੇ ਸਿੰਘ ਨੇ ਸਿਮਰਨ ਅਭਿਆਸ ਤੋਂ ਬਾਅਦ ਨਿਤਨੇਮ ਕਰਨਾ ਸ਼ੁਰੂ ਕਰ ਦਿੱਤਾ। ਕੋਈ ਚਾਰ ਕੁ ਵਜੇ ਤਕ ਇਹ ਸਭ ਚੱਲਦਾ ਰਿਹਾ। ਨਾਲ ਵਾਲੇ ਕਿਸੇ ਪਿੰਡ ਦੀ ਮਸਜਿਦ ਵਿਚੋਂ ਅੱਲ੍ਹਾ...ਹੂ...ਅ..ਕ..ਬ..ਰ.. ਦੀ ਫਜਰ ਦੀ ਨਮਾਜ਼ ਲਈ ਆਜਾਨ ਦੀ ਆਵਾਜ਼ ਆਈ।

"...ਲੈ ਹੁਣ ਆਹ ਕੰਨ ਖਾਣ ਲੱਗ ਪਿਐ... ਸਾਰੀ ਰਾਤ ਪਹਿਲਾਂ ਇਧਰਲੇ ਗੁਰਰ... ਗੁਰਰ... ਕਰਦੇ ਰਹੇ..।" ਮੈਂ ਉਠਦਿਆਂ ਹੋਇਆਂ ਅੱਖਾਂ ਮੱਲਦਿਆਂ ਹੋਇਆਂ ਮੌਲਵੀ ਅਤੇ ਸਿੰਘਾਂ 'ਤੇ ਤੋੜਾ ਝਾੜ ਦਿੱਤਾ।

"...ਆਹੋ ਰੱਬ ਦੀ ਇਬਾਦਤ ਤਾਂ ਤੈਨੂੰ ਕੰਨ ਖਾਣੀ ਹੀ ਲੱਗਣੀ ਐ...।" ਡਾ. ਸਾਬ੍ਹੀ ਨੇ ਮੇਰੇ 'ਤੇ ਗੁੱਸਾ ਝਾੜਿਆ।

"...ਕੋਈ ਨਾ, ਮੈਂ ਜਾਣਦਾ ਤੈਨੂੰ ਵੱਡੇ ਧਰਮੀ ਨੂੰ ਸਵੇਰੇ ਉਠਦਾ ਡੇਢ-ਡੇਢ ਕਿਲੋ ਚਾਹ ਡੱਫ ਜਾਨੈਂ ਤਾਂ ਕਿਤੇ ਜਾ ਕੇ ਤੈਨੂੰ ਟੱਟੀ ਉਤਰਦੀ ਐ...। ਹੁਣ ਪਤਾ ਲੱਗੂ ਜਦੋਂ ਗਰਮ ਜਲ ਨਾਲ ਹੀ ਸਾਰਨਾ ਪਿਆ....।" ਮੈਂ ਡਾ. ਸਾਬ੍ਹੀ ਨੂੰ ਯਾਦ ਕਰਵਾਇਆ ਤਾਂ ਉਹ ਧਾਹ ਮਾਰ ਉਠਿਆ।

"ਓ ਮਾਰੇ ਗਏ ਓਏ ਪਤਿਓਰਿਓ... ਮੈਨੂੰ ਤਾਂ ਕਾਲਜ ਦੀ ਕਨਟੀਨ ਨੇ ਚਾਹ ਦਾ ਪੱਕਾ ਅਮਲੀ ਬਣਾ ਦਿੱਤਾ... ਇਕ ਹੋਰ ਪੰਗਾ ਸਵੇਰੇ ਸਵੇਰੇ ਕੇਸੀ ਇਸ਼ਨਾਨ ਵੀ ਕਰਨਾ ਪਿਆ ਕਰਨੈ...।" ਡਾ. ਸਾਬ੍ਹੀ ਕਾਲਜੀਏਟ ਹੋਣ ਕਰਕੇ ਜ਼ਿਆਦਾ ਰਹਿਤਾਂ ਨਹੀਂ ਰੱਖਦਾ ਸੀ।

ਨਿਤਨੇਮ ਕਰਨ ਤੋਂ ਬਾਅਦ ਜਦੋਂ ਅਸੀਂ ਬਾਹਰ ਨਿਕਲੇ ਤਾਂ ਦੇਖਿਆ ਕਿ ਸਾਡੇ ਤੋਂ ਪਹਿਲਾਂ ਆਏ ਟਰੇਨੀ ਰੰਗਰੂਟਾਂ ਦਾ ਇਕ ਗਰੁੱਪ ਫਾਰਮ ਹਾਊਸ ਦੇ ਮਗਰਲੇ ਵਿਹੜੇ ਵਿਚ ਨਿਕਲਿਆ ਹੋਇਆ ਪੀ.ਟੀ. ਕਰ ਰਿਹਾ ਸੀ। ਭਾਈ ਟਹਿਲ ਸਿੰਘ ਹੁਰੀਂ ਫੌਜੀ ਅੰਦਾਜ਼ ਵਿਚ ਸਾ..ਵ..ਧਾ..ਨ...... ਬਿ..ਸ਼..ਰਾ..ਮ.. ਦੀ ਉੱਚੀ ਆਵਾਜ਼ ਸਹਿਤ ਦਾਏਂ.. ਮੁੜ... ਬਾਏਂ.. ਮੁੜ... ਦਾ ਸੰਦੇਸ਼ ਦੇ ਰਹੇ ਸਨ।

ਪੀ.ਟੀ. ਹੋਣ ਤੋਂ ਬਾਅਦ ਤੇਜ਼ ਚੱਲ ..ਦਾ ਆਰਡਰ ਦੇ ਕੇ ਭਾਈ ਟਹਿਲ ਸਿੰਘ ਸਾਡੇ ਪਾਸ ਆ ਗਏ,

"ਕਿਉਂ ਵੀ ਸਿਖਾਂਦਰੂਓ ਤੁਸੀਂ ਵੀ ਤਿਆਰ ਰਹੋ ਇਹ ਭਾਣੇ ਤੁਹਾਡੇ ਨਾਲ ਵੀ ਵਰਤਣੇ...।"

ਪਰੇਡ ਕਰਨ ਵਾਲੇ ਲੈਫਟ ਰਾਈਟ ਦੀ ਆਵਾਜ਼ ਕਰਦੇ ਹੋਏ ਅਗਲੇ ਇਨਸਟੱਕਟਰ ਕੋਲ ਪਹੁੰਚ ਗਏ, ਜਿਸ ਨੇ ਉਨ੍ਹਾਂ ਨੂੰ ਡੰਡ ਮਰਵਾਉਣੇ ਸ਼ੁਰੂ ਕਰ ਦਿੱਤੇ।

ਡੰਡ ਮਾਰ ਰਹੇ ਜਵਾਨਾਂ ਕੋਲ ਭਾਈ ਸੁਖਦੇਵ ਸਿੰਘ ਵੀ ਆ ਗਏ, "ਕਿਉਂ ਮਲਵਈਆ ਭਲਵਾਨੀ ਔਖੀ ਲਗਦੀ ਊ...?" ਇਕ ਸਿੰਘ ਨੂੰ ਭਾਈ ਸਾਹਿਬ ਨੇ ਸਵਾਲ ਕੀਤਾ...।

"ਬਸ ਬਾਈ ਜੀ ਹੁਣ ਹੋਰ ਨਹੀਂ ਕੱਢ ਹੁੰਦੇ...।" ਮਲਵਈ ਡੰਡ ਮਾਰਦਾ ਮਾਰਦਾ ਔਖਾ ਹੋਇਆ ਪਿਆ ਸੀ।

ਬਾਈ ਜੀ ਸ਼ਬਦ ਨਾਲ ਸੰਬੋਧਨ ਕਰਨ 'ਤੇ ਭਾਈ ਸੁਖਦੇਵ ਸਿੰਘ ਫਿਰ ਮੁਸਕਰਾ ਕੇ ਕਹਿਣ ਲੱਗੇ, "ਕੋਈ ਗੱਲ ਨੀ ਬਾਈ ਡੰਡ ਭਾਵੇਂ ਨਾ ਕੱਢੋ ਪਰ ਦੌੜਾ-ਦੌੜਾ ਕੇ ਭਾਈ ਟਹਿਲ ਸਿੰਘ ਹੁਰੀਂ ਤੁਹਾਡਾ ਪਨੀਰ ਜ਼ਰੂਰ ਕੱਢਣਗੇ... ਨਾਲੇ ਉਨ੍ਹਾਂ ਨੂੰ ਬਾਈ ਜੀ ਵਾਲੀ ਭਾਸ਼ਾ ਘੱਟ ਸਮਝ ਆਉਂਦੀ ਐ।"

"ਉਏ ਮੁੰਡਿਓ ਇਹ ਮਲਵਈਆਂ 'ਚ ਰਹਿ ਕੇ ਭਲਵਾਨੀ ਭੁੱਲ ਈ ਚੱਲਿਆ ਸੀ ਤੁਹਾਡਾ ਜਥੇਦਾਰ..." ਭਾਈ ਟਹਿਲ ਸਿੰਘ ਨੇ ਸੁਖਦੇਵ ਸਿੰਘ ਨੂੰ ਮਜ਼ਾਕ ਕੀਤਾ...।

"ਇਹ ਤਾਂ ਸ਼ੁਕਰ ਕਰੋ ਚੰਡੀਗੜ੍ਹ ਦੀ ਸਕੱਤਰੇਤ ਦਾ ਜਿਨ੍ਹੇ ਇਹਨੂੰ ਭਲਵਾਨੀ ਵੱਲ ਨੂੰ ਦੁਬਾਰਾ ਮੋੜ ਦਿੱਤਾ... ਨਾ ਫਿਰ ਕਿਵੇਂ ਬੀਤੇ ਸੀ ਭਲਵਾਨ ਜੀ ਉਥੇ...?"

"ਛੱਡ ਭਾਊ ਤੂੰ ਮੁੰਡਿਆਂ ਨੂੰ ਕਸਰਤ ਕਰਨ ਦੇ ਐਵੇਂ ਪੁਰਾਣੇ ਕਿੱਸੇ ਕਿਉਂ ਫਰੋਲਣ ਡਿਹੈਂ...।" ਸੁਖਦੇਵ ਸਿੰਘ ਮੁਸਕਰਾਇਆ।

"ਆਹੋ...! ਮੈਨੂੰ ਪਤੈ ਤੈਂ ਕੀ ਦੱਸਣਾ ਸੰਗ ਜੁ ਲੱਗਦੀ ਹੋਈ। ਮੈਂ ਹੀ ਦੱਸ ਦਿੰਨਾ...।" ਆਖ ਕੇ ਭਾਈ ਟਹਿਲ ਸਿੰਘ ਡੰਡ ਬੈਠਕਾ ਕੱਢ ਰਹੇ ਰੰਗਰੂਟਾਂ ਨੂੰ ਸਕੱਤਰੇਤ ਵਾਲੀ ਕਹਾਣੀ ਸੁਣਾਉਣ ਲੱਗਾ।

"...ਗੱਲ ਉਦੋਂ ਦੀ ਐ ਜਦੋਂ ਸਕੱਤਰੇਤ ਵਿਚ ਸਿੰਘਾਂ ਨੇ ਨਰਕਧਾਰੀਏ ਗੁਰਬਚਨੇ ਦੇ ਸੱਤਾਂ ਸਤਾਰਿਆਂ 'ਚੋਂ ਇਕ ਸਿਤਾਰੇ 'ਤੇ ਹਮਲਾ ਕੀਤਾ... ਇਹ ਭਲਵਾਨ ਜੀ ਤੇ ਦੋ ਹੋਰ ਸਿੰਘ ਸਕੱਤਰੇਤ ਵਿਚ ਜਾ ਵੜੇ... ਤਿੰਨਾਂ ਵਿਚੋਂ ਇਕ ਜਣਾ ਮੋਟਰਸਾਈਕਲ ਸਟਾਰਟ ਕਰਕੇ ਉਤੇ ਹੀ ਬੈਠਾ ਰਿਹਾ ਤਾਂ ਕਿ ਮੌਕਾ ਪੈਣ 'ਤੇ ਨੱਠਿਆ ਜਾ ਸਕੇ। ਜਦੋਂ ਇਹ ਪੌੜੀਆਂ ਉਤੇ ਜਾਣ ਲੱਗੇ ਤਾਂ ਅੱਗੋਂ ਇਨ੍ਹਾਂ ਦਾ ਸ਼ਿਕਾਰ ਪੌੜੀਆਂ ਥੱਲੇ ਨੂੰ ਉਤਰ ਰਿਹਾ ਸੀ ਇਨ੍ਹਾਂ ਨੇ ਸਿੱਧੇ ਫਾਈਰਿੰਗ ਉਹਦੇ 'ਤੇ ਕਰ ਦਿੱਤੀ... ਨਰਕਧਾਰੀਏ ਦੇ ਦੋ ਗੋਲੀਆਂ ਮੋਢੇ ਵੱਜੀਆਂ ਤੇ ਉਹ ਭੱਜ ਕੇ ਉਨ੍ਹੀਂ ਪੈਰੀਂ ਵਾਪਸ ਪੌੜੀਆਂ ਚੜ੍ਹਨ ਲੱਗ ਪਿਆ... ਭਲਵਾਨ ਜੀ ਦੇ ਨਾਲ ਵਾਲਾ ਸਿੰਘ ਰਵਾਲਵਰ ਲੈ ਕੇ ਉਸਦੇ ਪਿਛੇ ਹੋ ਤੁਰਿਆ ਪਰ ਉਹਦੀ ਵਧੀ ਸੀ ਉਹ ਉਥੇ ਕਿਧਰੇ ਲੁਕ ਗਿਆ ਤੇ ਸਿੰਘ ਨੂੰ ਨਜ਼ਰੀਂ ਨਾ ਆਇਆ ਤੇ ਜਦੋਂ ਉਪਰ ਗਿਆ ਹੋਇਆ ਸਿੰਘ ਵਾਪਸ ਪਰਤਿਆ ਤਾਂ ਇਨ੍ਹਾਂ ਭਲਵਾਨ ਜੀ ਨੂੰ ਨਰਕਧਾਰੀਏ ਦਾ ਬਾਡੀਗਾਰਡ ਢਾਹੀ ਬੈਠਾ ਸੀ... ਦੇਹ ਹੂਰੇ ਤੇ ਹੂਰਾ.. ਦੇਹ ਘਸੁੰਨ 'ਤੇ ਘਸੁੰਨ..। ਭਲਵਾਨ ਜੀ ਦੀਆਂ ਪੰਜਾਬੀ ਮੁੰਡੇ ਨੇ ਮਾਰ ਮਾਰ ਕੇ ਹੂਰੇ, ਕਰਤੀਆਂ ਪਸਲੀਆਂ ਪੋਲੀਆਂ...।" ਭਾਈ ਟਹਿਲ ਸਿੰਘ ਦੇ ਉਪਰੋਕਤ ਸ਼ਬਦਾਂ ਨਾਲ ਸਾਰੇ ਸਿੰਘਾਂ 'ਚ ਹਾਸੜ ਮਚ ਗਈ।

"...ਕਿਉਂ ਬਈ ਸੁਖਦੇਵ ਸਿੰਹਾਂ ਜਦੋਂ ਉਹ ਮੁੰਡਾ ਜ਼ਖਮੀ ਹੋ ਕੇ ਡਿੱਗ ਹੀ ਪਿਆ ਸੀ ਤਾਂ ਤੂੰ ਉਹਨੂੰ ਸੁੰਘ ਕੇ ਕੀ ਵੇਖਣ ਲੱਗਾ ਸੀ...?" ਭਾਈ ਟਹਿਲ ਸਿੰਘ ਨੇ ਹਸਦਿਆਂ ਹੋਇਆਂ ਸਵਾਲ ਕੀਤਾ।

"ਭਾਊ ਵੇਖਣਾ ਕੀ ਸੀ...? ਉਥੇ ਕਿਹੜਾ ਸਰਕਸ ਲੱਗੀ ਸੀ... ਮੈਂ ਤਾਂ ਉਹਦਾ ਹਥਿਆਰ ਚੁੱਕਣ

ਗਿਆ ਈ ਉਹਨੇ ਢਾਅ ਲਿਆ... ਮੈਂ ਬੜੇ ਦਾਅ ਪੇਚ ਵਰਤੇ... ਪਰ ਕਿਥੇ...? ਕਾਹਨੂੰ ਹਿਲਣ ਦਿੰਦਾ ਸੀ...? ਬਗਾਨੇ ਪੁੱਤ ਦਾ ਪੰਜਾਬੀ ਘਿਉ ਖਾਧਾ ਹੋਇਆ ਸੀ... ਅਸ਼ਕੇ ਬਈ ਸੂਰਮੇ ਨੂੰ ਜੰਮਣ ਵਾਲੀ ਮਾਂ ਦੇ...।'' ਭਾਈ ਸੁਖਦੇਵ ਸਿੰਘ ਨੇ ਉੱਤਰ ਦਿੱਤਾ।

"ਆਹ ਦੇਖ ਲਉ ਬਈ ਮੁੰਡਿਓ ਤੁਹਾਡਾ ਹਾਥੀ ਵਰਗੀ ਦੇਹ ਦਾ ਮਾਲਕ ਜਥੇਦਾਰ, ਉੱਭ ਮਧੋਲ ਕੇ ਹੀ ਮਾਰ ਸੁੱਟਣਾ ਸੀ ਉਸ ਜਵਾਨ ਨੇ... ਜੇ ਉਪਰੋਂ ਮੁੜਨ ਵਾਲਾ ਸਿੰਘ ਉਹਦੇ ਦੋ ਗੋਲੀਆਂ ਹੋਰ ਨਾ ਮਾਰਦਾ..." ਭਾਈ ਟਹਿਲ ਸਿੰਘ ਨੇ ਕਿਹਾ।

"...ਭਾਊ ਮੈਨੂੰ ਵੈਸੇ ਮੁੰਡੇ ਦੇ ਮਾਰੇ ਜਾਣ ਦਾ ਬੜਾ ਅਫਸੋਸ ਹੋਇਆ... ਅਸਲੀ ਸ਼ਿਕਾਰ ਤਾਂ ਹੱਥੋਂ ਨਿਕਲ ਈ ਗਿਆ...।'' ਭਾਈ ਸੁਖਦੇਵ ਸਿੰਘ ਨੇ ਹੱਥ 'ਤੇ ਹੱਥ ਮਾਰਿਆ।

"...ਇਸੇ ਲਈ ਤਾਂ ਜਵਾਨੋਂ ਤੁਹਾਨੂੰ ਕਸਰਤ ਕਰਾਉਂਦੇ ਆਂ ਬਈ ਜੇ ਕਿਤੇ ਕੋਈ ਜੱਫਾ ਪੈ ਜਾਵੇ ਤਾਂ ਸਿੰਘ ਮਾੜੇ ਮੋਟੇ ਨੂੰ ਧੋਬੀ ਪਟਕਾ ਮਾਰ ਕੇ ਹੀ ਮਾਰ ਦੇਣ... ਨਾਲੇ ਭਾਈ ਟਹਿਲ ਸਿੰਘ ਜੀ ਘਿਓ-ਘਿਊ ਦਾ ਪ੍ਰਬੰਧ ਵੀ ਕਰੋ ਸਿੰਘਾਂ ਵਾਸਤੇ... ਮੀਆਂ ਅਹਿਮਦ ਸ਼ਾਹ ਹੁਰਾਂ ਨੂੰ ਸੁਨੇਹਾ ਭੇਜ ਦੇਣਾ ਸੀ ਕਸੂਰ ਨੂੰ... ਆਪੇ ਦੋ ਪੀਪੇ ਭੇਜ ਦੇਣਗੇ... ਸਿੰਘੋ ਤੁਸੀਂ ਕਸਰਤ ਕਰੋ ਡੰਡ ਮਾਰੋ ਤੇ ਅਸੀਂ ਤੁਹਾਡੇ ਲਈ ਖੁਰਾਕ ਦਾ ਪ੍ਰਬੰਧ ਕਰਾਂਗੇ... ਸੱਚੇ ਪਾਤਸ਼ਾਹ ਮਿਹਰ ਰੱਖੇ... ਇਕ ਦਿਨ ਖਾਲਸਾ ਜ਼ਰੂਰ ਦਿੱਲੀ ਮਾਰੇਗਾ...।'' ਭਾਈ ਸੁਖਦੇਵ ਸਿੰਘ ਨੇ ਸੱਜੇ ਦਾ ਘਸੁੰਨ ਵੱਟ ਕੇ ਹਵਾ 'ਚ ਲਹਿਰਾਇਆ।

ਕਸਰਤ ਤੋਂ ਬਾਅਦ ਭਾਈ ਟਹਿਲ ਸਿੰਘ ਹੁਰਾਂ ਨੇ ਟੋਲੀ ਨੂੰ ਫਾਰਮ ਹਾਊਸ ਦੇ ਨਾਲ ਲੱਗਦੇ ਕੱਚੇ ਰਾਹ 'ਤੇ ਭਜਾਉਣਾ ਸ਼ੁਰੂ ਕਰ ਦਿੱਤਾ ਹੈ।

* * *

"...ਦੇਖੋ ਸਿੰਘੋ ਅਸੀਂ ਦੋਵੇਂ ਜਣੇ ਭਾਰਤ ਜਾਵਾਂਗੇ ਕਿਉਂਕਿ ਕੈਂਪ ਵਿਚ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਨਹੀਂ ਹੈ। ਅਸੀਂ ਕਾਫੀ ਸਮੇਂ ਤੋਂ ਇਸਦੀ ਲੋੜ ਮਹਿਸੂਸ ਕਰ ਰਹੇ ਹਾਂ ਸੋ ਮੈਂ ਤੇ ਭਾਈ ਸੁਖਦੇਵ ਸਿੰਘ ਅੱਜ ਸ਼ਾਮੀ ਅੰਮ੍ਰਿਤਸਰ ਨੂੰ ਜਾਵਾਂਗੇ ਸਰਹੱਦ ਟੱਪਕੇ... ਉਧਰੋਂ ਕੁਝ ਹੋਰ ਸਿੰਘਾਂ ਨੇ ਵੀ ਆਉਣੈ...। ਇਕੱਤੀ ਅਕਤੂਬਰ ਨੂੰ ਬਾਹਮਣੀ ਤਾਂ ਸਿੰਘਾਂ ਨੇ ਸੋਧ ਹੀ ਦਿੱਤੀ ਹੈ ਤੇ ਉਹਦੀ ਮੌਤ ਤੋਂ ਮਗਰੋਂ ਦਿੱਲੀ, ਕਾਨ੍ਹਪੁਰ ਤੇ ਬੋਕਾਰੋ ਆਦਿ ਸਾਰੇ ਹਿੰਦੁਸਤਾਨ ਵਿਚ ਸੋਚੀਆਂ-ਸਮਝੀਆਂ ਚਾਲਾਂ ਅਧੀਨ ਸਿੱਖਾਂ ਦੇ ਕਤਲ ਕਰਨ ਦੀਆਂ ਖ਼ਬਰਾਂ ਆ ਰਹੀਆਂ ਹਨ...। ਥੋੜ੍ਹਾ ਬਹੁਤਾ ਤਾਂ ਭਾਵੇਂ ਅਖ਼ਬਾਰਾਂ ਦੀਆਂ ਖ਼ਬਰਾਂ ਤੋਂ ਪਤਾ ਚੱਲ ਹੀ ਗਿਐ, ਪਰ ਭਾਰਤ ਜਾਣ ਬਗੈਰ ਸਹੀ ਅੰਦਾਜ਼ਾ ਲਾਉਣਾ ਮੁਸ਼ਕਿਲ ਐ। ...ਨਾਲੇ ਲੁਧਿਆਣੇ ਤੇ ਦਿੱਲੀ ਦੇ ਕਾਂਗਰਸੀ ਆਗੂ ਵੀ ਪ੍ਰਸ਼ਾਦ ਮੰਗ ਰਹੇ ਜਾਪਦੇ ਐ...। ਲੁਧਿਆਣੇ ਵਾਲੇ ਤਾਂ ਕੁਝ ਜ਼ਿਆਦਾ ਹੀ ਸਿਰ ਚੜ੍ਹੇ ਐ ਜੇ ਹੋ ਸਕਿਆ ਤਾਂ ਲੁਧਿਆਣੇ ਗੇੜਾ ਜ਼ਰੂਰ ਮਾਰਾਂਗੇ ਅੱਜਕਲ੍ਹ ਪਾਂਡੇ ਕੁਝ ਜ਼ਿਆਦਾ ਹੀ ਬਕਦੈ ਤੇ ਨਾਲੇ ਦਿੱਲੀ ਵਾਲਿਆਂ ਨੂੰ ਸ਼ਾਬਾਸ਼ੀਆਂ ਦੇ ਰਿਹੈ....। ਤੁਸੀਂ ਸਾਰਿਆਂ ਸਾਡੇ ਜਾਣ ਬਾਅਦ ਡਿਸਪਲਿਨ ਅੰਦਰ ਰਹਿਣਾ ਹੋਵੇਗਾ। ਬਾਕੀ ਸਾਰੇ ਸਿੰਘ ਇਥੇ ਹੀ ਰਹਿਣਗੇ ਮੈਂ ਤੇ ਸੁਖਦੇਵ ਸਿੰਘ ਹੀ ਜਾਵਾਂਗੇ ਵਾਪਸ ਆ ਗਏ ਤਾਂ ਠੀਕ ਬਾਕੀ ਗੁਰੂ ਦੀ ਮਰਜ਼ੀ..." ਭਾਈ ਵਸਾਵਾ ਸਿੰਘ ਨੇ ਸਾਨੂੰ ਸਮਝਾਉਂਦਿਆਂ ਕਿਹਾ।

"...ਡਾਕਟਰ ਸਾਹਿਬ ਜਿਧਰੋਂ ਤੁਸੀਂ ਗੋਡੇ ਰਗੜ ਕੇ ਆਏ ਓ ਉਸੇ ਰਸਤੇ ਈ ਜਾਣੈ, ਜਾਂਦੇ ਹੋਏ ਤਾਂ ਅਸੀਂ ਵੀ ਗੋਡੇ ਰਗੜ ਕੇ ਹੀ ਜਾਵਾਂਗੇ ਪਰ ਆਉਂਦੇ ਸਮੇਂ ਗੁਰੂ ਸਾਹਿਬ ਦੀ ਸਵਾਰੀ ਨਾਲ ਹੋਵੇਗੀ ਫਿਰ ਤਾਂ ਗੁਰਮਰਿਯਾਦਾ ਅਨੁਸਾਰ ਹੀ ਆਉਣਾ ਪੈਣਾ... ਪਾਣੀ ਬਗੈਰਾ ਛਿੜਕਾਅ ਕਰਕੇ... ਚੱਲੋ ਜੇ ਗੁਰੂ ਦੀ ਹਜ਼ੂਰੀ ਵਿਚ ਮਾਰੇ ਵੀ ਗਏ ਤਾਂ ਜਨਮ ਸਫਲਾ ਹੋ ਜਾਊ... ਹੋਰ ਚਾਹੀਦਾ ਵੀ ਕੀ ਐ...?" ਭਾਈ ਸੁਖਦੇਵ ਸਿੰਘ ਹੁਰਾਂ ਨੇ ਡਾ. ਸਾਬ੍ਹੀ ਨੂੰ ਸੰਬੋਧਨ ਕੀਤਾ।

ਉਸੇ ਦਿਨ ਸ਼ਾਮ ਨੂੰ ਸਾਰੇ ਸਿੰਘਾਂ ਨੂੰ ਫਤਿਹ ਬੁਲਾ ਕੇ ਭਾਈ ਵਸਾਵਾ ਸਿੰਘ ਹੁਰੀਂ ਬਾਰਡਰ ਪਾਰ ਕਰਕੇ ਭਾਰਤ ਪਹੁੰਚ ਗਏ। ਉਸ ਤੋਂ ਤੀਜੇ ਦਿਨ ਪੂਰਬੀ ਪੰਜਾਬ ਦੇ ਜਲੰਧਰ ਰੇਡੀਓ ਨੇ ਖ਼ਬਰ ਦਿੱਤੀ ਕਿ ਲੁਧਿਆਣੇ ਵਿਚ ਕੱਟੜ ਕਾਂਗਰਸੀ ਨੇਤਾ ਪਾਂਡੇ ਦੀ ਕੁਝ ਸ਼ੱਕੀ ਦਹਿਸ਼ਤਗਰਦਾਂ ਨੇ ਹੱਤਿਆ ਕਰ ਦਿੱਤੀ ਹੈ। ਖ਼ਬਰ ਸੁਣਨ ਸਾਰ ਭਾਈ ਅਨੋਖ ਸਿੰਘ ਨੇ ਦੋਵੇਂ ਹੱਥ ਜੋੜ ਕੇ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ। ਉਸ ਤੋਂ ਬਾਅਦ ਭਾਈ ਟਹਿਲ ਸਿੰਘ ਅਤੇ ਹੋਰ ਸਿੰਘਾਂ ਨੇ ਫੈਸਲਾ ਕੀਤਾ ਕਿ ਸਾਰੇ ਸਿੰਘਾਂ ਨੂੰ ਅੰਮ੍ਰਿਤ ਵੇਲੇ ਇਕੱਠੇ ਨਿਤਨੇਮ ਕਰਵਾਇਆ ਜਾਇਆ ਕਰੇ।

ਇਸ ਤਰ੍ਹਾਂ ਦੂਸਰੀ ਸਵੇਰ ਸਾਨੂੰ ਢਾਈ ਵਜੇ ਜਗਾ ਲਿਆ ਗਿਆ। ਜੋ ਆਲਸ ਕਰ ਰਹੇ ਸਨ ਉਨ੍ਹਾਂ 'ਤੇ ਪਾਣੀ ਦਾ ਛਿੱਟਾ ਮਾਰ ਕੇ ਉਨ੍ਹਾਂ ਨੂੰ ਜਗਾ ਲਿਆ ਗਿਆ। ਭਾਈ ਸੁਲੱਖਣ ਸਿੰਘ ਬੱਬਰ ਨੇ ਸਾਰੇ ਸਿੰਘਾਂ ਨੂੰ ਸੁਕੇਸ਼ੀਂ ਇਸ਼ਨਾਨ ਕਰਕੇ ਜਲਦੀ ਤੋਂ ਜਲਦੀ ਵੱਡੇ ਹਾਲ ਕਮਰੇ ਵਿਚ ਆਉਣ ਲਈ ਕਹਿ ਦਿੱਤਾ। ਨੂਰ-ਨੂਰ ਕਰਦਿਆਂ ਅਸੀਂ ਬੰਬੀ ਚਲਾ ਕੇ ਇਸ਼ਨਾਨ ਕੀਤੇ ਅਤੇ ਹਾਲ ਕਮਰੇ ਵਿਚ ਪਹੁੰਚ ਗਏ। ਪ੍ਰਬੰਧਕੀ ਸਿੰਘ ਪਹਿਲਾਂ ਹੀ ਉਥੇ ਪਹੁੰਚ ਚੁੱਕੇ ਸਨ।

"...ਸਿੰਘੋ..! ਇਕ ਸਿੰਘ ਅੱਗੇ ਬੋਲੇਗਾ ਤੇ ਬਾਕੀ ਸਾਰੇ ਪਿਛੇ ਬੋਲਣਗੇ... ਹਾਂ ਜੀ ਭਾਈ ਸਾਹਿਬ ਸਿਮਰਨ ਸ਼ੁਰੂ ਕਰੋ...।" ਭਾਈ ਅਨੋਖ ਸਿੰਘ ਨੇ ਸੁਲੱਖਣ ਸਿੰਘ ਨੂੰ ਲਾਈਟ ਬੰਦ ਕਰਨ ਦਾ ਇਸ਼ਾਰਾ ਕੀਤਾ ਸਾਡੀਆਂ ਸਾਰਿਆਂ ਦੀਆਂ ਢੂਹੀਆਂ ਬਿਲਕੁਲ ਸਿੱਧੀਆਂ ਕਰਵਾ ਦਿੱਤੀਆਂ ਗਈਆਂ।

"ਵਾਹਿਗੁਰੂ............" ਭਾਈ ਸੁਲੱਖਣ ਸਿੰਘ ਨੇ ਅੱਗੇ ਬੋਲਣਾ ਸ਼ੁਰੂ ਕੀਤਾ ਅਤੇ ਮਗਰ ਸਾਰੇ ਰੰਗਰੂਟਾਂ ਦੀ ਲੰਮੀ ਆਵਾਜ਼ ਆਈ... ਵਾਹਿਗੁਰੂ........ ਵਾਹਿਗੁਰੂ.... ਵਾਹਿਗੁਰੂ... ਅੱਗੜ ਪਿੱਛੜ ਕਰਦਿਆਂ ਨੂੰ ਹਾਲੇ ਪੰਦਰਾਂ ਕੁ ਮਿੰਟ ਹੀ ਹੋਏ ਸਨ ਕਿ ਕਮਰੇ ਦੀ ਲਾਈਟ ਜਗਾਈ ਗਈ।

"...ਹਾਂ ਬਈ ਜਿਹੜੇ ਵੀਰ ਸੌਂ ਰਹੇ ਸਨ, ਉਹ ਹੁਣ ਖੜ੍ਹੇ ਹੋ ਕੇ ਵਾਹਿਗੁਰੂ ਵਾਹਿਗੁਰੂ ਕਰਨਗੇ... ਹਾਂ ਜੀ ਡਾ. ਸਾਹਿਬ ਤੁਸੀਂ, ਬਿੱਟੂ ਭਾਅ ਜੀ ਤੁਸੀਂ, ਤੇ ਆਹ ਸਿੰਘ ਸਾਹਿਬ ਤੁਸੀਂ ਤਿੰਨੋਂ ਉੱਘਲਾ ਰਹੇ ਸੀ। ਇਸ ਲਈ ਤੁਸੀਂ ਖੜ੍ਹੇ ਹੋ ਕੇ ਸਿਮਰਨ ਕਰੋਗੇ...।" ਅਨੋਖ ਸਿੰਘ ਨੇ ਹੁਕਮੀਂ ਲਹਿਜੇ ਵਿਚ ਕਿਹਾ ਅਤੇ ਬੱਤੀ ਬੰਦ ਕਰ ਦਿੱਤੀ। ਢਾਈ ਵਜੇ ਤੋਂ ਸਵੇਰੇ ਚਾਰ ਵਜੇ ਤਕ ਸਿਮਰਨ ਹੁੰਦਾ ਰਿਹਾ। ਫਿਰ ਸਾਰੇ ਸਿੰਘਾਂ ਨੂੰ ਗੁੱਟਕੇ ਫੜਾ ਦਿੱਤੇ ਗਏ ਇਕ ਸਿੰਘ ਪਹਿਲੀ ਤੁਕ ਬੋਲਦਾ ਸੀ ਤੇ ਬਾਕੀ ਦੇ ਉਸ ਤੋਂ ਅਗਲੀ ਇਸ ਤਰ੍ਹਾਂ ਪੰਜ ਵਜੇ ਤਕ ਨਿਤਨੇਮ ਸੰਪੂਰਨ ਕੀਤਾ ਗਿਆ। ਪੰਜ ਵਜੇ ਆਸਾ ਜੀ ਦੀ ਵਾਰ ਦਾ ਕੀਰਤਨ ਆਰੰਭ ਹੋਇਆ, ਜੋ ਕਿ ਛੇ ਵਜੇ ਤਕ ਚੱਲਿਆ।

ਉਸ ਤੋਂ ਉਪਰੰਤ ਸਾਰੇ ਸਿੰਘ ਲੰਗਰ ਹਾਲ ਵਿਚ ਨਾਸ਼ਤਾ ਕਰਨ ਲਈ ਚਲੇ ਗਏ ਜਿੱਥੇ ਭਾਈ ਟਹਿਲ ਸਿੰਘ ਹੁਰਾਂ ਨੇ ਹਦਾਇਤ ਦਿੱਤੀ, "....ਅੱਜ ਤੋਂ ਹਰ ਰੋਜ਼ ਇਸੇ ਤਰ੍ਹਾਂ ਨਿਤਨੇਮ ਹੋਇਆ ਕਰੇਗਾ...। ਸਾਰੇ ਸਿੰਘ ਢਾਈ ਵੱਜਦੇ ਨੂੰ ਸਿਮਰਨ ਹਾਲ ਵਿਚ ਪਹੁੰਚ ਜਾਇਆ ਕਰਨ...। ਹੋ ਸਕਦਾ ਹੈ ਕੱਲ੍ਹ ਤਕ ਗੁਰੂ ਸਾਹਿਬ ਦਾ ਸਰੂਪ ਲੈਣ ਗਏ ਸਿੰਘ ਵਾਪਸ ਆ ਜਾਣਗੇ... ਅੱਜ ਤੁਹਾਨੂੰ ਕਸਰਤ ਤੋਂ ਛੁੱਟੀ ਹੈ। ਕੱਲ੍ਹ ਤੋਂ ਸਾਰਿਆਂ ਦੀਆਂ ਬਕਾਇਦਾ ਕਲਾਸਾਂ ਸ਼ੁਰੂ ਕਰ ਦਿੱਤੀਆਂ ਜਾਣਗੀਆਂ ਸਾਰੇ ਸਿੰਘ ਟਾਈਮ ਟੇਬਲ ਨੋਟ ਕਰ ਲੈਣ....। "ਅੱਜ ਵਾਂਗ ਹੀ ਅੰਮ੍ਰਿਤ ਵੇਲੇ ਦੋ ਵਜੇ ਉਠਿਆ ਜਾਇਆ ਕਰੇਗਾ...। ਦੋ ਤੀਹ ਤੋਂ ਛੇ ਵਜੇ ਤਕ ਅੰਮ੍ਰਿਤ ਵੇਲਾ ਸੰਭਾਲਿਆ ਜਾਇਆ ਕਰੇਗਾ...। ਹਰ ਸਿੰਘ ਲਈ ਅੰਮ੍ਰਿਤ ਵੇਲੇ ਹਾਜ਼ਰ ਹੋਣਾ ਜ਼ਰੂਰੀ ਹੋਵੇਗਾ...। ਹਾਜ਼ਰ ਨਾ ਹੋਣ ਦੀ ਸੂਰਤ ਵਿਚ ਗੁਰਮਤਿ ਅਨੁਸਾਰ ਸਜ਼ਾ ਮਿਲੇਗੀ....। ਛੇ ਤੋਂ ਅੱਠ ਵਜੇ ਤਕ ਐਕਸਰਸਾਈਜ਼ ਦਾ ਪੀਰੀਅਡ ਹੋਇਆ ਕਰੇਗਾ...। ਅੱਠ ਵਜੇ ਤੋਂ ਨੌਂ ਵਜੇ ਸਵੇਰ ਤਕ ਸ਼ਾਹ ਵੇਲਾ ਹੋਇਆ ਕਰੇਗਾ...। ਤਕਰੀਬਨ ਸਵਾ ਨੌਂ ਵਜੇ ਸਾਰੇ ਸਿੰਘ ਨਿੰਮ ਕੋਲ ਲੱਗੇ ਬਲੈਕ ਬੋਰਡ ਕੋਲ ਪਹੁੰਚ ਜਾਇਆ ਕਰਨਗੇ ਤੇ ਬਕਾਇਦਾ ਕਲਾਸ

ਲੱਗਣੀ ਸ਼ੁਰੂ ਹੋ ਜਾਵੇਗੀ... ਜਿਸ ਵਿਚ ਪੀਰੀਅਡ ਵੰਡ ਅਨੁਸਾਰ ਗੁਰਬਾਣੀ, ਇਤਿਹਾਸ, ਸਿੱਖ ਧਰਮ ਦਾ ਹੋਰ ਧਰਮਾਂ ਨਾਲ ਤੁਲਨਾਤਮਕ ਅਧਿਐਨ ਅਤੇ ਅੰਗਰੇਜ਼ੀ ਬੋਲਣੀ ਸਿਖਾਉਣ ਲਈ ਵੀ ਇਕ ਕਲਾਸ ਹੋਇਆ ਕਰੇਗੀ... ਸਵਾ ਬਾਰਾਂ ਵਜੇ ਕਲਾਸ ਤੋਂ ਛੁੱਟੀ ਹੋਇਆ ਕਰੇਗੀ। ਉਸ ਤੋਂ ਉਪਰੰਤ ਲੰਗਰ ਛਕਣ ਤੋਂ ਬਾਅਦ ਤਿੰਨ ਵਜੇ ਤਕ ਆਰਾਮ ਹੋਇਆ ਕਰੇਗਾ...। ਤਿੰਨ ਤੋਂ ਸਾਢੇ ਚਾਰ ਵਜੇ ਤਕ ਸਾਰੇ ਸਿੰਘਾਂ ਨੂੰ ਸ਼ਸਤਰ ਚਲਾਉਣ ਦੀ ਟਰੇਨਿੰਗ ਦਿੱਤੀ ਜਾਇਆ ਕਰੇਗੀ। ਸਾਢੇ ਚਾਰ ਤੋਂ ਛੇ ਵਜੇ ਤਕ ਘੁੰਮਣ ਫਿਰਨ ਦੀ ਇਜਾਜ਼ਤ ਹੋਵਗੀ...। ਘੁੰਮਣ ਲਈ ਖੇਤਾਂ ਵੱਲ ਜਾਇਆ ਜਾ ਸਕਦਾ ਹੈ ਪਰ ਆਬਾਦੀ ਵੱਲ ਜਾਣਾ ਮਨ੍ਹਾ ਹੋਵੇਗਾ...। ਠੀਕ ਛੇ ਵਜੇ ਸਾਰੇ ਸਿੰਘ ਰਹਿਰਾਸ ਦਾ ਪਾਠ ਕਰਨ ਲਈ ਹਾਲ ਕਮਰੇ ਵਿਚ ਪਹੁੰਚ ਜਾਇਆ ਕਰਨਗੇ...। ਹੁਣ ਸਾਰੇ ਸਿੰਘ ਜਾ ਸਕਦੇ ਹੋ...। ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ...।"

O------O------O

ਕਾਂਡ 9

ਦੂਸਰੇ ਦਿਨ ਰਾਤ ਨੂੰ ਬਾਰਾਂ ਕੁ ਵਜੇ ਸਾਰੇ ਸਿੰਘਾਂ ਨੂੰ ਜਗਾ ਲਿਆ ਗਿਆ ਅਤੇ ਗੇਟ ਦੇ ਕੋਲ ਪਹੁੰਚਣ ਨੂੰ ਕਿਹਾ ਗਿਆ। ਫਾਰਮ ਹਾਊਸ ਦੇ ਮੁੱਖ ਗੇਟ ਕੋਲੋਂ ਘੜਿਆਲ ਦੇ ਵੱਜਣ ਦੀ ਟੰਨ-ਟੰਨ ਦੀ ਆਵਾਜ਼ ਸੁਣਾਈ ਦੇ ਰਹੀ ਸੀ। ਅਸੀਂ ਸਾਰਿਆਂ ਨੇ ਭਾਰਤ ਨੂੰ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਲੈਣ ਗਏ ਸਿੰਘਾਂ ਦੇ ਵਾਪਸ ਆਉਣ ਦਾ ਅੰਦਾਜ਼ਾ ਲਗਾ ਲਿਆ ਸੀ। ਸਤਿਨਾਮ ਵਾਹਿਗੁਰੂ ਸਤਿਨਾਮ ਵਾਹਿਗੁਰੂ ਦਾ ਅਵਾਜ਼ਾ ਨਜ਼ਦੀਕ ਹੁੰਦਾ ਜਾ ਰਿਹਾ ਸੀ। ਫਾਰਮ ਹਾਊਸ ਦੇ ਮੇਨ ਗੇਟ ਤੋਂ ਲੈ ਕੇ ਹਾਲ ਰੂਮ ਤਕ ਪਾਣੀ ਪਹਿਲਾਂ ਹੀ ਛਿੜਕ ਦਿੱਤਾ ਗਿਆ ਸੀ। ਭਾਈ ਟਹਿਲ ਸਿੰਘ ਹੁਰੀਂ ਗਲ ਵਿਚ ਹਰਮੋਨੀਅਮ ਬਾਜਾ ਪਾ ਕੇ ਫਾਰਮ ਹਾਊਸ ਦੇ ਮੇਨ ਗੇਟ 'ਤੇ ਪਹੁੰਚ ਚੁੱਕੇ ਸਨ। ਘੜਿਆਲ ਦੀ ਆਵਾਜ਼ ਨੇੜੇ ਆਉਣ 'ਤੇ ਮੇਨ ਗੇਟ ਖੋਲ੍ਹਿਆ ਗਿਆ ਤਾਂ ਪਾਣੀ ਛਿੜਕਣ ਵਾਲਾ ਸਿੰਘ ਅੰਦਰ ਵੜਿਆ। ਨਵੰਬਰ ਦੇ ਮਹੀਨੇ ਦੀ ਮਿੱਠੀ-ਮਿੱਠੀ ਠੰਡ ਪੈਰਾਂ ਨੂੰ ਸਰਦ ਚਾੜ੍ਹ ਰਹੀ ਸੀ। ਗੁਰੂ ਸਾਹਿਬ ਦਾ ਸਰੂਪ ਲੈ ਕੇ ਬਾਰਡਰ ਪਾਰ ਕਰ ਆਉਣ ਵਾਲੇ ਸਿੰਘਾਂ ਦੇ ਪੈਰ ਨੰਗੇ ਸਨ। ਗੁਰੂ ਸਾਹਿਬ ਦੀ ਸਵਾਰੀ ਨੇੜੇ ਆਉਣ 'ਤੇ ਹਰਮੋਨੀਅਮ ਵਾਲੇ ਸਿੰਘ ਨੇ ਸ਼ਬਦ ਪੜ੍ਹਿਆ ਤੇ ਬਾਕੀ ਸੰਗਤ ਨੂੰ ਮਗਰ ਬੋਲਣ ਲਈ ਆਖਿਆ। ਜੋੜੀ ਵਾਲਾ ਦੋਨਾਂ ਹੱਥਾਂ ਨਾਲ ਧੱਮ-ਧੱਮ ਦੇ ਧੱਫੇ ਮਾਰ ਰਿਹਾ ਸੀ।

"...ਆਉ ਜੀ ਤੂ ਆਉ ਹਮਾਰੇ... ਹਰਿ ਜਸਿ ਸ੍ਰਵਣਿ ਸੁਣਾਵਣਾ...।" ਦੇ ਸ਼ਬਦ ਦਾ ਵੈਰਾਗਮਈ ਕੀਰਤਨ ਹੋਇਆ। ਸ਼ਬਦ ਪੂਰਾ ਹੋਣ 'ਤੇ ਇਕ ਸਿੰਘ ਬੋਲੇ ਸੋ ਨਿਹਾਲ ਦਾ ਜੈਕਾਰਾ ਬੁਲਾ ਦਿੱਤਾ। ਸ਼ਾਂਤਮਈ ਮਾਹੌਲ ਵਿਚ ਬੀਰ ਰਸੀ ਝੁਰਨਾਹਟ ਛਿੜ ਗਈ। ਸੱਤ ਸ੍ਰੀ ਅਕਾਲ ਦੇ ਅਵਾਜ਼ਿਆਂ ਦੀ ਗੂੰਜ ਵਿਚ ਭਾਈ ਸੁਲੱਖਣ ਸਿੰਘ ਦੇ ਗਲ ਪਾਈ ਨਵੀਂ ਕਿਸਮ ਦੀ ਗੰਨ ਦੀ.. ਤੜ.. ਤਰੜ.. ਤਾੜ.. ਤਾੜ.. ਤਾੜ.. ਦੀ ਆਵਾਜ਼ ਨੇ ਸਾਰਾ ਲਾਹੌਰ ਅਤੇ ਕਸੂਰ ਹਿਲਾਕੇ ਰੱਖ ਦਿੱਤਾ। ਗੇਟ 'ਤੇ ਸੰਤਰੀ ਦੀ ਡਿਊਟੀ 'ਤੇ ਖੜ੍ਹੇ ਸਿੰਘਾਂ ਦੀਆਂ ਰਾਈਫਲਾਂ ਨੇ ਵੀ ਗੁਰੂ ਗ੍ਰੰਥ ਸਾਹਿਬ ਨੂੰ ਸਲਾਮੀ ਹਿੱਤ ਠਾਹ.. ਠਾਹ.. ਤੇ ਢੂੰ..ਦੜਾਕ.. ਦੀਆਂ ਆਵਾਜ਼ਾਂ ਨਾਲ ਆਪਣੇ ਮੂੰਹ ਖੋਲ੍ਹੇ। ਸਾਰੇ ਸਿੰਘਾਂ ਨੇ ਗੁਰੂ ਸਾਹਿਬ ਦੀ ਪਾਲਕੀ ਉਪਰ ਫੁੱਲਾਂ ਦੀ ਵਰਖਾ ਕੀਤੀ। ਅੱਗੇ-ਅੱਗੇ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਅਤੇ ਮਗਰ ਮਗਰ ਖਾੜਕੂ ਸਿੰਘਾਂ ਦੇ ਗਲ ਪਾਈਆਂ ਅੱਗ ਉਗਲ ਦੀਆਂ ਰਾਈਫਲਾਂ ਅਤੇ ਫਾਰਮ ਹਾਊਸ 'ਤੇ ਕੀਤੀ ਗਈ ਦੀਪ ਮਾਲਾ ਦੀ ਜਗਮਗਾਹਟ ਨੇ ਸਾਰਾ ਦ੍ਰਿਸ਼ ਅਲੌਕਿਕ ਤੇ ਬੀਰ ਰਸੀ ਕਰ ਦਿੱਤਾ ਸੀ। ਹਾਲ ਕਮਰੇ ਵਿਚ ਲਿਜਾਕੇ ਗੁਰੂ ਸਾਹਿਬ ਦਾ ਪ੍ਰਕਾਸ਼ ਕਰ ਦਿੱਤਾ ਗਿਆ ਤੇ ਕੀਰਤਨ ਆਰੰਭ ਹੋ ਗਿਆ...।

"ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ...।" ਭਾਈ ਵਸਾਵਾ ਸਿੰਘ ਨੇ ਸ਼ਬਦ ਪੜ੍ਹਿਆ। "...ਗੁਰ ਪੂਰੇ ਮੇਰੀ ਰਾਖਿ ਲਈ... ਅੰਮ੍ਰਿਤ ਨਾਮ ਰਿਦੇ ਮਹਿ ਦੀਨੋ ਜਨਮ ਜਨਮ ਕੀ ਮੈਲ ਗਈ...।" ਸ਼ਬਦ ਪੂਰਾ ਹੋਣ ਉਪਰੰਤ ਅਰਦਾਸ ਕੀਤੀ ਗਈ। ਗੁਰੂ ਮਹਾਰਾਜ ਦਾ ਸਰੂਪ ਲੈ ਕੇ ਆਉਣ ਵਾਲੇ ਸਿੰਘਾਂ ਦੇ ਪੈਰ ਕੰਡਿਆਂ ਨਾਲ ਥਾਂ ਥਾਂ ਤੋਂ ਜ਼ਖਮੀ ਹੋ ਚੁੱਕੇ ਸਨ ਉਨ੍ਹਾਂ ਨੂੰ ਥਕਾਵਟ ਵੀ ਕਾਫੀ ਹੋ ਚੁੱਕੀ ਸੀ। ਮੈਂ ਸਿੰਘ ਦਾ ਸ਼ਰਧਾ ਅਤੇ ਵਿਸ਼ਵਾਸ ਦੇਖ ਕੇ ਹੈਰਾਨਗੀ ਵਿਚ ਸਾਂ। ਹੁਣ ਮੇਰਾ ਇਹ ਭਰਮ ਚਕਨਾਚੂਰ ਹੋ ਚੁੱਕਾ ਸੀ ਕਿ ਅੱਜ ਕੱਲ੍ਹ

ਪੁਰਾਤਨ ਰਹਿਤ ਰਹਿਣੀ ਵਾਲੇ ਸਿੰਘ ਨਹੀਂ ਮਿਲ ਸਕਦੇ। ਖਾੜਕੂਆਂ ਨੂੰ ਗਲਤ ਸਮਝਣ ਵਾਲਾ ਮੇਰਾ ਖਿਆਲ ਬੱਬਰ ਖਾਲਸਾ ਦੇ ਕੈਂਪ ਵਿਚ ਆ ਕੇ ਹੀ ਖਤਮ ਹੋ ਚੁੱਕਾ ਸੀ। ਤੇ ਹੁਣ ਉਨ੍ਹਾਂ ਦੇ ਸਿਖੀ ਸਿਦਕ ਦੀ ਧਾਂਕ ਮੇਰੇ ਮਨ ਉਪਰ ਆਪਣਾ ਰੰਗ ਛੱਡ ਰਹੀ ਸੀ। ਦੇਗ ਪਹਿਲਾਂ ਹੀ ਭਾਈ ਅਨੋਖ ਸਿੰਘ ਹੁਰਾਂ ਨੇ ਤਿਆਰ ਕਰ ਲਈ ਸੀ ਦੇਗ ਵਰਤਾਉਣ ਉਪਰੰਤ ਪਾਰੋਂ ਆਏ ਸਿੰਘਾਂ ਨੂੰ ਇਸ਼ਨਾਨ ਕਰਵਾਇਆ ਗਿਆ। ਭਾਈ ਅਨੋਖ ਸਿੰਘ ਨੇ ਸਾਰੇ ਸਿੰਘਾਂ ਦੇ ਪੈਰਾਂ ਵਿਚ ਵੱਜੇ ਕੰਡੇ ਸੂਈ ਲੈ ਕੇ ਖੁਦ ਚੁਗੇ, ਬੇਸ਼ੱਕ ਭਾਈ ਸੁਖਦੇਵ ਸਿੰਘ ਤੇ ਬਾਕੀ ਸਿੰਘ ਉਨ੍ਹਾਂ ਨੂੰ ਅਜਿਹਾ ਕਰਨੋਂ ਵਰਜ ਰਹੇ ਸਨ।

ਪਰ ਉਹ ਵਾਰ ਵਾਰ ਇਕੋ ਗੱਲੋਂ ਹੀ ਬੋਲੀ ਜਾ ਰਹੇ ਸਨ ਕਿ, "ਭਾਈ ਸਾਹਿਬ ਜੀਓ ਸਾਨੂੰ ਗਰੀਬਾਂ ਨੂੰ ਵੀ ਸੇਵਾਂ ਵਿਚ ਕੁਝ ਹਿੱਸਾ ਲੈ ਲੈਣ ਦਿਓ..." ਸੋ ਉਨ੍ਹਾਂ ਦੀ ਜਿੱਦ ਅਤੇ ਪ੍ਰੇਮ ਭਾਵਨਾ ਬਦਲੇ ਪਾਰ ਤੋਂ ਆਏ ਸਿੰਘਾਂ ਨੂੰ ਝੁਕਣਾ ਪਿਆ। ਭਾਈ ਸਾਹਿਬ ਸਿੰਘ ਹੋਰੀਂ ਖੁਦ ਗਰਮ ਗਰਮ ਦੁੱਧ ਬਾਟਿਆਂ ਵਿਚ ਪਾ ਕੇ ਵਿਚ ਦੇਸੀ ਘਿਉ ਪਾਕੇ ਸਾਰੇ ਸਿੰਘਾਂ ਦੇ ਛਕਣ ਲਈ ਲਿਆਏ। ਸਾਰੀ ਸੰਗਤ ਨੂੰ ਦੁੱਧ ਦੇ ਨਾਲ ਨਾਲ ਕਾਜੂ, ਬਦਾਮਾਂ ਤੇ ਮਿਸ਼ਰੀ ਦੀ ਖਿਚੜੀ ਵਰਤਾਈ ਗਈ।

"ਹਾਂ ਭਾਊ! ਹੁਣ ਹਾਲ-ਚਾਲ ਦੱਸੋ...? ਕਿਵੇਂ ਰਹੀ ਯਾਤਰਾ...? ਨਾਲੇ ਕੱਢ ਈ ਆਏ ਪਾਂਡੇ ਵਾਲਾ ਕੰਡਾ...? ਸਾਲਾ ਬਹੁਤਾ ਹੀ ਹੰਕਾਰਿਆ ਫਿਰਦਾ ਸੀ।" ਭਾਈ ਸੁਲੱਖਣ ਸਿੰਘ ਨੇ ਸੁਖਦੇਵ ਸਿੰਘ ਨੂੰ ਸੰਬੋਧਿਤ ਕੀਤਾ। ਨਵੇਂ ਸਾਰੇ ਸਿਖਾਂਦਰੂਆਂ ਸਣੇ ਸਾਰੇ ਦਾ ਸਾਰਾ ਕਟਕ... ਹਿੰਦੁਸਤਾਨ ਤੋਂ ਵਾਪਸ ਪਰਤੇ ਸਿੰਘਾਂ ਦੁਆਲੇ ਜਮਘਟ ਬਣਾਈ ਬੈਠਾ ਸੀ।

"ਪਾਂਡੇ ਪਾਪੀ ਦੀ ਸਟੋਰੀ ਤੋਂ ਕੀ ਲੈਣੈ ਵੀਰੋ? ਜਦੋਂ ਪਾਪ ਦਾ ਘੜਾ ਭਰ ਜਾਵੇ ਤਾਂ ਡੁੱਲ੍ਹਣਾ ਹੀ ਹੁੰਦੈ... ਪਾਪੀ ਦੇ ਮਾਰਨੇ ਕਉ ਪਾਪ ਮਹਾਬਲੀ ਹੈ।" ਭਾਈ ਸੁਖਦੇਵ ਸਿੰਘ ਨੇ ਸਾਰਿਆਂ ਵੱਲ ਤਕਦਿਆਂ ਗੱਲ ਸ਼ੁਰੂ ਕੀਤੀ। ਅਸੀਂ ਜਲਦੀ ਹੀ ਜਾ ਕੇ ਪੂਰਬੀ ਪੰਜਾਬ ਦੇ ਹੋਰ ਸਿੰਘਾਂ ਨੂੰ ਨਾਲ ਲਿਆ ਅਤੇ ਲੁਧਿਆਣੇ ਐਕਸ਼ਨ ਕਰਨ ਤੋਂ ਬਾਅਦ ਅੰਮ੍ਰਿਤਸਰ ਆ ਗਏ। ਅੰਮ੍ਰਿਤਸਰ ਕੁਝ ਵਾਕਫਕਾਰਾਂ ਨੇ ਆਹ ਦੋਨੋਂ ਵੀਰਾਂ ਨਾਲ ਮੁਲਾਕਾਤ ਕਰਵਾਈ। ਇਹ ਵੀਰ ਦਿੱਲੀ ਤੋਂ ਆਏ ਹਨ। ਪਹਿਲਾਂ ਦਿੱਲੀ ਫੇਰੀਆਂ ਸਮੇਂ ਭਾਈ ਵਸਾਵਾ ਸਿੰਘ ਹੁਰੀਂ ਇਨ੍ਹਾਂ ਕੋਲ ਹੀ ਰਿਹਾ ਕਰਦੇ ਸਨ, ਇਨ੍ਹਾਂ ਨੇ ਬਾਹਮਣੀ ਦੀ ਮੌਤ ਮਗਰੋਂ ਹੋਏ ਦਿੱਲੀ ਦੇ ਕਤਲੇਆਮ ਨੂੰ ਆਪਣੇ ਅੱਖੀਂ ਦੇਖਿਆਂ ਹੀ ਨਹੀਂ ਸਗੋਂ ਆਪਣੇ ਪਿੰਡਿਆਂ 'ਤੇ ਅਤੇ ਪਰਿਵਾਰਾਂ 'ਤੇ ਹੰਢਾਇਆ ਵੀ ਹੈ...।" ਭਾਈ ਸੁਖਦੇਵ ਸਿੰਘ ਬੱਬਰ ਦੇ ਉਪਰੋਕਤ ਵਾਰਤਾਲਾਪ ਤੋਂ ਬਾਅਦ ਦਿੱਲੀ ਤੋਂ ਆਏ ਸਿੰਘਾਂ ਵਿਚ ਸਾਰੇ ਸਿੰਘਾਂ ਦੀ ਰੁਚੀ ਹੋਰ ਵੀ ਵੱਧ ਗਈ। ਸਾਰੇ ਸਿੰਘ ਉਥੇ ਵਾਪਰੀਆਂ ਘਟਨਾਵਾਂ ਬਾਰੇ ਜਾਨਣ ਲਈ ਉਤਾਵਲੇ ਹੋ ਹੋ ਉਠੇ।

"...ਭਾਊ ਇਨ੍ਹਾਂ ਵੀਰਾਂ ਨਾਲ ਵਾਪਰੀਆਂ ਘਟਨਾਵਾਂ ਤਾਂ ਬਾਅਦ ਵਿਚ ਸੁਣਾਗੇਂ ਪਰ ਤੁਸੀਂ ਇਹ ਦੱਸੋ ਕਿ ਗੁਰੂ ਸਾਹਿਬ ਦੇ ਸਰੂਪ ਸਮੇਤ ਮਰਿਯਾਦਾ ਵਿਚ ਰਹਿ ਕੇ ਬਾਰਡਰ ਕਿਵੇਂ ਪਾਰ ਕੀਤਾ?" ਭਾਈ ਟਹਿਲ ਸਿੰਘ ਨੇ ਸੁਖਦੇਵ ਸਿੰਘ ਨੂੰ ਟੋਕਦਿਆਂ ਹੋਇਆਂ ਸਵਾਲ ਕੀਤਾ।

"...ਹਾਂ ਭਾਊ, ਉਹੀਓ ਦੱਸਣ ਲੱਗਾਂ ਆਪਣੀ ਕਹਾਣੀ ਤਾਂ ਇਹ ਵੀਰ ਆਪਣੇ ਮੂੰਹੋਂ ਹੀ ਕਹਿਣਗੇ...।" ਭਾਈ ਸੁਖਦੇਵ ਸਿੰਘ ਗਲ ਵਿਚ ਪਾਏ ਹਜੂਰੀਏ ਪਰਨੇ ਨਾਲ ਹੱਥ ਪੂੰਝਦਿਆਂ ਗੱਲ ਦੁਬਾਰਾ ਸ਼ੁਰੂ ਕੀਤੀ।

"...ਅਸੀਂ ਅੰਮ੍ਰਿਤਸਰ ਤੋਂ ਗੁਰੂ ਸਾਹਿਬ ਦਾ ਸਰੂਪ ਲਿਆ ਅਤੇ ਚਲ ਪਏ। ਪਹਿਲਾਂ ਕਾਰ 'ਤੇ ਡੇਰਾ ਬਾਬਾ ਨਾਨਕ ਪਹੁੰਚੇ ਉਪਰੰਤ ਉਥੋਂ ਸਰਹੱਦੀ ਪਿੰਡ ਸ਼ੁਕਰਪੁਰੇ ਤੋਂ ਹੁੰਦੇ ਹੋਏ ਆਪਣੇ ਹਾਈਵੇ ਉਤੇ ਆ ਚੜ੍ਹੇ...।" ਭਾਈ ਸੁਖਦੇਵ ਸਿੰਘ ਨੇ ਪਾਸਾ ਪਰਤਦਿਆਂ ਹੋਇਆਂ ਖੰਘੂਰਾ ਮਾਰਿਆ।

"...ਹਲਾ! ਪਰ ਬਾਬਾ ਜੀ ਬਾਡਰ ਤੇ ਸੇਮ ਨਾਲਾ ਕਿਵੇਂ ਪਾਰ ਕੀਤਾ...? ਅਸਾਂ ਤਾਂ ਆਪਣੇ ਗੋਡੇ ਗਿੱਟੇ ਹੀ ਰਗੜਾਲੇ ਸੀ... ਆਹ ਡਾ. ਸਾਬ੍ਹੀ ਤਾਂ ਮਿੱਟੀ-ਘੱਟੇ ਨਾਲ ਲੱਥ-ਪੱਥ ਹੋ ਕੇ ਭੂਤਾਂ ਦੇ ਦੇਸ ਤੋਂ ਆਇਆ ਕੋਈ

ਪ੍ਰੇਤ ਹੀ ਜਾਪਦਾ ਸੀ...।" ਬਿੱਟੂ ਦੀ ਗੱਲ ਸੁਣਕੇ ਸਾਰੇ ਹੱਸ ਪਏ।

"ਬੱਸ ਭਾਈਓ, 'ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ' ...।" ਭਾਈ ਸੁਖਦੇਵ ਸਿੰਘ ਨੇ ਸਹਿਜ ਨਾਲ ਫਿਰ ਗੱਲ ਸ਼ੁਰੂ ਕੀਤੀ, "...ਜੇ ਪਰਮਾਤਮਾ ਵੱਲ ਹੋਵੇ ਤਾਂ ਹਰ ਮਸਲਾ ਹੱਲ ਹੋ ਜਾਂਦਾ ਹੈ, ਅਸੀਂ ਨਾਲੇ ਦੀ ਪਾਧੀਂ 'ਤੇ ਪਹੁੰਚ ਕੇ ਅਰਦਾਸ ਕੀਤੀ ਕਿ ਹੇ! ਸਤਿਗੁਰੂ ਤੁਸਾਂ ਆਪ ਬਾਂਹ ਫੜਕੇ ਸਾਡੀ ਲਾਜ ਰੱਖਣੀ ਬੇਸ਼ੱਕ ਸ਼ਹਾਦਤ ਦਾ ਜ਼ਾਮ ਕਿਉਂ ਨਾ ਪੀਣਾ ਪਵੇ ਪਰ ਆਪ ਜੀ ਦੀ ਬੇਅਦਬੀ ਨਾ ਹੋਵੇ। ਸਤਿਗੁਰ ਹੋਵੈ ਵਲਿ ਲਖ ਬਾਹਿ ਕਿਆ ਕੀਜੈ... ਦੇ ਮਹਾਂਵਾਕ ਅਨੁਸਾਰ ਸਾਰੇ ਦਾ ਸਾਰਾ ਪਟ੍ਰੋਲਿੰਗ ਅਮਲਾ ਅੰਨ੍ਹਾ, ਬੋਲਾ, ਗੂੰਗਾ, ਲੰਗੜਾ ਹੀ ਹੋ ਗਿਆ। ਗੁਰੂ ਨਾਨਕ ਸਾਹਿਬ ਦੀ ਜ਼ਾਹਰਾ ਕਲਾ ਇਹ ਵਰਤੀ ਕਿ ਸੇਮ ਨਾਲਾ ਪਾਰ ਕਰਦੇ ਸਮੇਂ ਕੋਈ ਗਸ਼ਤੀ ਗੱਡੀ ਦਿਖਾਈ ਨਹੀਂ ਦਿੱਤੀ, ਸਗੋਂ 'ਖੁਰ ਤੁਰਕਨ ਕੇ ਆਖਨ ਘੱਟਾ ਮੁਖਿ ਮੇ ਛੱਟਾ' ਹੀ ਲੱਗ ਗਿਆ। ਅਸੀਂ ਸਾਰੇ ਗੁਰੂ ਸਾਹਿਬ ਦੀ ਅਸਵਾਰੀ ਸਮੇਤ ਪੂਰੀ ਮਰਿਯਾਦਾ ਅਨੁਸਾਰ ਚੌਰ ਕਰਦੇ, ਘੜਿਆਲ ਵਜਾਉਂਦੇ ਅਤੇ ਪਾਣੀ ਦਾ ਛਿੜਕਾਅ ਕਰਦੇ ਹੋਏ ਬਾਰਡਰ ਕਰਾਸ ਕਰ ਗਏ, ਮੈਂ ਖੁਦ ਹੈਰਾਨ ਸਾਂ ਕਿ ਇਹ ਕਿਵੇਂ ਤੇ ਏਨਾ ਸੌਖਾ ਕਿਵੇਂ ਹੋ ਗਿਆ...?" ਭਾਈ ਸੁਖਦੇਵ ਸਿੰਘ ਬੱਬਰ ਨੇ ਹੈਰਾਨਗੀ ਦੇ ਆਲਮ ਵਿਚ ਉਪਰ ਨੂੰ ਹੱਥ ਕਰਦਿਆਂ ਕਿਹਾ।

ਸਾਰੇ ਇਕੱਠ ਵਿਚ ਇਸ ਕਰਾਮਾਤ ਕਰਕੇ ਧੰਨ ਗੁਰੂ ਗ੍ਰੰਥ ਸਾਹਿਬ... ਧੰਨ ਗੁਰੂ ਗ੍ਰੰਥ ਸਾਹਿਬ ਦੀਆਂ ਆਵਾਜ਼ਾਂ ਆਉਣ ਲੱਗੀਆਂ। ਜਦੋਂ ਭਾਈ ਸੁਖਦੇਵ ਸਿੰਘ ਬਾਰਡਰ ਪਾਰ ਕਰਨ ਦੀ ਆਪਣੀ ਕਹਾਣੀ ਸੁਣਾ ਰਹੇ ਸਨ ਤਾਂ ਭਾਈ ਟਹਿਲ ਸਿੰਘ ਨੇ ਦਿੱਲੀ ਤੋਂ ਨਾਲ ਆਏ ਦੋਹਾਂ ਸਿੰਘਾਂ ਦੇ ਨਾਲ ਵਾਲੇ ਤੀਸਰੇ ਸਿੰਘ ਦਾ ਤੁਆਰਫ ਕਰਵਾਉਂਦਿਆਂ ਕਿਹਾ, "...ਵੀਰੋ ਇਹ ਨਿਕੜਾ ਵੀਰ ਜ਼ਿਲ੍ਹਾ ਬਠਿੰਡੇ ਤੋਂ ਮਲਵਈ ਵੀਰ ਹੈ ਅਤੇ ਬੱਬਰ ਭਾਈ ਰਛਪਾਲ ਸਿੰਘ ਹੁਰਾਂ ਦੇ ਗਰੁੱਪ ਵਿਚੋਂ ਹੈ। ਉਨ੍ਹਾਂ ਵੀਰਾਂ ਨੇ ਇਹਨੂੰ ਪੰਜਾਬ ਪੁਲਿਸ ਵਿਚੋਂ ਪ੍ਰੇਰ ਕੇ ਭਗੌੜਾ ਕਰਵਾਇਆ ਅਤੇ ਸਭ ਤੋਂ ਵੱਡੀ ਗੱਲ ਇਹ ਹੈ ਕਿ ਵੀਰ ਬੇਸ਼ੱਕ ਸਰਦਾਰ ਜਾਪ ਰਿਹਾ ਹੈ ਪਰ ਵੀਰ ਦਾ ਨਾਮ 'ਬਸ਼ੀਰ ਮੁਹੰਮਦ' ਹੈ ਅਤੇ ਮੁਸਲਮਾਨ ਕੌਮ ਵਿਚੋਂ ਹੈ। ਸਿੱਖੀ 'ਤੇ ਹੁੰਦੇ ਅੱਤਿਆਚਾਰ ਵਿਰੁੱਧ ਅੱਜ ਫਿਰ ਕੋਈ ਪੀਰ ਬੁੱਧੂ ਸ਼ਾਹ ਦੀ ਸੰਤਾਨ ਮਰ ਮਿਟਣ ਲਈ ਕਰਬਲਾ ਵੱਲ ਨੂੰ ਚੱਲੀ ਹੈ...।"

ਸਾਰੇ ਸਿੰਘਾਂ ਦੀ ਨਜ਼ਰਾਂ ਨੀਵੀਂ ਪਾਏ ਬੈਠੇ ਉੱਨੀ ਕੁ ਸਾਲ ਦੇ ਗੱਭਰੂ ਬਸ਼ੀਰ ਮੁਹੰਮਦ 'ਤੇ ਗੱਡੀਆਂ ਗਈਆਂ।

"ਹਾਂ ਬਾਈ ਕੀ ਹੁਣ ਤੁਸੀਂ ਦਿੱਲੀ ਦੀ ਗੱਲ ਦੱਸੋਗੇ..."? ਕੋਲ ਬੈਠ ਕਿਸੇ ਅਲੂੰਏ ਜਿਹੇ ਮੁੰਡੇ ਨੇ ਦਿੱਲੀ ਵਾਲੇ ਸਿੰਘ ਨੂੰ ਕਿਹਾ। ਉਸਦੀਆਂ ਅੱਖਾਂ ਵਿਚ ਅੱਗ ਦੇ ਅੰਗਿਆਰੇ ਡਿੱਗ ਰਹੇ ਸਨ। ਸਾਰੇ ਸਿੰਘਾਂ ਦੇ ਦਿਮਾਗ, ਅੱਖਾਂ ਅਤੇ ਹਿਰਦੇ ਦਿੱਲੀ ਤੋਂ ਆਏ ਹੋਏ ਵੀਰਾਂ ਉਪਰ ਕੇਂਦਰਤ ਹੋ ਗਏ। ਉਡਦੀਆਂ ਉਡਦੀਆਂ ਅਖ਼ਬਾਰੀ ਕੰਨਸੋਆ ਕੈਂਪ ਵਿਚ ਪਹੁੰਚ ਰਹੀਆਂ ਸਨ ਅਤੇ ਸਾਰੇ ਜਣੇ ਅੰਦਰੋਂ ਅੰਦਰੀਂ ਰੋਹ ਅਤੇ ਗੁੱਸੇ ਨਾਲ ਨਾਸੂਰ ਵਾਂਗ ਭਰੇ ਪਏ ਸਨ।

"...ਜਿਹੜੀ ਦਿੱਲੀ ਨੇ ਸਿੱਖਾਂ ਨਾਲ ਕੀਤੀ ਹੈ ਉਸਦੀ ਝੂਠੀ ਮਿਸਾਲ ਵੀ ਇਤਿਹਾਸ ਵਿਚ ਕਿਤੇ ਨਹੀਂ ਮਿਲਦੀ ਸੁਣਿਆ ਸੀ ਕਿ ਦਿੱਲੀ ਦੀ ਗੱਦੀ 'ਤੇ ਬੈਠਣ ਵਾਲੇ ਬਾਦਸ਼ਾਹਾਂ ਵਿਚੋਂ ਮਨੁੱਖਤਾ ਮਰ ਜਾਂਦੀ ਹੈ ਪਰ ਵੀਰੋ ਅਸੀਂ ਆਪਣਿਆਂ ਅੱਖਾਂ ਨਾਲ ਦੇਖਿਆ ਕਿ ਸੱਚੀ ਹੀ ਦਿੱਲੀ ਮਨੁੱਖ ਨਹੀਂ ਭੂਤਨੇ ਹੀ ਵਸਦੇ ਹਨ...।" ਦਿੱਲੀ ਵਾਲੇ ਸਿੰਘਾਂ ਵਿਚੋਂ ਇਕ ਸਿੰਘ ਨੇ ਚੁੱਪ ਤੋੜਦੇ ਹੋਏ ਕਹਾਣੀ ਕਹਿਣੀ ਸ਼ੁਰੂ ਕੀਤੀ।

ਸਾਰਾ ਵਾਤਾਵਰਨ ਕਿਸੇ ਸ਼ਹਿਰ ਵਿਚ ਦਿਉਂ ਪੈਣ ਤੋਂ ਬਾਅਦ ਹੋਈ ਸ਼ਾਂਤੀ ਵਾਂਗ ਚੁੱਪ ਚਾਪ ਹੋ ਗਿਆ, ਉਤਾਵਲੇ ਮੁੰਡਿਆਂ ਦੀਆਂ ਅੱਖਾਂ ਦਾ ਆਕਾਰ ਵੱਡਾ ਹੋਣਾ ਸ਼ੁਰੂ ਹੋ ਗਿਆ। "ਸਭ ਤੋਂ ਪਹਿਲਾਂ ਵੀਰੋ ਅਸੀਂ ਆਪਣੀ ਕਹਾਣੀ ਕਹਾਂਗੇ।" ਸਿੰਘ ਆਪਣੀਆਂ ਅੱਖਾਂ ਵਿਚਲੀ ਨਮੀ ਦੂਸਰੇ ਸਿੰਘਾਂ ਕੋਲੋਂ ਛੁਪਾਉਣ ਦੀ ਕੋਸ਼ਿਸ਼

ਕਰਦਾ ਹੋਇਆ ਨੀਵੀਂ ਪਾ ਰਿਹਾ ਸੀ। "...ਅਸੀਂ ਦੋਵੇਂ ਜਣੇ ਪਹਿਲਾਂ ਲੁਧਿਆਣੇ ਜ਼ਿਲ੍ਹੇ ਦੇ ਪਿੰਡ ਕਮਾਲਪੁਰਾ ਸੀ। ਮੇਰਾ ਨਾਮ ਹਰੀ ਸਿੰਘ ਤੇ ਇਹਦਾ ਨਾਮ ਭਾਗ ਸਿੰਘ ਹੈ। ਸਾਡਾ ਦੋਹਾਂ ਦਾ ਦਿੱਲੀ ਵਿਚ ਟਰਾਂਸਪੋਰਟ ਦਾ ਕਾਰੋਬਾਰ ਸੀ। ਬਚਪਨ ਤੋਂ ਹੀ ਅਸੀਂ ਦੋਵੇਂ ਅੰਮ੍ਰਿਤਧਾਰੀ ਸਾਂ। ਕਿਉਂਕਿ ਸਾਡੇ ਪਿੰਡ ਕਮਾਲਪੁਰੇ ਦੇ ਹੀ ਮਾਸਟਰ ਗੁਰਬਖਸ਼ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਦੇ ਪ੍ਰਚਾਰ ਸਦਕਾ ਅਸੀਂ ਸਭਨਾਂ ਨੇ ਭਾਈ ਸਾਹਿਬ ਦੇ ਜੱਥੇ ਪਾਸੋ ਅੰਮ੍ਰਿਤ ਛਕਿਆ ਸੀ। ਮਾਸਟਰ ਜੀ ਬਹੁਤ ਕਮਾਈ ਤੇ ਉਚੇ ਜੀਵਨ ਵਾਲੇ ਨਾਮ ਰਸੀਏ ਸਨ ਆਪ ਜੀ ਦੀ ਜੀਵਨ ਕਥਾ ਭਾਈ ਰਣਧੀਰ ਸਿੰਘ ਨੇ ਰੰਗਲੇ ਸੱਜਣ ਨਾਮਕ ਆਪਣੀ ਪੁਸਤਕ ਵਿਚ ਵੀ ਲਿਖੀ ਹੈ....। ਸੋ ਮਾਸਟਰ ਜੀ ਦੇ ਪ੍ਰਭਾਵ ਸਦਕਾ ਅਸੀਂ ਅਖੰਡ ਕੀਰਤਨੀਏ ਜਥੇ ਵਿਚ ਜੁੜ ਗਏ। ਵਿਆਹ ਸਾਡੇ ਦੋਹਾਂ ਦੇ ਅੰਮ੍ਰਿਤਧਾਰੀ ਤੇ ਦਸਤਾਰਧਾਰੀ ਬੀਬੀਆਂ ਨਾਲ ਹੀ ਹੋਏ। ਤਕਰੀਬਨ ਅਸੀਂ ਸੰਨ ਉੱਨੀ ਸੌ ਸੱਤਰ ਦੇ ਕਰੀਬ ਮਜ਼ਬੂਰੀਆਂ ਕਰਕੇ ਦਿੱਲੀ ਦੇ ਕਰੋਲ ਬਾਗ ਵਿਚ ਵਸ ਗਏ। ਸਾਡੇ ਦੋਹਾਂ ਦੇ ਕਾਰੋਬਾਰ ਨੇ ਗੁਰੂ ਕ੍ਰਿਪਾ ਅਤੇ ਏਕਤਾ ਦੇ ਬਲ ਸਦਕਾ ਦਿਨਾਂ ਵਿਚ ਹੀ ਚੰਗੀ ਤਰੱਕੀ ਕਰ ਲਈ...। ਸਾਡੇ ਕੋਲ ਤਕਰੀਬਨ ਢਾਈ ਸੌ ਟਰੱਕ ਨੈਸ਼ਨਲ ਪਰਮਿਟ ਦੇ ਹੋ ਗਏ। ਅਸੀਂ ਚੰਗੀ ਭਲੀ ਰੋਟੀ ਖਾਂਦੇ ਸੁਖੀ ਵਸਦੇ ਰਹੇ। ਮੇਰੀ ਸਿੰਘਣੀ ਜਥੇ ਵਿਚ ਕੀਰਤਨ ਕਰਨ ਦੀ ਸ਼ੌਕੀਨ ਹੋਣ ਕਰਕੇ ਰੈਣ-ਸਬਾਈ ਸਮਾਗਮਾਂ 'ਤੇ ਹਾਜ਼ਰੀ ਲਵਾਉਂਦੀ ਹੁੰਦੀ ਸੀ। ਇਕ ਵਾਰ ਜਦੋਂ ਮੇਰੀ ਸਿੰਘਣੀ, ਮੇਰੀ ਭਤੀਜੀ ਭਾਵ ਇਸ ਵੀਰ ਦੀ ਦਸ ਸਾਲਾਂ ਦੀ ਲੜਕੀ ਨਾਲ ਸ਼ਾਮ ਨੂੰ ਗੁਰਦੁਆਰੇ ਸਾਹਿਬ ਕੀਰਤਨ 'ਤੇ ਜਾ ਰਹੀ ਸੀ ਤਾਂ ਰਸਤੇ ਵਿਚ ਕੁਝ ਹਿੰਦੂ ਮੁੰਡਿਆਂ ਨੇ ਉਸ ਦੇ ਸਿਰ 'ਤੇ ਸਜਾਈ ਕੇਸਕੀ ਅਤੇ ਸਿੱਖੀ ਬਾਣੇ ਬਾਰੇ ਅਪਸ਼ਬਦ ਬੋਲੇ। ਮੇਰੀ ਸਿੰਘਣੀ ਅਤੇ ਭਤੀਜੀ ਨੇ ਦੋਹਾਂ ਹਿੰਦੂ ਮੁੰਡਿਆਂ ਨੂੰ ਸੜਕ 'ਤੇ ਹੀ ਛਿੱਤਰ ਪਰੇਡ ਕਰ ਦਿੱਤੀ। ਇਹ ਮੁੰਡੇ ਸ਼ਾਇਦ ਸ਼ਿਵ ਸੈਨਾ ਦੇ ਕਾਰਕੁੰਨ ਸਨ। ਜਦੋਂ ਇਕੱਤੀ ਅਕਤੂਬਰ ਨੂੰ ਇੰਦਰਾ ਮਾਰੀ ਗਈ ਤਾਂ ਉਹੀ ਮੁੰਡੇ ਆਪਣੇ ਨਾਲ ਸੌ ਡੇਢ ਸੌ ਲੜਕਿਆਂ ਦੇ ਵਹੀਰ ਨੂੰ ਲੈ ਕੇ ਸਾਡੇ ਘਰ 'ਤੇ ਧਾਵਾ ਬੋਲਣ ਆ ਪਏ... ਅਸੀਂ ਦੋਵੇਂ ਜਣੇ ਉਦੋਂ ਟਰਾਂਸਪੋਰਟ ਨਗਰ ਵਿਚ ਬਣੇ ਆਪਣੇ ਦਫਤਰ ਗਏ ਹੋਏ ਸਾਂ। ਘਰੇ ਇਕੱਲੀਆਂ ਔਰਤਾਂ ਅਤੇ ਬੱਚੇ ਹੀ ਸਨ। ਭੀੜ ਨੇ ਘਰ ਨੂੰ ਅੱਗ ਲਾਉਣੀ ਚਾਹੀ ਤਾਂ ਮੇਰੇ ਲਸੰਸੀ ਰਿਵਾਲਵਰ ਨਾਲ ਫਾਇਰ ਕਰਕੇ ਇਕ ਵਾਰ ਤਾਂ ਭੀੜ ਨੂੰ ਤਿੱਤਰ-ਬਿੱਤਰ ਕਰ ਦਿੱਤਾ। ਗੁੰਡਿਆਂ ਵੱਲੋਂ ਤਾਰਾਂ ਤੋੜ ਦੇਣ ਕਰਕੇ ਪਰਿਵਾਰਕ ਮੈਂਬਰ ਸਾਨੂੰ ਫੋਨ ਉਤੇ ਕੋਈ ਜਾਣਕਾਰੀ ਨਾ ਸਕੇ...। ਭੀੜ ਦੇ ਖਿਲਰ ਜਾਣ ਤੋਂ ਕੁਝ ਸਮੇਂ ਮਗਰੋਂ ਇਲਾਕੇ ਦਾ ਥਾਣੇਦਾਰ ਪੁਲਿਸ ਪਾਰਟੀ ਸਮੇਤ ਆ ਗਿਆ ਅਤੇ ਉਸਨੇ ਸਾਡਾ ਰਿਵਾਲਵਰ ਮੇਰੀ ਸਿੰਘਣੀ ਨੂੰ ਇਹ ਕਹਿਕੇ ਜਮ੍ਹਾ ਕਰਵਾ ਲਿਆ ਕਿ ਉਹ ਆਪ ਸਾਰੀ ਸਥਿਤੀ 'ਤੇ ਕੰਟਰੋਲ ਕਰਨਗੇ ਅਤੇ ਅਮਨ ਕਾਨੂੰਨ ਦੀ ਸਥਿਤੀ ਨੂੰ ਧਿਆਨ ਹਿੱਤ ਤੁਸੀਂ ਰਿਵਾਲਵਰ ਦੇ ਦੇਵੋ...। ਮੇਰੀ ਸਿੰਘਣੀ ਨੇ ਵਿਸ਼ਵਾਸ ਵਿਚ ਆ ਕੇ ਰਿਵਾਲਵਰ ਦੇ ਦਿੱਤਾ ਤੇ ਝਟਪਟ ਹੀ ਤਾਕ ਵਿਚ ਬੈਠੇ ਗੁੰਡੇ ਅਨਸਰਾਂ ਦਾ ਟੋਲਾ ਅੰਦਰ ਆ ਵੜਿਆ। ਮੇਰੀ ਸਿੰਘਣੀ ਨੇ ਪੁਲਿਸ ਨੂੰ ਗੁੰਡੇ ਲੋਕਾਂ ਨੂੰ ਅੰਦਰ ਵੜਨੋਂ ਰੋਕਣ ਲਈ ਕਿਹਾ ਤਾਂ ਉਸ ਨੇ ਉਸਦੀ ਕੇਸਕੀ ਸਿਰ ਤੋਂ ਉਤਾਰ ਕੇ ਬਾਹਾਂ ਨਰੜ ਦਿੱਤੀਆਂ ਸਾਰੇ ਬੱਚਿਆਂ ਅਤੇ ਇਸ ਵੀਰ ਦੀ ਸਿੰਘਣੀ ਜਾਨੀ ਮੇਰੀ ਭਰਜਾਈ ਮੇਰੀ ਸਿੰਘਣੀ ਦੇ ਸਾਹਮਣੇ ਮਿੱਟੀ ਦਾ ਤੇਲ ਪਾ ਕੇ ਅੱਗ ਲਗਾ ਦਿੱਤੀ ਗਈ। ਉਹ ਸਾਰੇ ਉਸਦੇ ਸਾਹਮਣੇ ਤੜਫ-ਤੜਫ ਕੇ ਮਰਨ ਲੱਗੇ ਅਤੇ ਸਾਡੇ ਮੁਹੱਲੇ ਵਾਲਾ ਉਹੀ ਹਿੰਦੂ ਬ੍ਰਾਹਮਣ ਲੜਕਾ ਜਿਸ ਨੂੰ ਮੇਰੀ ਸਿੰਘਣੀ ਨੇ ਸੋਧਾ ਚਾੜ੍ਹਿਆ ਸੀ। ਅੱਗੇ ਆਇਆ ਤੇ ਮੇਰੀ ਸਿੰਘਣੀ ਨਿਰਵਸਤਰ ਕਰ ਦਿੱਤੀ ਤੇ ਫਿਰ........।" ਇਸ ਤੋਂ ਅੱਗੇ ਦਿੱਲੀ ਤੋਂ ਆਇਆ ਸਿੰਘ ਕੁਝ ਨਾ ਬੋਲ ਸਕਿਆ ਤੇ ਉਸਦੀ ਧਾਹ ਨਿਕਲ ਗਈ।

ਕੋਲ ਬੈਠਾ ਨਵੀਂ ਉਮਰ ਦਾ ਮੁੰਡਾ ਬੱਬਰ ਗੰਗਾ ਸਿੰਘ "ਨਹੀਂ... ਨਹੀਂ..." ਦੀ ਆਵਾਜ਼ ਵਿਚ ਜ਼ੋਰ-ਜ਼ੋਰ ਦੀ ਸਿਰ ਮਾਰਦਾ ਹੋਇਆ ਉੱਚੀ-ਉੱਚੀ ਡਾਡਾਂ ਮਾਰਨ ਲੱਗ ਪਿਆ। ਮੈਨੂੰ ਉਸਦੇ ਗਲ ਵਿਚ ਪਾਈ ਹੋਈ ਆਸਲਟ ਵਿਚੋਂ ਹਿੰਦੂਆਂ ਦੀ ਕਾਲੀ ਮਾਤਾ ਦੀ ਜੀਭ ਨਿਕਲਦੀ ਜਾਪੀ ਤੇ ਮਹਿਸੂਸ ਹੋਇਆ... ਜਿਵੇਂ ਹੁਣ ਇਹ ਕਾਲੀ ਦੀ ਭੈਣ ਕਿਸੇ ਸ੍ਰਣਵਤਬੀਜ਼ ਦੇ ਨਹੀ ਸਗੋਂ ਭਾਰਤੀ ਰਾਕਸ਼ਾਂ ਦੇ ਖੂਨ ਦੀ ਪਿਆਸੀ ਹੋਵੇ।

"...ਮੈਂ ਦਿੱਲੀ ਨੂੰ ਅੱਗ ਲਗਾ ਦਿਆਂਗਾ ਖੂਨ ਪੀ ਜਾਵਾਂਗਾ ਹਰਾਮਜਾਦਿਆਂ ਦਾ.....।" ਗੰਗਾ ਸਿੰਘ ਬੱਬਰ ਗੁੱਸੇ ਨਾਲ ਪਾਗਲਾਂ ਵਾਂਗ ਜ਼ਮੀਨ 'ਤੇ ਹੱਥ ਮਾਰ ਰਿਹਾ ਸੀ। ਉਸਨੂੰ ਭਾਈ ਅਨੋਖ ਸਿੰਘ ਤੇ ਇਕ ਹੋਰ ਸਿੰਘ ਨੇ ਮਸਾਂ ਮਸਾਂ ਕਾਬੂ ਕੀਤਾ...। ਸਾਰੇ ਸਿੰਘ ਬਿਨਾਂ ਪਾਣੀ ਤੋਂ ਤੜਫ ਰਹੀ ਮੱਛੀ ਵਾਂਗ ਤੜਫ ਰਹੇ ਸਨ।

"ਤੁਸੀਂ ਭਾਅ ਜੀ ਸਾਨੂੰ ਹੁਣੇ ਅੰਤ ਕਰਨੀਆਂ ਦਉ.., ਟਰੇਨਿੰਗ ਦਾ ਕੀ ਐ... ਘੋੜਾ ਈ ਦਬਾਉਣੈ... ਸਾਡੇ ਅੰਦਰ ਤਾਂ ਭਾਂਬੜ ਮੱਚਣ ਡਹੇ ਨੇ...।" ਇਕ ਅਲ੍ਹੜ ਜਿਹੇ ਬਿੱਲੀਆਂ ਅੱਖਾਂ ਵਾਲੇ ਮੁੰਡੇ ਨੇ ਕਿਹਾ।

"...ਸਿੰਘੋ ਇਨੇ ਕਾਹਲੇ ਨਾ ਪਉ ਅਸੀਂ ਸਾਰੇ ਯੋਧਿਆਂ ਨੂੰ ਕੁਠਾਲੀ ਵਿਚ ਪਾ ਕੇ ਸੋਨਾ ਕਰਨਾ ਚਾਹੁੰਦੇ ਹਾਂ... ਸਭ ਕੁਝ ਮਿਲ ਜਾਵੇਗਾ...।" ਅਨੋਖ ਸਿੰਘ ਨੇ ਹੱਥ ਦਾ ਇਸ਼ਾਰਾ ਕਰਦਿਆਂ ਦਿੱਲੀ ਵਾਲੇ ਸਿੰਘ ਨੂੰ ਅਗਲੀ ਕਹਾਣੀ ਦੱਸਣ ਲਈ ਕਿਹਾ ਤਾਂ ਉਸਨੇ ਦੁਬਾਰਾ ਕਹਿਣਾ ਸ਼ੁਰੂ ਕੀਤਾ....।

"ਅਸੀਂ ਦੋਨੋਂ ਜਣੇ ਬਚਦੇ ਬਚਾਉਂਦੇ ਜਦੋਂ ਸ਼ਾਮ ਨੂੰ ਘਰ ਪਹੁੰਚੇ ਤਾਂ ਸਾਰੇ ਪਾਸੇ ਸ਼ਮਸ਼ਾਨ ਪਸਰ ਚੁੱਕਾ ਸੀ, ਵਿਹੜੇ ਵਿਚ ਪਰਿਵਾਰਕ ਮੈਂਬਰਾਂ ਦੀਆਂ ਲਾਸ਼ਾਂ ਖਿਲਰੀਆਂ ਪਈਆਂ ਸਨ...। ਮ.. ਮੇਰੇ ਚਾਰ ਕੁ ਸਾਲ ਦੇ ਭਤੀਜੇ ਦੇ ਹੱਥ... ਜਿਵੇਂ ਕਿਸੇ ਰਹਿਮ ਦੇ ਤਰਲੇ ਨਾਲ ਮਰੇ ਪਏ ਦੇ ਵੀ ਜੁੜੇ ਹੋਏ ਸਨ...। ਮੇਰੀਆਂ ਦੋਵੇਂ ਧੀਆਂ, ਭਤੀਜੀ ਤੇ ਭਰਜਾਈ ਪੂਰੀ ਤਰ੍ਹਾਂ ਸੜ ਕੇ ਲਾਸ਼ਾਂ ਵਿਚ ਤਬਦੀਲ ਹੋ ਚੁੱਕੀਆਂ ਸਨ...। ਮੇਰੀ ਸਿੰਘਣੀ ਨਿਰਵਸਤਰ ਹਾਲਤ...... ਵਿਚ... ਇਕ... ਗਰਿਲ ਨਾਲ ...ਨੂੜੀ... ਪਈ ਸੀ...। ਉਸਦੇ ਮੂੰਹ ਨੂੰ ਲੀਰਾਂ ਤੁੰਨ ਕੇ ਬੰਦ ਕੀਤਾ ਪਿਆ ਸੀ....। ਉਸਦਾ ਸਾਰਾ ਸਰੀਰ ਥਾਂ-ਥਾਂ ਤੋਂ ਨਹੁੰਆਂ ਦੀਆਂ ਝਰੀਟਾਂ ਅਤੇ ਦੰਦਾਂ ਦੇ... ਜ਼ਖਮਾਂ ਨਾਲ ਜਖਮੀ ਸੀ....। ਮੈਂ ਆਪਣੀ ਦਸਤਾਰ ਖੋਲ੍ਹ ਕੇ ਉਸਦੇ ਸਰੀਰ ਉਪਰ ਦਿੱਤੀ ਤੇ ਇਕ ਰਿਕਸ਼ੇ 'ਤੇ ਪਾ ਕੇ ਉਸਨੂੰ ਹਸਪਤਾਲ ਲਿਜਾਣ ਲੱਗਾ ਤਾਂ ਉਹ ਰਸਤੇ ਵਿਚ ਹੀ... ਦਮ...।" ਏਨਾ ਆਖ ਕੇ ਉਸ ਸਿੰਘ ਤੋਂ ਗੱਲ ਪੂਰੀ ਨਾ ਹੋ ਸਕੀ ਤੇ ਉਹ ਫਿਰ ਧਾਂਹੀ ਰੋ ਪਿਆ...।

"ਉਸ ਤੋਂ ਅਗਲੇ ਦਿਨ ਸਾਡੇ ਗਵਾਂਢ ਵਿਚ ਰਹਿੰਦੇ ਇਕ ਮੁਸਲਮਾਨ ਨੇ ਮੈਨੂੰ ਦੱਸਿਆ ਕਿ ਮੇਰੀ ਸਿੰਘਣੀ ਜੋ ਕਿ ਸੁੱਚ ਸੰਜਮ ਦੀ ਧਾਰਨੀ ਸੀ... ਨੂੰ ਭੀੜ ਨੇ ਪਿਸ਼ਾਬ ਆਦਿਕ ਹੋਰ ਗੰਦ-ਮੰਦ .... ਜਬਰਦਸਤੀ ਬੰਨ੍ਹ ਕੇ ਉਸਦੇ ਸਰੀਰ 'ਤੇ ਮਨੁੱਖੀ ਮਲ ਮੂਤਰ ਪਾਇਆ ਗਿਆ...।"

ਕਹਾਣੀ ਸੁਣ ਕੇ ਸਾਰੇ ਸਿੰਘਾਂ ਦੀਆਂ ਅੱਖਾਂ ਗੁੱਸੇ ਤੇ ਪੀੜ ਨਾਲ ਲਟ ਲਟ ਰਹੀਆਂ ਸਨ। ਸਿੰਘਾਂ ਨੇ ਬੰਦੂਕਾਂ ਦੇ ਮੁੱਠੇ ਘੁੱਟ ਕੇ ਹੱਥਾਂ ਵਿਚ ਫੜੇ ਹੋਏ ਸਨ। ਮੇਰੀ ਭਾਰਤ ਦੇਸ਼ ਪ੍ਰਤੀ ਮਾੜੀ-ਮੋਟੀ ਬਚਦੀ ਹਮਦਰਦੀ ਵੀ ਕਫੂਰ ਹੋ ਗਈ ਸੀ।

"...ਫਿੱਟੇ ਮੂੰਹ ਅਜਿਹੇ ਦੇਸ਼ ਦੇ... ਜਿਥੇ ਨਾਗਰਿਕਾਂ ਨਾਲ ਅਜਿਹਾ ਸਲੂਕ ਹੁੰਦਾ ਹੋਵੇ ਤੇ ਫਿੱਟੇ ਮੂੰਹ ਅਜਿਹੀ ਸਰਕਾਰੀ ਮਿਸ਼ਨਰੀ ਤੇ ਪੁਲਿਸ ਦੇ ਜਿਹੜੀ ਮੂਕ ਦਰਸ਼ਕ ਬਣਕੇ ਤਮਾਸ਼ਾ ਵੇਖਦੀ ਰਹੀ ਹੋਵੇ... ਅਜਿਹੇ ਦੇਸ਼ ਨੂੰ ਤਾਂ ਇਕ ਸਿਰੇ ਤੋਂ ਲੈ ਕੇ ਦੂਜੇ ਸਿਰੇ ਤਕ ਅੱਗ ਲਗਾ ਦੇਣੀ ਚਾਹੀਦੀ ਐ...।" ਸਾਰੀ ਕਹਾਣੀ ਸੁਣਨ ਤੋਂ ਬਾਅਦ ਮੇਰੇ ਦਿਮਾਗ ਵਿਚ ਵਿਚਾਰਾਂ ਦੇ ਬੰਬ ਫਟ ਰਹੇ ਸਨ। ਮੈਨੂੰ ਡਾਕਟਰ ਸਾਬ੍ਹੀ ਦੇ ਕਹੇ ਬੋਲ ਵਾਰ ਵਾਰ ਯਾਦ ਆ ਰਹੇ ਸਨ... "ਭਾਅ ਜੀ ਹੁਣ ਸਾਡਾ ਹਿੰਦੂਆਂ ਨਾਲ ਰਹਿ ਕੇ ਗੁਜ਼ਾਰਾ ਨਹੀਂ ਹੋਣਾ..." ਮੈਂ ਤਨੋਂ-ਮਨ ਖਾਲਿਸਤਾਨੀ ਹੋ ਚੁੱਕਿਆ ਸਾਂ। ਮੈਂ ਸੋਚ ਰਿਹਾ ਸਾਂ ਕਿ, "ਹੁਣ ਹੱਕਾਂ ਦੀ ਗੱਲ ਜ਼ਰੂਰ ਕਰਨੀ ਪਵੇਗੀ... ਗੱਲ ਹੀ ਨਹੀਂ ਹੱਕ ਖੋਹਣੇ ਪੈਣਗੇ ਤੇ ਬਦਲੇ ਲੈਣੇ ਪੈਣਗੇ...।" ਸਾਰਾ ਮਾਹੌਲ ਗੰਭੀਰ ਕਿਸਮ ਦੀ ਚੁੱਪ ਹੇਠ ਸੀ। ਸਾਰੇ ਸਿੰਘ ਤੂਫਾਨ ਆਉਣ ਤੋਂ ਪਹਿਲਾਂ ਵਾਲੀ ਸ਼ਾਂਤੀ ਵਾਂਗ ਖਾਮੋਸ਼ ਸਨ।

"...ਦੇਖੋ ਵੀਰੋ ਇਕੱਲੀ ਦਿੱਲੀ ਹੀ ਨਹੀਂ ਪੰਜਾਬ ਤੋਂ ਬਾਹਰ ਸਾਰੇ ਪੂਰਬੀ ਭਾਰਤ ਵਿਚ ਅਕ੍ਰਿਤਘਣਾਂ ਨੇ ਅਜਿਹੇ ਕੁਕਰਮ ਕੀਤੇ ਹਨ....।" ਭਾਈ ਵਸਾਵਾ ਸਿੰਘ ਦੀ ਆਵਾਜ਼ ਗਰਮ ਲੋਹੇ 'ਤੇ ਸੱਟ ਦਾ ਕੰਮ ਕਰਨ ਲੱਗੀ। ਉਹ ਜਾਬਤੇ ਨਾਲ ਕਹੀ ਜਾ ਰਿਹਾ ਸੀ, "ਜਿਨ੍ਹਾਂ ਦੀਆਂ ਸੋਲ੍ਹਾਂ ਸੋਲ੍ਹਾਂ ਹਜ਼ਾਰ ਲੜਕੀਆਂ ਸਾਡੇ ਵੱਡਿਆਂ

ਵਡੇਰਿਆਂ ਨੇ ਗੋਇੰਦਵਾਲ ਸਾਹਿਬ ਦੇ ਪੱਤਣਾ ਤੋਂ ਵਿਦੇਸ਼ੀ ਜਰਵਾਣਿਆਂ ਹੱਥੋਂ ਛੁੜਵਾ ਕੇ ਘਰੋਂ-ਘਰੀਂ ਪਹੁੰਚਾਈਆਂ ਸਨ... ਅੱਜ ਉਨ੍ਹਾਂ ਦੀ ਅਕ੍ਰਿਤਘਣ ਔਲਾਦ ਨੇ ਬੇਸ਼ਰਮੀ ਦੀ ਹੱਦਾਂ ਟੱਪ ਕੇ ਸਾਡੀਆਂ ਧੀਆਂ ਭੈਣਾਂ ਦੀ ਬੇਪੱਤੀ ਕੀਤੀ ਏ...। ਸਾਰੇ ਪੂਰਬੀ ਹਿੰਦੂ ਸੂਬਿਆਂ ਵਿਚ ਹਜ਼ਾਰਾਂ ਹੀ ਵੀਰ ਭਾਗ ਸਿੰਘ ਤੇ ਹਰੀ ਸਿੰਘ ਵਰਗੇ ਹੋਣਗੇ ਜਿਨ੍ਹਾਂ ਨਾਲ ਇਹ ਬੀਤਿਆ ਹੈ...। ਹਜ਼ਾਰਾਂ ਹੀ ਲੋਕਾਂ ਦੇ ਗਲਾਂ ਵਿਚ ਟਾਇਰ ਪਾ ਕੇ ਉਨ੍ਹਾਂ ਨੂੰ ਸਾੜਿਆ ਗਿਆ....। ਕਰੋੜਾਂ ਰੁਪਈਆਂ ਦੀ ਜਾਇਦਾਦ ਸਾੜ ਕੇ ਸੁਆਹ ਕਰ ਦਿੱਤੀ ਗਈ....। ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਅਤੇ ਗੁਰਦੁਆਰਾ ਸਾਹਿਬਾਨਾਂ ਨੂੰ ਅਗਨ ਭੇਟ ਕੀਤਾ ਗਿਆ...। ਹਰ ਥਾਂ ਉਪਰ ਸਿੱਖਾਂ ਨੂੰ ਕਤਲ ਕਰਨ ਲਈ ਲੋਹੇ ਦੀਆਂ ਰਾਡਾਂ ਨਾਲ ਉਨ੍ਹਾਂ ਦੇ ਸਿਰ ਫੇਹੇ ਗਏ...। ਲੋਹੇ ਦੇ ਤਿੱਖੇ ਸਰੀਏ ਉਨ੍ਹਾਂ ਦੀਆਂ ਗੁੱਦਾਂ ਵਿਚ ਦਿੱਤੇ ਗਏ...। ਇਸ ਤੋਂ ਪਹਿਲਾਂ ਵੀ ਭਾਈ ਮਨਮੋਹਣ ਸਿੰਘ ਬੱਬਰ ਨੂੰ ਦਿੱਲੀ ਦੀ ਪੁਲਿਸ ਨੇ ਗ੍ਰਿਫਤਾਰ ਕਰਕੇ ਲੋਕਾਂ ਕੋਲੋਂ ਪੱਥਰ ਮਰਵਾ ਕੇ ਸ਼ਹੀਦ ਕਰ ਦਿੱਤਾ ਗਿਆ....। ਕੀ ਇਹੋ ਲੋਕਤੰਤਰ ਹੈ...? ਕੀ ਇਹੋ ਆਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਦਾ ਸਿਲਾ ਸਿੱਖ ਕੌਮ ਨੂੰ ਦਿੱਤਾ ਗਿਆ...? ਕੀ ਉੱਨੀ ਸੌ ਸੰਤਾਲੀ ਤੋਂ ਪਹਿਲਾਂ ਦਾ ਸਮਾਂ ਇਹ ਭੁੱਲ ਗਏ...? ਸ਼ਹੀਦ ਸ. ਭਗਤ ਸਿੰਘ, ਸ਼ਹੀਦ ਊਧਮ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ... ਗਦਰੀ ਬਾਬੇ, ਬੱਬਰ ਅਕਾਲੀ ਅਤੇ ਸਿੱਖਾਂ ਵੱਲੋਂ ਚੁੰਮੇ ਫਾਂਸੀ ਦੇ ਰੱਸੇ... ਭਾਈ ਰਣਧੀਰ ਸਿੰਘ, ਡਾ. ਦੀਵਾਨ ਸਿੰਘ ਕਾਲੇਪਾਣੀ... ਸੰਤ ਬਾਬਾ ਮਹਾਰਾਜ ਸਿੰਘ, ਭਾਈ ਰਾਮ ਸਿੰਘ ਕੂਕਾ... ਤੇ ਬਾਬਾ ਸੋਹਣ ਸਿੰਘ ਭਕਨੇ ਵਰਗੇ ਯੋਧਿਆਂ ਦੀਆਂ ਘਾਲਣਾਵਾਂ ਦਾ ਆਹ ਸਿਲਾ ਦਿੱਤਾ ਗਿਐ ਸਿੱਖ ਕੌਮ ਨੂੰ...? ਸੂਰਮਿਉਂ ਅਸੀਂ ਇਸ ਦੇਸ਼ ਵਿਚ ਕਦੇ ਵੀ ਆਜ਼ਾਦੀ ਨਾਲ ਸਾਹ ਨਹੀਂ ਲੈ ਸਕਾਂਗੇ। ...ਕੀ ਸਾਡੇ ਵੱਡੇ-ਵਡੇਰਿਆਂ ਨੇ ਅਜਿਹੀ ਆਜ਼ਾਦੀ ਲਈ ਹੀ ਕੁਰਬਾਨੀਆਂ ਕੀਤੀਆਂ ਸਨ...? ਕੀ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਦੇਸ਼ ਅਜੋਕੇ ਭਾਰਤ ਵਰਗਾ ਹੀ ਸੀ...? ਫਿਰ ਅਸੀਂ ਪੁਛਦੇ ਹਾਂ ਉਨ੍ਹਾਂ ਕਲਮਾਂ ਤੋਂ, ਉਨ੍ਹਾਂ ਵਿਦਵਾਨਾਂ ਤੋਂ ਜੋ ਸਾਡੀ ਮੂਵਮੈਂਟ ਨੂੰ ਗਲਤ ਕਹਿੰਦੇ ਹਨ ਕਿ ਇਕ ਸੜ ਚੁੱਕੇ ਸਮਾਜ... ਰਾਜਤੰਤਰ... ਤੇ ਵਿਧਾਨ ਨਾਲੋਂ ਅਲੱਗ ਹੋਣ ਦੀ ਸਾਡੀ ਮੰਗ ਗਲਤ ਕਿਵੇਂ ਹੈ...? ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ।" ਤੇ ਜੇ ਉਹ ਬੂਟਾ ਅੱਗ ਲੱਗੇ ਹੋਏ ਜੰਗਲ ਵਿਚ ਨਹੀਂ ਰਹਿਣਾ ਚਾਹੁੰਦਾ, ਜੇ ਅਸੀਂ ਆਪਣੇ ਧਾਰਮਿਕ ਅਤੇ ਕੌਮੀ ਹਿੱਤਾਂ ਲਈ ਵੱਖਰੇ ਦੇਸ਼ ਦੀ ਮੰਗ ਕਰਦੇ ਹਾਂ ਤਾਂ ਅਸੀਂ ਅੱਤਵਾਦੀ ਕਿਵੇਂ ਹੋਏ...? ਜੇ ਆਪਣੇ ਘਰ ਦੀ ਮੰਗ ਲਈ ਲੜਨਾ ਅੱਤਵਾਦ ਹੈ ਤਾਂ ਜੋ ਦਿੱਲੀ ਆਦਿਕ ਥਾਵਾਂ 'ਤੇ ਹੁਣ ਹੋਇਆ ਹੈ, ਇਹ ਕਿਹੜੀ ਦੇਸ਼ ਭਗਤੀ ਹੋਈ...? ਦੇਸ਼ ਦੀ ਆਜ਼ਾਦੀ ਲਈ ਕੁਰਬਾਨੀ ਕਰਨ ਵਾਲੇ ਲੋਕਾਂ ਨੂੰ ਉਜੜ ਕੇ ਆਉਂਦੇ ਸਮੇਂ ਹੀ ਜਰਾਇਮ ਪੇਸ਼ਾ ਦਾ ਲਕਬ ਦੇ ਦੇਣਾ ਕਿਥੋਂ ਦਾ ਸੱਤਵਾਦ ਹੈ...? ਆਪਣੇ ਪਾਲੇ ਹੋਏ ਪਾਲਤੂ ਗੁੰਡੇ ਸਾਧਾਂ ਤੋਂ ਸ਼ਬਦ ਗੁਰੂ ਪ੍ਰਤੀ ਦੁਰਵਚਨ ਬਲਾਉਣੇ... ਤੇ ਰੋਸ ਕਰਨ ਆਏ ਤੇਰਾਂ ਤੇਰਾਂ ਸਿੰਘਾਂ ਨੂੰ ਕਤਲ ਕਰ ਦੇਣਾ ਤੇ ਸੈਂਕੜਿਆਂ ਨੂੰ ਜ਼ਖਮੀ ਕਰ ਦੇਣਾ, ਕਿਥੋਂ ਦਾ ਪਰਉਪਕਾਰ ਹੈ..? ਕਾਤਲਾਂ ਨੂੰ ਗਵਾਹੀਆਂ ਦੇ ਬਾਵਜੂਦ ਗੁੰਡਾ ਜੁੰਡਲੀ ਸਮੇਤ ਬਰੀ ਕਰ ਦੇਣਾ ਤੇ ਧੋਤੀ ਟੋਪੀ ਵਾਲੇ ਮੰਤਰੀਆਂ ਸੰਤਰੀਆਂ ਵੱਲੋਂ ਉਨ੍ਹਾਂ ਦੇ ਸੋਹਲੇ ਗਾਉਣੇ ਕੀ ਭਾਰਤੀ ਹਾਕਮਾਂ ਦਾ ਇਨਸਾਫ ਇਹੋ ਹੈ...? ਹਜ਼ਾਰਾਂ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਮਾਰ ਦੇਣਾ ਆਮ ਲੋਕਾਂ ਨੂੰ ਥਾਣਿਆਂ ਵਿਚ ਨੰਗੇ ਕਰ ਕੇ ਕੁਟਾਪਾ ਚਾੜ੍ਹਨਾ ਕਿਹੜੀ ਦੇਸ਼-ਭਗਤੀ ਜਾਂ ਲੋਕਤੰਤਰ ਦਾ ਹਿੱਸਾ ਹੈ..? ...ਵੀਰੋ ਅਸੀਂ ਅਜਿਹੇ ਜ਼ੁਲਮਾਂ ਨੂੰ ਨੱਥ ਪਾਉਣ ਲਈ ਹੀ ਹਥਿਆਰ ਸੰਭਾਲੇ ਹਨ...। ਅਸੀਂ ਸਾਰੀ ਦੁਨੀਆਂ ਨੂੰ ਦਸ ਦੇਣਾ ਚਾਹੁੰਦੇ ਹਾਂ ਕਿ ਚੰਗੇ ਭਲੇ ਹੱਸਦੇ-ਵਸਦੇ ਘਰ-ਘਾਟ ਛੱਡ ਕੇ ਬੰਦੂਕਾਂ ਨੂੰ ਹੱਥਾਂ ਵਿਚ ਫੜ ਲੈਣਾ ਸਾਡਾ ਮਹਿਜ ਸ਼ੌਕ ਨਹੀਂ...। ਅਸੀਂ ਤਾਂ ਸਾਰੇ ਸਮਾਜੀ ਗਲਤ ਢਾਂਚੇ ਨੂੰ ਢਾਅ ਕੇ ਨਵੀਂ ਉਸਾਰੀ ਕਰਨੀ ਲੋਚਦੇ ਹਾਂ...। ਅਸੀਂ ਸਾਰੀ ਦੁਨੀਆਂ ਵਿਚ ਨਿਆਂਸ਼ੀਲ ਤੇ ਬਰਾਬਰ ਦੇ ਸਮਾਜ ਦੀ ਸਥਾਪਨਾ ਚਾਹੁੰਦੇ ਹਾਂ...। ਖਾਲਿਸਤਾਨ ਜਿਸ ਦੀ ਸ਼ੁਰੂਆਤ ਹੋਵੇਗੀ... ਜਿਹੜੇ ਲੋਕ ਖਾਲਿਸਤਾਨ ਦੀਆਂ ਛੋਟੀਆਂ ਹੱਦਾਂ ਤੋਂ ਡਰਦੇ ਹਨ, ਉਹ ਆਪਣਾ ਭਰਮ ਕੱਢ ਦੇਣ ਅੰਮ੍ਰਿਤਸਰ ਦੀ ਪਵਿੱਤਰ ਧਰਤੀ ਤੋਂ ਸ਼ੁਰੂ ਹੋਇਆ ਕਾਫਲਾ ਲਾਲ ਕਿਲ੍ਹੇ... ਲਾਲ ਚੌਂਕ... ਤੇ ਵਾਈਟ ਹਾਊਸ 'ਤੇ ਆਪਣੇ ਝੰਡੇ ਗੱਡ ਕੇ ਹੀ ਰੁਕੇਗਾ...।" ਭਾਈ ਵਸਾਵਾ ਸਿੰਘ

ਦੇ ਇਨ੍ਹਾਂ ਬੋਲਾਂ ਨਾਲ ਹੀ ਸੋ ਨਿਹਾਲ ਦਾ ਜੈਕਾਰਾ ਗੂੰਜ ਗਿਆ।

ਉਸਨੇ ਫਿਰ ਦੁਬਾਰਾ ਬੋਲਣਾ ਸ਼ੁਰੂ ਕੀਤਾ, "ਪਰ ਦੋਸਤੋ ਇਹ ਸਭ ਕੁਝ ਸਿਰੇ ਚਾੜ੍ਹਣ ਲਈ ਇਕ ਛੋਟੇ ਜਿਹੇ ਪਲੇਟ ਫਾਰਮ ਦੀ ਲੋੜ ਹੈ, ਜੋ ਕਿ ਪੰਜਾਬ ਦੀ ਧਰਤੀ 'ਤੇ ਖਾਲਸਾ ਰਾਜ ਵਜੋਂ ਹੋਂਦ ਵਿਚ ਆਵੇਗਾ... ਇਸੇ ਹੀ ਪਲੇਟਫਾਰਮ ਤੋਂ ਧਰਮ ਕੇ ਜੈਕਾਰੇ ਤੇ ਸਰਬੱਤ ਦੇ ਭਲੇ ਦਾ ਸੁਨੇਹਾ ਘਰ-ਘਰ ਪਹੁੰਚਾਇਆ ਜਾਵੇਗਾ... ਉਨੀ ਸੌ ਅਠੱਤਰ ਤੋਂ ਬਾਅਦ ਅਸੀਂ ਵੀ ਅਖੌਤੀ ਲੋਕਤੰਤਰੀ ਕਾਨੂੰਨ ਨੂੰ ਪਰਖਿਆ ਸੀ ਪਰ ਜਦੋਂ ਕੋਈ ਅਪੀਲ ਦਲੀਲ ਵਕੀਲ ਕੰਮ ਨਾ ਕੱਢ ਸਕੇ ਤਾਂ ਮਜਬੂਰਨ ਸਾਨੂੰ ਹਥਿਆਰ ਚੁੱਕਣੇ ਪਏ ਹਨ...। ਤੇ ਹੁਣ ਸਾਡਾ ਤੁਹੱਈਆ ਹੈ.. ਅਸੀਂ ਜੜ੍ਹ ਨੀਂ ਜ਼ੁਲਮ ਦੀ ਛੱਡਣੀ, ਸਾਡੀ ਭਾਵੇਂ ਜੜ੍ਹ ਨਾ ਰਹੇ। ਮੈਂ ਦੋਵੇਂ ਹੱਥ ਜੋੜ ਕੇ ਸਾਰੇ ਵੀਰਾਂ ਨੂੰ ਬੇਨਤੀ ਕਰਦਾ ਹਾਂ ਕਿ ਆਓ ਵੀਰੋ ਆਪਣੇ ਅਣਖੀਲੇ ਇਤਿਹਾਸ ਨੂੰ ਦੁਹਰਾਅ ਦੇਈਏ...। ਸਿਰਲੱਥਾਂ ਦੇ ਕਾਫਲੇ ਦੇ ਸੰਗੀ ਬਣਕੇ... ਚੱਲੋ ਤਖ਼ਤ ਜਾਂ ਤਖਤੇ 'ਤੇ ਚੜ੍ਹੀਏ...। ਆਓ ਸੋਹਣੇ ਪੰਜਾਬ ਨੂੰ ਕੁੰਡਾਂ ਤੋਂ ਆਜ਼ਾਦ ਕਰਵਾਈਏ...। ਚਮਨ ਵਿਚ ਬੁਲਬੁਲਾਂ ਚਹਿ ਚਹਾਉਂਦੀਆਂ ਰੱਖਣ ਲਈ ਸਿਆਰ ਦੀ ਮੌਤ ਜ਼ਰੂਰ ਹੁੰਦੀ ਹੈ ਤੇ ਗੁਲਾਬਾਂ ਦੇ ਖਿੜਾਉਣ ਲਈ ਰੱਤ ਜ਼ਰੂਰ ਡੋਲ੍ਹਣੀ ਪੈਂਦੀ ਹੈ...।" ਭਾਈ ਵਸਾਵਾ ਸਿੰਘ ਬੋਲਦੇ ਬੋਲਦੇ ਲਾਲ ਸੁਰਖ ਹੋ ਗਿਆ...।

ਮਾਹੌਲ ਵਿਚੋਂ ਅੱਗ ਦੀਆਂ ਚਿੰਗਆੜੀਆਂ ਨਿਕਲ ਰਹੀਆਂ ਸਨ। ਸਾਰੇ ਸਿੰਘ ਸ਼ੋਅਲਿਆਂ ਵਾਂਗ ਭੜਕ ਉਠੇ ਸਨ। ਵਾਰ ਵਾਰ 'ਖਾਲਿਸਤਾਨ! ਜ਼ਿੰਦਾਬਾਦ!!!!!' ਦਾ ਨਾਅਰਾ ਗੂੰਜ ਰਿਹਾ ਸੀ।

ਇਸ ਤੋਂ ਬਾਅਦ ਭਾਈ ਸਾਹਿਬ ਨੇ ਹਦਾਇਤ ਦਿੱਤੀ, "ਸਿੰਘੋ ਤੁਹਾਨੂੰ ਸਾਰਿਆਂ ਨੂੰ ਤਕਰੀਬਨ ਨੌਂ-ਦਸ ਮਹੀਨੇ ਸੈਂਟਰ ਵਿਚ ਰੱਖ ਕੇ ਟਰੇਨਿੰਗ ਦਿੱਤੀ ਜਾਵੇਗੀ ਜੋ ਵੀ ਅਸੂਲ ਸਾਰੇ ਬੱਬਰਾਂ ਨੂੰ ਦੱਸੇ ਜਾਣਗੇ... ਹਰ ਬੱਬਰ ਦਾ ਮੁੱਢਲਾ ਫਰਜ਼ ਹੋਵੇਗਾ ਕਿ ਉਹ ਉਨ੍ਹਾਂ ਦੀ ਪਾਲਣਾ ਕਰੇ..। ਹੁਣ ਸਾਰੇ ਸਿੰਘ ਆਰਾਮ ਕਰੋ... ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ...।" ਅਤੇ ਭਾਈ ਵਸਾਵਾ ਸਿੰਘ ਆਰਾਮ ਕਰਨ ਚਲੇ ਗਏ।

O-----O-----O

ਕਾਂਡ 10

ਬਿੱਟੂ ਦੀ ਗੁੱਟ ਘੜੀ ਦੁਪਹਿਰ ਦੇ ਢਾਈ ਵਜਾ ਰਹੀ ਸੀ, ਅਸੀਂ ਇਕ ਹੋਰ ਸਿੰਘ ਨੂੰ ਨਾਲ ਲੈ ਕੇ ਫਾਰਮ ਹਾਊਸ ਦੇ ਬਾਹਰ ਜਾਂਦੇ ਕੱਚੇ ਰਾਹ ਉਪਰ ਖੇਤਾਂ ਵੱਲ ਨੂੰ ਨਿਕਲ ਤੁਰੇ। ਸਾਡੇ ਨਾਲ ਜਾਣ ਵਾਲਾ ਸਿੰਘ ਸਾਡੇ ਤੋਂ ਪਹਿਲਾਂ ਦਾ ਬੱਬਰ ਖਾਲਸਾ ਦਾ ਮੈਂਬਰ ਸੀ ਅਤੇ ਸਾਰੇ ਆਲੇ-ਦੁਆਲੇ ਦਾ ਚੰਗਾ ਜਾਣਕਾਰ ਸੀ। ਉਹ ਸਾਨੂੰ 'ਬਾਈ ਜੀ' ਕਹਿ ਕੇ ਸੰਬੋਧਨ ਕਰ ਰਿਹਾ ਹੋਣ ਕਰਕੇ ਮੈਂ ਉਸਦੇ ਮਲਵਈ ਹੋਣ ਦਾ ਅੰਦਾਜ਼ਾ ਲਗਾ ਗਿਆ। ਖੇਤਾਂ ਦੇ ਵਿਚ ਨਵੀਂ ਬੀਜੀ ਕਣਕ ਦੀ ਫਸਲ ਸਿਰ ਚੁੱਕ ਰਹੀ ਸੀ। ਉਤਰ ਰਹੀ ਸਰਦੀ ਸਾਰਿਆਂ ਨੂੰ ਠੰਡੀ ਹਵਾ ਨਾਲ ਮਿਲ ਕੇ ਆਪਣੀ ਹੋਂਦ ਦਾ ਅਹਿਸਾਸ ਕਰਵਾ ਰਹੀ ਸੀ। ਮਲਵਈ ਬੱਬਰ ਨੇ ਇਕ ਪਿਸਟਲ ਆਪਣੇ ਡੱਬ ਵਿਚ ਅੜੰਗਿਆ ਹੋਇਆ ਸੀ। ਉਹ ਆਪਣੀ ਗੰਨ ਕੈਂਪ ਵਿਚ ਹੀ ਛੱਡ ਆਇਆ ਸੀ।

"ਭਾਅ ਜੀ ਤੁਹਾਡਾ ਨਾਂਅ ਕੀ ਐ...?" ਬਿੱਟੂ ਨੇ ਤੁਰੇ ਜਾਂਦਿਆਂ ਹੀ ਮਲਵਈ ਬੱਬਰ ਨੂੰ ਸੁਆਲ ਕਰ ਦਿੱਤਾ।

"ਨਾਂ ਤਾਂ ਮੇਰਾ... ਛੋਟੇ ਬਾਈ... ਸੁਰਿੰਦਰ ਸਿੰਘ ਐ... ਊਂ ਮੈਨੂੰ ਸਾਰੇ ਜਥੇ ਵਿਚ ਮਲਵਈ ਬੱਬਰ ਹੀ ਕਹਿੰਦੇ ਆ..." ਉਹ ਮੁਸਕਰਾਇਆ।

"...ਤੇ ਏਰੀਆ ਕਿਹੜੈ...?" ਡਾ. ਸਾਬ੍ਹੀ ਸਵਾਲ ਕਰ ਗਿਆ।

"ਏਰੀਆ ਤਾਂ ਬਾਈ ਜੀ ਮੋਗਾ ਵਾ, ਪਰ ਹੁਣ ਤਾਂ ਹਾਲਤ ਇਹ ਆ... ਸੱਪਾਂ, ਸੀਹਾਂ, ਫਕੀਰਾਂ ਦੇਸ਼ ਕੇਹਾ ਸਿੱਧੇ ਨੱਕ ਦੀ ਸੇਧ ਨੂੰ ਜਾਂਵਦੇ ਨੇ..." ਉਸ ਨੇ ਆਪਣੀਆਂ ਮੁੱਛਾਂ 'ਤੇ ਹੱਥ ਫੇਰਿਆ ਤੇ ਖੁੱਲ੍ਹ ਕੇ ਹੱਸ ਪਿਆ।

"ਤੂੰ ਹੀ ਹੀਰ ਪੜ੍ਹੀ ਊ ਭਾਊ ਸੁਰਿੰਦਰ ਸਿਆਂ...?" ਮੈਂ ਉਸ ਨੂੰ ਪਹਿਲੀ ਵਾਰੀ ਪੂਰਾ ਨਾਉ ਲੈ ਕੇ ਬੁਲਾਇਆ।

"ਹਾਂ ਮਝੈਲਾ ਕਿਉਂ ਨਹੀਂ ਹੀਰ ਤਾਂ ਸਾਰੇ ਪੰਜਾਬੀਆਂ ਦੀ ਜਾਨ ਵਾ ਜਾਨ...।" ਸੁਰਿੰਦਰ ਸਿੰਘ ਨੇ ਮੈਨੂੰ ਜੱਫੀ ਵਿਚ ਘੁੱਟ ਲਿਆ।

"ਉ ਮਿੱਤਰਾ! ਜੇ ਭਾਈ ਗੁਰਦਾਸ ਨੇ ਆਪਣੀ ਬਾਣੀ ਵਿਚ ਹੀਰ ਦੀ ਉਦਾਹਰਣ ਦਿੱਤੀ ਏ ਤਾਂ ਉਹਦੇ ਵਿਚ ਕੋਈ ਨਾ ਕੋਈ ਹਕੀਕੀ ਰਮਜ਼ ਤਾਂ ਹੋਊਗੀ ਈ... ਰਾਂਝਾ ਹੀਰ ਵਖਾਣੀਐ ਉਹ ਪਿਰਮ ਪਰਾਤੀ...।" ਉਹ ਦੁਬਾਰਾ ਖੁੱਲ੍ਹ ਕੇ ਹੱਸ ਪਿਆ ਤੇ ਹੀਰ ਦੀ ਤੁੱਕ ਚੁੱਕ ਦਿੱਤੀ...।

"ਵਾਰਿਸ ਸ਼ਾਹ ਨੂੰ ਸਿਕ ਦੀਦਾਰ ਦੀ ਸੀ ਜਿਵੇ ਹੀਰ ਨੂੰ ਭਟਕਣਾ ਯਾਰ ਦੀ ਸੀ...।" ਉਸਦੀ ਆਵਾਜ਼ ਤਿੱਖੀ ਤੇ ਉੱਚੀ ਸੀ, ਜੋ ਕਿ ਖੇਤ ਦੀ ਫਿਜ਼ਾ ਨੂੰ ਚੀਰਦੀ ਹੋਈ ਵਾਯੂਮੰਡਲ ਵਿਚ ਗੁੰਮ ਹੋ ਗਈ।

"...ਭਾਈ ਮਰੇ ਤੋਂ ਪੈਂਦੀਆਂ ਭੱਜ ਬਾਹੀਂ... ਭਾਈਆਂ ਬਾਝ ਮਿੱਤਰ ਬੇਲੀ ਯਾਰ ਨਾਹੀ...।" ਕਿਸੇ ਖੇਤ

ਵਿਚੋਂ ਉੱਚੀ ਸਾਰੀ ਆਉਂਦੀ ਇਕ ਹੋਰ ਹੇਕ ਨੇ ਸਾਨੂੰ ਆਪਣੇ ਵੱਲ ਖਿਚ ਲਿਆ, ਗਾਉਣ ਵਾਲਾ ਕੋਈ ਮੀਆਂ ਕਿਸਾਨ ਸੀ।

"ਚਲੋ ਬਾਈ ਦੇਖਿਆ ਜਾਵੇ ਕਿਹੜਾ ਸੱਜਣ ਹੀਰ ਅਲਾਪ ਰਿਹਾ ਏ...? ਦਰਦ ਤਾਂ ਡਾਹਢਾ ਜਾਪਦਾ ਏ...!" ਭਾਈ ਸੁਰਿੰਦਰ ਸਿੰਘ ਮਲਵਈ ਬੱਬਰ ਹੀਰ ਗਾਉਣ ਵਾਲੇ ਦੇ ਖੇਤ ਨੂੰ ਵੱਟੋ ਵੱਟ ਹੋ ਤੁਰਿਆ। ਅਸੀਂ ਵੀ ਤਿੰਨੋਂ ਜਣੇ ਉਸਦੇ ਮਗਰ ਮਗਰ ਚੱਲਦੇ ਗਏ।

"...ਵਾਰਸ ਸ਼ਾਹ ਮੀਆਂ ਬਿਨਾਂ ਭਾਈਆਂ ਦੇ, ਸਾਨੂੰ ਜੀਵਣਾ ਮੂਲ ਦਰਕਾਰ ਨਾਹੀ...।" ਇਹ ਤੁੱਕ ਗਾਉਣ ਵਾਲੇ ਦੇ ਮੂੰਹ ਵਿਚ ਹੀ ਰੁਕ ਗਈ ਜਦੋਂ ਉਸਨੂੰ ਮਲਵਈ ਬੱਬਰ ਨੇ ਜਾ ਝੰਜੋੜਿਆ।

"...ਬਈ ਬੱਲੇ-ਬੱਲੇ... ਬਾਈ ਸਿਹਾਂ ਹੀਰ ਤਾਂ ਕੱਢਕੇ ਕਾਲਜੇ 'ਚ ਈ ਮਾਰੀ ਜਾਨੈ... ਆਹ.. ਆਹ.. ਆ.. ਸਵਾਦ ਈ ਆ ਗਿਆ..।" ਸੁਰਿੰਦਰ ਸਿੰਘ ਦੀ ਆਵਾਜ਼ ਸੁਣ ਕੇ ਗਾਉਣ ਵਾਲੇ ਨੇ ਆਪਣਾ ਰੋਡ ਭੋਡ ਸਿਰ ਉਤਾਂਹ ਚੁੱਕਿਆ, ਉਹ ਨੀਵੀਂ ਪਾਈ ਬੈਠਾ ਲਸਣ ਦੀ ਗੁਡਾਈ ਕਰ ਰਿਹਾ ਸੀ। ਉਸਦੇ ਮੂੰਹ ਸਿਰ ਦੇ ਸਾਰੇ ਵਾਲ ਚਿੱਟੇ ਹੋ ਚੁੱਕੇ ਸਨ ਤੇ ਉਸਦੀਆਂ ਮੁੱਛਾਂ ਇਸਲਾਮੀ ਸ਼ਰ੍ਹਾ ਮੁਤਾਬਕ ਮੁੰਨੀਆਂ ਹੋਈਆਂ ਸਨ।

"ਆਓ ਸਰਦਾਰ ਜੀ... ਜੀ ਆਇਆਂ ਨੂੰ... ਸ੍ਰਾਸ੍ਰੀ ਕਾਲ...!" ਉਹ ਆਪਣੇ ਹੱਥ ਵਿਚਲੀ ਛੋਟੀ ਜਿਹੀ ਖੁਰਪੀ ਨੂੰ ਵੱਟ 'ਤੇ ਸੁੱਟ ਕੇ ਚਿੱਟੇ ਖੱਦਰ ਦਾ ਮੜਾਸਾ ਸਿਰ 'ਤੇ ਲਪੇਟਦਿਆਂ ਉਠ ਕੇ ਖੜ੍ਹਾ ਹੋ ਗਿਆ। ਅਸੀਂ ਸਤਿ ਸ੍ਰੀ ਅਕਾਲ ਦਾ ਜਵਾਬ ਦੇ ਕੇ ਉਸਦੇ ਕੋਲ ਹੀ ਬੈਠ ਗਏ।

"ਹਾਂ ਬਈ ਚੋਬਰੋ ਕੀ ਛਕੋਂ ਗੇ...? ਚਾਹ ਬਣਾਵਾਂ...?" ਉਸਨੇ ਸੁਲ੍ਹਾ ਮਾਰੀ।

"ਨਹੀਂ ਬਜ਼ੁਰਗੋ... ਚਾਹ ਚੂ ਦੀ ਤਾਂ ਕੋਈ ਲੋੜ ਨਹੀਂ ਤੁਸੀਂ ਸਾਡੇ ਕੋਲ ਬੈਠੋ ਤੇ ਗੱਲਾਂ ਬਾਤਾਂ ਸੁਣਾਓ...।" ਬਿੱਟੂ ਨੇ ਜਵਾਬ ਦਿੰਦਿਆਂ ਛੋਟੀ ਜਿਹੀ ਕਿਆਰੀ ਵਿਚੋਂ ਸ਼ਰਕ ਦਿਣੇ ਗਾਜਰ ਪੁੱਟ ਲਈ। ਮੈਂ ਵੀ ਦੋ ਗਾਜਰਾਂ ਪੁੱਟ ਕੇ ਕੋਲ ਖੜ੍ਹੇ ਖਾਡੇ ਦੇ ਪਾਣੀ ਵਿਚ ਧੋਣ ਲੱਗ ਪਿਆਂ।

"ਉਏ.. ਹੌਲੀ ਚਰ ਲੋ... ਕੋਈ ਮਗਰ ਤਾਂ ਨੀ ਪਿਆ... ਕਿਵੇਂ ਭੋਖੜਾ ਦਿਖਾਉਣ ਡਹੇ ਆ...।" ਡਾ. ਸਾਬ੍ਹੀ ਨੇ ਸਾਨੂੰ ਚਬੜ-ਚਬੜ ਗਾਜਰਾਂ ਖਾਂਦੇ ਦੇਖ ਕੇ ਗਿਲਾ ਕੀਤਾ।

"ਨ੍ਹਾ ਜਾਣਦੇ ਆਂ ਤੈਨੂੰ ਵੱਡੇ ਪੌਣਾਹਾਰੀ ਨੂੰ ਥੱਬਾ-ਥੱਬਾ ਰੋਟੀਆਂ ਦਾ ਝੁਲਸ ਕੇ 'ਮੈਂ ਸੰਤੋਖਣ ਇਕੋ ਈ' ਦੀ ਡੰਡ ਪਾਉਣ ਲੱਗ ਜਾਨੈਂ...।" ਬਿੱਟੂ ਨੇ ਗਾਜਰ 'ਤੇ ਦੰਦੀ ਵੱਢਦਿਆਂ ਟੂਕ ਕੀਤੀ।

"ਲਊ ਸਰਦਾਰੋ ਥੋੜ੍ਹੇ ਕੋਲੋਂ ਕਾਹਦਾ ਲੁਕੋ ਐ... ਆਪਣਾ ਈ ਖੇਤ ਸਮਝੋ... ਐਂ ਕਰੋ ਐਥੋਂ ਗੰਨੇ ਪੱਟ ਲਵੋ ਤੇ ਸਾਰੇ ਜਣੇ ਜ਼ਰੂਰ ਚੂਪੋ... ਮੇਰਾ ਮਨ ਖੁਸ਼ ਹੋਵੇਗਾ...।" ਕਿਸਾਨ ਮੀਏਂ ਨੇ ਗੰਨੇ ਦੇ ਖੇਤ ਵੱਲ ਨੂੰ ਇਸ਼ਾਰਾ ਕੀਤਾ। ਮਲਵਈ ਬੱਬਰ ਖੇਤ ਵਿਚੋਂ ਸਾਡੇ ਚੌਹਾਂ ਦੇ ਚੂਪਣ ਲਈ ਗੰਨੇ ਧਰੂਹ ਲਿਆਇਆ।

"ਤੁਸੀਂ ਬਜ਼ੁਰਗੋ ਲੋਕਲ ਬਸ਼ਿੰਦੇ ਈ ਓ ਕਿ ਪੂਰਬੀ ਪੰਜਾਬ ਤੋਂ ਆਏਂ ਜੇ...?" ਮੈਂ ਸਵਾਲ ਕੀਤਾ।

"...ਕੀ ਪੁੱਛਦਾ ਏਂ ਭਰਾਵਾ...? ਉਜੜ ਕੇ ਇਧਰ ਵਸੇ ਆਂ ਕਰਮਾਂ ਮਾਰਿਆਂ ਦੀ ਜੰਮਣ ਭੋਇੰ ਤਾਂ ਮੋਗੇ ਦੇ ਨੇੜੇ ਪਿੰਡ ਬੰਬੀਹੇ ਦੀ ਏ...।" ਬਜ਼ੁਰਗ ਮੀਏਂ ਨੇ ਉੱਤਰ ਦਿੱਤਾ।

"ਬਾਈ ਜੀ ਮੈਂ ਵੀ ਮੋਗੇ ਏਰੀਏ ਦਾ ਆਂ...।" ਸੁਰਿੰਦਰ ਸਿੰਘ ਦੀ ਗੱਲ ਮੂੰਹ ਵਿਚ ਹੀ ਸੀ ਕਿ ਮੀਏਂ ਨੇ ਉਸਨੂੰ ਘੁਟ ਕੇ ਕਲਾਵੇ ਵਿਚ ਲੈ ਲਿਆ।

"ਹੱਛਾ ਸਾਊ ਕਿਹੜਾ ਪਿੰਡ ਏ...? ਮੀਏਂ ਦੀਆਂ ਅੱਖਾਂ ਵਿਚੋਂ ਪਰਲ-ਪਰਲ ਅੱਥਰੂ ਵਹਿ ਤੁਰੇ।

"...ਪਿੰਡ ਤਾਂ ਬਾਈ ਜੀ ਮੈਂ ਕੁਸ ਮਜਬੂਰੀਆਂ ਕਰਕੇ ਥੋਨੂੰ ਨ੍ਹੀਂ ਦੱਸ ਸਕਦਾ ਹੈਂਗਾ, ਥੋਡੇ ਪਿੰਡਾਂ ਕੋਲੇ ਦਾ ਈ ਆਂ...।" ਸੁਰਿੰਦਰ ਸਿੰਘ ਪਿੰਡ ਦਾ ਨਾਂਅ ਲੁਕੋ ਗਿਆ।

"..ਹੱਛਾ ਸੁਣਾ ਮੋਗੇ ਦਾ ਕੀ ਹਾਲ ਏ...? ਸਾਹੋ ਕੇ... ਬਾਬੂ ਰੱਜਬ ਅਲੀ ਦੇ ਪਿੰਡ ਦੇ ਕੀ ਹਾਲ ਏ...? ਮੈਂ ਵੰਡ ਤੋਂ ਪਹਿਲਾਂ ਕਵੀਸ਼ਰੀ ਕਰਦਾ ਰਿਹਾ ਆਂ...।" ਮੀਏਂ ਨੇ ਆਪਣੀ ਕਹਾਣੀ ਕਹਿਣੀ ਸ਼ੁਰੂ ਕਰ ਦਿੱਤੀ। ਉਹ ਆਪਣੇ ਦਿਲ ਵਿਚ ਪੂਰਬੀ ਪੰਜਾਬ ਦੀਆਂ ਯਾਦਾਂ ਸਮੋਈ ਬੈਠਾ ਸੀ। "ਚੋਬਰੋ ਮੇਰਾ ਨਾਂਅ ਮੇਹਰਦੀਨ ਏ... ਮੈਂ ਬੰਬੀਹੇ ਜੰਮਿਆਂ-ਪਲਿਆ ਆਂ... ਉਨ੍ਹਾਂ ਦਿਨਾਂ ਵਿਚ ਮਾਲਵੇ ਦੀ ਕਵਿਸ਼ਰੀ ਬੜੀ ਮਸ਼ਹੂਰ ਹੁੰਦੀ ਸੀ... ਮੈਂ ਭਰ ਜੋਬਨ ਵਿਚ ਬਾਬੂ ਰੱਜਬ ਅਲੀ ਨੂੰ ਉਸਤਾਦ ਧਾਰਿਆ ਤੇ ਮੇਲੇ ਮੁਸਾਵਿਆਂ 'ਤੇ ਕਵੀਸਰੀ ਗਾਉਣੀ ਸ਼ੁਰੂ ਕੀਤੀ..।" ਮੀਆਂ ਆਪਣੀ ਧੁਨ ਵਿਚ ਬੋਲੀ ਜਾ ਰਿਹਾ ਸੀ। "ਛਪਾਰ ਦਾ ਮੇਲਾ... ਜਗਰਾਵਾਂ ਦੀ ਰੋਸ਼ਨੀ... ਤਖਤੂਪੁਰੇ ਦੀ ਮਾਘੀ... ਜਰਗ ਦਾ ਮੇਲਾ... ਤੇ ਹੋਰ ਸਾਰੇ ਮੇਲਿਆਂ 'ਤੇ ਸਾਡੇ ਜਥੇ ਦੀ ਚੜ੍ਹਾਈ ਹੁੰਦੀ ਸੀ। "ਹੋ.. ਅ.......ਅ.......ਅ...." ਮੀਏਂ ਨੇ ਕੰਨ 'ਤੇ ਹੱਥ ਰੱਖਕੇ ਗਾਉਣਾ ਸ਼ੁਰੂ ਕਰ ਦਿੱਤਾ...।

"ਪੰਜ ਦਰਿਆ ਏਸ ਦੇ ਲੋਕ ਤਾਹੀਂ ਕਹਿਣ ਪੰਜਾਬ
ਰਾਵੀ, ਸਤਲੁਜ, ਬਿਆਸ... ਜੀ ਜੇਹਲਮ ਤੇ ਝਨਾਬ...
ਆਵੇ ਵਤਨ ਪਿਆਰਾ ਚੇਤੇ ਜਦ ਖਿੱਚ ਪਾਉਣ ਮਹੱਬਤਾਂ ਜੀ
ਸੋਹਣੀਏ ਸਾਹੋ ਪਿੰਡ ਦੀਏ ਵੀਹੇ
ਬਚਪਨ ਦੇ ਵਿਚ ਪੜ੍ਹੇ ਬੰਬੀਹੇ, ਪੰਜਵੀਂ ਕਰਕੇ ਤੁਰਗੇ ਮੋਗੇ
ਮਾਪੇ ਜਿਊਂਦਿਆਂ ਤੋਂ ਸੁੱਖ ਭੋਗੇ
ਪੈਸੇ ਖਾ ਮਠਿਆਈ ਬਚਦੇ, ਖੇਲ੍ਹੇ ਖ਼ੂਬ ਸੜਕ ਪਰ ਨੱਚਦੇ
ਸ਼ਾਇਰ ਸੁਣਾਉਂਦੇ ਕਵਿਤਾ ਜੀ
ਆਵੇ ਵਤਨ ਪਿਆਰਾ ਚੇਤੇ............................"

ਮੀਏਂ ਦੀ ਤਿੱਖੀ ਤੇ ਟੁਣਕਵੀਂ ਅਵਾਜ ਨੇ ਸਾਨੂੰ ਕੀਲ੍ਹ ਕੇ ਬਿਠਾ ਲਿਆ। ਇਕ ਕਵਿਸ਼ਰੀ ਖਤਮ ਹੋਣ 'ਤੇ ਦੂਸਰੀ ਛੋਹ ਲਈ...

"ਰੱਬ ਤੋਂ ਡਰਨ ਵਾਲੇ.. ਕੋਮਲ ਚਰਨ ਵਾਲੇ
ਗੱਲ ਤੋਂ ਮਰਨ ਵਾਲੇ.. ਦੇਸ਼ ਦੇ ਨਰੇਸ਼ ਗੁਰ
ਛਾਂਟਵੇਂ ਸਰੀਰ ਵਾਲੇ.. ਧੁਨਸ਼ ਤੇ ਤੀਰ ਵਾਲੇ
ਮੋਹਣੀ ਤਸਵੀਰ ਵਾਲੇ.. ਚੰਦ ਜੈਸੇ ਫੇਸ ਗੁਰ
ਗੁਰੂ ਪੰਜ ਕੱਕਿਆਂ ਵਾਲੇ.. ਤੇ ਕਕਾਰਾਂ ਪੱਕਿਆਂ ਵਾਲੇ
ਕੰਮ ਅਣਥੱਕਿਆਂ ਵਾਲੇ.. ਕਰਨ ਹਮੇਸ਼ ਗੁਰ
'ਬਾਬੂ ਜੀ' ਸ਼ਰਮ ਵਾਲੇ.. ਦੁਆਰੇ 'ਤੇ ਧਰਮ ਵਾਲੇ
ਪਟਨੇ ਜਰਮ ਵਾਲੇ.. ਮੇਰੇ ਦਸਮੇਸ਼ ਗੁਰ..."

ਮੀਆਂ ਗਾਈ ਜਾ ਰਿਹਾ ਸੀ ਤੇ ਉਸਦੀਆਂ ਅੱਖਾਂ ਬਿਰਹੋਂ ਦਾ ਛਿੜਕਾਅ ਕਰੀ ਜਾ ਰਹੀਆਂ ਸਨ। ਮੈਨੂੰ ਇਹ ਮੀਆਂ ਗਨੀ ਖਾਂ ਤੇ ਨਬੀ ਖਾਂ ਦੀ ਸੰਤਾਨ ਜਾਪ ਰਿਹਾ ਸੀ।

"ਜਵਾਨੋਂ ਹੁਣ ਤਾਂ ਸਾਹ ਚੜ੍ਹ ਜਾਂਦਾ ਏ.. ਜਵਾਨੀ ਦੇ ਦਿਨਾਂ ਵਿਚ ਤਾਂ ਅਸੀਂ ਪੂਰੇ ਦਾ ਪੂਰਾ ਮੇਲਾ ਈ ਲੁੱਟ ਲਿਆ ਕਰਦੇ ਸਾਂ... ਕਈ ਵਾਰੀ ਜਲਸਿਆਂ ਵਿਚ ਜ਼ਿੱਦ-ਜ਼ਦਾਈਆਂ ਵੀ ਹੋ ਜਾਇਆ ਕਰਦੀਆਂ ਸਨ...।" ਮੀਏਂ ਨੇ ਗੱਲ ਕਰਦਿਆਂ ਆਪਣਾ ਖੱਬਾ ਕੰਨ ਖੁਰਕਿਆ।

"ਇਕ ਵਾਰੀ ਦੀ ਗੱਲ ਏ ਕਿ ਜਗਰਾਵਾਂ ਦੀ ਰੌਸ਼ਨੀ ਦੇ ਮੇਲੇ 'ਤੇ ਕਵਿਸ਼ਰੀ ਦਾ ਪਿੜ ਬੱਜਿਆ ਪਇਆ ਸੀ। ਬਾਬੂ ਰੱਜਬ ਅਲੀ, ਸ਼ੇਰ ਸਿੰਘ ਤਖਤੂਪੁਰਾ, ਮਾਘੀ ਸਿੰਘ ਵਰਗੇ ਕਵਿਸ਼ਰੀ ਦੇ ਮਹਾਂਬਲੀ, ਪਰ੍ਹੇ ਵਿਚ ਬੈਠੇ ਸਨ.. ਸਾਡਾ ਜੱਥਾ ਕਵੀਸ਼ਰੀ ਕਰਕੇ ਹਟਿਆ ਤਾਂ ਸ਼ੇਰ ਸਿੰਘ ਤਖਤੂਪੁਰੇ ਦੀ ਵਾਰੀ ਆਈ। ਉਹ ਆਪਣੀ ਭਾਰੀ ਭਰਕਮ ਗੋਗੜ ਸੰਭਾਲਦਾ ਹੋਇਆ ਗਾਉਣ ਲਈ ਉਠਿਆ, ਤਾਂ ਕਿਸੇ ਮਨਚਲੇ ਨੇ ਉਸਦੇ ਸਰੀਰ ਵੱਲ ਤੋੜਾ ਝਾੜ ਦਿੱਤਾ...:

"ਸ਼ੇਰ ਸਿੰਘ ਤਖਤੂਪੁਰੇ ਦਾ ਸ਼ੈਅਰੀ ਏ
ਮਣ ਪ੍ਰਸ਼ਾਦਿਆਂ ਦਾ ਪੱਕਾ ਵੈਰੀ ਏ...।"

ਇਕ ਵਾਰੀ ਤਾਂ ਸ਼ੇਰ ਸਿੰਘ ਦੀ ਬੀਨ ਵਰਗੀ ਗੋਗੜ ਵੇਖ ਕੇ ਸਾਰੇ ਹਾਸਤ ਮੱਚਗੀ। ਪਰ ਉਹ ਕਿਹੜਾ ਅੱਗੋਂ ਘੱਟ ਸੀ। ਉਹਨੇ ਤੁਰਤ ਹੀ ਜਵਾਬ ਘੜ੍ਹ ਕੇ ਤੋੜਾ ਝਾੜਨ ਵਾਲੇ ਨੂੰ ਬੇਸ਼ਰਮ ਕਰ ਦਿੱਤਾ:

"ਤੇਰਾ ਨਹੀਂ ਕਾਕਾ ਕੰਮ ਗੱਲ ਕਹਿਣ ਦਾ
ਤੈਂ ਕਿਹੜਾ ਸਾਕ ਦੇਣਾ ਛੋਟੀ ਭੈਣ ਦਾ...।"

"ਸ਼ੇਰ ਸਿੰਘ ਦਾ ਉਤਰ ਸੁਣ ਕੇ ਤੋੜਾ ਝਾੜਣ ਵਾਲਾ ਅੱਖ ਬਚਾ ਕੇ ਖਿਸਕ ਗਿਆ...। ਕਿਆ ਬਾਤਾਂ ਸੀ ਉਸ ਸਮੇਂ ਦੀਆਂ... ਸਾਰੇ ਥਾਂਵਾਂ ਦੀਆਂ ਆਪੋ-ਆਪਣੀਆਂ ਚੀਜ਼ਾਂ ਮਸ਼ਹੂਰ ਸਨ...।" ਮੀਆਂ ਅੱਖਾਂ ਮੀਟ ਕੇ ਫਿਰ ਗਾਉਣ ਲੱਗਿਆ...।

"ਕੌਲੀਆਂ ਭਦੌੜ, ਨਾ ਕੜਾਹਾ ਭਾਈ ਰੂਪੇ ਜੈਸਾ
ਘਾਗੋਂ ਦਾ ਪਲੰਘ ਹੈ, ਮਸ਼ਹੂਰ ਜੁੱਤੀ ਡੱਲੇ ਦੀ
ਕੜਮੀਂ ਮਿਰਚ, ਮਿੱਠੀ ਗਾਜਰ ਚੌਹਾਨਕਿਆਂ ਦੀ
ਆਜੇ ਕਰਨਾਲ ਖਾ ਲਜ਼ਤ ਦਹੀਂ ਭੱਲੇ ਦੀ
ਟੇਸ਼ਨ ਬਠਿੰਡਾ ਤੇ ਸਰਾਂ ਨਾ ਨੂਰਮਹਿਲ ਜੈਸੀ
ਤਾਲ ਤਲਵੰਡੀ ਦਾ ਸੁਹਾਵੇ ਢਾਬ ਮੱਲ੍ਹੇ ਦੀ
ਮੋਰਨ ਜਿਹਾ ਗੁੜ ਬਾਬੂ, ਅੰਬ ਨਾ ਅੰਬਾਲੇ ਜੈਸਾ
ਨਾਲਾ ਪਟਿਆਲੇ ਦਾ ਜਨਾਨੀ ਜੋਗੇ ਰੱਲੇ ਦੇ...।"

ਮੀਆਂ ਕਵੀਸ਼ਰੀ ਗਾਉਂਦਾ ਗਾਉਂਦਾ ਮਾਲਵੇ ਦੇ ਕਈ ਪਿੰਡਾਂ ਨੂੰ ਗਿਣ ਗਿਆ। ਅਸੀਂ ਮੀਏਂ ਦੀ ਯਾਦ ਸ਼ਕਤੀ 'ਤੇ ਹੈਰਾਨ ਸਾਂ... .।

"ਤੇਈ ਪਿੰਡ ਮੀਏਂ ਦੇ ਸਦਾਉਂਦੇ ਤਪਾ ਜੀ
ਬੱਧਣੀ ਅਨੂਰ ਸੋ ਵਿਚਾਲੇ ਖੱਪਾ ਜੀ
ਕੋਲੋਂ ਕੋਲੀਂ ਕੁੱਸਾ ਤੇ ਲੁਹਾਰਾ ਰਾਮਾ ਜੀ
ਜਿਥੇ ਨਾਰਾਂ ਪਾਉਣ ਘੁੱਟਮਾਂ ਪਜਾਮਾ ਜੀ
ਸੈਦੋ ਖਾਈ ਤੇ ਬਿਲਾਸਪੁਰ ਮੀਨੀਆਂ
ਪੱਤੋ ਤੋਂ ਚੱਲਣ ਨਵੀਂਆਂ ਸ਼ੌਕੀਨੀਆਂ
ਲੋਪੋ ਤੇ ਨਿਹਾਲੇ ਵਾਲਾ ਮਾਛੀਕੇ ਮਧੇ
ਇਹੋ ਜਿਹੀਆਂ ਸੂਰਤਾਂ ਨਾ ਵੇਖੀਆਂ ਕਦੇ
ਤਖਤੂਪੁਰਾ ਵੀ ਕਾਂਗੜ ਤੇ ਦੀਨੇ ਜੀ
ਜਿਥੇ ਚੋਬਰਾਂ ਦੇ ਗਜ ਗਜ ਸੀਨੇ ਜੀ
ਭਾਗੀ ਕੇ ਗਰਾਮ ਛੋਟੀ ਵੱਡੀ ਬੱਧਣੀ
ਐਸੇ ਕਿਤੇ ਹੋਣੇ ਸ਼ੇਰੀਆਂ ਦੇ ਕੱਦ ਨੀ
ਹੁਰ ਰਾਮੂੰਵਾਲਾ ਰਨਸੀਂਹ ਤੇ ਰਣੀਆ
ਜਿਥੇ ਰੱਬ ਪਾ ਗਿਆ ਰੂਪ ਦੀਆਂ ਕਣੀਆਂ
ਧੂਰਕੋਟ ਮੱਲ੍ਹਾ ਤੇ ਰਸੂਲਪੁਰ ਜੀ
ਵੇਖਿਆ ਨਾ ਐਸਾ ਨਗਰਾਂ ਦਾ ਸੁਰ ਜੀ..."

ਹਲੇ ਸ਼ਾਇਦ ਮੀਆਂ ਮਲਵਈ ਸਾਹਬ ਹੋਰ ਵੀ ਪਿੰਡਾਂ ਦੇ ਨਾਂ ਗਣਾਈ ਹੀ ਜਾਂਦੇ ਜੇਕਰ ਮੈਨੂੰ ਘੜੀ ਵੱਲ ਇਸ਼ਾਰਾ ਕਰਕੇ ਮਲਵਈ ਬੱਬਰ ਸੁਰਿੰਦਰ ਸਿੰਘ ਇਹ ਨਾ ਕਹਿੰਦਾ, "ਸਰਦਾਰ ਵਣਜਾਰਾ ਬੇਦੀ ਸਾਹਿਬ ਤੁਸੀਂ ਕੋਈ ਥੀਸਜ ਨਹੀਂ ਲਿਖਣਾ ਮੋਗੇ ਤਹਿਸੀਲ ਦੇ ਪਿੰਡਾਂ 'ਤੇ, ਪੌਣੇ ਪੰਜ ਹੋ ਚੁੱਕੇ ਆ ਸੋਦਰ ਦਾ ਪਾਠ ਵੀ ਸੁਣਨਾ ਜਾ ਕੇ ਨਹੀਂ ਤਾਂ ਜੁਤ ਪਰੇਡ ਹੋਊਗੀ ਥੋਡ੍ਹੇ ਨਾਲ ਨਾਲ ਮੇਰੇ ਵੀ ...।"

"ਓਏ ਇਹ ਤਾਂ ਆਪਣੀ ਭਰਜਾਈ ਦੇ ਪਿੰਡਾਂ ਵੱਲ ਚਲਿਆ ਗਿਆ ਸੀ...। ...ਦੇਖੀ ਸੁਰਿੰਦਰ ਸਿੰਹਾਂ ਕਿਸੇ ਮਲਵੈਣ 'ਤੇ ਅੱਖ ਨਾ ਧਰਦਾ ਹੋਵੇ...!" ਬਿੱਟੂ ਨੇ ਕਿਹਾ।

"...ਕੋਈ ਨਾ ਪੁੱਤ ਹਰੀਕੇ ਪੱਤਣ ਨੀਂ ਟੱਪਣ ਦਿੰਦਾ ਗਿੱਠ ਲੰਮੀ ਗੋਲੀ ਮਾਰੂੰ ਚਿਤੜਾਂ 'ਤੇ...।" ਸੁਰਿੰਦਰ ਸਿੰਘ ਨੇ ਬਿੱਟੂ ਦਾ ਮਜ਼ਾਕ ਸੁਣਕੇ ਡੱਬ 'ਤੇ ਹੱਥ ਮਾਰਦਿਆਂ ਕਿਹਾ।

"ਸਿੰਘ ਸਰਦਾਰੋ ਆਹ ਗਰੀਬ ਵੱਲੋਂ ਛੋਟੀ ਜਿਹੀ ਭੇਟਾ ਲੈਂਦੇ ਜਾਇਓ...।" ਆਖ ਕੇ ਮੀਏਂ ਨੇ ਗੰਨਿਆਂ ਦੀ ਤਕੜੀ ਭਰੀ ਬੰਨ੍ਹ ਦਿੱਤੀ। ਅਸੀਂ ਬਿਨਾਂ ਨਾਂਹ-ਨੁੱਕਰ ਕੀਤਿਆਂ ਗੰਨਿਆਂ ਦਾ ਗੱਠਾ ਡਾ. ਸਾਬ੍ਹੀ ਦੇ ਮੋਰਾਂ ਉੱਤੇ ਰੱਖ ਦਿੱਤਾ।

ਜਦੋ ਮੈਂ ਡਾ. ਸਾਬ੍ਹੀ ਨੂੰ ਗੰਨੇ ਚੁਕਾਉਣ ਲੱਗਿਆਂ ਤਾਂ ਸੁਰਿੰਦਰ ਨੇ ਕਹਾਣਾ ਪਾ ਦਿੱਤਾ, "...ਘੜਾ ਨਾ ਚੁਕਾਇਓ ਕੁੜੀਓ... ਇਹਦੀ ਪਿੰਡ ਦੇ ਮੁੰਡੇ ਨਾਲ ਯਾਰੀ...।" ਓਏ ਪਤੰਦਰਾ ਪਿੰਡ ਦੇ ਨਾਲ ਹੁੰਦੀ ਤਾਂ ਸਰ

ਜਾਣਾ ਸੀ, ਹੁਣ ਤਾਂ ਦਰਿਆਉਂ ਪਾਰ ਦੇ ਨਾਲ ਪੈਗੀ ਉ... ਔਖਿਆਂ ਸੌਖਿਆਂ ਨਿਭਾਉਣੀ ਈ ਪੈਣੀ ਐ...।" ਡਾ. ਸਾਬ੍ਹੀ ਗੰਨਿਆਂ ਦੇ ਭਾਰ ਨਾਲ ਲਿਫਦਾ ਕਹਿ ਰਿਹਾ ਸੀ।

ਫਾਰਮ ਹਾਊਸ ਵਿਚ ਆ ਕੇ ਗੰਨੇ ਅਸੀਂ ਲੰਗਰ ਵਿਚ ਰੱਖ ਦਿੱਤੇ। ਉਸ ਦਿਨ ਤੋਂ ਸੁਰਿੰਦਰ ਸਿੰਘ ਬੱਬਰ ਮੇਰਾ ਗੂੜ੍ਹਾ ਯਾਰ ਬਣ ਗਿਆ।

o-----o-----o

ਕਾਂਡ 11

ਕੁਝ ਸਮੇਂ ਬਾਅਦ ਇਕ ਸ਼ਾਮ ਨੂੰ ਭਾਈ ਵਸਾਵਾ ਸਿੰਘ ਹੋਰਾਂ ਨੇ ਐਲਾਨ ਕੀਤਾ: "ਜਿਹੜੇ ਸਿੰਘਾਂ ਨੇ ਅੰਮ੍ਰਿਤ ਛਕਣਾ ਹੋਵੇ ਜਾਂ ਅੰਮ੍ਰਿਤ ਛਕਣ ਤੋਂ ਰਹਿੰਦੇ ਹੋਣ, ਉਹ ਭਾਈ ਸੁਲੱਖਣ ਸਿੰਘ ਨੂੰ ਮਿਲਣ...।" ਅੱਜ ਸੋਦਰ ਤੋਂ ਬਾਅਦ ਅੰਮ੍ਰਿਤ ਦਾ ਬਾਟਾ ਤਿਆਰ ਹੋਵੇਗਾ। ਸ਼ਾਮ ਨੂੰ ਕੋਈ ਸੱਤ ਕੁ ਅੰਮ੍ਰਿਤ-ਅਭਿਲਾਖੀ ਕੇਸੀ ਇਸ਼ਨਾਨ ਕਰਕੇ ਗੁਰੂ ਸਾਹਿਬ ਵਾਲੇ ਕਮਰੇ ਵਿਚ ਪਹੁੰਚ ਗਏ। ਅੰਮ੍ਰਿਤ-ਅਭਿਲਾਖੀਆਂ ਵਿਚ ਬਸ਼ੀਰ ਮੁਹੰਮਦ ਵੀ ਸੀ, ਜਿਸ ਨੂੰ ਅੰਮ੍ਰਿਤ ਛਕਣ ਤੋਂ ਪਹਿਲਾਂ ਇਹ ਗੱਲ ਵਾਰ ਵਾਰ ਪੁੱਛੀ ਗਈ ਕਿ ਉਹ ਕਿਸੇ ਦਬਾਅ ਅਧੀਨ ਅੰਮ੍ਰਿਤ ਤਾਂ ਨਹੀਂ ਛਕ ਰਿਹਾ...? ਪਰ ਬਸ਼ੀਰ ਆਪਣੀ ਮਰਜ਼ੀ ਨਾਲ ਸਿੰਘ ਸਜਣਾ ਚਾਹੁੰਦਾ ਸੀ। ਸਾਰੇ ਸਿੰਘਾਂ ਦੀ ਸੰਗਤ ਦਾ ਮੇਰੇ ਮਨ 'ਤੇ ਬਹੁਤ ਅਸਰ ਹੋਇਆ ਸੀ। ਹੁਣ ਮੈਨੂੰ ਪਤਾ ਲੱਗ ਚੁੱਕਾ ਸੀ ਕਿ ਗੁਰੂ ਗੋਬਿੰਦ ਸਿੰਘ ਦੇ ਸਕੂਲ ਵਿਚ ਦਾਖਲਾ ਅੰਮ੍ਰਿਤ ਛਕ ਕੇ ਹੀ ਮਿਲਦਾ ਹੈ। ਸੋ ਮੇਰਾ ਮਨ ਅੰਮ੍ਰਿਤ ਅੰਮ੍ਰਿਤ ਕੂਕਦਾ ਸੀ। ਇਸ ਤੋਂ ਉਪਰੰਤ ਸਾਨੂੰ ਅੰਮ੍ਰਿਤ ਦੀ ਦਾਤ ਬਖਸ਼ਿਸ਼ ਹੋਈ। ਗੁਰੂ ਰੂਪ ਪੰਜਾਂ ਪਿਆਰਿਆਂ ਨੇ ਗੁਰੂ ਮੰਤਰ ਦ੍ਰਿੜ ਕਰਵਾਇਆ। ਰਹਿਤਾਂ-ਕੁਰਹਿਤਾਂ ਦੱਸੀਆਂ ਤੇ ਜੀਵਨ ਭਰ ਉਨ੍ਹਾਂ ਉਪਰ ਚੱਲਣ ਦਾ ਪ੍ਰਣ ਲਿਆ ਗਿਆ। ਬਸ਼ੀਰ ਦਾ ਨਾਮ ਹੁਣ ਬਦਲ ਕੇ ਲਛਮਣ ਸਿੰਘ ਰੱਖ ਦਿੱਤਾ ਗਿਆ। ਅੰਮ੍ਰਿਤ ਸੰਚਾਰ ਤੋਂ ਬਾਅਦ ਸਾਰੇ ਸਿੰਘਾਂ ਨੇ ਸਾਨੂੰ ਵਧਾਈਆਂ ਦਿੱਤੀਆਂ। ਇਸ ਤਰ੍ਹਾਂ ਇਕ ਸਾਲ ਦਾ ਸਮਾਂ ਪੂਰਾ ਹੋ ਗਿਆ।

ਹੁਣ ਤਕ ਕੈਂਪ ਵਿਚਲੇ ਸਾਰੇ ਸਿੰਘ ਨਿਤਨੇਮੀ, ਨਾਮ-ਅਭਿਆਸੀ ਅਤੇ ਹਰ ਤਰ੍ਹਾਂ ਦੀ ਸ਼ਸਤਰ ਵਿਦਿਆ ਸਿੱਖ ਇਤਿਹਾਸ, ਧਰਮ ਅਤੇ ਫਲਾਸਫੀ ਤੋਂ ਚੰਗੀ ਤਰ੍ਹਾਂ ਜਾਣੂ ਹੋ ਚੁੱਕੇ ਸਨ। ਹੁਣ ਸਮਾਂ ਆ ਚੁੱਕਾ ਸੀ ਕਿ ਸਾਨੂੰ ਮੈਦਾਨੇ-ਜੰਗ ਵਾਪਸ ਭਾਰਤ ਦੀ ਧਰਤੀ 'ਤੇ ਭੇਜਿਆ ਜਾਵੇ। ਸਾਨੂੰ ਛੋਟੇ-ਛੋਟੇ ਗਰੁੱਪਾਂ ਵਿਚ ਵੰਡ ਦਿੱਤਾ ਗਿਆ। ਹਰੇਕ ਗਰੁੱਪ ਨੂੰ ਪੰਜਾਬ ਭੇਜਣ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਦੇ ਕਮਰੇ ਵਿਚ ਸੱਦਿਆ ਜਾਂਦਾ ਸੀ। ਸਾਡੇ ਗਰੁੱਪ ਤੋਂ ਪਹਿਲਾਂ ਭਾਈ ਗੰਗਾ ਸਿੰਘ ਦੀ ਅਗਵਾਈ ਵਿਚ ਜੋ ਗਰੁੱਪ ਭੇਜਿਆ ਗਿਆ, ਉਸ ਦੀ ਡਿਊਟੀ ਬਾਬਾ ਬਕਾਲਾ ਏਰੀਏ ਦੀ ਲਗਾਈ ਗਈ। ਉਸ ਤੋਂ ਬਾਅਦ ਪੱਟੀ-ਤਰਨਤਾਰਨ ਏਰੀਏ ਦੀ ਕਮਾਂਡ ਸੁਲੱਖਣ ਸਿੰਘ ਦੀ ਅਗਵਾਈ ਹੇਠ ਰੇਸ਼ਮ ਸਿੰਘ ਸਭਰਾਂ ਗਰੁੱਪ ਨੂੰ ਸੌਂਪੀ ਗਈ। ਭਾਈ ਸੁਰਿੰਦਰ ਸਿੰਘ ਦੀ ਅਗਵਾਈ ਹੇਠ ਮਾਝਾ-ਮਾਲਵਾ ਲਿੰਕਡ ਗਰੁੱਪ ਬਣਾ ਦਿੱਤਾ ਗਿਆ ਤੇ ਭਾਈ ਬੁੱਧਦੇਵ ਸਿੰਘ ਦੀ ਲਿਬਰੇਸ਼ਨ ਫੋਰਸ ਨਾਲ ਮਿਲ ਕੇ ਕੰਮ ਕਰਨ ਲਈ ਕਿਹਾ ਗਿਆ। ਤੁਰਨ ਤੋਂ ਇਕ ਦਿਨ ਪਹਿਲਾਂ ਸਾਡੇ ਗਰੁੱਪ ਨੂੰ ਸੁਰਿੰਦਰ ਸਿੰਘ, ਬਸ਼ੀਰ ਮੁਹੰਮਦ ਉਰਫ ਲਛਮਣ ਸਿੰਘ ਸਮੇਤ ਗੁਰੂ ਦੀ ਹਜ਼ੂਰੀ ਵਿਚ ਸਹੁੰ ਚੁੱਕ ਸਮਾਗਮ ਲਈ ਬੁਲਾਇਆ ਗਿਆ। ਪੰਜ ਸਿੰਘ ਪੰਜਾਂ ਪਿਆਰਿਆਂ ਦੀ ਵਰਦੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸੁਸ਼ੋਭਿਤ ਸਨ। ਜਿਨ੍ਹਾਂ ਨੇ ਸਾਨੂੰ ਕੁਝ ਸਾਂਝੇ ਅਸੂਲ ਦੱਸਣੇ ਸ਼ੁਰੂ ਕੀਤੇ। ਜਿਨ੍ਹਾਂ ਉੱਪਰ ਹਰ ਬੱਬਰ ਲਈ ਚੱਲਣਾ ਬਹੁਤ ਜ਼ਰੂਰੀ ਸੀ। ਅਸੂਲ ਇਹ ਸਨ:-

੧. ਬੱਬਰ ਖ਼ਾਲਸਾ ਦਾ ਹਰ ਸਿੰਘ ਅੰਮ੍ਰਿਤਧਾਰੀ ਹੋਵੇਗਾ।

੨. ਹਰੇਕ ਬੱਬਰ ਲਈ ਘੱਟੋ-ਘੱਟ ਨਿਤਨੇਮ ਦੀਆਂ ਪੰਜ ਬਾਣੀਆਂ ਪੜ੍ਹਨੀਆਂ ਬਹੁਤ ਜ਼ਰੂਰੀ ਹੋਣਗੀਆਂ।

੩. ਹਰੇਕ ਬੱਬਰ ਘੱਟੋ-ਘੱਟ ਦੋ ਘੰਟੇ ਗੁਰਮੰਤਰ ਦਾ ਅਭਿਆਸ ਕਰੇਗਾ।

੪. ਹਰੇਕ ਬੱਬਰ ਚਾਰ ਬੱਜਰ ਕੁਰਹਿਤਾਂ ਤੋਂ ਬਚ ਕੇ ਰਹੇਗਾ।

੫. ਕੋਈ ਬੱਬਰ ਕਿਸੇ ਤੋਂ ਫਿਰੌਤੀ ਨਹੀਂ ਲਏਗਾ ਅਤੇ ਨਾ ਹੀ ਆਮ ਲੋਕਾਂ ਨੂੰ ਲੁੱਟੇਗਾ।

੬. ਬਿਨਾਂ ਦੋਸ਼ ਸਾਬਤ ਹੋਏ ਕਿਸੇ ਦਾ ਕਤਲ ਨਹੀਂ ਕੀਤਾ ਜਾਵੇਗਾ।

੭. ਹਾਈ ਕਮਾਂਡ ਦੀ ਇਜਾਜ਼ਤ ਬਿਨਾਂ ਕੋਈ ਵੀ ਨਵੀਂ ਭਰਤੀ ਨਹੀਂ ਕੀਤੀ ਜਾਵੇਗੀ।

੮. ਬੱਬਰ ਸਾਰੀਆਂ ਧੀਆਂ ਭੈਣਾਂ ਦਾ ਸਤਿਕਾਰ ਕਰਨਗੇ।

੯. ਕੋਈ ਵੀ ਬੱਬਰ ਜਥੇਬੰਦੀ ਦਾ ਭੇਤ ਬਾਹਰ ਨਹੀਂ ਕੱਢੇਗਾ।

੧੦. ਲੁੱਟ-ਖੋਹ, ਨਜਾਇਜ਼ ਕਤਲ, ਬਲਾਤਕਾਰ ਨੂੰ ਜਥੇਬੰਦੀ ਨਾਲ ਗੱਦਾਰੀ ਸਮਝਿਆ ਜਾਵੇਗਾ ਤੇ ਗੁਨਾਹਗਾਰ ਦੀ ਇਕੋ ਇਕ ਸਜ਼ਾ ਮੌਤ ਹੋਵੇਗੀ।

ਇਸ ਉਪਰੰਤ ਸਾਨੂੰ ਭਾਈ ਸੁਰਿੰਦਰ ਸਿੰਘ ਦੀ ਅਗਵਾਈ ਹੇਠ ਹੁਸੈਨੀਵਾਲੇ ਕੋਲੋਂ ਸਤਲੁਜ ਦਰਿਆ ਪਾਰ ਕਰਵਾ ਕੇ ਪੂਰਬੀ ਪੰਜਾਬ ਵਿਚ ਵਾੜ ਦਿੱਤਾ ਗਿਆ। ਮੇਰੀ ਡਿਊਟੀ ਪੱਛਮੀ-ਦੱਖਣੀ ਸਰਕਲ ਵਿਚ ਮੇਨ ਲਿੰਕ ਦੀ ਲਗਾ ਦਿੱਤੀ ਗਈ।

ਹੁਸੈਨੀਵਾਲਾ ਪਾਰ ਕਰਦੇ ਸਮੇਂ ਮੈਨੂੰ ਜਾਪਿਆ ਜਿਵੇਂ ਮੈਂ ਅੱਜ ਸੱਚਮੁੱਚ ਹੀ ਭਗਤ ਸਿੰਘ ਹੁਰਾਂ ਦਾ ਵਾਰਿਸ ਹੋਵਾਂ.... ਕਾਸ਼ ਪੰਜਾਬ ਦੀਆਂ ਸਾਰੀਆਂ ਮਾਵਾਂ ਭਗਤ ਸਿੰਘ ਦੀਆਂ ਮਾਵਾਂ ਬਣ ਜਾਣ ਤੇ ਸਾਰੇ ਜਵਾਨ ਭਗਤ ਸਿੰਘ ਤਾਂ ਮਰ ਰਿਹਾ ਪੰਜਾਬ ਫਿਰ ਤੋਂ ਜੀਅ ਉੱਠੇ।

O-----O-----O

ਕਾਂਡ 12

ਅਸੀਂ ਰਾਤ ਦੇ ਇਕ ਵਜਦੇ ਨੂੰ ਪੂਰਬੀ ਪੰਜਾਬ ਵਿਚ ਦਾਖਲ ਹੋ ਗਏ। ਸੁੰਨਸਾਨ ਰਾਤ ਟੀਂਅ.. ਟੀਂਅ.. ਦੇ ਨਾਲ ਆਪਣੇ ਮਰਸੀਏ ਗਾ ਰਹੀ ਸੀ। ਦਰਿਆ ਪਾਰ ਕਰਨ ਬਾਅਦ ਭਾਈ ਸੁਰਿੰਦਰ ਸਿੰਘ ਸਾਡੇ ਅੱਗੇ ਲੱਗ ਪਿਆ। ਉਹ ਪਹਿਲਾਂ ਵੀ ਰਸਤੇ ਦਾ ਜਾਣੂੰ ਸੀ, ਉਸਦੇ ਪਿਛੇ ਬਸ਼ੀਰ ਮੁਹੰਮਦ ਉਰਫ ਲਛਮਣ ਸਿੰਘ ਅਤੇ ਉਸ ਤੋਂ ਪਿਛੋਂ ਡਾ. ਸਾਬ੍ਹੀ ਤੇ ਮੈਂ ਤੁਰ ਰਹੇ ਸਾਂ। ਅਸੀਂ ਇਕ ਪਗਡੰਡੀ ਰਾਹੀਂ ਇਕ ਖੇਤ ਵਾਲੇ ਕੋਠੇ ਦੇ ਲਾਗੇ ਗਏ ਤਾਂ ਕੋਠੇ ਕੋਲ ਬੰਨ੍ਹਿਆ ਕੁੱਤਾ ਸਾਨੂੰ ਓਪਰੇ ਬੰਦੇ ਸਮਝ ਕੇ ਭੌਂਕਣ ਲੱਗ ਪਿਆ।

"ਉਏ.... ਚੁੱਪ ਕਰ ਜਾ.... ਸਾਰੀ ਰਾਤ ਦੇ ਨੇ ਸੌਣ ਨ੍ਹੀਂ ਦਿੱਤਾ... ਇਕ ਪਾ ਦਿੰਦੇ ਆ ਮੈਨੂੰ ਵਾਧੂ ਸਮਝ ਕੇ ਖੇਤ ਵਾਲੇ ਕੋਠੇ ਵਿਚ... ਅਖੇ.. ਚਲ ਫੱਕਰਾ ਬੋਹੜ ਦੀ ਰਾਖੀ.. ਛੜਾ ਜਿਉਂ ਹੋਇਆ... ਇਨ੍ਹਾਂ ਨੂੰ ਕੋਈ ਪੁੱਛੇ ਬਈ ਛੜੇ 'ਚ ਜਾਨ ਨ੍ਹੀਂ...? ਛੜਾ ਲੋਹੇ ਦਾ ਬਣਿਆ...?" ਕਿਸੇ ਅਮਲੀ ਦੀ ਅਵਾਜ਼ ਸੁਣਕੇ ਅਸੀਂ ਸਾਰੇ ਕੋਠੇ ਕੋਲੇ ਰੁਕ ਗਏ.. ਅਮਲੀ ਕੁੱਤੇ ਨੂੰ ਚੁੱਪ ਕਰਾਉਂਦਾ ਹੋਇਆ ਘਰਦਿਆਂ 'ਤੇ ਵਰ੍ਹ ਰਿਹਾ ਸੀ। ਕੁੱਤਾ ਸਾਨੂੰ ਦੇਖਕੇ ਸੰਗਲ ਤੁੜਾਉਣ ਤਕ ਜਾ ਰਿਹਾ ਸੀ।

"...ਤੂੰ ਚੁੱਪ ਵੀ ਕਰ ਜਾ ਕਤੀੜੇ... ਤੈਨੂੰ ਕੀ ਪ੍ਰੇਤ ਦੀਹਦੇ ਆ... ਐਵੇਂ ਟਊਂ ਟਊਂ ਲਾਈ ਆ...।" ਹਾਲੇ ਅਮਲੀ ਦੀ ਅਵਾਜ਼ ਮੂੰਹ ਵਿਚ ਹੀ ਕਿ ਭਾਈ ਸੁਰਿੰਦਰ ਸਿੰਘ ਬੱਬਰ ਨੇ ਅਮਲੀ ਨੂੰ ਸੁਣਾ ਕੇ ਕਿਹਾ:

"ਬਾਈ ਸਿੰਹਾਂ! ਪ੍ਰੇਤ ਕਾਹਨੂੰ ਆਂ... ਹੈ ਤਾਂ ਰੱਬ ਦੇ ਬੰਦੇ ਈ... ਤੂੰ ਦਰਵਾਜਾ ਖੋਲ੍ਹੀਂ ਕੇਰਾਂ।"

"ਕੌਣ ਏ ਭਰਾਵੋ...? ਮੈਂ ਤਾਂ ਇਥੇ ਕੱਲਾਂ ਈ ਆਂ ਛੜਾ ਛੜਾਂਗ....।" ਅਮਲੀ ਥਿੜਕ ਰਿਹਾ ਸੀ।

"...ਕੋਈ ਨਾ ਅਮਲੀਆ ਤੂੰ ਦਰਵਾਜਾ ਖੋਲ੍ਹ ਸਾਨੂੰ ਵੀ ਰੰਨ੍ਹਾਂ ਵਾਲੇ ਨ੍ਹੀਂ ਛੜੇ ਛੜਾਂਗ ਹੀ ਚਾਹੀਦੇ ਆ... ਅਸੀਂ ਸਿੰਘ ਆਂ....।" ਲਛਮਣ ਸਿੰਘ ਨੇ ਅਸਾਲਟ ਦੇ ਬੱਟ ਨਾਲ ਦਰਵਾਜਾ ਠੋਕਿਆ।

"ਹੈਂ..! ਸਿੰਘ...!" ਸਿੰਘ ਸ਼ਬਦ ਸੁਣਕੇ ਅਮਲੀ ਦੀਆਂ ਖਾਨਿਉਂ ਗਈਆਂ। ਉਹ ਔਬੜ ਵਾਹੇ ਆਪਣੇ ਮੰਜੇ ਤੋਂ ਉਠਿਆ ਤੇ ਝਟਪਟ ਕੋਠੇ ਦਾ ਦਰਵਾਜਾ ਖੋਲ੍ਹ ਦਿੱਤਾ।

"ਅਮਲੀਆ ਕੋਠਾ ਤਾਂ ਤੇਰਾ ਵਾਹਵਾ ਨਿੱਘੈ...।" ਸਭ ਤੋਂ ਪਹਿਲਾਂ ਲਸ਼ਮਣ ਸਿੰਘ ਅੰਦਰ ਵੜਿਆ।

"...ਆਜੋ ਬਈ... ਗੁਰੂ ਕੇ ਖਾਲਸਿਓ ਆਓ... ਸੱਚ ਮੈਂ ਤਾਂ ਭੁੱਲ ਈ ਗਿਆ ਸੀ... ਵਾਹਗੁਰੂ ਦਾ ਖਾਲਸਾ ਤੇ ਵਾਹਗੁਰੂ ਦੀ ਫਤਿਹ...।" ਅਮਲੀ ਨੇ ਇਕ ਹੋਰ ਮੰਜਾ ਡਾਹੁੰਦਿਆਂ ਸਾਨੂੰ ਅਟਪਟੇ ਜਿਹੇ ਸ਼ਬਦਾਂ ਵਿਚ ਫਤਿਹ ਬੁਲਾਈ। ਅਸੀਂ ਫਤਿਹ ਦਾ ਜਵਾਬ ਦੇ ਕੇ ਮੰਜਿਆਂ 'ਤੇ ਬੈਠ ਗਏ। ਅਮਲੀ ਨੇ ਮੰਜੇ ਸਰਾਹਣੇ ਰੱਖਿਆ ਦੁੱਧ ਵਾਲਾ ਡੋਲ੍ਹ ਚੁੱਕ ਕੇ ਕੋਠੇ ਦੇ ਅੰਦਰੇ ਬਣੇ ਇੱਟਾ ਦੇ ਚੁੱਲ੍ਹੇ ਵਿਚ ਮੱਕੀ ਦੇ ਟਾਂਡਿਆਂ ਦੀ ਅੱਗ ਬਾਲ ਲਈ।

"...ਅਮਲੀਆ ਚਾਹ ਤਾਂ ਅਸੀਂ ਕੋਈ ਵੀ ਨੀਂ ਪੀਂਦਾ ਤੂੰ ਖੇਚਲ ਨੂੰ ਰਹਿਣ ਦੇ... ਬਸ ..'ਰਾਮ.. ਈ ਕਰਨੈ...।" ਭਾਈ ਸੁਰਿੰਦਰ ਸਿੰਘ ਨੇ ਅੱਗ ਸੇਕਣ ਲਈ ਚੁੱਲ੍ਹੇ ਦੇ ਨੇੜੇ ਹੁੰਦਿਆਂ ਕਿਹਾ।

"ਸਰਦਾਰੋ..! ਜੇ ਚਾਹ ਨੀਂ ਪੀਣੀ ਆਪਾਂ ਦੁੱਧ ਗਰਮ ਕਰ ਲੈਨੇ ਆਂ... ਆਪਣੇ ਕੋਲੇ ਹੈਗਾ ਏ ਹਿੱਸੇ ਵਾਲੀ ਗਾਂ ਦਾ... ਪੂਰਾ ਤਿੰਨ ਕਿਲੋ... ਮੁੱਕਣਾ ਨੀਂ...।" ਅਮਲੀ ਨੇ ਸਾਨੂੰ ਸਾਰਿਆਂ ਨੂੰ ਦਿਖਾ ਕੇ ਡਰ ਅਤੇ ਠੰਡ ਨਾਲ ਕੰਬ ਰਹੇ ਦੋਨੋਂ ਹੱਥ ਜੋੜ ਦਿੱਤੇ। ਉਹ ਵਾਰ ਵਾਰ ਸਾਡੇ ਗਲਾਂ ਵਿਚ ਪਾਈਆਂ ਅਸਾਲਟਾਂ ਨੂੰ ਅੱਖਾਂ ਪਾੜ-ਪਾੜ ਕੇ ਦੇਖ ਰਿਹਾ ਸੀ।

"ਅਮਲੀਆ...! ਭਰਜਾਈ ਤਾਂ ਤੇਰੀ ਚੰਗੀ ਸੁਭਾਅ ਦੀ ਲੱਗਦੀ ਆ, ਜਿਹਨੇ ਕੱਲੇ ਨੂੰ ਪੀਣ ਲਈ ਐਨਾ ਦੁੱਧ ਦੇ ਦਿੱਤਾ...।" ਲਛਮਣ ਨੇ ਗਲ ਵਿਚ ਪਾਇਆ ਕਾਰਤੂਸਾਂ ਵਾਲਾ ਝੋਲਾ ਮੰਜੇ ਦੀ ਪੈਂਦ 'ਤੇ ਰੱਖਦਿਆਂ ਅਮਲੀ ਨੂੰ ਮਖੌਲ ਕੀਤਾ।

"...ਚੰਗਾ ਤਾਂ ਭਰਾਵੋ ਰੱਬ ਦਾ ਨਾਂ ਈ ਐਂ... ਸਾਰੇ ਸਾਲੇ ਆ ਲੰਡੇ ਢੱਟੇ ਦੇ... ਇਹ ਲੜ ਲੜਾ ਕੇ ਹਿੱਸੇ ਬਹਿੰਦੀ ਇਕ ਗਾਂ ਦਾ ਦੁੱਧ ਰੱਖੀਦਾ ਤੇ ਪੱਠੇ ਕੱਲੇ ਨੂੰ ਸਾਰੇ ਵੱਗ ਨੂੰ ਪਾਉਣੇ ਪੈਂਦੇ ਆ...। ਜੇ ਚੰਗੀ ਹੋਵੇ ਤਾਂ ਕੋਈ ਸਾਕ ਨਾ ਲਿਆ ਦੇਵੇ ਕਿਧਰੋ... ਹੈ ਨੀਂ ਭਰਾਵੋ ਜੂਨਾਂ ਘਰ ਦੀ ਨਾਰ ਬਿਨਾਂ...।" ਅਮਲੀ ਨੇ ਬੁਝੀ ਹੋਈ ਅੱਗ ਮਚਾਉਣ ਲਈ ਚੁੱਲ੍ਹੇ ਵਿਚ ਫੂਕ ਮਾਰੀ।

"...ਫਿਰ ਤਾਂ ਅਮਲੀਆ ਸੁੱਕਾ ਕੱਨੀ ਦੇ ਕਿਆਰੇ ਅੰਗੂ ਜੇਠ ਰਹਿ ਗਿਆ... ਆ ਦੇਖੀ ਕੇਰਾਂ ਦੁੱਧ ਨਾ ਉਬਲ ਜੇ...।" ਸੁਰਿੰਦਰ ਨੇ ਹਜ਼ੂਰੀਏ ਨਾਲ ਫੜ ਕੇ ਪਤੀਲੀ ਚੁੱਲ੍ਹੇ ਤੋਂ ਲਾਹ ਲਈ।

"...ਅਮਲੀਆ ਸਾਕ ਤਾਂ ਤੈਨੂੰ ਮੈਂ ਕਰਾ ਦੂੰ ਪਰ ਤੂੰ ਆਉਂਦੇ ਜਾਂਦਿਆਂ ਦੀ ਚਾਹ-ਪਾਣੀ ਦੀ ਸੇਵਾ ਕਰ ਦਿਆ ਕਰ...।" ਭਾਈ ਸੁਰਿੰਦਰ ਸਿੰਘ ਨੇ ਮੁਸਕਰਾ ਕੇ ਕਿਹਾ।

"...ਪਰ ਬਾਈ ਸਿਆਂ ਥੋਡੀ ਲਿਆ ਕੇ ਦਿੱਤੀ ਨੇ ਮੇਰੇ ਨਾਲ ਨਿਭਾਉਣੀ ਨੀਂ... ਤੁਸੀਂ ਲਿਆ ਕੇ ਦੇਣੀਆ ਗਾਤਰੇ ਆਲੀ ਤੇ ਮੈਂ ਗਾਤਰਾ ਛਕਿਆ ਨੀਂ...।" ਅਮਲੀ ਨੇ ਗਲਾਸਾਂ ਵਿਚ ਦੁੱਧ ਪਾਉਂਦਿਆਂ ਕਿਹਾ। ਉਹ ਮਲਵਈ ਬੱਬਰ ਵੱਲੋਂ ਕੀਤੇ ਮਖੌਲ ਨੂੰ ਸੱਚ ਸਮਝ ਗਿਆ ਸੀ। ਪੰਜਾਬ ਦੀ ਕਿਸਾਨੀ ਦੀ ਨਿਘਰਦੀ ਹਾਲਤ ਮੈਨੂੰ ਅਮਲੀ ਦੀ ਹਾਲਤ ਵਰਗੀ ਲੱਗੀ ਜੋ ਕਿ ਮਾਨਸਿਕ ਅਤੇ ਸਰੀਰਕ ਲੋੜਾਂ ਦੀ ਅਪੂਰਤੀ ਦੇ ਝੋਰੇ ਨਾਲ ਨਸ਼ਿਆਂ ਵੱਲ ਨੂੰ ਜਾ ਰਹੀ ਸੀ।

"ਤੂੰ ਅਮਲੀਆ ਜਰਦਾ ਜੁਰਦਾ ਤਾਂ ਨੀਂ ਲਾਉਂਦਾ...?" ਇਕ ਸਿੰਘ ਨੇ ਦੁੱਧ ਪੀਣ ਤੋਂ ਪਹਿਲਾਂ ਅਮਲੀ ਨੂੰ ਸਵਾਲ ਕੀਤਾ।

"ਬਈ ਸਿੰਘੋ! ਸੱਚ ਬੋਲਾਂਗਾ... ਝੂਠ ਬੋਲ ਕੇ ਐਵੇਂ ਨਰਕਾਂ ਦੇ ਭਾਗੀ ਨੀਂ ਬਣਨਾ... ਪਹਿਲਾਂ ਪਹਿਲ ਤਾਂ ਮਾੜੀ-ਮੋਟੀ ਕਾਲੀ ਨਾਗਣੀ ਹੀ ਖਾਈਦੀ ਸੀ, ਪਰ ਜਦੋਂ ਦਾ ਸਹੁਰੇ ਦਾ ਰਾਮੂ ਨਾਲ ਰਲਾਇਆ ਏ ਸਾਲੇ ਨੇ ਉਹਨੇ ਗਿਝਾ ਦਿੱਤਾ... ਅਖੇ ਸਰਦਾਰ ਜੀ ਬੜਾ ਨਜ਼ਾਰਾ ਦੇਤਾ ਹੈ ਲਗਾ ਕੇ ਦੇਖੋ...।" ਅਮਲੀ ਹੱਕੀ ਬੱਕੀ ਹਾਲਤ ਵਿਚ ਦੋਵੇਂ ਹੱਥ ਝਾੜ ਗਿਆ।

"...ਫੇਰ ਤਾਂ ਬਈ ਅਸੀਂ ਤੇਰਾ ਦੁੱਧ ਨੀਂ ਛਕ ਸਕਦੇ..." ਸੁਰਿੰਦਰ ਸਿੰਘ ਦੇ ਇਹ ਕਹਿਣ 'ਤੇ ਅਸੀਂ ਗਿਲਾਸ ਥੱਲੇ ਰੱਖ ਦਿੱਤੇ।

"ਇਕ.. ਦੋ.. ਤਿੰਨ.. ਅੱਜ ਤੋਂ ਨੀਂ ਇਸ ਗੰਦ ਨੂੰ ਹੱਥ ਲਾਉਂਦੇ... ਪਰ ਤੁਸੀਂ ਦੁੱਧ ਜ਼ਰੂਰ ਛਕੋ...।" ਅਮਲੀ ਕੰਨਾਂ ਦੀ ਲੌਲ ਫੜ ਗਿਆ। ਉਸ ਨੇ ਆਪਣੀ ਪੱਗ ਸੁਰਿੰਦਰ ਸਿੰਘ ਦੇ ਪੈਰਾਂ 'ਤੇ ਰੱਖਣ ਲਈ ਲਾਹ

ਲਈ ਤੇ ਜਰਦੇ ਵਾਲੀ ਡੱਬੀ ਬਾਰੀ ਵਿਚਦੀ ਬਾਹਰ ਵਗ੍ਹਾ ਮਾਰੀ। ਉਸਦੇ ਕੇਸ ਜੁੜਕੇ ਜਟੂਰੀਆਂ ਬਣੇ ਪਏ ਸਨ।

"ਉਹ ਨਾਂ ਬਈ ਇਹ ਕੀ ਕਰਦੈਂ...?" ਭਾਈ ਸੁਰਿੰਦਰ ਸਿੰਘ ਨੇ ਉਸਦੇ ਹੱਥ ਫੜ ਲਏ।

"...ਦੇਖ ਲਾ ਬਈ ਅਮਲੀਆ ਹੁਣ ਤੋਂ ਬਚਨਾਂ ਤੋਂ ਨਾਂ ਹਾਰੀ ਨਹੀਂ ਅਸੀਂ ਗੁਰੂ ਅੱਗੇ ਝੂਠੇ ਪਵਾਂਗੇ...।" ਬਿੱਟੂ ਨੇ ਅਮਲੀ ਨੂੰ ਟੁਨਕਾਇਆ।

"...ਜਦੋਂ ਕਹਿ ਈ ਦਿੱਤਾ ਬਈ ਹੁਣ ਨੀਂ ਹੱਥ ਲਾਉਂਦਾ... ਫੇਰ ਵੀ ਸਿੱਖਾਂ ਦੇ ਘਰੋਂ ਜੰਮਿਆਂ ਵਾਂ... ਐਨਾ ਮਾੜੇ ਮਨ ਵਾਲਾ ਤਾਂ ਨੀਂ...।" ਅਮਲੀ ਨੇ ਹਿੱਕ 'ਤੇ ਹੱਥ ਮਾਰਿਆ। ਅਸੀਂ ਅਮਲੀ ਦੇ ਹਿੱਕ ਥਾਪੜਣ ਕਰਕੇ ਹੱਸ ਪਏ ਅਤੇ ਦੁੱਧ ਪੀਣ ਲੱਗ ਪਏ।

ਡਾ. ਸਾਬ੍ਹੀ ਨੇ ਦੁੱਧ ਪੀਂਦਿਆਂ ਕਿਹਾ, "ਅਮਲੀਆ ਇਹਦੇ ਖਾਣ ਨਾਲ ਕੈਂਸਰ ਹੋ ਜਾਂਦੈ ਜੁਬਾੜੇ ਵਿਚ...।"

"ਹੈਂ ਕੈਂਸਲ...!" ਅਮਲੀ ਨੂੰ ਕੈਂਸਰ ਦਾ ਨਾਂਅ ਸੁਣਕੇ ਹੋਲ ਪੈਣ ਵਾਲਾ ਹੋ ਗਿਆ। "ਸਹੁੰ ਲੱਗੇ ਵੱਡੇ ਮ੍ਹਾਰਾਜ ਦੀ... ਮੈਂ ਤਾਂ ਹੁਣੇ ਬਾਬੇ ਸ਼ਹੀਦਾਂ ਦੇ ਜਾ ਕੇ ਸਹੁੰ ਪਾ ਕੇ ਆਉਂਨਾ... ਇਹ ਤਾਂ ਸਾਲੀ ਬੜੀ ਭੈੜੀ ਬਿਮਾਰੀ ਏ... ਸਾਡੀ ਪ੍ਰਸਿੰਨੀ ਤਾਈ ਨੂੰ ਹੋਈ ਸੀ... ਵਿਚਾਰੀ ਰੁੱਝ-ਰੁੱਝ ਕੇ ਈ ਮਰ ਗਈ...।" ਅਮਲੀ ਦਾ ਦੰਦੋਕੜਾ ਬੱਜਣ ਲੱਗਾ।

"ਅਮਲੀਆ ਬੰਬੀ ਚਲਾਈਂ ਜਰਾ ਇਸ਼ਨਾਨ ਸੋਧੀਏ...।" ਅੰਮ੍ਰਿਤ ਵੇਲਾ ਹੋਣ ਕਰਕੇ ਭਾਈ ਸੁਰਿੰਦਰ ਸਿੰਘ ਨੇ ਕਿੱਟ ਵਿਚੋਂ ਕਛਿਹਰਾ ਤੋਲੀਆ ਕੱਢ ਲਿਆ।

ਅਸੀਂ ਸਾਰਿਆਂ ਨੇ ਵਾਰੀ ਵਾਰੀ ਇਸ਼ਨਾਨ ਕੀਤਾ ਤੇ ਕੋਠੇ ਵਿਚ ਆ ਕੇ ਸਿਮਰਨ ਕਰਨਾ ਸ਼ੁਰੂ ਕਰ ਦਿੱਤਾ ਫਿਰ ਰਲਕੇ ਪੰਜਾਂ ਬਾਣੀਆਂ ਦਾ ਪਾਠ ਕੀਤਾ।

"...ਤੂੰ ਇਉਂ ਕਰ ਅਮਲੀਆ ਘਰੋਂ ਜਾ ਕੇ ਪ੍ਰਸ਼ਾਦਾ ਪਾਣੀ ਲੈ ਆ ਫਿਰ ਛਕ ਕੇ ਆਰਾਮ ਕਰਾਂਗੇ...।" ਦਿਨ ਚੜ੍ਹਣ ਵਾਲਾ ਸੀ ਚੜ੍ਹਦੇ ਵਿਚ ਸੂਰਜ ਲਾਲੀ ਫੜਣ ਲੱਗਾ ਸੀ। ਜਿਸ ਕਰਕੇ ਭਾਈ ਸੁਰਿੰਦਰ ਸਿੰਘ ਨੇ ਅਮਲੀ ਨੂੰ ਹਾਜਰੀ ਲਿਆਉਣ ਲਈ ਆਖ ਦਿੱਤਾ।

"ਤੁਸੀਂ ਬਾਈ ਜੀ ਮੇਰੇ ਨਾਲ ਆਹ ਕਬੂਤਰ ਜਿਹਾ ਦੇ ਕੇ ਇਕ ਬੰਦਾ ਭੇਜ ਦੇਵੋ... ਰੋਟੀ ਛੇਤੀ ਲਾਹ ਦੂਗੀ ਗਏ ਖਲਣੇ ਦੀ...।" ਅਮਲੀ ਨੇ ਸੁਰਿੰਦਰ ਸਿੰਘ ਦੇ ਸਰਾਹਣੇ ਪਏ ਰਿਵਾਲਵਰ ਵੱਲ ਇਸ਼ਾਰਾ ਕੀਤਾ। ਮੇਰੀ ਡਿਊਟੀ ਅਮਲੀ ਨਾਲ ਘਰੋਂ ਜਾ ਕੇ ਪ੍ਰਸ਼ਾਦਾ ਲਿਆਉਣ ਦੀ ਲੱਗ ਗਈ, ਮੈਂ ਡੱਬ ਵਿਚ ਪਿਸਤੌਲ ਟੰਗ ਕੇ ਅਮਲੀ ਨਾਲ ਸਾਇਕਲ 'ਤੇ ਘਰ ਨੂੰ ਹੋ ਤੁਰਿਆ।

"...ਤੁਸੀਂ ਬਾਈ ਜੀ ਰੋਜ ਈ ਐਨਾ ਪਾਠ ਕਰਦੇ ਓਂ...? ਅਮਲੀ ਨੇ ਸਾਈਕਲ ਚਲਾਉਂਦਿਆਂ ਗੱਲ ਸ਼ੁਰੂ ਕੀਤੀ।

"...ਤੇ ਸਿਰ ਵਿਚ ਪਾਣੀ ਵੀ ਰੋਜ਼ ਈ ਪਾਉਨੇ ਓਂ...? ਅਮਲੀ ਸਵਾਲ 'ਤੇ ਸਵਾਲ ਕਰ ਰਿਹਾ ਸੀ।

"...ਹਾਂ ਅਮਲੀਆ ਇਹ ਸਾਡਾ ਨਿਤਨੇਮ ਐ...।" ਮੈਂ ਸੰਖੇਪ ਜਵਾਬ ਦਿੱਤਾ।

"ਹੱਛਾ...! ਏਨਾ ਪਾਠ ਤਾਂ ਓਂ ਸਾਡਾ... ਸਾਲਾ... ਡੇਰੇ ਆਲਾ ਰੋਡਾ ਸਾਧ ਵੀ ਨੀਂ ਕਰਦਾ ਹੋਣਾ... ਉਹ ਤਾਂ ਫੇਰੇ ਦੇਣਾ ਭੰਗ ਪੀ ਕੇ ਈ ਸੁੱਤਾ ਰਹਿੰਦਾ, ਊਂ... ਤੂੰ ਗੁੱਸਾ ਨਾ ਕਰੀਂ.. ਮਨਦਾ ਤਾਂ ਮੈਂ ਵੀ ਆਂ ਗੁਰੂ ਗੋਬਿੰਦ ਸਿੰਘ ਨੂੰ.... ਥੋੜਾ ਪਾਠ ਕਰਨਾ ਤਾਂ ਮਾੜਾ-ਮੋਟਾ ਮੇਰੀ ਸਮਝ ਵਿਚ ਪੈ ਗਿਆ ਸੀ ਪਰ ਆਹ ਪਾਠ ਤੋਂ ਪਹਿਲਾਂ

ਜਿਹੜਾ ਦੋ ਘੰਟੇ ਘਰੂੰ-ਘਰੂੰ ਜਿਹੀ ਕਰਕੇ ਕਬੂਤਰ ਜਿਹੇ ਬੁਲਾਉਂਦੇ ਰਹੇ ਓ ਉਹ ਨਹੀਂ ਪੱਲੇ ਪਿਆ ਕੱਖ...।" ਅਮਲੀ ਗੱਲ ਕਰਦਾ ਲੰਮੀ ਹੇਕ ਲਗਾ ਗਿਆ। ਸਾਡਾ ਸਵਾਸ-ਗਰਾਸ ਵਿਧੀ ਨਾਲ ਸਿਮਰਨ ਕਰਨਾ ਅਮਲੀ ਦੀ ਸਮਝ ਤੋਂ ਬਾਹਰ ਦੀ ਖੇਡ ਸੀ।

"...ਓਏ ਅਮਲੀਆ ਉਦੋਂ ਵਾਹਿਗੁਰੂ.. ਵਾਹਿਗੁਰੂ.. ਕਰਦੇ ਹੁੰਦੇ ਆ... ਅੰਮ੍ਰਿਤ ਛਕਣ ਵੇਲੇ ਪੰਜ ਪਿਆਰੇ ਇਵੇਂ ਹੀ ਦੱਸਦੇ ਹੁੰਦੇ ਆ...।" ਮੈਂ ਅਮਲੀ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ।

"ਹੱਛਾ..!! ਬੜਾ ਕਸੂਤਾ ਜਿਹਾ ਕੰਮ ਏ... ਐਨਾ ਜੋਰ ਤਾਂ ਸੋਹਰੀ ਦਾ ਮੱਝ ਸੁਵਾਉਣ 'ਤੇ ਵੀ ਨੀਂ ਲੱਗਦਾ... ਬਈ ਗਾਤਰਾ ਛਕਲਾ ਤਾਂ ਬਾਹਲਾ ਔਖੈ... ਮਾੜਕੂ ਵਰਗੇ ਤੋਂ ਤਾਂ ਰੋਜ਼ ਸਿਰ ਗਿੱਲਾ ਨੀਂ ਕਰ ਹੋਣਾ... ਨਾਲੇ ਬਾਈ ਜੀ ਨਸ਼ੇ ਪੱਤੇ ਆਲਾ ਬੰਦਾ ਤਾਂ ਚਾਰ ਛਿੱਟੇ ਪਾਣੀ ਦੇ ਪੈਣ ਨਾਲ ਇਉਂ ਜੁੜ ਜਾਂਦਾ ਜਿਵੇਂ ਠੱਕੇ 'ਚ ਬੱਕਰੀ...।" ਅਮਲੀ ਨੇ ਮੈਨੂੰ ਰਮਜ਼ ਸਮਝਾਉਣ ਵਾਂਗ ਕਿਹਾ।

"ਧੰਨ ਆ ਬਈ ਥੋਡੀ ਕਮਾਈ... ਸਿੱਖੀ ਤਿੱਖੀ ਏ ਖੰਡੇ ਦੀ ਧਾਰ ਨਾਲੋਂ ਤਾਹੀਉਂ ਤਾਂ ਨਿਭਾਉਣੀ ਔਖੀ ਏ...।" ਅਮਲੀ ਨੇ ਹੇਕ ਚੁੱਕ ਦਿੱਤੀ। ਪਰ ਸਾਂਹ ਚੜ੍ਹਿਆ ਹੋਣ ਕਰਕੇ ਹੇਕ ਵਿਚਾਲੇ ਹੀ ਟੁੱਟ ਗਈ। ਅਮਲੀ ਦਾ ਕਮਜ਼ੋਰ ਹੋ ਚੁੱਕਾ ਸਰੀਰ ਸਾਇਕਲ ਚਲਾਉਣੋ ਅਸਮਰਥ ਸੀ।

"ਲਿਆ ਅਮਲੀਆ.. ਮੈਂ ਚਲਾ ਲੈਨਾਂ ਜੇ ਥੱਕ ਗਿਐ ਤਾਂ...।" ਸਾਇਕਲ ਤੋਂ ਉਤਰ ਕੇ ਮੈਂ ਹੈਂਡਲ ਫੜ ਲਿਆ।

"...ਊਂ ਤਾਂ ਬਾਈ ਜੀ ਜਦੋਂ ਖਾਧੀ ਹੋਵੇ ਨਾ ਕਾਂ ਦੇ ਸਿਰ ਜਿੱਡੀ... ਉਦੋਂ ਤਾਂ ਆਪਾ ਫੱਟੇ ਚੱਕ ਦਈਦੇ ਆ... ਪਰ ਅੱਜ ਥੋਡੇ ਕੋਲੋਂ ਡਰਦਿਆਂ ਨੇ ਮਾਵਾ-ਸ਼ਾਵਾ ਨਹੀਂ ਛਕਿਆ... ਤਾਂਹੀਉਂ ਸਹੁਰਾ ਸਰੀਰ ਕੁਸ਼ ਕੰਡੇ 'ਚ ਨੀਂ ਹੈਗਾ... ਜਦੋਂ ਖਾਧੀ ਹੋਵੇ ਤਾਂ ਭਾਵੇਂ ਗੱਡੇ ਨਾਲ ਜੋੜ ਦਿਉ... ਸੈਕਲ ਤਾਂ ਕਹਿੜੀ ਗੱਲ ਆ...।" ਕਹਿ ਕੇ ਅਮਲੀ ਸਾਇਕਲ ਦੇ ਪਿਛਾੜੀ ਬੈਠ ਗਿਆ ਤੇ ਮੈਂ ਸਾਇਕਲ ਚਲਾਉਣ ਲੱਗਿਆ।

ਹੁਣ ਤਕ ਸੂਰਜ ਕਾਫੀ ਚੜ੍ਹ ਆਇਆ ਸੀ। ਕੋਈ ਦੋ ਕੁ ਕਿਲੋਮੀਟਰ ਵਾਟ ਤਹਿ ਕਰ ਕੇ ਅਸੀਂ ਅਮਲੀ ਦੇ ਪਿੰਡ ਵਿਚ ਵੜ ਗਏ। ਪਿੰਡ ਕਾਫੀ ਪਛੜਿਆ ਹੋਇਆ ਜਾਪਦਾ ਸੀ। ਪਿੰਡ ਦੀ ਫਿਰਨੀ ਅਤੇ ਗਲੀਆਂ ਨਾਲੀਆਂ ਕੱਚੀਆਂ ਹੀ ਸਨ। ਮਕਾਨ ਅੱਧ ਕੱਚੇ-ਪੱਕੇ ਸਨ। ਕਈ ਪੱਕੇ ਮਕਾਨ ਟੀਪ ਜਾਂ ਪਲੱਸਤਰ ਤੋਂ ਬਗੈਰ ਹੀ ਖਲੋਤੇ ਸਨ ਤੇ ਸਾਰੇ ਕੱਚੇ ਮਕਾਨ ਗੋਹੇ ਮਿੱਟੀ ਨਾਲ ਲਿੱਪੇ ਹੋਏ ਸਨ।

ਇਕ ਵਿੰਗ ਤੜਿੰਗੀ ਜਿਹੀ ਗਲੀ ਵੱਲ ਇਸ਼ਾਰਾ ਕਰਕੇ ਅਮਲੀ ਬੋਲਿਆ, "...ਆ ਬਾਈ ਸਿੰਹਾਂ ਐਸ ਗਲੀ ਵਿਚ ਨੂੰ ਮੋੜ ਲੈ, ਸਭ ਤੋਂ ..'ਖੀਰ 'ਤੇ ਆਪਣਾ ਈ ਘਰ ਆ...।"

ਮੈਂ ਸਾਇਕਲ ਕੰਧ ਨਾਲ ਲਗਾ ਦਿੱਤਾ ਤਾਂ ਅਮਲੀ ਨੇ ਲੱਕੜ ਦੇ ਦਰਵਾਜੇ ਨੂੰ ਧੱਫਾ ਮਾਰ ਕੇ ਖੜਕਾਉਂਦਿਆਂ ਵਾਜ ਮਾਰੀ, "ਉਏ ਦਰਵਾਜਾ ਖੋਲ੍ਹ ਦਿਓ... ਜਲਦੀ ਕੋਰਾਂ... ਰੋਟੀ ਲੈ ਕੇ... ... ..." ਹਾਲੇ ਆਵਾਜ਼ ਅਮਲੀ ਦੇ ਮੂੰਹ ਵਿਚ ਹੀ ਕਿ ਅੰਦਰੋਂ ਕੋਈ ਜ਼ਨਾਨਾ ਅਵਾਜ਼ ਉਭਰੀ।

"ਜਏ ਖਾਣੇ ਦਾ ਆ ਵੱਜਦਾ ਏ ਸਾਝਰੇ ਈ ਮੱਥੇ... ਪਤਾ ਨੀਂ ਏਹ ਨੂੰ ਤੜਕੇ-ਤੜਕੇ ਭੋਖੜਾ ਕਿੱਥੋਂ ਲਗ ਜਾਂਦਾ ਏ...?" ਅਵਾਜ਼ ਦੇ ਅੰਦਾਜ਼ ਤੋਂ ਮੈਂ ਅੰਦਾਜ਼ਾ ਲਗਾ ਲਿਆ ਕਿ ਬੋਲਣ ਵਾਲੀ ਜ਼ਰੂਰ ਅਮਲੀ ਦੀ ਭਰਜਾਈ ਹੋਵੇਗੀ। ਹਾਲੇ ਮੇਰੀ ਸੋਚ ਦੀ ਲੜੀ ਟੁੱਟੀ ਨਹੀਂ ਸੀ ਕਿ ਇਕ ਲੰਮੀ ਉੱਚੀ ਮਲਵੈਣ ਨੇ ਦਰਵਾਜਾ ਖੋਲ੍ਹਿਆ ਤਾਂ ਮੈਂ ਆਪਣਾ ਫਰਜ਼ ਸਮਝਦੇ ਹੋਏ ਉਸ ਨੂੰ ਸਤਿ ਸ੍ਰੀ ਅਕਾਲ ਬੁਲਾਈ।

"ਸਾਸਰੀ ਕਾਲ ਬਾਈ ਜੀ...!!" ਉਸਦੇ ਜਵਾਬ ਵਿਚ ਓਪਰੇ ਬੰਦੇ ਨੂੰ ਦੇਖ ਕੇ ਆਈ ਘਬਰਾਹਟ

ਸਪੱਸ਼ਟ ਝਲਕ ਰਹੀ ਸੀ।

"ਆਜੋ ਬਾਈ ਜੀ...।" ਲੰਘ ਆਏ ਅਮਲੀ ਨੇ ਅੰਦਰ ਵੜ ਕੇ ਮੈਨੂੰ ਹੱਥ ਮਾਰ ਦਿੱਤਾ।

ਅਮਲੀ ਦਾ ਸਾਰਾ ਟੱਬਰ ਮੇਰੇ ਵੱਲ ਹੈਰਾਨਗੀ ਨਾਲ ਦੇਖ ਰਿਹਾ ਸੀ। ਅਮਲੀ ਦੇ ਘਰ ਦੇ ਬਰਾਂਡੇ ਦੀ ਕੱਚੀ ਕੰਧ ਉਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਤਸਵੀਰ ਲਟਕ ਰਹੀ ਸੀ। ਅਮਲੀ ਦੀ ਭਰਜਾਈ ਮੈਨੂੰ ਗਰਮ ਗਰਮ ਦੁੱਧ ਦਾ ਗਿਲਾਸ ਫੜਾ ਗਈ ਅਤੇ ਵਿਹੜੇ ਵਿਚ ਲੱਗੀ ਨਿੰਮ ਦੇ ਥੱਲੇ ਬਣਾਏ ਕੰਧੋਲੀ ਵਾਲੇ ਚੁਲ੍ਹੇ ਚੌਂਕੇ ਵਿਚ ਰੋਟੀ ਪਾਣੀ ਦਾ ਇੰਤਜ਼ਾਮ ਕਰਨ ਲੱਗ ਪਈ। ਅਮਲੀ ਦਾ ਛੋਟਾ ਭਰਾ ਸਾਬਤ ਸੂਰਤ ਗੁਰਸਿੱਖੀ ਦਿੱਖ ਵਾਲਾ ਨੌਜਵਾਨ ਸੀ। ਉਸ ਨੇ ਮੇਰੇ ਨਾਲ ਹੱਥ ਮਿਲਾਇਆ ਤੇ ਆਪਣਾ ਚਾਦਰਾ ਕਲੰਜ ਕੇ ਮੇਰੇ ਕੋਲ ਬਰਾਂਡੇ ਵਿਚ ਡਹੇ ਮੰਜੇ 'ਤੇ ਬੈਠ ਗਿਆ।

"ਹੋਰ ਬਾਈ ਜੀ ਕਿਵੇਂ ਚਲਦਾ ਗੁਜ਼ਾਰਾ...?" ਮੈਂ ਮਲਵਈ ਭਾਸ਼ਾ ਦੀ ਵਰਤੋਂ ਕਰਦਿਆਂ ਅਮਲੀ ਦੇ ਭਰਾ ਨੂੰ ਸਵਾਲ ਕੀਤਾ।

"...ਗੁਜ਼ਾਰਾ ਤਾਂ ਬਾਈ ਜੀ ਠੀਕ-ਠਾਕ ਈ ਆ... ਜ਼ਮੀਨਾਂ ਥੋੜ੍ਹੀਆਂ ਰਹਿ ਗਈਆਂ ਨੇ ਤੇ ਮਰਨੇ ਵਿਆਹਾਂ ਦੇ ਖਰਚੇ ਅਸੀਂ ਫੁਕਰਪੁਣੇ ਵਿਚ ਵਧਾ ਲਏ ਆ... ਫਸਲ-ਬਾੜੀ ਦਾ ਮੁੱਲ ਬਗਾਨੇ ਲਾਉਂਦੇ ਆ... ਬੱਸ ਢਿੱਡ ਰੁੜੀ ਜਾਂਦਾ ਸਮਝੋ..।" ਅਮਲੀ ਦੇ ਭਰਾ ਨੇ ਡੱਬੀਆਂ ਵਾਲਾ ਸਾਫਾ ਸਿਰ ਤੋਂ ਲਾਹ ਕੇ ਝੜ ਚੁੱਕੇ ਕੇਸਾਂ ਦਾ ਜੂੜਾ ਕਰਦਿਆਂ ਉਤਰ ਦਿੱਤਾ।

"...ਬੱਚਤ-ਬੁੱਚਤ ਹੋ ਜਾਂਦੀ ਆ ਕੁਸ਼...?" ਮੈਨੂੰ ਖੇਤੀ ਦੀ ਬੱਚਤ ਦਾ ਪਤਾ ਹੀ ਸੀ ਪਰ ਮੈਂ ਅਮਲੀ ਦੇ ਭਰਾ ਦਾ ਰੌਂਅ ਦੇਖਣ ਲਈ ਸਵਾਲ ਕਰ ਦਿੱਤਾ।

"...ਖੇਤੀ 'ਚੋਂ ਬੱਚਤ ਭਾਲਣਾ ਤਾਂ ਝੋਟਿਆਂ ਦੇ ਘਰੋਂ ਲੱਸੀ ਭਾਲਣਾ ਈ ਆਂ, ਦਵਾਈਆਂ, ਖਾਦਾਂ ਤੇ ਬੀਜ ਅਸਮਾਨ ਨੂੰ ਛੂੰਹਦੇ ਆ...। ਲੈ ਦੇ ਕੇ ਰੇਅ, ਤੇਲ ਦਾ ਖਰਚਾ ਹੀ ਮਸਾਂ ਮੁੜਦਾ ਏ... ਉਤੋਂ ਸਾਲਾ ਆ ਸੂਦਾਂ 'ਤੇ ਚੁੱਕਿਆ ਹੋਇਆ ਕਰਜ਼ਾ ਸੂਦ 'ਤੇ ਸੂਦ ਲੱਗਕੇ ਦੂੱਗਣਾ ਹੋਈ ਜਾਂਦੈ... ਬਸ ਫਸੇ ਮਾਰ ਖਾ ਰਹੇ ਆਂ ਭਰਾਵਾ....।" ਅਮਲੀ ਦੇ ਭਰਾ ਨੇ ਲੰਮਾ ਹਉਕਾ ਖਿੱਚਿਆ।

"ਲਓ ਬਾਈ ਜੀ ਪ੍ਰਸ਼ਾਦਾ ਛਕੋ...।" ਅਮਲੀ ਦੀ ਭਰਜਾਈ ਥਾਲੀ ਵਿਚ ਰੋਟੀ ਪਾ ਕੇ ਲੈ ਆਈ ਤੇ ਗੜਵੀ ਵਿਚਲੇ ਪਾਣੀ ਨਾਲ ਮੇਰੇ ਹੱਥ ਸੁੱਚੇ ਕਰਵਾਉਂਦੀ ਹੋਈ ਬੋਲੀ। ਘਰ ਦੀ ਰਿੜਕੀ ਲੱਸੀ, ਸਰ੍ਹੋਂ ਦੇ ਸਾਗ ਤੇ ਮੱਕੀ ਦੀ ਰੋਟੀ ਨੇ ਮੈਨੂੰ ਘਰ ਦੀ ਯਾਦ ਤਾਜ਼ਾ ਕਰਵਾ ਦਿੱਤੀ।

ਮੈਨੂੰ ਜਿਥੇ ਸਰਮਾਏਦਾਰੀ ਆੜ੍ਹਤੀ ਸਮਾਜ ਦੇ ਵਿਆਜ 'ਤੇ ਵਿਆਜ ਲਗਾ ਕੇ ਕਿਸਾਨੀ ਨੂੰ ਕਮਜ਼ੋਰ ਕਰਨ 'ਤੇ ਚੀ ਚੜ੍ਹ ਰਹੀ ਸੀ, ਉਥੇ ਨਾਲੋਂ-ਨਾਲ ਕਿਸਾਨ ਸਮਾਜ ਦੀਆਂ ਵਿਗੜੀਆਂ ਜੱਟਵੈੜ ਆਦਤਾਂ 'ਤੇ ਵੀ ਗੁੱਸਾ ਆ ਰਿਹਾ ਸੀ ਜੋ ਕਿ ਗਰੀਬ ਕਿਸਾਨੀ ਨੂੰ ਹੋਰ ਗਰੀਬ ਕਰਨ ਲਈ ਵੱਡੀ ਹਾਲਤ ਤਕ ਜ਼ਿੰਮੇਵਾਰ ਸਨ। ਰੋਟੀ ਖਾਣ ਤੋਂ ਬਾਅਦ ਜਦੋਂ ਮੈਂ ਹੱਥ ਧੋ ਚੁੱਕਾ ਤਾਂ ਅਮਲੀ ਦੀ ਭਰਜਾਈ ਪੋਣੇ ਵਿਚ ਕਾਫੀ ਸਾਰੀਆਂ ਰੋਟੀਆਂ ਅਤੇ ਇਕ ਡੱਬੇ ਵਿਚ ਸਾਗ ਤੇ ਇਕ ਹੋਰ ਡੱਬੇ ਵਿਚ ਲੱਸੀ ਪਾ ਲਿਆਈ। ਇਸ ਵਾਰ ਅਮਲੀ ਦਾ ਭਰਾ ਮੈਨੂੰ ਖੇਤ ਤਕ ਛੱਡਣ ਲਈ ਨਾਲ ਆ ਗਿਆ। ਅਮਲੀ ਨੂੰ ਉਸਨੇ ਦੁਪਹਿਰ ਦੀ ਚਾਹ ਲੈ ਕੇ ਆਉਣ ਲਈ ਆਖ ਦਿੱਤਾ। ਰਸਤੇ ਵਿਚ ਅਮਲੀ ਦੇ ਭਰਾ ਨੇ ਗੱਲਾਂ-ਗੱਲਾਂ ਵਿਚ ਮੈਥੋਂ ਜਥੇਬੰਦੀ ਬਾਰੇ ਪੁੱਛ ਲਿਆ। ਮੇਰੇ ਬੱਬਰ ਖ਼ਾਲਸਾ ਬਾਰੇ ਦੱਸਣ 'ਤੇ ਉਹ ਸ਼ਰਧਾ ਨਾਲ ਭਰ ਗਿਆ।

ਦੁਪਹਿਰੇ ਅਮਲੀ ਦੁੱਧ ਦਾ ਡੋਲੂ ਭਰਵਾ ਲਿਆਇਆ। ਦੁੱਧ ਪੀਣ ਬਾਅਦ ਅਸੀਂ ਸੁਖਮਨੀ ਸਾਹਿਬ ਦਾ ਪਾਠ ਕੀਤਾ ਅਤੇ ਸ਼ਾਮ ਦੀ ਉਡੀਕ ਕਰਨ ਲੱਗੇ। ਕਿਉਂਕਿ ਦਿਨੇ ਸਫਰ ਕਰਨਾ ਠੀਕ ਨਹੀਂ ਸੀ। ਸਾਡਾ ਅੱਜ

ਸ਼ਾਮ ਦਾ ਪ੍ਰੋਗਰਾਮ ਭਾਈ ਸੁਰਿੰਦਰ ਸਿੰਘ ਦੀ ਇਕ ਨਾਹਰ ਉਤੇ ਤਲਵੰਡੀ ਭਾਈ ਕੋਲ ਪਹੁੰਚਣ ਦਾ ਸੀ। ਉਥੋਂ ਭਾਈ ਲਛਮਣ ਸਿੰਘ ਹੋਰਾਂ ਨੇ ਆਪਣੇ ਏਰੀਏ ਬਠਿੰਡੇ ਵੱਲ ਨਿਕਲ ਜਾਣਾ ਸੀ ਤੇ ਅਸੀਂ ਮੋਗੇ ਏਰੀਏ ਵਿਚ ਲਿਬਰੇਸ਼ਨ ਫੋਰਸ ਦੇ ਸਿੰਘਾਂ ਨੂੰ ਮਿਲਣਾ ਸੀ।

"ਤੂੰ ਇਓਂ ਕਰ ਅਮਲੀਆ ਸਾਨੂੰ ਕਿਸੇ ਟਰੈਕਟਰ ਵਾਲੇ ਘਰੇ ਲੈ ਚੱਲ, ਪਰ ਟਰੈਕਟਰ ਨਵਾਂ ਹੋਵੇ...."। ਭਾਈ ਲਛਮਣ ਸਿੰਘ ਨੇ ਅਮਲੀ ਨੂੰ ਕਿਹਾ ਸ਼ਾਮ ਨੂੰ ਰਹਿਰਾਸ ਦਾ ਪਾਠ ਕਰਨ ਉਪਰੰਤ ਸਾਰੇ ਦਾ ਸਾਰਾ ਕਾਫਲਾ ਅਮਲੀ ਦੇ ਇਸ਼ਾਰੇ ਨਾਲ ਪਿੰਡ ਦੇ ਸਰਪੰਚ ਦੇ ਘਰ ਜਾ ਵੜਿਆ। ਅਮਲੀ ਨੇ ਸਰਪੰਚ ਦੇ ਘਰੇ ਨਵਾਂ ਫੋਰਡ ਟਰੈਕਟਰ ਹੋਣ ਦੀ ਖਬਰ ਦਿੱਤੀ ਸੀ।

"ਔਹ ਏ ਬਾਈ ਜੀ ਚੁਬਾਰੇ ਵਾਲਾ ਘਰ ਸਰਪੰਚਾਂ ਦਾ.... ਹੁਣ ਮੈਂ ਵਾਪਸ ਮੁੜਦਾ ਵਾਂ..।" ਅਮਲੀ ਘਰ ਵੱਲ ਨੂੰ ਇਸ਼ਾਰਾ ਕਰਕੇ ਵਾਪਸ ਮੁੜ ਗਿਆ।

o-----o-----o

ਕਾਂਡ 13

ਅਸੀਂ ਸਰਪੰਚ ਦਾ ਦਰਵਾਜ਼ਾ ਖੜਕਾ ਦਿੱਤਾ। ਪਰ ਅੰਦਰੋਂ ਕੋਈ ਜਵਾਬ ਨਾ ਆਇਆ ਤਾਂ ਲਛਮਣ ਸਿੰਘ ਕੰਧ ਟੱਪ ਕੇ ਅੰਦਰ ਚਲਿਆ ਗਿਆ ਤੇ ਵਿਹੜੇ ਵਿਚਲੇ ਮੇਨ ਗੇਟ ਦਾ ਕੁੰਡਾ ਖੋਲ੍ਹ ਦਿੱਤਾ। ਅਸੀਂ ਸਾਰੇ ਜਣੇ ਵਿਹੜੇ ਵਿਚ ਚਲੇ ਗਏ।

''ਸਰਪੰਚ ਸਾਹਿਬ! ਬਾਹਰ ਆਇਓ ਜ਼ਰਾ...।'' ਲਛਮਣ ਨੇ ਪੌੜੀਆਂ ਚੜ੍ਹ ਕੇ ਚੁਬਾਰੇ ਦਾ ਦਰਵਾਜ਼ਾ ਖੜਕਾਇਆ।

''ਡਰੋ ਨਾ ਅਸੀਂ ਬੱਬਰ ਹਾਂ ਕੋਈ ਚੋਰ ਡਾਕੂ ਨਹੀਂ...।'' ਸੁਰਿੰਦਰ ਸਿੰਘ ਦੀ ਆਵਾਜ਼ ਸੁਣ ਕੇ ਸਰਪੰਚ ਨੇ ਬੱਤੀ ਜਗਾ ਲਈ। ਤਾਕੀ ਵਿਚ ਲੱਗੇ ਪਾਰਦਰਸ਼ੀ ਸ਼ੀਸ਼ੇ ਰਾਹੀਂ ਅੰਦਰ ਦੀ ਸਥਿਤੀ ਸਪੱਸ਼ਟ ਦਿਖ ਰਹੀ ਸੀ।

''ਤੁਸੀਂ ਦਰਵਾਜ਼ਾ ਨਾ ਖੋਲ੍ਹੋ ਉਨ੍ਹਾਂ ਕੋਲ ਹਥਿਆਰ ਨੇ..।'' ਸਰਪੰਚ ਦੀ ਪਤਨੀ ਨੇ ਤਰਲਾ ਪਾਉਂਦਿਆਂ ਕਿਹਾ।

''ਕੋਈ ਗੱਲ ਨੀਂ ਭੈਣ ਜੀ ਸਾਡੀ ਕੋਈ ਮਾੜੀ ਨੀਤ ਨਹੀਂ, ਸਾਡੇ ਤੁਹਾਡੇ ਵਿਚਕਾਰ ਗੁਰੂ ਹੈ...।'' ਸੁਰਿੰਦਰ ਸਿੰਘ ਨੇ ਆਵਾਜ਼ ਮਾਰ ਕੇ ਹੌਂਸਲਾ ਵਧਾਇਆ।

''....ਕੋਈ ਗੱਲ ਨੀਂ.. ਮੈਨੂੰ ਖਾਣ ਨੀਂ ਲੱਗੇ ਉਨ੍ਹਾਂ ਗੁਰੂ ਦਾ ਵਾਸਤਾ ਪਾਇਆ ਏ...।'' ਸਰਪੰਚ ਨੇ ਉਠ ਕੇ ਸਾਫਾ ਲਪੇਟਿਆ।

''ਤੇ ਜੇ ਲੁਟੇਰੇ ਹੋਏ ਫੇਰ...।'' ਸਰਪੰਚ ਦੀ ਪਤਨੀ ਨੇ ਚਿੰਤਾ ਪ੍ਰਗਟ ਕੀਤੀ।

''ਤਾਂ ਫਿਰ ਆਹ ਕਾਹਦੇ ਲਈ ਆ, ਤੂੰ ਅੱਗਾ ਪਿੱਛਾ ਨਾ ਦੇਖੀਂ, ਬਸ ਘੋੜਾ ਦੱਬ ਦਵੀਂ...।'' ਸਰਪੰਚ ਨੇ ੩੧੫ ਬੋਰ ਦੀ ਰਾਈਫਲ ਲੋਡ ਕਰਕੇ ਘਰਵਾਲੀ ਦੇ ਹੱਥ ਫੜਾਉਂਦਿਆਂ ਕਿਹਾ ਤੇ ਬੂਹਾ ਖੋਲ੍ਹ ਦਿੱਤਾ।

ਸਾਡੇ ਵਿਚੋਂ ਕੋਈ ਵੀ ਸਿੰਘ ਅੰਦਰ ਨਹੀਂ ਵੜਿਆ ਤੇ ਬਾਹਰ ਨਿਕਲਦੇ ਸਾਰ ਹੀ ਸਰਪੰਚ ਨੂੰ ਫਤਹਿ ਬੁਲਾ ਦਿੱਤੀ। ਸਰਪੰਚ ਦੀ ਘਰਵਾਲੀ ਚੁਬਾਰੇ ਦਾ ਅੱਧਾ ਕੁ ਬੂਹਾ ਢੋਅ ਕੇ ਰਾਈਫਲ ਦੀ ਬੈਰਲ ਸਾਡੇ ਵੱਲ ਨੂੰ ਸੇਧੀ ਖੜ੍ਹੀ ਸੀ।

''ਹਾਂ ਜੀ, ਬਾਬਾ ਜੀ ਕੀ ਹੁਕਮ ਹੈ...।'' ਸਰਪੰਚ ਨੇ ਸੁਰਿੰਦਰ ਸਿੰਘ ਵੱਲ ਵੇਂਹਦਿਆਂ ਕਿਹਾ।

''ਅਸੀਂ ਤਾਂ ਦਰਵਾਜ਼ਾ ਨੀਂ ਸੀ ਖੋਲ੍ਹਦੇ ਕਿ ਅੱਜ ਕੱਲ੍ਹ ਪੁਲਿਸ ਵੀ ਆ ਵੜਦੀ ਆ ਰਾਤਾਂ ਨੂੰ, ਲੁੱਟਮਾਰ ਵੀ ਕਰਦੇ ਨੇ ਤੇ ਮੁੜ ਕੇ ਪਨਾਹ ਦੇ ਕੇਸ ਵਿਚ ਫੜ੍ਹ ਕੇ ਵੀ ਲੈ ਜਾਂਦੇ ਨੇ...।'' ਸਰਪੰਚ ਨੇ ਆਪਣੇ ਵਲੋਂ ਸਫਾਈ ਦਿੱਤੀ। ''ਤੁਸੀਂ ਬੇਫਿਕਰ ਰਹੋ ਬੱਬਰ ਅਜਿਹੇ ਕੰਮ ਨਹੀਂ ਕਰਦੇ ਅਸੀਂ ਤਾਂ ਲੁਟੇਰਾ ਅਨਸਰਾਂ ਨੂੰ ਸੋਧਣ ਵਿਚ ਯਕੀਨ ਰੱਖਦੇ ਹਾਂ। ਜਿਨ੍ਹਾਂ ਕਰਕੇ ਸੰਘਰਸ਼ ਦੀ ਬਦਨਾਮੀ ਹੋ ਰਹੀ ਆ''। ਡਾਕਟਰ ਸਾਬ੍ਹੀ ਨੇ ਲੋਈ ਵਿਚ ਲੁਕੋਈ

ਹੋਈ ਅਸਾਲਟ ਕੱਢ ਕੇ ਮੋਢੇ 'ਤੇ ਰੱਖ ਲਈ।

"ਬੱਸ ਅੱਜ ਦੀ ਰਾਤ ਲਈ ਤੁਹਾਡਾ ਟਰੈਕਟਰ ਚਾਹੀਦੈ...। ਸਵੇਰੇ ਪਿੰਡ ਕੱਸੋਆਣਾ ਕੋਲੇ ਛੱਡ ਜਾਂਵਾਂਗੇ...।" ਸੁਰਿੰਦਰ ਸਿੰਘ ਨੇ ਸਵਾਲ ਕਰਕੇ ਦਾੜ੍ਹੀ ਉੱਪਰ ਹੱਥ ਫੇਰਿਆ। ਸਰਪੰਚ ਨੇ ਬਿਨਾਂ ਕਿਸੇ ਹੀਲ ਹੁੱਜਤ ਟਰੈਕਟਰ ਦੀਆਂ ਚਾਬੀਆਂ ਫੜ੍ਹਾ ਦਿੱਤੀਆਂ।

ਸੁਰਿੰਦਰ ਸਿੰਘ ਟਰੈਕਟਰ ਚਲਾਉਣ ਲੱਗ ਪਿਆ, ਲਛਮਣ ਫੱਟੇ 'ਤੇ ਬੈਠ ਗਿਆ ਬਿੱਟੂ ਤੇ ਡਾਕਟਰ ਸਾਬ੍ਹੀ ਸੱਜੇ ਪਾਸੇ ਦੇ ਮਡਗਾਰਡ ਤੇ ਮੈਂ ਖੱਬੇ ਪਾਸੇ ਮਡਗਾਰਡ 'ਤੇ ਬੈਠ ਗਿਆ। ਹੁਣ ਟਰੈਕਟਰ ਫਿਰੋਜ਼ਪੁਰ-ਜ਼ੀਰਾ ਰੋਡ ਉੱਪਰ ਆਪਣੀ ਪੂਰੀ ਸਪੀਡ ਨਾਲ ਭੱਜ ਰਿਹਾ ਸੀ।

"ਲਓ ਬਈ ਸਿੰਘੋ ਜੋੜੀਆਂ ਨਹਿਰਾਂ ਦੇ ਪੁਲ 'ਤੇ ਨਾਕਾ ਹੋਣੈ, ਆਪੋ ਆਪਣੇ ਹਥਿਆਰਾਂ ਦੇ ਲਾਕ ਖੋਲ੍ਹ ਕੇ ਤਿਆਰ-ਬਰ-ਤਿਆਰ ਹੋ ਜਾਓ...।" ਭਾਈ ਸੁਰਿੰਦਰ ਸਿੰਘ ਹੋਰਾਂ ਨੇ ਚਿਤਾਵਨੀ ਦਿੱਤੀ।

ਸਾਰਿਆਂ ਨੇ ਹਥਿਆਰ ਸਾਂਭ ਲਏ। ਲਛਮਣ ਸਿੰਘ ਟਰੈਕਟਰ ਦੀ ਲੈਫਟ ਵਿਚ ਲੱਗੇ ਫੱਟੀ ਨੁਮਾ ਲੋਹੇ ਦੇ ਡੰਡੇ 'ਤੇ ਡਰੰਮ ਮੈਗਜ਼ੀਨ ਵਾਲੀ ਅਸਾਲਟ ਫੜ ਕੇ ਖਲੋ ਗਿਆ। ਸਾਰੀ ਸੜਕ ਸੁੰਨਸਾਨ ਪਈ ਸੀ। ਨਹਿਰ ਦੇ ਪੁੱਲ ਉੱਤੇ ਸੀ.ਆਰ.ਪੀ. ਅਤੇ ਪੰਜਾਬ ਪੁਲਿਸ ਦੀ ਸਾਂਝੀ ਪਾਰਟੀ ਦਾ ਨਾਕਾ ਲੱਗਿਆ ਹੋਇਆ ਸੀ।

"ਕਿਹੜੇ ਓ ਬਈ...?" ਇਕ ਸਰਦਾਰ ਸਿਪਾਹੀ ਨੇ ਬੈਟਰੀ ਜਗਾ ਕੇ ਰੁਕਣ ਦਾ ਇਸ਼ਾਰਾ ਕੀਤਾ ਤਾਂ ਸੁਰਿੰਦਰ ਸਿੰਘ ਨੇ ਰੇਸ ਲੀਵਰ 'ਤੇ ਹੋਰ ਦਬਾਅ ਪਾ ਦਿੱਤਾ। ਬੈਟਰੀ ਵਾਲੇ ਨੂੰ ਕਰਾਸ ਕੀਤਾ ਹੀ ਸੀ ਕਿ ਪੁਲ ਦੇ ਇਕ ਕਿਨਾਰੇ ਮੋਰਚੇ ਵਿਚ ਬੈਠੇ ਸੀ.ਆਰ.ਪੀ. ਵਾਲੇ ਨੇ ਆਪਣੀ ਐਸ.ਐਲ.ਆਰ. ਟਰੈਕਟਰ ਵੱਲ ਨੂੰ ਸੇਧ ਲਈ ਤਾਂ ਲਛਮਣ ਸਿੰਘ ਦੀ ਅਸਾਲਟ ਨੇ ਦਰੜ-ਦਰੜ ਦੀ ਭਿਆਨਕ ਆਵਾਜ਼ ਨਾਲ ਆਪਣੇ ਮੂੰਹ ਵਿਚੋਂ ਗਿੱਠ ਲੰਮੀ ਲਾਟ ਕੱਢੀ ਤੇ ਸੱਤ-ਅੱਠ ਗੋਲੀਆਂ ਦਾ ਇਕੱਠਾ ਬ੍ਰਸਟ ਵੱਜਣ ਕਰਕੇ ਸੀ.ਆਰ.ਪੀ. ਵਾਲਾ ਵਗਦੀ ਨਹਿਰ ਵਿਚ ਲੋਟਣੀ ਖਾ ਗਿਆ।

"ਖਾਲਿਸਤਾਨ ਜ਼ਿੰਦਾਬਾਦ...!! ਬੰਦੇ ਬਣ ਕੇ ਰਾਹ ਛੱਡ ਦਵੋ ਜੇ ਭਲੀ ਚਾਹੁੰਦੇ ਹੋ..।" ਲਛਮਣ ਸਿੰਘ ਦਹਾੜ ਰਿਹਾ ਸੀ।

"ਉਏ ਭੈਣ ਦੇਣਿਓ ਬਿਹਾਰੀਓ, ਲੰਘ ਜਾਣ ਦਿਓ ਆਵਦੇ ਭਣਵਈਆਂ ਨੂੰ, ਨਹੀਂ ਤਾਂ ਸਾਰਿਆਂ ਨੂੰ ਮੱਛੀਆਂ ਦੀ ਖੁਰਾਕ ਬਣਾ ਦੇਣਗੇ, ਨਾਲੇ ਤੂੰ ਤਾਂ ਪੁੱਤ ਪੀ ਪਾਣੀ, ਰਾਈਫਲ ਦਿਖਾਉਂਦਾ ਪਰਾਹੁਣਿਆਂ ਨੂੰ..।" ਟਰੈਕਟਰ ਦੀਆਂ ਲਾਈਟਾਂ ਤੋਂ ਬਚਣ ਲਈ ਕੋਲ ਖੜ੍ਹੇ ਝਾੜ-ਸਿਸਰ ਵਿਚ ਛਾਲ ਮਾਰਦਿਆਂ ਪੰਜਾਬ ਪੁਲਿਸ ਦੇ ਇਕ ਏ.ਐਸ.ਆਈ. ਨੇ ਦੁਹਾਈ ਦਿੱਤੀ।

ਅਸੀਂ ਵੀ ਤਿੰਨਾਂ ਜਾਣਿਆਂ ਆਪਣੀਆਂ ਬੰਦੂਕਾਂ ਦੇ ਮੂੰਹ ਪਿਛਾਂਹ ਨੂੰ ਘੁਮਾ ਲਏ ਸਨ। ਰਾਈਫਲਾਂ ਹਟ-ਹਟ ਕੇ ਜਲਵੇ ਦਿਖਾ ਰਹੀਆਂ ਸਨ।

"ਬੱਸ ਹੁਣ ਹੋਰ ਅਸਲਾ ਨਾ ਫੂਕੋ, ਆਪਾਂ ਸੁਰੱਖਿਅਤ ਹਾਂ...।" ਸਾਡੇ ਪੁਲ ਪਾਰ ਕਰਨ ਤੋਂ ਬਾਅਦ ਸੁਰਿੰਦਰ ਸਿੰਘ ਨੇ ਹਦਾਇਤ ਦਿੱਤੀ।

ਅਸੀਂ ਟਰੈਕਟਰ ਪਿੰਡ ਕੱਸੋਆਣੇ ਦੀ ਜੂਹ ਕੋਲ ਛੱਡ ਦਿੱਤਾ ਅਤੇ ਉਥੋਂ ਪੈਦਲ ਹੀ ਸਵੇਰ ਸਾਰ ਜ਼ੀਰਾ-ਫਰੀਦਕੋਟ ਰੋਡ 'ਤੇ ਪੈਂਦੇ ਪਿੰਡ ਮਮਟੋਲ ਵਿਚ ਜਾ ਪਹੁੰਚੇ, ਜਿਥੇ ਕਿ ਸੁਰਿੰਦਰ ਸਿੰਘ ਦੀ ਠਾਹਰ ਸੀ। ਉਸੇ ਰਾਤ ਨੂੰ ਅਸੀਂ ਤਲਵੰਡੀ ਵੱਲ ਨੂੰ ਤੁਰਨਾ ਸ਼ੁਰੂ ਕੀਤਾ। ਮੁੱਖ ਸੜਕ ਉੱਤੇ ਪਹੁੰਚ ਕੇ ਬਸ਼ੀਰ ਨੇ ਇਕ ਟਰੱਕ ਵਾਲੇ ਨੂੰ ਹੱਥ ਦੇ ਕੇ ਰੋਕਿਆ ਪੁੱਛਣ 'ਤੇ ਪਤਾ ਚੱਲਿਆ ਕਿ ਉਸਨੇ ਬਠਿੰਡੇ ਵੱਲ ਜਾਣਾ ਹੈ। ਡਾਕਟਰ ਸਾਬ੍ਹੀ, ਬਿੱਟੂ ਤੇ

ਬਜ਼ੀਰ ਮਿਥੀ ਸਕੀਮ ਮੁਤਾਬਕ ਬਠਿੰਡੇ ਵੱਲ ਨੂੰ ਰਵਾਨਾ ਹੋ ਗਏ। ਮੈਂ ਅਤੇ ਭਾਈ ਸੁਰਿੰਦਰ ਸਿੰਘ ਉਸਦੀ ਠਾਹਰ ਵਿਚ ਤਲਵੰਡੀ ਭਾਈ ਕੋਲ ਪਹੁੰਚ ਗਏ। ਘਰਵਾਲਿਆਂ ਨੇ ਤਹਿ ਦਿਲੋਂ ਸਾਡਾ ਸਤਿਕਾਰ ਕੀਤਾ।

"ਵਕੀਲ ਹੁਰੀਂ ਨਹੀਂ ਆਏ...।" ਭਾਈ ਸੁਰਿੰਦਰ ਸਿੰਘ ਨੇ ਪਰਿਵਾਰ ਦੇ ਮੁਖੀ ਨੂੰ ਸਵਾਲ ਕੀਤਾ।

"ਆਉਂਦੇ ਈ ਰਹਿੰਦੇ ਆ, ਸ਼ੈਂਤ ਅੱਜ ਈ ਆ ਜਾਣ..। ਭਾਈ ਸਾਹਿਬ ਤੁਹਾਨੂੰ ਮਿਲਣ ਨੂੰ ਬਹੁਤ ਉਤਾਵਲੇ ਹੋ ਰਹੇ ਨੇ..।" ਪਰਿਵਾਰ ਮੁਖੀ ਨੇ ਉੱਤਰ ਦਿੱਤਾ।

"ਫਿਰ ਤਾਂ ਅੱਜ ਉਡੀਕ ਕਰ ਹੀ ਲਈ ਜਾਵੇ..?" ਸੁਰਿੰਦਰ ਸਿੰਘ ਗੰਭੀਰ ਸੁਰ ਵਿਚ ਬੋਲਿਆ।

"ਹਾਂ ਇਹ ਤਾਂ ਜ਼ਰੂਰੀ ਹੈ...।" ਪਰਿਵਾਰ ਮੁਖੀ ਏਨ੍ਹਾ ਕਹਿ ਕੇ ਬਾਹਰ ਚਲਿਆ ਗਿਆ।

ਰਾਤੀਂ ੯ ਕੁ ਵੱਜਦੇ ਨੂੰ ਠਾਹਰ ਵਾਲੇ ਸਿੰਘਾਂ ਦੇ ਪਸ਼ੂਆਂ ਵਾਲੇ ਪਾਸੇ ਦੀ ਕੰਧ ਟੱਪ ਕੇ ਤਿੰਨ ਲੰਮੇ-ਉੱਚੇ ਨੌਜਵਾਨ ਵਿਹੜੇ ਵਿਚ ਆ ਉੱਤਰੇ। ਮੈਂ ਤੇ ਸੁਰਿੰਦਰ ਸਿੰਘ ਨੇ ਸਤਿਕਾਰ ਵਜੋਂ ਫਤਹਿ ਬੁਲਾਈ।

"ਓਹ ਬੱਲੇ ਬਾਬਾ, ਸੇਹਤਾਂ ਠੀਕ ਨੇ...?" ਕਹਿੰਦਿਆਂ ਹੋਇਆਂ ਇਕ ਤਿੱਖੇ ਨੱਕ ਤੇ ਗੋਰੇ ਰੰਗ ਵਾਲੇ ਨੌਜਵਾਨ ਸਿੰਘ ਨੇ ਸੁਰਿੰਦਰ ਸਿੰਘ ਨੂੰ ਜੱਫੀ ਪਾ ਲਈ। ਉਹ ਭਾਈ ਸੁਰਿੰਦਰ ਸਿੰਘ ਨੂੰ ਬਾਣੀ ਵਿਚ ਮਗਨ ਰਹਿਣ ਕਰਕੇ 'ਬਾਬਾ' ਤਖ਼ੱਲਸ ਨਾਲ ਬੁਲਾਉਂਦੇ ਸਨ।

"ਇਹ ਸਾਡੇ ਸਾਥੀ ਮਹਿੰਗਾ ਸਿੰਘ ਬੱਬਰ ਹਨ, ਇਹ ਡਾਕਟਰ ਬੁੱਧਦੇਵ ਸਿੰਘ ਨੇ, ਚੀਫ ਆਫ ਕੇ.ਐਲ.ਐਫ.।" ਸੁਰਿੰਦਰ ਸਿੰਘ ਨੇ ਸਾਡੀ ਪਹਿਚਾਣ ਕਰਵਾਈ।

ਭਾਈ ਬੁੱਧਦੇਵ ਸਿੰਘ ਨੇ ਮੇਰੇ ਨਾਲ ਹੱਥ ਮਿਲਾਇਆ ਤੇ ਆਪਣੇ ਦੋ ਸਾਥੀਆਂ ਮਨਦੀਪ ਸਿੰਘ ਵਕੀਲ ਤੇ ਸੰਦੀਪ ਸਿੰਘ ਕਿਸ਼ਨਪੁਰਾ ਨਾਲ ਮੇਰੀ ਜਾਣ-ਪਛਾਣ ਕਰਾਈ।

"ਹੋਰ ਭਾਈ ਸਾਹਿਬ ਹੁਰਾਂ ਦਾ ਕੀ ਹਾਲ ਐ?" ਭਾਈ ਬੁੱਧਦੇਵ ਸਿੰਘ ਨੇ ਜਥੇਦਾਰ ਬਾਬਤ ਪੁੱਛਿਆ।

"ਉਹ ਚੜ੍ਹਦੀ ਕਲਾ ਵਿਚ ਨੇ, ਤੁਹਾਨੂੰ ਸਾਰਿਆਂ ਨੂੰ ਫਤਹਿ ਬੁਲਾਈ ਏ ਉਨ੍ਹਾਂ ਨੇ, ...ਅਤੇ ਦੋਹਾਂ ਜਥੇਬੰਦੀਆਂ ਦੀ ਏਕਤਾ ਬਾਰੇ ਵੀ ਕਿਹਾ ਹੈ...।" ਭਾਈ ਸੁਰਿੰਦਰ ਸਿੰਘ ਨੇ ਗੱਲ ਤੋਰ ਲਈ।

"ਬਹੁਤ ਵਧੀਆ ਗੱਲ ਹੈ ਇਕ ਤੇ ਇਕ ਗਿਆਰ੍ਹਾਂ.... ਇਕੱਲੇ ਇਕੱਲੇ ਪਹਿਲਾਂ ਹੀ ਬੜਾ ਨੁਕਸਾਨ ਕਰਾ ਲਿਆ ਹੈ, ਹੁਣ ਸਾਨੂੰ ਇਕ ਹੋ ਕੇ ਚੱਲਣਾ ਚਾਹੀਦੈ, ਅਸੀਂ ਹੋਰ ਗਰੁੱਪਾਂ ਨਾਲ ਵੀ ਗੱਲ ਕਰ ਰਹੇ ਆਂ, ਸ਼ਾਇਦ ਕੋਈ ਸਾਂਝਾ ਫਰੰਟ ਬਣ ਜਾਵੇ...।" ਵਕੀਲ ਏਕਤਾ ਲਈ ਕਾਫੀ ਕਾਹਲਾ ਜਾਪ ਰਿਹਾ ਸੀ।

"..ਏਕਤਾ ਤਾਂ ਪਹਿਲਾਂ ਹੀ ਹੋ ਜਾਣੀ ਸੀ... ਮੈਂ, ਭਾਈ ਵਸਾਵਾ ਸਿੰਘ ਤੇ ਬਾਬਾ ਮਾਨੋਚਾਹਲ ਤਾਂ ਪੂਰੀ ਤਰ੍ਹਾਂ ਸਹਿਮਤ ਸਾਂ, ਪਰ ਕੁਝ ਕੁ ਸਿੰਘ ਜਿੱਦ ਫੜ ਖਲੋਤੇ...। ਬਾਬੇ ਮਾਨੋਚਾਹਲ ਦੀਆਂ ਦਲੀਲਾਂ ਦਾ ਕਿਸੇ ਕੋਲ ਕੋਈ ਤੋੜ ਨਹੀਂ ਸੀ, ਪਰ ਫੇਰ ਵੀ ਵਸੂ ਤੇ ਚੰਨੀ ਤਾਂ ਬਿਲਕੁਲ ਨਹੀਂ ਮੰਨੇ, ਮਾੜੀ ਕਿਸਮਤ ਕੌਮ ਦੀ...।" ਭਾਈ ਬੁੱਧਦੇਵ ਸਿੰਘ ਪਛਤਾਵਾ ਜਾਹਰ ਕਰ ਗਏ।

"ਠੀਕ ਹੈ, ਹੁਣ ਚੰਦ ਕੁ ਵਿਵਾਦਾਂ ਕਰਕੇ ਹੀਰਿਆਂ ਵਰਗੇ ਗੱਭਰੂ ਅਜਾਈਂ ਨਾ ਮਰਵਾਏ ਜਾਣ, ਸਗੋਂ ਮਿਥੇ ਹੋਏ ਨਿਸ਼ਾਨੇ ਦੀ ਪ੍ਰਾਪਤੀ ਇਕੱਠਿਆਂ ਰਲ ਕੇ ਕੀਤੀ ਜਾਵੇ। ਸਾਡੇ ਵਲੋਂ ਹਾਈ ਕਮਾਂਡ ਨੂੰ ਹਰੀ ਝੰਡੀ ਭੇਜ ਦਵੋ..।" ਡਾਕਟਰ ਬੁੱਧਦੇਵ ਸਿੰਘ ਨੇ ਹੱਥ ਉੱਚਾ ਕਰਕੇ ਹਾਂ ਦਾ ਇਸ਼ਾਰਾ ਕਰ ਦਿੱਤਾ।

ਇਸ ਤਰ੍ਹਾਂ ਦੋਵਾਂ ਜਥੇਬੰਦੀਆਂ ਵਿਚ ਸਿਧਾਂਤਕ ਏਕਤਾ ਸਿਰੇ ਚੜ੍ਹੀ ਅਤੇ ਅਸੀਂ ਵਕੀਲ ਹੁਰਾਂ ਦੇ ਨਾਲ ਹੀ ਮੋਗੇ ਖੇਤਰ ਵਿਚ ਵਿਚਰਨਾ ਸ਼ੁਰੂ ਕਰ ਦਿੱਤਾ। ਕੁਝ ਦਿਨਾਂ ਬਾਅਦ ਲਿਬਰੇਸ਼ਨ ਫੋਰਸ ਦੇ ਮੁਖੀ ਭਾਈ ਬੁੱਧਦੇਵ

ਸਿੰਘ ਹੁਰਾਂ ਦੇ ਪਿੰਡ ਜਾ ਕੇ ਪਰਿਵਾਰ ਦਾ ਹਾਲ-ਚਾਲ ਪਤਾ ਕਰਨ ਲਈ ਮੈਂ, ਵਕੀਲ ਤੇ ਭਾਈ ਸੁਰਿੰਦਰ ਸਿੰਘ ਬਾਘੇਪੁਰਾਣੇ ਵੱਲ ਨੂੰ ਰਵਾਨਾ ਹੋ ਗਏ।

o-----o-----o

ਕਾਂਡ 14

ਵੀਰਾਂ ਆਈਂ ਵੇ ਭੈਣ ਦੇ ਵਿਹੜੇ ਪੁੰਨਿਆ ਦਾ ਚੰਨ ਬਣਕੇ....।

ਡਾ. ਬੁੱਧਦੇਵ ਸਿੰਘ ਦਾ ਪਿੰਡ ਗੁਰਜੰਟ ਸਿੰਘ ਵਾਲਾ ਤਲਵੰਡੀ ਭਾਈ ਤੋਂ ਬਾਘਾ ਪੁਰਾਣਾ ਜਾਣ ਵਾਲੀ ਸੜਕ 'ਤੇ ਸਥਿਤ ਸੀ। ਅਸੀਂ ਤਿੰਨਾਂ ਜਣਿਆਂ ਨੇ ਮੁੱਖ ਸੜਕ 'ਤੇ ਆ ਕੇ ਇਕ ਮਰੂਤੀ ਕਾਰ ਨੂੰ ਹੱਥ ਦੇ ਕੇ ਰੋਕਿਆ।

"ਹਾਂ ਬਾਈ ਜੀ ਕਿਧਰ ਨੂੰ...?" ਸੁਰਿੰਦਰ ਸਿੰਘ ਨੇ ਡਰਾਈਵਰ ਨੂੰ ਸਵਾਲ ਕੀਤਾ।

"ਬਾਈ ਜੀ... ਮੁੱਦਕੀ ਤਾਈਂ... ਜਾਣਾ ਵਾ..." ਕਾਰ ਸਵਾਰ ਹਾਬੜ ਗਿਆ।

"...ਸਾਨੂੰ ਵੀ ਲੈ ਜਾਵੀਂ ਯਾਰ ਮੁੱਦਕੀ ਤਾਈਂ...।" ਵਕੀਲ ਨੇ ਸਵਾਲ ਕਰਕੇ ਕਾਰ ਚਾਲਕ ਨੂੰ ਨਵੀਂ ਮੁਸੀਬਤ ਵਿਚ ਫਸਾ ਦਿੱਤਾ।

"...ਕਿ.. ਕਿਉਂ ਨੀਂ ਬਾਈ ਜੀ ਆਓ..ਆਓ...।" ਕਾਰ ਚਾਲਕ ਨੇ ਬਾਰੀ ਖੋਲ੍ਹ ਦਿੱਤੀ।

ਅਸੀਂ ਤਿੰਨੋਂ ਜਣੇ ਪਿਛਲੀ ਸੀਟ 'ਤੇ ਬੈਠੇ ਅਤੇ ਕਾਰ ਹਵਾ ਨਾਲ ਗੱਲਾਂ ਕਰਨ ਲੱਗੀ। ਮੁੱਦਕੀ ਤੋਂ ਅੱਧਾ ਕਿਲੋਮੀਟਰ ਉਰ੍ਹਾਂ ਹੀ ਵਕੀਲ ਨੇ ਮੈਨੂੰ ਇਸ਼ਾਰਾ ਕੀਤਾ। ਮੈਂ ਇਸ਼ਾਰਾ ਕਰਨ ਦਾ ਅਸਲੀ ਮਕਸਦ ਸਮਝ ਚੁੱਕਾ ਸਾਂ। ਏਸੇ ਲਈ ਬਿਨਾਂ ਦੇਰੀ ਕੀਤਿਆਂ ਰਸ਼ੀਆ ਮੇਡ ਮਾਊਜ਼ਰ ਕੱਢ ਕੇ ਮੈਂ ਕਾਰ ਚਾਲਕ ਦੀ ਗਿੱਚੀ ਨਾਲ ਲਗਾ ਲਿਆ। ਚਾਲਕ ਦਾ ਰੰਗ ਪੀਲਾ ਭੂਕ ਹੋ ਗਿਆ। ਹਾਲੇ ਉਹ ਹੌਂਕਲਤਾਈਂ ਜਿਹੀ ਹਾਲਤ ਵਿਚ ਕੁਝ ਬੋਲਣ ਹੀ ਲੱਗਾ ਸੀ ਕਿ ਵਕੀਲ ਦੀ ਅਵਾਜ਼ ਗਰਜੀ: "ਮੁਆਫ ਕਰੀਂ ਸੱਜਣਾਂ ਸਾਨੂੰ ਗੱਡੀ ਦੀ ਲੋੜ ਏ... ਕ੍ਰਿਪਾ ਕਰਕੇ ਗੱਡੀ ਰੋਕ ਕੇ ਥੱਲੇ ਹੋ ਜਾ, ਤੈਨੂੰ ਗੱਡੀ ਬਾਘੇ ਪੁਰਾਣੇ ਥਾਣੇ ਦੇ ਏਰੀਏ ਵਿਚੋਂ ਮਿਲ ਜਾਵੇਗੀ ਕਲ੍ਹ ਤਾਈਂ...।"

ਕਾਰ ਚਾਲਕ ਬਿਨਾ ਚੂੰਅ.. ਚਾਂਅ.. ਕੀਤੇ ਗੱਡੀ ਰੋਕ ਕੇ ਵਿਚੋਂ ਉਤਰ ਗਿਆ। ਹੁਣ ਅਸੀਂ ਗੱਡੀ ਮੁੱਦਕੀ ਤੋਂ ਬਾਘਾ ਪੁਰਾਣਾ ਰੋਡ ਚਾੜ੍ਹ ਲਈ।

ਸਰਹਿੰਦ ਨਹਿਰ ਦੇ ਕਿਨਾਰੇ ਵਸਿਆ ਪਿੰਡ ਗੁਰਜੰਟ ਸਿੰਘ ਵਾਲਾ ਮੈਨੂੰ ਆਪਣੇ ਧੁਰ ਅੰਦਰ ਤਕ ਖਿੱਚ ਪਾਉਂਦਾ ਮਹਿਸੂਸ ਹੋ ਰਿਹਾ ਸੀ।

"ਭਾਈ ਸੁਰਿੰਦਰ ਸਿੰਘਾ ਐਹਨਾਂ ਕੱਚੇ-ਪੱਕੇ ਮਕਾਨਾਂ ਦੇ ਪਿੰਡ ਨੇ ਕਦੇ ਸਿੱਖ ਇਤਿਹਾਸ ਦਾ ਮਾਣ ਬਣਨਾ ਐ...।" ਪਿੰਡ ਦੀ ਜੂਹ ਵੜਣ ਸਾਰ ਹੀ ਮੇਰੇ ਮੂੰਹੋਂ ਉਪਰੋਕਤ ਸ਼ਬਦ ਨਿਕਲ ਗਏ।

"ਇਉਂ ਈ ਆ ਮਝੈਲਾ! ਜਿਹੜੇ ਪਿੰਡ ਦੀ ਮਿੱਟੀ ਭਾਈ ਸਾਹਿਬ ਵਰਗੇ ਯੋਧੇ ਦੀ ਜਣਨੀ ਹੋਵੇ, ਉਸਦੀ ਕਦਰ ਹੀ ਇਤਿਹਾਸ ਵਿਚ ਸੋਨੇ ਤੋਂ ਵੱਧ ਕੇ ਹੁੰਦੀ ਹੈ। ਕੱਚੇ-ਪੱਕੇ ਢਾਰਿਆਂ ਦੀ ਕਿਹੜੀ ਗੱਲ ਐ, ਰੱਬ ਦੇ ਪਿਆਰੇ ਅਤੇ ਯੋਧਿਆਂ ਵਿਹੂਣੇ ਹਵੇਲੀਆਂ-ਚੁਬਾਰੇ ਵੀ ਕਿਸੇ ਕੰਮ ਦੇ ਨ੍ਹੀਂ ਹੁੰਦੇ। ...ਬਾਬੇ ਫਰੀਦ ਨੇ

ਹਵੇਲੀਆਂ-ਚੁਬਾਰਿਆਂ ਨੂੰ ਯਾਦ ਵਿਚ ਵਸਾਈ ਬੈਠੇ ਲੋਕਾਂ ਨੂੰ ਸੁਚੇਤ ਕੀਤਾ ਸੀ, 'ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਏ ਚਿਤੁ। ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ।'' ਸੁਰਿੰਦਰ ਸਿੰਘ ਦੀ ਇਹ ਖਾਸੀਅਤ ਸੀ ਕਿ ਉਹ ਹਰ ਵਿਸ਼ੇ ਵਿਚੋਂ ਰੂਹਾਨੀਅਤ ਦੀ ਖੋਜ ਕਰ ਲਿਆ ਕਰਦਾ ਸੀ।

ਅਸੀਂ ਗੱਲਾਂ-ਬਾਤਾਂ ਕਰਦੇ ਹੋਏ ਭਾਈ ਬੁੱਧਦੇਵ ਸਿੰਘ ਦੇ ਘਰ ਮੂਹਰੇ ਕਾਰ ਜਾ ਖਲ੍ਹਾਰੀ ਤਾਂ ਹੈਰਾਨੀ ਦੀ ਕੋਈ ਹੱਦ ਨਾ ਰਹੀ। ਘਰ ਦਿਉ ਪੈਣ ਵਾਂਗ ਭਾਂਅ-ਭਾਂਅ ਕਰ ਰਿਹਾ ਸੀ। ਮੁੱਖ ਦਰਵਾਜੇ ਗਾਇਬ ਸਨ। ਤਿੰਨ ਕਮਰਿਆਂ ਦੇ ਘਰ ਵਿਚੋਂ ਇਕ ਕਮਰੇ ਦੀ ਛੱਤ ਗਾਡਰਾਂ-ਬਾਲਿਆਂ ਸਮੇਤ ਗਾਇਬ ਸੀ। ਦੂਜੇ ਦੋ ਕਮਰੇ ਵੀ ਅੱਧੇ ਢੱਠੇ ਪਏ ਸਨ। ਵਿਹੜੇ ਵਿਚਲੀ ਨਿੰਮ ਦੀ ਜੜ੍ਹ ਨੂੰ ਸ਼ਾਇਦ ਗੂੰਹਾ ਪੈ ਗਿਆ ਸੀ। ਉਹ ਵਿਚਾਰੀ ਖੜ੍ਹ ਸੁੱਕ ਬਣੀ ਪਈ ਡਿਗੂੰ-ਡਿਗੂੰ ਕਰ ਰਹੀ ਸੀ, ਜਿਵੇਂ ਇਕੋ ਹਵਾ ਦੇ ਹਜੋਕੇ ਦੀ ਮਾਰ ਹੋਵੇ। ਵਿਹੜੇ ਦੇ ਇਕ ਪਾਸੇ ਤੋਂ ਦੂਜੇ ਪਾਸੇ ਦੀਆਂ ਕੱਚੀ ਕੰਧ ਨਾਲ ਬਣੀਆਂ ਲੰਮੀਆਂ ਖੁਰਲੀਆਂ ਜਿਵੇਂ ਮੁੱਦਤਾਂ ਤੋਂ ਪਸ਼ੂਆਂ ਦੀ ਚਹਿਲ ਕਦਮੀਂ ਨੂੰ ਤਰਸਦੀਆਂ ਹੋਈਆਂ ਜਵਾਨੀ ਪਹਿਰੇ ਹੀ ਦਮ ਤੋੜ ਰਹੀਆਂ ਸਨ।

ਮੈਨੂੰ ਕੇ.ਐਲ.ਐਫ. ਦੇ ਮੁਖੀ ਦਾ ਘਰ ਦੇਖ ਕੇ ਸਕਤਾ ਮਾਰ ਗਿਆ, ਪਤਾ ਨੀਂ ਕਿਹੜੇ ਵੇਲੇ ਆਪਣਾ ਸਾਰਾ ਘਰ ਮੇਰੀਆਂ ਅੱਖਾਂ ਅੱਗੋਂ ਗੁਜ਼ਰ ਗਿਆ।

''ਆਹ... ਆਜ਼ਾਦੀ-ਏ-ਹਿੰਦੁਸਤਾਨ! ਤੈਂ ਸਾਨੂੰ ਇਹ ਦਿਨ ਵੀ ਦਿਖਾਉਣੇ ਸਨ...।'' ਸੁਰਿੰਦਰ ਸਿੰਘ ਬੱਬਰ ਦੇ ਮੂੰਹੋਂ ਆਹ ਨਿਕਲੀ।

ਵਕੀਲ ਆਪਣੀ ਥਾਵੇਂ ਡੌਰ-ਭੌਰ ਹੋਇਆ ਖੜ੍ਹਾ ਸੀ, ''ਪਰਿਵਾਰਕ ਮੈਂਬਰ ਕਿਥੇ ਮਿਲਣਗੇ...?'' ਵਕੀਲ ਨੇ ਗਹਿਰੀ ਸੋਚ ਵਿਚ ਸਾਨੂੰ ਸਵਾਲ ਕੀਤਾ।

''ਕਿਸੇ ਆਂਢੀ-ਗੁਆਂਢੀ ਤੋਂ ਪੁੱਛ-ਪੜਤਾਲ ਕਰਕੇ ਦੇਖਦੇ ਆਂ।'' ਮੈਂ ਸੁਝਾਅ ਦਿੱਤਾ ਅਤੇ ਅਸੀਂ ਸਾਰੇ ਘਰੋਂ ਬਾਹਰ ਆ ਕੇ ਇਕ ਗੁਆਂਢੀ ਦਾ ਬੂਹਾ ਖੜਕਾ ਦਿੱਤਾ।

ਦੁਪਹਿਰ ਦਾ ਸੂਰਜ ਚਿਣਗਾਂ ਕੱਢ ਗਰਮੀ ਬਿਖੇਰ ਰਿਹਾ ਸੀ, ਤੀਜੀ-ਚੌਥੀ ਹਾਕ ਬਾਅਦ ਕਮਜ਼ੋਰ ਜਿਹਾ ਮਜ਼ਬ੍ਹੀ ਸਿੱਖ ਬਜ਼ੁਰਗ ਬਾਹਰ ਆਇਆ, ''ਹਾਂ ਬਈ ਮੱਲ੍ਹਾ... ਕੀ ਗੱਲ ਏ? ਕਿਕਣ ਦਰਸ਼ਨ ਦਿੱਤੇ...?'' ਬਜ਼ੁਰਗ ਨੇ ਸਵਾਲ ਕੀਤਾ। ਉਸਦੀਆਂ ਲਾਲ ਅੱਖਾਂ ਪੱਕੇ ਰੰਗ ਦੇ ਚਿਹਰੇ ਵਿਚ ਸ਼ਿਵਾ ਦੇ ਤੀਜੇ ਨੇਤਰ ਵਾਂਗ ਜਗ ਰਹੀਆਂ ਸਨ, ਉਸਦੇ ਸਿਰ ਦਾ ਮੈਲਾ ਜਿਹਾ ਸਾਫਾ ਉਸਦੇ ਸਾਫ ਮਨ ਅਤੇ ਮਿਹਨਤੀ ਸਰੀਰ ਦਾ ਪ੍ਰਤੀਕ ਸੀ।

''ਬਾਬਾ ਜੀ, ਭਾਈ ਬੁੱਧਦੇਵ ਸਿੰਘ ਦੇ ਪਰਿਵਾਰ ਬਾਰੇ ਜਾਣਕਾਰੀ ਲੈਣੀ ਸੀ, ਅਸੀਂ ਅਖ਼ਬਾਰ ਵਾਲੇ ਹੁੰਨੇ ਆਂ....।'' ਵਕੀਲ ਨੇ ਨਰੱਮੇ ਨਾਲ ਗੱਲ ਤੋਰੀ।

''ਟੱਬਰ ਤਾਂ ਸ਼ੇਰਾ ਉਹਦਾ ਸਾਰਾ ਪੁਲਿਸ ਨੇ ਘਰੋਂ-ਬਘਰ ਕੀਤਾ ਪਿਆ ਏ, ਮਾੜਕੂ ਪਿਉ ਦੀਆਂ ਤਾਂ ਦੋਵੇਂ ਲੱਤਾਂ ਗਰਮ ਲੁੱਕ ਪਾ ਕੇ ਸਾੜ੍ਹ ਦਿੱਤੀਆਂ ਨੇ ਹੋਰ ਵੀ ਬੜੀਆਂ ਜ਼ਾਦਤੀਆਂ ਹੋਈਆਂ ਨੇ... ਜਦੋਂ ਦਾ ਮਿੱਤੂ ਠਾਣੇਦਾਰ ਆਇਆ ਏ ਬਾਘੇ ਪੁਰਾਣੇ...।'' ਬਾਬਾ ਉਤਾਂਹ ਨੂੰ ਹੱਥ ਕਰਕੇ ਨਾਂਹ ਵਾਚਕ ਸਿਰ ਮਾਰ ਗਿਆ। ''ਆਵਦੇ ਜਵਾਈ ਦੇ ਤਾਂ ਮੱਥੇ ਲੱਗਣੋ ਵੀ ਡਰਦੇ ਨੇ, ਪਰ ਟੱਬਰ ਸਾਰਾ ਕੁੱਟ-ਕੁੱਟ ਕੇ ਮੱਛੀਉਂ ਮਾਸ ਕੀਤਾ ਪਿਆ ਏ, ਸ਼ੇਰਾ ਤੁਸੀਂ 'ਖ਼ਬਾਰ ਵਾਲੇ ਓਂ ਜਾਂ ਕੋਈ ਹੋਰ..? ਪਰ ਇਕ ਗੱਲ ਉਹਦੇ ਤਕ ਜ਼ਰੂਰ ਅੱਪੜਦੀ ਕਰ ਦਿਉ.. ਜੇ ਦੁੱਲਾਪਿੰਡੀ ਦੀ ਲੁੱਟ ਦਾ ਬਦਲਾ ਨਾ ਲੈਂਦਾ ਤਾਂ ਸੰਸਾਰ ਨੇ ਓਹਨੂੰ ਲੱਧੀ ਦਾ ਜਣਿਆ ਨੀਂ ਸੀ ਕਹਿਣਾ, ਜਦੋਂ ਦੁਸ਼ਮਣ ਇੱਜ਼ਤ ਵੱਲ ਈ ਤਕ ਲਵੇ ਤਾਂ ਸਾਡਾ ਲੱਗਦਾ ਸਾਲਾ...? ਕਰੂ ਜ਼ਮਾਨਾ ਟਿੱਚਰਾਂ ਜੇ ਨਾ ਪਾਰ ਬੁਲਾਇਆ....।'' ਬਾਬੇ ਦਾ ਕਾਲੀ ਭਾਅ ਮਾਰਦਾ ਮੂੰਹ ਗੁੱਸੇ ਨਾਲ ਲਾਲ ਹੋ ਗਿਆ। ਉਹ ਕ੍ਰੋਧ ਦਾ ਭਰਿਆ ਹੋਇਆ ਬੋਲੀ ਜਾ ਰਿਹਾ ਸੀ।

"....ਜੇ ਬੁੱਧੇ ਨੇ ਬਹੁਤਾ ਸਾਊ ਰਹਿਣ ਦੀ ਹੀ ਸਹੁੰ ਖਾਧੀ ਏ ਤਾਂ ਮੈਨੂੰ ਮੋਹਰੂ ਪੋਸਤੀ ਵਰਗੇ ਨੂੰ ਇਕ ਗੋਲੀਆਂ ਜਿਹੀਆਂ ਵਾਲੀ ਦੇ ਜਾਵੇ, ਜੇ ਨਾ ਤੀਜੇ ਦਿਨ ਹੀ ਪਿੰਡ ਵੜਦੇ ਮਿੱਤੂ ਨੂੰ ਕਾਂ ਵਾਂਗੂੰ ਕਿੱਕਰ ਨਾਲ ਟੰਗ ਦਵਾਂ ਤਾਂ ਬਾਸ਼ਕ ਨਾਗ ਦੀ ਕੁੱਲ ਦਾ ਨਾ ਸਮਝਿਉ..। ਜੇ ਉਹਨੂੰ ਚੂੜ ਚੜ੍ਹਦੈ ਤਾਂ ਚੂੜ ਮੇਰੇ ਸਿਰ ਨੂੰ ਵੀ ਚੜ੍ਹਿਆ ਹੋਇਆ ਏ..। ਮੇਰੀ ਤਾਂ ਸਹੁਰੀ ਬਰਛੀ ਹੀ ਗਿੱਠ ਗਿੱਠ ਜੀਭਾਂ ਕੱਢਦੀ ਏ ਪਰ ਫੇਰੇ ਦੇਣੇ ਨਾਲ ਲਗੌੜ ਈ ਬਹੁਤੀ ਹੁੰਦੀ ਵਾ ਪੇਸ਼ ਈ ਨੀਂ ਜਾਂਦੀ ਕੋਈ... ਇਕ ਅੱਧਾ ਤਾਂ ਸ਼ਗਨ ਪਾਉਣ ਆਉਂਦਾ ਈ ਨੀਂ ਜਦੋਂ ਆਉਂਦਾ ਪੂਰੇ ਦਾ ਪੂਰਾ ਠਾਣਾ ਨਾਲ ਹੁੰਦਾ ਏ...।" ਬਾਬੇ ਦੀਆਂ ਠੋਕਰਾਂ ਬਲਦੇ 'ਤੇ ਤੇਲ ਦਾ ਕੰਮ ਕਰ ਰਹੀਆਂ ਸਨ।

ਅਸੀਂ ਬਾਬੇ ਤੋਂ ਘਰ ਦੇ ਮੈਂਬਰਾਂ ਬਾਰੇ ਪੁੱਛ ਕੇ ਜੈਮਲ ਵਾਲੇ ਵੱਲ ਨੂੰ ਗੱਡੀ ਮੋੜ ਦਿੱਤੀ ਕਿਉਂਕਿ ਬਾਬੇ ਨੇ ਕਿਸੇ ਪਰਿਵਾਰਕ ਮੈਂਬਰ ਦੇ ਉਥੇ ਮਿਲ ਜਾਣ ਦੀ ਦੱਸ ਪਾਈ ਸੀ।

ਜੈਮਲ ਵਾਲੇ ਭਾਈ ਬੁੱਧਦੇਵ ਸਿੰਘ ਦੀ ਭੈਣ ਵਿਆਹੀ ਹੋਈ ਸੀ। ਵਕੀਲ ਗੱਡੀ ਨੂੰ ਹਵਾ ਵਾਂਗ ਉਡਾਈ ਲਿਜਾ ਰਿਹਾ ਸੀ। ਅੱਧੇ ਘੰਟੇ ਦੇ ਸਫਰ ਬਾਅਦ ਅਸੀਂ ਜੈਮਲ ਵਾਲੇ ਪਹੁੰਚ ਗਏ। ਜਦ ਤਕ ਸ਼ਾਮ ਹੋ ਚੁੱਕੀ ਸੀ ਅਤੇ ਹਨੇਰਾ ਆਪਣੇ ਪੈਰ ਪਸਾਰ ਰਿਹਾ ਸੀ।

"..ਦੁਖੁ ਦਾਰੂ ਸੁਖੁ ਰੋਗੁ ਭਇਆ...।" ਪਿੰਡ ਦੇ ਗੁਰਦੁਆਰੇ ਦੇ ਸਪੀਕਰ ਵਿਚੋਂ ਸੋਦਰ ਦੇ ਪਾਠ ਦੀ ਅਵਾਜ਼ ਆਈ।

"..ਉਹ ਯਾਰ ਆਪਾਂ ਤਾਂ ਬੱਚਿਆਂ ਲਈ ਵੀ ਨੀਂ ਕੁਸ਼ ਲੈ ਕੇ ਆਏ ਕਾਹਲੀ ਵਿਚ... ਫਿਰ ਵੀ ਭੈਣ ਕੋਲੇਂ ਜਾ ਰਹੇ ਆਂ....।" ਭਾਈ ਸੁਰਿੰਦਰ ਸਿੰਘ ਦੇ ਸ਼ਬਦਾਂ ਵਿਚੋਂ ਮਾਲਵੇ ਦਾ ਸੰਦਾਰਾ ਸੱਭਿਆਚਾਰ ਝਲਕ ਮਾਰ ਗਿਆ।

"...ਚਲੋ ਕੋਈ ਗੱਲ ਨੀਂ ਆਪਾਂ ਕਿਹੜਾ ਓਪਰੇ ਥਾਂ ਚੱਲੇ ਆਂ....।" ਵਕੀਲ ਨੇ ਪਿੰਡ ਦੀ ਦੱਖਣੀ ਨੁੱਕਰ ਵਿਚ ਗੱਡੀ ਖੜ੍ਹੀ ਕਰ ਦਿੱਤੀ। ਅਸੀਂ ਮੂੰਹ ਹਨੇਰਾ ਹੁੰਦੇ ਹੀ ਭਾਈ ਬੁੱਧਦੇਵ ਸਿੰਘ ਦੀ ਭੈਣ ਦੇ ਘਰ ਜਾ ਪਹੁੰਚੇ। ਘਰ ਦਾ ਦਰਵਾਜਾ ਅੱਧਾ ਖੁੱਲ੍ਹਾ ਸੀ ਅਸੀਂ ਮਲਕੜੇ ਜਿਹੇ ਅੰਦਰ ਲੰਘ ਗਏ।

ਓਪਰੇ ਬੰਦਿਆਂ ਦੇ ਅੰਦਰ ਆਉਣ ਕਰਕੇ ਕੰਧੋਲੀ ਓਹਲੀ ਚੁੱਲ੍ਹੇ-ਚੌਂਕੇ ਵਿਚ ਰੋਟੀ ਖਾ ਰਿਹਾ ਇਕ ਮਰਦ ਕੰਧ ਵੱਲ ਨੂੰ ਅਹੁਲਿਆ ਤਾਂ ਵਕੀਲ ਨੇ ਅਵਾਜ਼ ਮਾਰ ਦਿੱਤੀ, "ਬਾਈ ਜੀ ਆਸੇ-ਪਾਸੇ ਹੋਣ ਦੀ ਕੋਈ ਲੋੜ ਨੀਂ, ਅਸੀਂ ਹੀ ਆਂ ਵਕੀਲ ਹੋਰੀਂ...।" ਅਵਾਜ਼ ਪਛਾਣ ਕੇ ਭੱਜਣ ਵਾਲਾ ਵਿਅਕਤੀ ਰੁੱਕ ਗਿਆ। ਹੁਣ ਮਾਹੌਲ ਵਿਚ ਕੁਝ ਸਹਿਜਤਾ ਆ ਚੁੱਕੀ ਸੀ। ਚੌਂਕੇ ਵਿਚੋਂ ਅਟਕੇ ਇਕ ਲੰਬੀ ਸਾਰੇ ਕੁੜੀ ਨੇ ਵਕੀਲ ਨੂੰ ਆਪਣੇ ਕਲਾਵੇ ਵਿਚ ਲੈ ਲਿਆ।

"..ਮੱਥਾ ਟੇਕਦਾਂ ਬੀਬੀ.." ਕਹਿ ਕੇ ਵਕੀਲ ਨੇ ਕੁੜੀ ਦੇ ਗੋਡਿਆਂ ਨੂੰ ਹੱਥ ਲਾਇਆ।

"..ਜਿਉਂਦਾ ਵੱਸਦਾ ਰਹਿ, ਜਵਾਨੀਆਂ ਮਾਣ ਮੇਰਾ ਵੀਰ, ਹੋਰ ਬਾਈ ਬੁੱਧੇ ਦਾ ਕੀ ਹਾਲ ਐ..?" ਕਹਿੰਦੀ ਹੋਈ ਕੁੜੀ ਨੇ ਵਕੀਲ ਦੇ ਸਿਰ 'ਤੇ ਹੱਥ ਰੱਖਿਆ। ਭਾਈ ਬੁੱਧਦੇਵ ਸਿੰਘ ਨੂੰ ਯਾਦ ਕਰਕੇ ਉਸਦਾ ਗੱਚ ਭਰ ਆਇਆ ਸੀ। ਹੁਣ ਤਕ ਮੈਂ ਸਮਝ ਚੁੱਕਾ ਸੀ ਕਿ ਇਹ ਲੜਕੀ ਭਾਈ ਸਾਹਿਬ ਦੀ ਭੈਣ ਹੀ ਸੀ। ਤਦ ਤਕ ਕੰਧ ਵੱਲੋਂ ਵਾਪਸ ਮੁੜਣ ਵਾਲੇ ਵਿਅਕਤੀ ਨੇ ਸਾਨੂੰ ਆ ਫਤਿਹ ਗਜਾਈ।

"..ਬਾਈ ਜੀ ਇਹ ਦੋਵੇਂ ਮੇਰੇ ਸਾਥੀ ਨੇ ਬੱਬਰ ਖਾਲਸਾ ਵਿਚੋਂ ਸ. ਮਹਿੰਗਾ ਸਿੰਘ ਤੇ ਭਾਈ ਸੁਰਿੰਦਰ ਸਿੰਘ ਬੱਬਰ, ਤੇ ਇਹ ਜਥੇਦਾਰ ਸਾਹਿਬ ਦੇ ਭਣਵਈਆ ਸਾਹਿਬ....।" ਵਕੀਲ ਨੇ ਸਾਡੀ ਆਪਣੀ ਜਾਣ-ਪਛਾਣ ਕਰਵਾਈ। ਅਸੀਂ ਸਾਰੇ ਜਣੇ ਰਸੋਈ ਦੇ ਨਾਲ ਬਣੀ ਬੈਠਕ ਵਿਚ ਬੈਠ ਗਏ। ਪ੍ਰਸ਼ਾਦਾ ਛਕਾਉਣ ਤੋਂ ਮਗਰੋਂ ਭੈਣ ਜੀ ਅਤੇ ਭਾਅ ਜੀ ਸਾਡੇ ਕੋਲ ਬੈਠ ਗਏ।

"ਹੋਰ ਬਾਈ ਜੀ ਪੁਲਿਸ ਤਾਂ ਨ੍ਹੀਂ ਤੰਗ ਕਰਦੀ ਬਹੁਤਾ...?" ਵਕੀਲ ਨੇ ਗੱਲ ਤੋਰੀ।

"ਪਹਿਲਾਂ ਤਾਂ ਕੋਈ ਬਹੁਤੀ ਤੰਗੀ ਨਹੀਂ ਸੀ ਪਰ ਜਦੋਂ ਦਾ ਆਹ ਮਿੱਤ੍ਰ ਬਦਲ ਕੇ ਆਇਆ ਉਦੋਂ ਤੋਂ ਬੜੀ ਔਖ ਏ.. ਤੀਜੇ ਦਿਨ ਈ ਆ ਘੇਰਦਾ ਬਾਕੀ ਥੋਨੂੰ ਪਤਾ ਈ ਏ ਭਰਾਵੋ ਉਹ ਕਿਹੜਾ ਆਪਣੇ ਸਕੇ ਨੇ....।" ਭਾਅ ਜੀ ਦਾ ਸੀਮਤ ਜਵਾਬ ਸੀ।

ਉਹ ਕੁਝ ਦੇਰ ਬਾਅਦ ਕਹੀ ਚੁੱਕ ਕੇ ਕੱਸੀ ਦੇ ਪਾਣੀ ਦੀ ਵਾਰੀ ਲਾਉਣ ਚਲੇ ਗਏ। ਭੈਣ ਜੋ ਕਿ ਹੁਣ ਤਕ ਭਰੀ ਪੀਤੀ ਬੈਠੀ ਸੀ ਉਨ੍ਹਾਂ ਦੇ ਜਾਣ ਮਗਰੋਂ ਫੁੱਟ-ਫੁੱਟ ਕੇ ਰੋ ਪਈ।

"....ਵੀਰਾ ਜਦੋਂ ਦਾ ਵੀਰ ਘਰੋਂ ਗਿਐ ਉਦੋਂ ਦੀ ਹੀ ਪੁਲਿਸ ਗਾਹੇ-ਵਗਾਹੇ ਗੇੜਾ ਮਾਰਦੀ ਰਹਿੰਦੀ ਏ ਪਰ ਏਸ ਨਵੇਂ ਆਏ ਠਾਣੇਦਾਰ ਮਿੱਤ੍ਰ ਨੇ ਤਾਂ ਜ਼ੁਲਮ ਦੀ ਜਮਾਂ ਅੱਤ ਹੀ ਕਰ ਦਿੱਤੀ ਏ, ਬਾਪੂ ਜੀ ਦੀ ਦੀਆਂ ਦੋਵੇਂ ਲੱਤਾਂ ਗਰਮ ਲੁੱਕ ਪਾ ਕੇ ਸਾੜ੍ਹ ਦਿੱਤੀਆਂ। ਪਿੰਡ ਵਾਲਾ ਘਰ ਉਜਾੜ ਦਿੱਤਾ, ਛੋਡੇ ਬਾਈ ਜੀ ਨੂੰ ਕਈ ਵਾਰ ਫੜ ਕੇ ਲੈ ਗਏ ਆ। ਕੁੱਟ ਮਾਰ ਵੀ ਕੀਤੇ ਆ ਤੇ ਬਿਜਲੀ ਦੇ ਝਟਕੇ ਵੀ ਲਗਾਏ ਆ...।" ਭੈਣ ਹੁਬਕੀ-ਹੁਬਕੀ ਰੋ ਪਈ। ਇਕ ਦਿਨ ਇਹ ਘਰੇ ਨਾ ਮਿਲੇ ਤੇ ਮੈਨੂੰ ਜਿਪਸੀ 'ਚ ਬਿਠਾ ਕੇ ਬਾਘੇ ਆਲੇ ਲੈ ਗਿਆ। ਪਿੰਡ ਦੀ ਪੰਚਾਇਤ ਨੇ ਬਥੇਰੀਆਂ ਮਿੰਨਤਾਂ ਕੀਤੀਆਂ ਪਰ ਉਹਨੇ ਕਿਸੇ ਦੀ ਨਾ ਸੁਣੀ, ਸਾਰੇ ਰਾਹ ਬਕਵਾਸ ਕਰਦਾ ਗਿਆ ਤੇ ਬਾਘੇਪੁਰਾਣੇ ਜਾ ਕੇ.. ਮੈਨੂੰ ਬਜ਼ਾਰ ਵਿਚ ਘੱਗਰੀ ਪਾ ਕੇ ਗੱਡੀ ਦੇ ਅੱਗੇ ਅੱਗੇ ਭਜਾਇਆ...।" ਭੈਣ ਤੋਂ ਗੱਲ ਪੂਰੀ ਨਾ ਹੋ ਸਕੀ।

ਜ਼ੁਲਮ ਦੀ ਇੰਤਹਾ ਸੁਣ ਕੇ ਮੇਰਾ ਤੇ ਸੁਰਿੰਦਰ ਸਿੰਘ ਦਾ ਖ਼ੂਨ ਅੱਖਾਂ ਵਿਚ ਉਤਰ ਆਇਆ। "ਬੱਸ ਭੈਣੇ ਬੱਸ.. ਹੁਣ ਹੋਰ ਨ੍ਹੀਂ.. ਹੁਣ ਬੁੱਚੜ ਨੂੰ ਥੋੜ੍ਹੇ ਦਿਨਾਂ ਦਾ ਪ੍ਰਾਹੁਣਾ ਸਮਝ, ਹੁਣ ਰਾਵਣ ਨੂੰ ਸਾੜ ਕੇ ਹੀ ਮੂੰਹ ਵਿਖਾਵਾਂਗੇ ਤੈਨੂੰ...। ਆਹ ਥੋੜ੍ਹੀ ਜਿਹੀ ਮਾਇਆ ਰੱਖ ਲੈ... ਘਰੇ ਵਰਤੀ ਜਾਊ...।" ਵਕੀਲ ਨੇ ਮਦਦ ਦੇਣ ਦੇ ਇਰਾਦੇ ਨਾਲ ਕੁਝ ਕੁ ਪੈਸੇ ਭੈਣ ਨੂੰ ਦੇਣੇ ਚਾਹੇ। ਪਰ ਭੈਣ ਨੇ ਪੈਸੇ ਕੌਮ ਦੀ ਅਮਾਨਤ ਸਮਝ ਕੇ ਲੈਣ ਤੋਂ ਨਾਂਹ ਕਰ ਦਿੱਤੀ।

"..ਵਾਹ.. ਬਈ.. ਜਿਹੋ ਜਿਹਾ ਜਥੇਦਾਰ ਤੇ ਉਹੋ ਜਿਹਾ ਪਰਿਵਾਰ... ਸਦਕੇ ਵਾਰੀ...।" ਮੈਂ ਮਨੋਂ ਮਨ ਹੀ ਸਤਿਕਾਰ ਨਾਲ ਭੈਣ ਦੇ ਚਰਨ ਸਪੱਰਸ਼ ਛੂਹੇ। ਵਕੀਲ ਨੇ ਚੱਲਣ ਦਾ ਇਸ਼ਾਰਾ ਕੀਤਾ। ਅਸੀਂ ਸਾਰੇ ਫਤਿਹ ਬੁਲਾ ਕੇ ਗੱਡੀ ਵਿਚ ਆ ਬੈਠੇ ਕਿਉਂਕਿ ਦਿਨ ਚੜ੍ਹਨ ਤੋਂ ਪਹਿਲਾਂ ਬੇਰੀ ਵਾਲੇ ਇਕ ਠਾਹਰ ਉਤੇ ਭਾਈ ਬੁੱਧਦੇਵ ਸਿੰਘ ਹੋਰੀਂ ਸਾਡੀ ਉਡੀਕ ਕਰ ਰਹੇ ਸਨ। ਸਾਡੇ ਤਿੰਨਾਂ ਉਤੇ ਦੁੱਖ, ਗੁੱਸੇ ਅਤੇ ਚੁੱਪ ਦਾ ਆਲਮ ਭਾਰੂ ਸੀ। ਸੜਕ ਉਤੇ ਲੰਮੀ ਕਾਲੀ ਰਾਤ ਦੂਰ ਤਕ ਪਸਰੀ ਪਈ ਸੀ। ਸ਼ਾਇਦ ਹਾਲੇ ਚਾਨਣ ਆਉਣ ਵਿਚ ਕਾਫੀ ਦੇਰ ਸੀ।

o------o------o

ਕਾਂਡ 15

ਸ਼ਾਹ ਮੁਹੰਮਦਾ ਪੈਣਗੇ ਵੈਣ ਡੂੰਘੇ...

ਵਕੀਲ ਨੂੰ ਬੇਰੀ ਵਾਲੀ ਨਾਹਰ ਦਾ ਪਤਾ ਸੀ। ਸਾਡੇ ਉਥੇ ਪਹੁੰਚਣ ਤਕ ਭਾਈ ਬੁੱਧਦੇਵ ਸਿੰਘ ਹੋਰੀਂ ਹਥਿਆਰ ਲੈ ਕੇ ਪਹੁੰਚ ਚੁੱਕੇ ਸਨ। ਘਰ ਦਾ ਹਾਲ-ਚਾਲ ਪਤਾ ਲੱਗਣ ਤੋਂ ਬਾਅਦ ਵੀ ਉਹ ਬੜੇ ਸ਼ਾਂਤ ਦਿਖਾਈ ਦੇ ਰਹੇ ਸਨ। ਗੰਭੀਰਤਾ ਤਾਂ ਜਿਵੇਂ ਉਨ੍ਹਾਂ ਦੀ ਬਚਪਨ ਦੀ ਸਾਥਨ ਹੋਵੇ।

"...ਹਾਂ ਜਥੇਦਾਰ ਜੀ ਫਿਰ ਕੀ ਹੁਕਮ ਐ...?" ਵਕੀਲ ਨੇ ਸਵਾਲ ਕਰ ਦਿੱਤਾ।

"...ਹੁਕਮ ਤਾਂ ਵੀਰ ਪਤਾ ਈ ਐ ਪਰ ਮੈਂ ਸਮਝਦਾਂ ਬਈ ਲੋਕ ਇਹ ਨਾ ਸਮਝਣ ਕਿ ਅਸੀਂ ਨਿੱਜੀ ਰੰਜਸ਼ ਵਿਚ ਆ ਕੇ ਮਾਰ ਦਿੱਤਾ...?"

"..ਨਾ ਫਿਰ ਗੁਰੂ ਹਰਿਗੋਬਿੰਦ ਸਾਹਿਬ ਨੇ ਚੰਦੂ ਨੂੰ ਸਜ਼ਾ ਕਿਉਂ ਦਿੱਤੀ ਸੀ...? ਪਾਪੀ ਨੂੰ ਸੋਧਣਾ ਸਿੱਖੀ ਸਿਧਾਂਤਾਂ ਦਾ ਮੁੱਢਲਾ ਫਰਜ਼ ਐ, ਬੇਸ਼ੱਕ ਉਹ ਜ਼ੁਲਮ ਕਿਸੇ 'ਤੇ ਵੀ ਕਿਉਂ ਨਾ ਕਰ ਰਿਹਾ ਹੋਵੇ। 'ਜੈਕਾਰੁ ਕੀਓ ਧਰਮੀਆ ਕਾ ਪਾਪੀ ਕਉ ਡੰਡੁ ਦੀਓਇ...' ...ਗੁਰੂ ਅਰਜਨ ਸਾਹਿਬ ਤੇ ਗੁਰੂ ਤੇਗ ਬਹਾਦਰ ਸਾਹਿਬ ਦੀਆਂ ਸ਼ਹਾਦਤਾਂ ਤੋਂ ਬਾਅਦ ਦੀਆਂ ਇਤਿਹਾਸਕ ਸਥਿਤੀਆਂ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਜੇ ਉਹ ਕੇ.ਐਲ.ਐਫ ਦੇ ਮੁਖੀ ਦੇ ਘਰ ਨੂੰ ਨੇਸਤੋਨਾਬੂਦ ਕਰਕੇ ਪਰਿਵਾਰਕ ਮੈਂਬਰਾਂ ਨੂੰ ਘੋਰ ਤਸ਼ੱਦਦ ਦਾ ਸ਼ਿਕਾਰ ਬਣਾ ਸਕਦਾ ਏ ਤਾਂ ਆਮ ਲੋਕਾਂ ਨਾਲ ਕਿੰਨਾਂ ਵਹਿਸ਼ੀ ਸਲੂਕ ਕਰਦਾ ਹੋਵੇਗਾ....? ਮੈਂ ਤਾਂ ਕਹਿੰਦਾਂ ਬਈ ਬਸ ਹੁਣ ਬਹੁਤ ਹੋ ਗਿਆ..., ਸਾਲੇ ਨੂੰ ਡਾਇਨਾਮੇਟ ਲਗਾ ਕੇ ਥਾਣੇ ਸਮੇਤ ਉਡਾ ਦਿੱਤਾ ਜਾਵੇ...।" ਭਾਈ ਸੁਰਿੰਦਰ ਸਿੰਘ ਨੇ ਜਥੇਦਾਰ ਬੁੱਧਦੇਵ ਸਿੰਘ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਲੰਮੀ ਦਲੀਲ ਝਾੜ ਦਿੱਤੀ।

"...ਠੀਕ ਐ ਜਿਵੇਂ ਖ਼ਾਲਸਾ ਜੀ ਦਾ ਹੁਕਮ..। ਵਕੀਲ ਤੁਹਾਨੂੰ ਸਾਰਾ ਐਕਸ਼ਨ ਸਮਝਾ ਦੇਵੇਗਾ.. ਹੁਣ ਆਰਾਮ ਕੀਤਾ ਜਾਵੇ...।" ਭਾਈ ਬੁੱਧਦੇਵ ਸਿੰਘ ਨੇ ਸਹਿਮਤੀ ਪ੍ਰਗਟ ਕਰ ਦਿੱਤੀ। ਅੰਮ੍ਰਿਤ ਵੇਲੇ ਦੇ ਢਾਈ ਵੱਜ ਚੁੱਕੇ ਸਨ। ਸੋ ਅਰਾਮ ਕਰਨ ਦੀ ਗੱਲ ਨੂੰ ਤਿਆਗ ਦਿੱਤਾ ਗਿਆ। ਇਸ਼ਨਾਨ ਤੋਂ ਮਗਰੋਂ ਨਿਤਨੇਮ ਸ਼ੁਰੂ ਕਰ ਦਿੱਤਾ ਗਿਆ। ਨਿਤਨੇਮ ਮਗਰੋਂ ਮੇਰੀ ਤੇ ਸੁਰਿੰਦਰ ਸਿੰਘ ਦੀ ਅੱਖ ਲੱਗ ਗਈ। ਦਿਨ ਚੜ੍ਹੇ ਜਦੋਂ ਸਾਨੂੰ ਜਾਗ ਆਈ ਤਾਂ ਭਾਈ ਬੁੱਧਦੇਵ ਸਿੰਘ ਜੀ ਜਾ ਚੁੱਕੇ ਸਨ ਤੇ ਸਾਡੇ ਕੋਲ ਵਕੀਲ ਨੂੰ ਸਾਰੀ ਪਲੈਨਿੰਗ ਸਮਝਾਉਣ ਲਈ ਛੱਡ ਗਏ ਸਨ।

"...ਹਾਂ ਵੀਰ ਕੀ ਹੁਕਮ ਐ.." ਸੁਰਿੰਦਰ ਸਿੰਘ ਨੇ ਵਕੀਲ ਨੂੰ ਪੁੱਛਿਆ।

"...ਅੱਜ ਦਾ ਦਿਨ ਆਪਾਂ ਨੂੰ ਇਥੇ ਹੀ ਰਹਿਣਾ ਪਊ... ਜਥੇਦਾਰ ਹੋਰੀਂ ਉਹਦੇ ਬਾਹਰ ਨਿਕਲਣ ਬਾਰੇ ਪਤਾ ਕਰਨ ਗਏ ਨੇ, ਟਾਈਮਿੰਗ ਦੀ ਸੈਟਿੰਗ ਮਗਰੋਂ ਇਕ ਅੱਧੇ ਦਿਨ ਵਿਚ ਹੀ.... ਗੋਲੀ ਅੰਦਰ ਚੂਹਾ ਜਲੰਧਰ...।" ਵਕੀਲ ਕੋਲੋਂ ਜਵਾਬ ਸੁਣ ਕੇ ਅਸੀਂ ਦੋਵੇਂ ਮਸ਼ਟ ਕਰ ਰਹੇ, ਸਾਰਾ ਦਿਨ ਬਾਣੀ ਪੜ੍ਹਦਿਆਂ

ਸਿਮਰਨ ਕਰਦਿਆਂ ਵਧੀਆ ਬਤੀਤ ਹੋ ਗਿਆ। ਦੂਸਰੇ ਦਿਨ ਸਵੇਰੇ ਹੀ ਗੰਨਾਂ ਨੂੰ ਸਾਫ ਕਰਕੇ ਸਾਡਾ ਟੋਲਾ ਬਾਘੇਪੁਰਾਣੇ ਵੱਲ ਨੂੰ ਰਵਾਨਾ ਹੋ ਗਿਆ।

ਦਿਨ ਚੜ੍ਹਦੇ ਤਕ ਅਸੀਂ ਵਾਘੇ ਪੁਰਾਣੇ ਥਾਣੇ ਦੇ ਸਾਹਮਣੇ ਇਕ ਚਾਹ ਦੀ ਦੁਕਾਨ ਉਤੇ ਪਹੁੰਚ ਚੁੱਕੇ ਸਾਂ। ਗੱਡੀ ਅਸੀਂ ਰਸਤੇ ਵਿਚ ਹੀ ਛੱਡਕੇ ਦੋ ਸਕੂਟਰ ਫੜ ਲਏ ਸਨ। ਤਿੰਨ ਅਸਾਲਟਾਂ ਵਿਚ ਮੈਗਜ਼ੀਨ ਫਿੱਟ ਕਰਕੇ ਇਕ ਕਿੱਟ ਵਿਚ ਪਾ ਲਈਆਂ ਸਨ।

"...ਤੁਸੀਂ ਮਹਿੰਗਾ ਸਿੰਘ ਜੀ ਮੇਰੇ ਨਾਲ ਰਹਿਣਾ...। ਸੁਰਿੰਦਰ ਸਿੰਹਾਂ ਤੈਂ ਥਾਣੇ ਦੇ ਦਰਵਾਜ਼ੇ 'ਚੋਂ ਕੋਈ ਜਨੌਰ ਬਾਹਰ ਨੀਂ ਲੰਘਣ ਦੇਣਾ...। ਸੜਕ ਦਾ ਸੱਜਾ ਪਾਸਾ ਮਹਿੰਗਾ ਸਿੰਹਾਂ ਤੂੰ ਤੇ ਖੱਬਾ ਮੈਂ ਆਪੇ ਦੇਖੂੰਗਾ...।" ਵਕੀਲ ਹਦਾਇਤਾਂ ਦੇ ਰਿਹਾ ਸੀ।

"...ਪਰ ਬਾਬਿਓ ਮਿੱਤੂ 'ਤੇ ਮੇਹਰ ਕੌਣ ਕਰੂ...?" ਸੁਰਿੰਦਰ ਸਿੰਘ ਨੇ ਮੂੰਹ ਵਕੀਲ ਦੇ ਕੰਨ ਕੋਲ ਕਰਕੇ ਕਿਹਾ।

"...ਕੋਈ ਗੱਲ ਨੀਂ ਬਾਬਾ ਤੂੰ ਗੱਚਕ ਖਾਂਦਾ ਦੇਖੀਂ ਮਿੱਤ ਸਿਹੁੰ ਨੂੰ ਕੈੜ-ਕੈੜ...।" ਵਕੀਲ ਨੇ ਸਾਹਮਣੇ ਲੱਗੀ ਮੂੰਗਫਲੀ ਦੀ ਰੇਹੜੀ ਵੱਲ ਇਸ਼ਾਰਾ ਕਰ ਦਿੱਤਾ।

"ਆਹ ਮੂੰਗਫਲੀ ਗਰਮਾ-ਗਰਮ, ਕੜਾਕੇ ਦਾਰ ਗੱਚਕ," ਥਾਣੇ ਦੇ ਦਰਵਾਜ਼ੇ ਦਿਓ.. ਬਿਲਕੁਲ ਲਾਗ ਤੋਂ ਕੋਈ ਪਹਿਚਾਣੀ ਲੱਗਦੀ ਆਵਾਜ਼ ਉਭਰੀ। ਇਕ ਬੰਨ੍ਹੀਂ ਦਾੜ੍ਹੀ ਵਾਲਾ ਭਾਈ ਗੱਚਕ ਵੇਚਣ ਦਾ ਹੋਕਾ ਦਿੰਦਾ ਹੋਇਆ ਵਕੀਲ ਦੀ ਅੱਖ ਨਾਲ ਅੱਖ ਮਿਲਾ ਗਿਆ। ਉਹਦੀ ਅਵਾਜ਼ ਤੇ ਜੁੱਸਾ ਤਾਂ ਜਾਣਿਆ ਪਛਾਣਿਆ ਮਹਿਸੂਸ ਹੋ ਰਿਹਾ ਸੀ, ਪਰ ਅੱਧੀ ਚਿੱਟੀ ਕਾਲੀ ਬੰਨ੍ਹੀ ਹੋਈ ਦਾੜ੍ਹੀ ਉਹਦੀ ਅਸਲੀਅਤ ਲਕੋ ਰਹੀਆਂ ਸਨ।

"..ਓਇ ਬੱਲੇ ਆਹ ਬਾਈ ਸਿੰਹਾਂ ਦਈਂ ਕੇਰਾਂ ਪੰਜਾਂ ਰੁਪਈਆਂ ਦੀ ਮੂੰਫਲੀ...। ਅੱਖ ਨਾਲ ਗੱਲ ਕਰਗੀ ਤੂੰ ਗੋਰੀ ਠੋਡੀ ਨਾਲ ਭੋਰਗੀ ਪਤਾਸੇ.....ਓਇ ਛਿਲੜ ਈ ਆ ਕਿ ਮਾੜਾ ਮੋਟਾ ਦਾਣਾ ਵੀ ਆ ਕੋਈ...?" ਵਕੀਲ ਨੇ ਪੰਜ ਰੁਪਏ ਦਾ ਨੋਟ ਰੇਹੜੀ ਵਾਲੇ ਵੱਲ ਵਧਾਇਆ।

"...ਤੂੰ ਬੇ-ਫਿਕਰ ਰਹਿ ਸਰਦਾਰਾ, ਦਾਣੇ ਤਾਂ ਐਨੇ ਆਂ ਬਈ ਅਗਲੇ ਦਾਣੇ ਗਿਣਨੇ ਭੁਲ ਜਾਣਗੇ, ਤੂੰ ਮੂੰਫਲੀ ਖਾਹ..., ਮੂੰਫਲੀ ਗਰਮਾ ਗਰਮ ਕੜਾਕੇਦਾਰ ਗੱਚਕ...।" ਭਾਈ ਨੇ ਜਵਾਬ ਦਿੰਦਿਆਂ ਹੋਕਰਾ ਲਗਾਇਆ।

ਵਕੀਲ ਮੂੰਗਫਲੀ ਫੜਕੇ ਚਾਹ ਦੀ ਦੁਕਾਨ ਦੇ ਬਾਹਰ ਡੱਠੇ ਬੈਂਚਾਂ 'ਤੇ ਆ ਬੈਠਾ ਜਿਥੇ ਅਸੀਂ ਸਮਾਨ ਸਮੇਤ ਪਹਿਲਾਂ ਹੀ ਬੈਠੇ ਸਾਂ। ਕਿੱਟ ਨੂੰ ਮੈਂ ਜਿਪ ਖੋਲ੍ਹ ਕੇ ਸੱਜੇ ਹੱਥ ਮੇਜ਼ ਥੱਲੇ ਕਰ ਲਿਆ ਸੀ ਤਾਂ ਕਿ ਲੋੜ ਪੈਣ 'ਤੇ ਵਿਚੋਂ ਬੰਦੇ ਖਾਣੀਆਂ ਛੇਤੀ ਨਿਕਲ ਸਕਣ।

"..ਦੋ ਕੱਪ ਚਾਹ ਬਣਾਈਂ ਬਈ ਤੇਲੂ ਰਾਮਾ... ਨਾਲੇ ਦੋ-ਦੋ ਪਰਾਂਉਠੇ ਦੇਸੀ ਘਿਉ ਲਾ ਕੇ ਅੰਬ ਦੇ 'ਚਾਰ ਨਾਲ...।" ਵਕੀਲ ਨੇ ਚਾਹ ਦੀ ਦੁਕਾਨ ਦੇ ਮਾਲਕ ਨੂੰ ਮਾਲਵਈਆ ਅੰਦਾਜ਼ ਵਿਚ ਆਰਡਰ ਦੇ ਦਿੱਤਾ।

"..ਲਓ ਮੋਤੀਆਂ ਆਲਿਓ ਗੱਲ ਆ ਕੋਈ, ਓਏ ਮੁੰਡੂ ਸਰਦਾਰਾਂ ਨੂੰ ਪਾਣੀ ਪਿਆਈਂ ਕੇਰਾਂ, ਬੜੇ ਚਿਰਾਂ ਪਿਛੋਂ ਦਰਸ਼ਨ ਹੋਏ ਨੇ...। ...ਨਾਲੇ ਟੇਬਲ ਮੇਚ ਬਿਨਾਂ ਕਹੇ ਤੋਂ ਸਾਫ ਕਰ ਦਿਆ ਕਰ, ਹੋਰ ਸਰਦਾਰਾ ਕਿਵੇਂ ਚਲਦਾ ਕਾਰੋਬਾਰ..? ਗੱਡੀ ਨੀਂ ਲਿਆਂਦੀ ਅੱਜ...?" ਤੇਲੂ ਰਾਮ ਨੇ ਕੋਲੇ ਦੀ ਅੰਗੀਠੀ 'ਤੇ ਚਾਹ ਦਾ ਪਾਣੀ ਧਰਦਿਆਂ ਵਕੀਲ ਨੂੰ ਪੁੱਛ-ਪੜਤਾਲ ਕੀਤੀ।

"..ਗੱਡੀ ਤਾਂ ਨਿੱਕਾ ਬੇਲੀ ਲੈ ਗਿਆ ਏ.. ਉਹਦੇ ਕਾਲਜ ਕੋਈ ਫੰਕਸ਼ਨ ਸੀ, ਬਾਕੀ ਕਾਰੋਬਾਰ 'ਤੇ ਦਯਾ

ਭਗਵਾਨ ਦੀ, ਸਵਾਰੀਆਂ ਢੋਅ ਛੱਡੀਦੀਆਂ ਨੇ...। ਆਹ ਸਹੁਰੀ ਦੇ ਨੇ ਉਈਂ ਸਵਾਹ ਜਿਹੀ ਈ ਦੇਤੀ.. ਦਾਣਾ ਤਾਂ ਕੋਈ ਹੈ ਈ ਨੀਂ ਵਿਚ, ਇਹ ਕਿਹੜਾ ਜਨੌਰ ਐ ਤੇਲੂ ਰਾਮਾ ਪਹਿਲਾਂ ਤਾਂ ਕਦੇ ਦਿਖਾਈ ਨੀਂ ਦਿੱਤਾ ਕਦੇ..?" ਵਕੀਲ ਨੇ ਮੂੰਗਫਲੀ ਭੰਨ ਕੇ ਖਾਦਿਆਂ ਕਿਹਾ।

"..ਪਤਾ ਨੀਂ ਸਰਦਾਰਾ ਕੱਲ੍ਹ ਦਾ ਈ ਲਾਉਣ ਲੱਗਾ ਰੇੜ੍ਹੀ..., ਮੈਨੂੰ ਕਹਿੰਦਾ ਮੈਂ ਚੰਦ ਪੁਰਾਣੇ ਤੋਂ ਵਾਂ। ਪਹਿਲਾਂ ਤਾਂ ਇਥੇ ਸਾਹਮਣੇ ਈ ਝੰਡੇ ਗੱਡਣ ਲੱਗਾ ਸੀ ਆਪਾਂ ਤਾਂ ਫਿਰ ਦੇਵੀ ਦੀ ਦਯਾ ਨਾਲ ਰੋਕ ਤਾ... ਕੰਨ ਜਿਹੇ ਖਾ ਜਾਂਦਾ ਸਾਰੀ ਦਿਹਾੜੀ.. ਅੱਜ ਆਹਾ ਥਾਣੇ ਦੇ ਬਾਰ ਦੇ ਮੂਹਰ ਨੂੰ ਹੋ ਗਿਆ, ਜਦੋਂ ਪਤੰਦਰਾਂ ਨੇ ਦਿੱਤਾ ਡੰਡਾ ਫੇਰ ਪਤਾ ਲੱਗੂ...।" ਤੇਲੂ ਰਾਮ ਨੇ ਨੱਕ ਚੜ੍ਹਾਇਆ।

"..ਆਹ ਮੂੰਗਫਲੀ ਗਰਮਾ ਗਰਮਾ... ਗੱਚਕ ਕੜਾਕੇ ਦਾਰ..ਅ... ਅ...।" ਭਾਈ ਦੀ ਆਵਾਜ਼ ਫਿਰ ਗੂੰਜੀ।

ਤੇਲੂ ਰਾਮ ਦਾ ਮੁੰਡੂ ਚਾਹ ਤੇ ਪਰੌਂਠੇ ਲੈ ਕੇ ਆ ਗਿਆ। ਅਸੀਂ ਅਜੇ ਪਹਿਲੀ ਗਰਾਹੀ ਮੂੰਹ ਵਿਚ ਪਾਈ ਹੀ ਸੀ ਕਿ ਥਾਣੇ ਦੇ ਦਰਵਾਜ਼ੇ ਕੋਲੋਂ ਕੰਨ ਪਾੜਵਾਂ ਰੌਲਾ ਸੁਣਾਈ ਦੇਣ ਲੱਗਾ, "..ਆਂਏ ਨੀਂ ਬਾਈ ਸਿੰਹਾਂ.. ਪੈਸੇ ਤਾਂ ਦੇਣੇ ਈ ਪੈਣਗੇ, ਮੁਖ਼ਤ 'ਚ ਤਾਂ ਜ਼ਹਿਰ ਵੀ ਨੀਂ ਮਿਲਦੀ ਖਾਣ ਨੂੰ, ਮੈਂ ਗਰੀਬ ਨੇ ਨਿਆਣੇ ਵੀ ਪਾਲਣੇ ਆਂ...।"

"...ਉਏ ਤੈਨੂੰ ਕਿਹਾ ਐ ਬਈ ਸਰਦਾਰ ਨੇ ਮੰਗਵਾਈ ਆ ਕਿਲੋ ਮੂੰਫਲੀ...। ਜੇ ਨਿਆਣਿਆਂ ਦਾ ਬਹੁਤਾ ਫਿਕਰ ਸੀ ਤਾਂ ਗੁਰਦੁਆਰੇ ਮੂਹਰੇ ਲਾਉਣੀ ਸੀ ਰੇਹੜੀ, ਥੱਪੜ ਮਾਰੂ ਸਾਲੇ ਦੇ। ਕਿਵੇਂ ਬਘਿਆੜ ਵੰਗੂੰ ਡੇਲੇ ਜਿਹੇ ਕੱਢਦੈ...।"

ਮੂੰਗਫਲੀ ਵਾਲੇ ਅਤੇ ਇਕ ਸਿਪਾਹੀ ਵਿਚਕਾਰ ਖਹਿਬੜਬਾਜ਼ੀ ਹੋ ਰਹੀ ਸੀ। ਜਦ ਖਹਿਬੜਦਾ ਹੋਇਆ ਸਿਪਾਹੀ ਭਾਈ ਵੱਲ ਨੂੰ ਔਹਲਿਆ ਤਾਂ ਉਸਨੇ ਇਕ ਪਟਾਕ ਕਰਦਾ ਥੱਪੜ ਸਿਪਾਹੀ ਦੇ ਜੜ੍ਹ ਦਿੱਤਾ।

"..ਇਹਦੀ ਭੈਣ ਨੂੰ... ਇਹਦੀ ਇਹ ਮਜ਼ਾਲ.. ਪਾੜਦੇ ਆਂ ਪੁੱਤ ਤੇਰੇ ਚੱਡੇ... ਉਹ ਦੀਪਿਆ! ਆਈਂ ਕੇਰਾਂ...।" ਸਿਪਾਹੀ ਨੇ ਥਾਣੇ ਵੱਲ ਨੂੰ ਮੂੰਹ ਕਰਕੇ ਅਵਾਜ਼ ਮਾਰੀ ਅਤੇ ਹੋਰ ਪੁਲਸੀਆਂ ਨੂੰ ਲੈਣ ਭੱਜ ਕੇ ਥਾਣੇ ਵਿਚ ਵੜ ਗਿਆ।

ਵਕੀਲ ਨੇ ਰੋਟੀ ਵਿਚੇ ਛੱਡ ਕੇ ਸਾਨੂੰ ਅਲਰਟ ਹੋਣ ਦਾ ਇਸ਼ਾਰਾ ਕਰ ਦਿੱਤਾ। ਲੰਮੇ ਕਦਮਾਂ ਨਾਲ ਪੁਲਸੀਆਂ ਦੀ ਇਕ ਧਾੜ ਜਿਸਦੀ ਅਗਵਾਈ ਮਿੱਤੂ ਖੁਦ ਕਰ ਰਿਹਾ ਸੀ, ਥਾਣੇ ਤੋਂ ਬਾਹਰ ਆਈ। ਥਾਣੇ ਦੇ ਮੇਨ ਲੱਕੜ ਦੇ ਗੇਟ ਵਿਚੋਂ ਕਦਮ ਬਾਹਰ ਕਰ ਰਹੇ ਮਿੱਤ ਸਿੰਹੁ ਦੇ ਟੋਲੇ ਵਿਚਲਾ ਖੱਬੇ ਪਾਸੇ ਵਾਲਾ ਬਾਡੀਗਾਰਡ ਸੁਰਿੰਦਰ 'ਟਾਂਅ' ਦੀ ਅਵਾਜ਼ ਕਰਦੀ ਹੋਈ ਅਸਾਲਟ ਦੀ ਗੋਲੀ ਨਾਲ ਢੇਰੀ ਹੋ ਗਿਆ। ਮੈਂ ਤੇ ਵਕੀਲ ਨੇ ਸੜਕ ਦੇ ਦੋਹੀਂ ਪਾਸੇ ਹੱਥ ਦੇ ਕੇ ਟਾਂਵਾਂ ਟਾਂਵਾਂ ਚੱਲ ਰਿਹਾ ਟਰੈਫਿਕ ਥਾਂਏ ਹੀ ਰੋਕ ਦਿੱਤਾ। ਤੇਲੂ ਰਾਮ ਡਰ ਨਾਲ ਥਰ ਥਰ ਕੰਬੀ ਜਾ ਰਿਹਾ ਸੀ ਉਸ ਤੋਂ ਦੁਕਾਨ ਦਾ ਸ਼ਟਰ ਬੰਦ ਨੀਂ ਹੋ ਰਿਹਾ ਸੀ।

"..ਤਰੜ..ਤੜਰੜ.. ਤਰੜ..।" ਸੁਰਿੰਦਰ ਸਿੰਘ ਬੱਬਰ ਦੀ ਅਸਾਲਟ ਕੁਝ ਸਕਿੰਟਾਂ ਦੇ ਵਕਫੇ ਬਾਅਦ ਦੁਬਾਰਾ ਫਿਰ ਗਰਜੀ ਤਾਂ ਉਹਦੀਆਂ ਬਹੁਤੀਆਂ ਗੋਲੀਆਂ ਥਾਣੇ ਦੇ ਮੇਨ ਗੇਟ ਵਿਚ ਹੀ ਖੁੱਭ ਗਈਆਂ ਕਿਉਂਕਿ ਮਿੱਤੂ ਦੇ ਨਾਲ ਬਾਹਰ ਨੂੰ ਆਉਣ ਵਾਲਾ ਟੋਲਾ ਥਾਣੇ ਵੱਲ ਨੂੰ ਮੂੰਹ ਕਰਕੇ ਚਿੱਤੜਾਂ ਨੂੰ ਅੱਡੀਆਂ ਲਗਾ ਗਿਆ ਸੀ। ਸਿਪਾਹੀਆਂ ਨੇ ਅੰਦਰ ਵੜਦੇ ਸਾਰ ਮੇਨ ਗੇਟ ਬੰਦ ਕਰ ਦਿੱਤਾ। ਇਸ ਸਾਰੀ ਹਫੜਾ-ਦਫੜੀ ਵਿਚ ਮੂੰਗਫਲੀ ਵਾਲੇ ਭਾਈ ਨੇ ਥਾਣੇ ਵੱਲ ਨੂੰ ਭੱਜੇ ਜਾਂਦੇ ਮਿੱਤੂ ਨੂੰ ਗਲਾਵੇਂ ਤੋਂ ਫੜ ਕੇ ਧਰਤੀ 'ਤੇ ਸੁੱਟ ਲਿਆ ਸੀ। ਇਸ ਤੋਂ ਪਹਿਲਾਂ ਕਿ ਮਿੱਤੂ ਦਾ ਹੱਥ ਰਿਵਾਲਵਰ ਵੱਲ ਨੂੰ ਵਧਦਾ, ਮੂੰਗਫਲੀ ਵਾਲਾ ਭਾਈ ਰੇੜ੍ਹੀ ਦੇ ਥੱਲਿਉਂ

ਬੋਰੀ ਵਿਚੋਂ ਅਸਾਲਟ ਕੱਢ ਕੇ ਗਰਜ ਪਿਆ।

"..ਉਏ ਕਮੀਨਿਆਂ ਹੱਥ ਉਪਰ.... ਮਜ਼ਲੂਮਾਂ 'ਤੇ ਜ਼ੁਲਮ ਕਰਕੇ ਸ਼ੇਰ ਬਣ ਗਿਆ ਸੀ ਮੇਰੀਆਂ ਅੱਖਾਂ 'ਚ ਅੱਖਾਂ ਪਾ ਕੇ ਤਕ ਮੈਂ ਬੁੱਧਦੇਵ ਸਿੰਘ ਆਂ...।" ਬੁੱਧਦੇਵ ਸਿੰਘ ਦਾ ਨਾਂਅ ਸੁਣਕੇ ਮਿੱਤੂ ਰਿਵਾਲਵਰ ਉਥੇ ਹੀ ਛੱਡ ਬਜ਼ਾਰ ਵਿਚ ਨੂੰ ਵਾਹੋ-ਦਾਹੀ ਨੱਠ ਉਠਿਆ। ਮੈਂ ਉਸ ਨੂੰ ਰੋਕਣ ਲਈ ਅਗਾਂਹ ਹੋਇਆ ਤਾਂ ਭਾਈ ਬੁੱਧਦੇਵ ਸਿੰਘ ਨੇ ਇਸ਼ਾਰਾ ਕਰਕੇ ਮੈਨੂੰ ਪਾਸੇ ਹਟਣ ਨੂੰ ਕਹਿ ਦਿੱਤਾ। ਵਕੀਲ ਅਤੇ ਸੁਰਿੰਦਰ ਸਿੰਘ ਨੇ ਪਲਾਂ ਵਿਚ ਦੋਨੋਂ ਸਕੂਟਰ ਸਟਾਰਟ ਕਰ ਲਏ। ਹੁਣ ਸਾਡੀ ਚੌਹਾਂ ਦੀ ਟੋਲੀ ਭੱਜੇ ਜਾਂਦੇ ਮਿੱਤੂ ਦੇ ਮਗਰ ਹੋ ਤੁਰੀ। ਤੇਲੂ ਰਾਮ ਵੱਲ ਨੂੰ ਵਕੀਲ ਨੇ ਸੌ ਦਾ ਨੋਟ ਵਗਾਹ ਮਾਰਿਆ।

"..ਨਾਂ..ਨਾਂ..ਸ..ਸ..ਰਦਾਰੋ ਪੈਸਿਆਂ ਦੀ ਕਿਹੜੀ ਗੱਲ ਸੀ..?" ਤੇਲੂ ਰਾਮ ਕੋਲੋਂ ਗੱਲ ਮਸਾਂ ਪੂਰੀ ਹੋਈ, ਉਹ ਮਲਮਲ ਦੀ ਚਿੱਟੀ ਚਕੋਰ ਧੋਤੀ ਵਿਚ ਚੁਲ.ਲ ਚੁਲਲ ਮੂਤੀ ਜਾ ਰਿਹਾ ਸੀ।

"ਲੈ ਬਈ ਬਾਬਾ ਇਕ ਨਿਸ਼ਾਨਾ ਹੋਰ ਲਾ ਮੋਢੇ ਵਿਚ..।" ਵਕੀਲ ਨੇ ਮੇਰੇ ਸਕੂਟਰ ਮਗਰ ਬੈਠੇ ਸੁਰਿੰਦਰ ਸਿੰਘ ਬੱਬਰ ਨੂੰ ਹਦਾਇਤ ਦਿੱਤੀ ਤਾਂ ਉਸਨੇ ਮੇਰੇ ਕੰਨ ਕੋਲ ਦੀ ਅਸਾਲਟ ਦੀ ਬੈਰਲ ਅੱਗੇ ਕੱਢ ਕੇ ਘੋੜਾ ਦਬਾ ਦਿੱਤਾ।

'ਠਾਅ..' ਦੀ ਅਵਾਜ਼ ਨਾਲ ਮਿੱਤੂ ਦੀ ਲੋਟਣੀ ਲੱਗ ਗਈ। ਸਾਰਾ ਬਜ਼ਾਰ ਪਲਾਂ ਵਿਚ ਖਾਲੀ ਹੋ ਗਿਆ। ਲੋਕਾਂ ਨੇ ਦਿਨ ਖੜ੍ਹੇ ਬੂਹੇ ਬਾਰੀਆਂ ਢੋਅ ਲਏ। ਦੁਕਾਨਾਂ ਦੇ ਸ਼ਟਰ ਤਾੜ ਤਾੜ ਕਰਕੇ ਹੇਠਾ ਡਿੱਗ ਰਹੇ ਸਨ। ਥਾਣੇ ਅੰਦਰ ਭੱਜ ਕੇ ਵੜੇ ਪੁਲਸੀਆਂ ਨੂੰ ਸੱਪ ਸੁੰਘ ਗਿਆ ਸੀ। ਮੰਡੀ ਵਿਚ ਸੌਦਾ ਸੂਤ ਲੈਣ ਆਏ ਕਿਸਾਨ ਸਾਨੂੰ ਅਵਾਜ਼ਾਂ ਮਾਰ ਮਾਰ ਹੱਲਾਸ਼ੇਰੀਆਂ ਦੇਣ ਲੱਗੇ, "ਚੱਕਦੇ ਯੋਧਿਉ... ਠੋਕਦੇ ਬੱਬਰੋ... ਸੁੱਕਾ ਨਾ ਜਾਵੇ...।"

ਡਿੱਗੇ ਪਏ ਮਿੱਤੂ ਵਿਚ ਦੁਬਾਰਾ ਉਠ ਕੇ ਭੱਜਣ ਦਾ ਹੌਂਸਲਾ ਨਾ ਰਿਹਾ। ਮਰਦਾ ਕੀ ਨਾ ਕਰਦਾ ਦੀ ਕਹਾਵਤ ਅਨੁਸਾਰ ਹੁਣ ਉਹ ਹਾੜਿਆਂ 'ਤੇ ਉਤਰ ਆਇਆ, "..ਹਾੜ੍ਹਾ ਭਰਾਵੋ! ਮੈਂ ਥੋਡੀ ਕੈਲੀ ਗਊ, ਨਾ ਮਾਰਿਉ ਬੱਚਿਆਂ ਵਾਲਾ ਵਾਂ...।" ਸੁਰਿੰਦਰ ਸਿੰਘ ਦਾ ਮੋਢੇ ਵਿਚ ਲਾਇਆ ਨਿਸ਼ਾਨਾਂ ਸੱਜੇ ਮੌਰ ਨੂੰ ਚੀਰ ਕੇ ਆਰ-ਪਾਰ ਲੰਘ ਗਿਆ ਸੀ। ਜ਼ਖਮ ਵਿਚੋਂ ਪਰਲ-ਪਰਲ ਵਗਦਾ ਹੋਇਆ ਖੂਨ ਧਰਤੀ ਨੂੰ ਪੋਸਤ ਦੇ ਫੁੱਲ ਵਰਗੀ ਸੂਹੀ ਲਾਲ ਬਣਾ ਰਿਹਾ ਸੀ।

"..ਉਹ ਮਾਵਾਂ ਦੇ ਪੁੱਤ ਨੀਂ ਸੀ..? ਜਿਹੜੇ ਤੈਂ ਨਕਸਲੀ ਲਹਿਰ ਤੋਂ ਲੈ ਕੇ ਹੁਣ ਤਕ ਮਾਰੇ ਆ...?" ਮੇਰੀਆਂ ਅੱਖਾਂ ਅੱਗਿਉਂ ਬੰਤੇ ਰਾਜੇਆਣੇ ਤੋਂ ਸ਼ੁਰੂ ਹੋਈ ਸ਼ਹੀਦਾਂ ਦੀ ਲੜੀ ਇਕ-ਇਕ ਕਰਕੇ ਗੁਜ਼ਰ ਗਈ। ਮੈਂ ਗੋਡਿਆਂ ਤੋਂ ਥੱਲੇ ਤਕ ਮਿੱਤੂ ਦੀਆਂ ਦੋਵੇਂ ਲੱਤਾਂ ਵਿਚੋਂ ਪੂਰੇ ਦਾ ਪੂਰਾ ਮੈਗਜ਼ੀਨ ਖਾਲੀ ਕਰ ਦਿੱਤਾ।

"..ਹਾੜ੍ਹਾ ਰੱਬ ਦਾ ਵਾਸਤਾ... ਖਾਲਿਸਉ ਜਿਵੇਂ ਕਹੋਂਗੇ ਉਵੇਂ ਕਰੂੰਗਾ, ਮੈਂ ਥੋਡੀ ਕੈਲੀ ਗਊ ਅੱਜ ਜਿਵੇਂ ਕਿਵੇਂ ਬਖਸ਼ੋ....।" ਮਿੱਤੂ ਡਡਿਆਇਆ। ਉਸਦੀ ਸਾਹ ਦੀ ਧੌਂਖਣੀ ਫੜਕ ਫੜਕ ਵੱਜ ਰਹੀ ਸੀ।

"..ਜੇ ਤੂੰ ਕੈਲੀ ਗਊ ਏਂ ਤਾਂ ਬੱਲਿਆ ਅਸੀਂ ਤਾਂ ਨਾਰੇ ਸਾਨ੍ਹ ਆਂ... ਆ.. ਨਵੇਂ ਦੁੱਧ ਕਰੀਏ.. ਜਾ ਕੇ ਧਰਮ ਰਾਜ ਨੂੰ ਲੇਖੇ ਵਿਚ ਲੱਸੀ ਪਿਆਈਂ....।" ਵਕੀਲ ਨੇ ਮੋਢੇ ਦੇ ਜ਼ਖਮ 'ਤੇ ਪੈਰ ਰੱਖ ਦਿੱਤਾ।

"..ਹਾਏ ਓਏ.. ਮਾਰਤਾ ਮਾਪਿਉ.." ਮਿੱਤੂ ਦੀ ਲੇਰ ਨਿਕਲਗੀ।

ਸੁਰਿੰਦਰ ਸਿੰਘ ਬੱਬਰ ਨੂੰ ਪਤਾ ਨੀਂ ਕੀ ਹੋਇਆ, "..ਤੂੰ ਭੈਣ..ਚੋਦਾ... ਸਾਡੀਆਂ ਧੀਆਂ ਭੈਣਾਂ ਨੂੰ...।" ਸੁਰਿੰਦਰ ਸਿੰਘ ਤੋਂ ਗੱਲ ਪੂਰੀ ਨਾ ਹੋ ਸਕੀ ਤੇ ਉਹ ਪੂਰੇ ਗੁੱਸੇ ਨਾਲ ਮਿੱਤੂ ਦੀਆਂ ਜ਼ਖਮੀ ਲੱਤਾਂ ਉਤੇ ਚੜ੍ਹ ਕੇ ਕੁੱਦਣ ਲੱਗ ਪਿਆ।

"..ਠੀਕ.. ਆ.. ਠੀਕ.. ਇਉਂ ਈਂ ਠੀਕ ਐ... ਇਹਨੂੰ ਵੀ ਪਤਾ ਲੱਗੇ ਕਿ ਘੋਟਾ ਕਿਵੇਂ ਲੱਗਦਾ ਹੁੰਦਾ..।" ਕਹਿੰਦੇ ਹੋਇਆਂ ਵਕੀਲ ਨੇ ਅੱਡੀ ਵਾਲੇ ਬੂਟ ਦੀ ਲੱਤ ਮਾਰ ਕੇ ਮਿੱਤੂ ਦਾ ਜਬਾੜਾ ਦੰਦਾਂ ਸਮੇਤ ਬਾਹਰ ਕੱਢ ਦਿੱਤਾ।

"ਬੱਸ ਬੜਾ ਹੋ ਗਿਆ..! ਚੱਲ ਬਈ ਮਿੱਤ ਰਾਮਾਂ, ਤੂੰ ਤਾਂ ਵੀਰਗਤੀ ਨੂੰ ਪ੍ਰਾਪਤ ਹੋ...।" ਕਹਿੰਦਿਆਂ ਬੁੱਧਦੇਵ ਸਿੰਘ ਨੇ ਇਕ ਬਰੱਸਟ ਮਿੱਤੂ ਦੀ ਖੋਪੜੀ ਵਿਚੋਂ ਕੱਢ ਦਿੱਤਾ।

ਮਿੱਤੂ ਦੇ ਸਿਰ ਵਿਚੋਂ ਕਾਲਾ ਖੂਨ ਵਗ ਕੇ ਸੜਕ ਦੀ ਲੁੱਕ ਅਤੇ ਰੰਗ ਬਰੰਗੀ ਮਿੱਝ ਵਿਚ ਰਲ ਕੇ ਛੱਪੜ ਦਾ ਰੂਪ ਧਾਰਨ ਕਰ ਗਿਆ। ਉਸਦੇ ਮੋਢੇ ਉਤੇ ਚਮਕਦੇ ਭਾਰਤੀ ਸਟਾਰਾਂ ਦੀ ਚਮਕ ਮੱਧਮ ਪੈ ਗਈ ਤੇ ਉਸਦਾ ਭੌਰ ਲੇਖੇ ਲਈ ਰੱਬ ਦੀ ਕਚਿਹਰੀ ਵੱਲ ਨੂੰ ਰਵਾਨਾ ਹੋ ਗਿਆ। ਸੁਰਿੰਦਰ ਸਿੰਘ ਬੱਬਰ ਨੇ ਉੱਚੀ ਅਵਾਜ ਨਾਲ 'ਅਕਾਲ.. ਅਕਾਲ..' ਦੇ ਆਕਾਸ਼ ਗੁੰਜਾਊ ਜੈਕਾਰੇ ਛੱਡੇ। ਅਣ-ਗਿਣਤ ਹਵਾਈ ਫਾਇਰ ਕਰ ਛੱਡੇ। ਸਾਰਾ ਬਾਘਾ ਪੁਰਾਣਾ ਕਿਸੇ ਤੰਦਰਾਂ ਵਿਚ ਘੂਕ ਸੌਂ ਗਿਆ। ਅਸੀਂ ਸਕੂਟਰ ਨਿਹਾਲ ਸਿੰਘ ਵਾਲਾ ਰੋਡ 'ਤੇ ਪਾ ਕੇ ਸਰਹਿੰਦ ਨਹਿਰ ਨੂੰ ਚਾੜ੍ਹ ਲਏ।

o-----o-----o

ਕਾਂਡ 16

ਸਰਹਿੰਦ ਨਹਿਰ 'ਤੇ ਚੜ੍ਹ ਕੇ ਸਾਡੀ ਟੋਲੀ ਇਕ ਦੂਜੇ ਤੋਂ ਉਲਟ ਦਿਸ਼ਾਵਾਂ ਵੱਲ ਨੂੰ ਹੋ ਤੁਰੀ। ਭਾਈ ਬੁੱਧਦੇਵ ਸਿੰਘ ਹੁਰੀਂ ਤੇ ਵਕੀਲ ਹੁਰੀਂ ਜਗਰਾਉਂ ਇਲਾਕੇ ਵੱਲ ਨੂੰ ਨਿਕਲ ਗਏ। ਜਦਕਿ ਮੈਂ ਤੇ ਸੁਰਿੰਦਰ ਸਿੰਘ ਪੱਛਮ ਵੱਲ ਨੂੰ ਵਸੇ ਸੁਰਿੰਦਰ ਸਿੰਘ ਦੇ ਪਿੰਡ ਵੱਲ ਨੂੰ ਹੋ ਤੁਰੇ। ਸੁਰਿੰਦਰ ਸਿੰਘ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਜਥੇਬੰਦੀ ਵਿਚ ਉਹ ਗੁਪਤ ਰੂਪ ਵਿਚ ਕੰਮ ਕਰਦਾ ਸੀ। ਅਸਾਲਟਾਂ ਅਸੀਂ ਭਾਈ ਬੁੱਧਦੇਵ ਸਿੰਘ ਹੁਰਾਂ ਨੂੰ ਹੀ ਫੜਾ ਦਿੱਤੀਆਂ ਸਨ। ਹੁਣ ਸਾਡੇ ਕੋਲ ਡੱਬ ਵਿਚ ਲੁਕਾਏ ਜਾ ਸਕਣ ਵਾਲੇ ਪਿਸਟਲ ਹੀ ਸਨ। ਸਰਹਿੰਦ ਨਹਿਰ ਦੀ ਅਬੋਹਰ ਬਰਾਂਚ ਆਪਣੇ ਜੋਬਨ 'ਤੇ ਛੱਲਾਂ ਮਾਰਦੀ ਹੋਈ ਵਗ ਰਹੀ ਸੀ। ਕਿਤੋਂ ਕਿਤੋਂ ਆਉਂਦੀ ਕਲ-ਕਲ ਦੀ ਅਵਾਜ਼ ਅੰਦਰ ਕੋਈ ਰਾਗਨੀ ਵੱਜਦੀ ਪ੍ਰਤੀਤ ਹੋ ਰਹੀ ਸੀ। ਮੇਰਾ ਮਨ ਮੱਲੋ ਮੱਲੀ ਹੀ ਅਣਡਿੱਠ ਮਾਹੀ ਦੀ ਯਾਦ ਵੱਲ ਨੂੰ ਜੁੜ ਗਿਆ। ਮੁਰਗਾਬੀਆਂ ਦਾ ਇਕ ਜੋੜਾ ਨਹਿਰ ਦੇ ਇਕ ਕਿਨਾਰੇ ਤੋਂ ਦੂਜੇ ਕਿਨਾਰੇ ਵੱਲ ਨੂੰ ਫ਼ੁਰਰ..ਰਰ.. ਦੀ ਅਵਾਜ਼ ਕਰਦਾ ਹੋਇਆ ਉਡਾਰੀ ਮਾਰ ਗਿਆ। "...ਨਿਕਸੁ ਰੇ ਪੰਖੀ ਸਿਮਰਿ ਹਰਿ ਪਾਂਖ ।" ਉਡੀਆਂ ਜਾਂਦੀਆਂ ਮੁਰਗਾਬੀਆਂ ਨੂੰ ਦੇਖ ਕੇ ਮੇਰੇ ਮਨ ਨੇ ਹੁਲਾਰਾ ਖਾਧਾ।

"...ਔਹ ਆ ਗਿਆ ਮਿੱਤਲਾ ਆਪਣਾ ਪਿੰਡ...।" ਸੁਰਿੰਦਰ ਸਿੰਘ ਨੇ ਸਕੂਟਰ ਨਹਿਰ ਦੀ ਪੁਲੀ ਉਪਰ ਰੋਕ ਕੇ ਸੱਜੇ ਹੱਥ ਵੱਲ ਨੂੰ ਇਸ਼ਾਰਾ ਕੀਤਾ।

"..ਪਾਣੀ ਪੀਤਾ ਜਾਵੇ ਤ੍ਰੇਹ ਸਤਾਉਣ ਡਈ ਐ...।" ਨਹਿਰ ਦੇ ਪੁਲ 'ਤੇ ਪਿੱਪਲ ਦੇ ਥੱਲੇ ਲੱਗੇ ਨਲਕੇ ਨੇ ਮੇਰੀ ਪਿਆਸ ਭੜਕਾ ਦਿੱਤੀ।

"..ਹਾਂ..ਹਾਂ.. ਕਿਉਂ ਨੀਂ ਮੈਂ ਤਾਂ ਆਪ ਰੋਕਣ ਦੇ ਮੂਡ ਵਿਚ ਸੀ, ਆਪਾਂ ਹੁਣ ਘਰੇ ਚੱਲਣਾ ਐ... ਬਾਪੂ ਬੇਬੇ ਦੇ ਪੁੱਛਣ 'ਤੇ ਇਹੋ ਕਹਿਣਾ ਬਈ ਅਸੀਂ ਹਜ਼ੂਰ ਸਾਹਿਬ ਤੋਂ ਆਏ ਆਂ... ਕਾਰ ਸੇਵਾ ਵਾਲੇ ਬਾਬਿਆਂ ਨਾਲੋਂ...।" ਕਹਿੰਦਿਆਂ ਸੁਰਿੰਦਰ ਨੇ ਨਲਕੇ ਦੀ ਹੱਥੀ ਫੜ ਕੇ ਪਾਣੀ ਗੇੜਨਾ ਸ਼ੁਰੂ ਕੀਤਾ ਪਾਣੀ ਬੜਾ ਠੰਡਾ ਅਤੇ ਮਿੱਠਾ ਸੀ। ਪਿੱਪਲ ਦੀ ਛਾਂ ਵੀ ਕਾਫੀ ਘਣੀ ਸੀ। ਪਿੱਪਲ ਦੇ ਸਿਖਰ ਤੋਂ ਪਪੀਹੇ ਨੇ ਪੀਂਅ-ਪੀਂਅ ਦਾ ਮਿੱਠਾ ਸਰੋਦ ਸੁਣਾਇਆ।

"..ਬੰਬੀਹਾ ਜਿਸ ਨੂੰ ਤੂੰ ਪੁਕਾਰਦਾ ਤਿਸ ਲੋਚੈ ਸਭੁ ਕੋਇ.., ਆਦਿ ਗੁਰਏ ਨਮਹ॥ ਜੁਗਾਦਿ ਗੁਰਏ ਨਮਹ...।" ਸੁਰਿੰਦਰ ਸਿੰਘ ਨੇ ਮਾਹੌਲ ਦੀ ਰਮਣੀਕਤਾ ਦਾ ਲਾਭ ਉਠਾਉਂਦੇ ਹੋਏ ਸੁਖਮਨੀ ਸਾਹਿਬ ਦਾ ਪਾਠ ਸ਼ੁਰੂ ਕਰ ਲਿਆ। ਉਸਦੀਆਂ ਅੱਖਾਂ ਨੀਮ ਹੁੰਦੀਆਂ ਗਈਆਂ ਮੈਂ ਉਹ ਦੇ ਕੋਲ ਬੈਠ ਕੇ ਬਾਣੀ ਸਰਵਣ ਕਰਨੀ ਸ਼ੁਰੂ ਕਰ ਦਿੱਤੀ ਅਤੇ ਮਨੋ ਬਿਰਤੀ ਵਾਹਿਗੁਰੂ ਵਾਹਿਗੁਰੂ ਦੀ ਧੁਨੀ ਵਿਚ ਜੋੜ ਦਿੱਤੀ। ਹਵਾ ਅਤੇ ਪਾਣੀ ਦੇ ਸਪਰਸ਼ ਨਾਲ ਲਹਿਰਾਂ ਵਿਚੋਂ ਕੋਈ ਅਗੰਮੀ ਨਾਦ ਗੂੰਜਦਾ ਮਹਿਸੂਸ ਹੋਣ ਲੱਗਾ। ਸੁਖਮਨੀ ਸਾਹਿਬ ਤੋਂ ਬਾਅਦ ਬਾਰਹਮਾਹ ਮਾਝ, ਬਾਰਹਮਾਹ ਤੁਖਾਰੀ, ਛੁਨਹੇ ਚਉਬੋਲੇ, ਸੱਤੇ ਬਲਵੰਡੇ ਦੀ ਵਾਰ ਅਤੇ ਕਈ ਹੋਰ ਬਾਣੀਆਂ ਦਾ ਪਾਠ ਸੁਰਿੰਦਰ ਸਿੰਘ ਨੇ ਅਕਹਿ ਵਜਦ 'ਚ ਆ ਕੇ ਕੀਤਾ ਕਿ ਸਾਨੂੰ ਪਤਾ ਹੀ ਨਾ ਲੱਗਿਆ ਕਦੋਂ ਸੂਰਜ

ਅਸਤ ਹੋਣ ਵਾਲਾ ਹੋ ਗਿਆ। ਨਾਲ ਲੱਗਦੇ ਹੀ ਰਹਿਰਾਸ ਸਾਹਿਬ ਦਾ ਪਾਠ ਵੀ ਕਰ ਲਿਆ ਗਿਆ। ਸੋਦਰ ਦਾ ਭੋਗ ਪੈਣ ਤਕ ਦਿਨ ਛਿਪ ਚੁੱਕਾ ਸੀ। ਅਸੀਂ ਸਕੂਟਰ ਸਟਾਰਟ ਕਰਕੇ ਸੁਰਿੰਦਰ ਸਿੰਘ ਦੇ ਪਿੰਡ ਰੋੜਾਂਵਾਲੀ ਪਹੁੰਚ ਗਏ। ਗੱਲਾਂ ਕਰਦੇ ਸੁਰਿੰਦਰ ਸਿੰਘ ਨੇ ਇਕ ਲੱਕੜੀ ਦੇ ਬੂਹੇ ਦੀ ਅਰਲ ਖੜਕਾ ਦਿੱਤੀ।

"..ਕੌਣ ਏ ਬਈ..? ਲੰਘ ਆਉ ਦਰ ਖੁੱਲ੍ਹਾ ਈ ਵਾ..।" ਅੱਗਿਉਂ ਕਿਸੇ ਸਿਆਣੀ ਉਮਰ ਦੇ ਆਦਮੀ ਦੇ ਅਵਾਜ਼ ਸੀ।

"..ਬਾਪੂ ਜੀ ਮੈਂ ਆਂ, ..ਛਿੰਦਾ..।" ਸੁਰਿੰਦਰ ਨੇ ਅੰਦਰਲੀ ਅਵਾਜ਼ ਦੇ ਜਵਾਬ ਵਿਚ ਮੋੜਾ ਦਿੱਤਾ।

"..ਹੈਂ..! ਜਿੰਦਾ ਬਈ ਨਿਹੰਗਾ ਤੂੰ ਤੰਗ ਬਹੁਤ ਕੀਤਾ ਸਾਨੂੰ... ਸਾਡਾ ਬੁੱਢਿਆਂ ਠੇਰਿਆਂ ਦਾ ਤੇਰੇ ਬਿਨਾਂ ਹੈ ਕੌਣ? ਤੈਂ ਤੂੰ ਤਾਂ ਯਾਰ ਉਈਂ ਨਿਰਮੋਹਾ ਜਿਹਾ ਹੋ ਕੇ ਸਾਲ ਸਾਲ ਘਰੇ ਈ ਨੀਂ ਵੜਦਾ..।" ਬਜ਼ੁਰਗ ਨੇ ਮੰਜੇ ਤੋਂ ਉਠ ਕੇ ਸਕੂਟਰ ਖੜ੍ਹਾ ਕਰ ਰਹੇ ਸੁਰਿੰਦਰ ਸਿੰਘ ਦੀ ਕੰਡ 'ਤੇ ਹੱਥ ਰੱਖਿਆ। ਉਸਦੀਆਂ ਅੱਖਾਂ ਨਮ ਹੋ ਚੁੱਕੀਆਂ ਸਨ।

"..ਆਵਦੀ ਬੇਬੇ ਦਾ ਹਾਲ ਵੀ ਪੁੱਛ ਲੈ..., ਦਿਨੇ ਵੀ ਕਮਲਿਆਂ ਅੰਗੂ ਬੁੜਬੁੜਾਉਂਦੀ ਰਹਿੰਦੀ ਐ.., ਆਹ.. ਭਗਵਾਨ ਕੁਰੇ ਆ ਗਿਆ ਤੇਰਾ ਚੰਦ ਪੁੱਤ...।" ਬਾਪੂ ਨੇ ਕੰਧੋਲੀ ਵੱਲ ਨੂੰ ਮੂੰਹ ਕਰਕੇ ਅਵਾਜ਼ ਮਾਰੀ। "..ਮੈਂ ਸਦਕੇ, ਮੈਂ ਵਾਰੀ ਮੇਰਾ ਸਾਧ ਪੁੱਤ ਘਰੇ ਆਇਆ ਮੇਰੇ ਕਾਲਜੇ ਠੰਢ ਪਈ...।" ਮਾਂ ਨੇ ਉਠ ਕੇ ਸੁਰਿੰਦਰ ਸਿੰਘ ਨੂੰ ਬਾਹਾਂ ਵਿਚ ਘੁੱਟ ਲਿਆ। ਮੈਂ ਵੀ ਮਾਤਾ ਨੂੰ ਮੱਥਾ ਟੇਕਿਆ ਤਾਂ ਉਸ ਨੇ ਅਸੀਸਾਂ ਦੀ ਝੜੀ ਲਾ ਦਿੱਤੀ।

"ਜਿਉਂਦਾ ਰਹਿ ਪੁੱਤ, ਜਵਾਨੀਆਂ ਮਾਣ.. ਰੱਬ ਚਾਰ ਯੁੱਗ ਲੰਮੀ ਉਮਰ ਦਵੇ..।" ਮੇਰੀ ਮਨ ਵਿਚ ਬੇਬੇ ਦੀਆਂ ਅਸੀਸਾਂ ਸੁਣ ਕੇ ਇਕ ਦਮ ਇਕ ਖਿਆਲ ਗੁਜ਼ਰ ਗਿਆ। ਜਿਵੇਂ ਮੈਂ ਮਰਿਆ ਪਿਆਂ ਹੋਵਾਂ ਤੇ ਮੇਰੀ ਮਾਂ ਮੇਰੀ ਮ੍ਰਿਤਕ ਦੇਹ ਉਤੇ ਵੈਣ ਪਾ ਰਹੀ ਹੋਵੇ। ਫਿਰ ਜਿਵੇਂ ਸੁਰਿੰਦਰ ਦੀ ਬੇਬੇ ਵੀ ਉਹਦੇ ਨਾਲ ਹੋਰ ਰਲ ਗਈ ਹੋਵੇ। ਫਿਰ ਇਕ ਇਕ ਕਰਕੇ ਪਤਾ ਨੀਂ ਸਾਡੀਆਂ ਮਾਵਾਂ ਵਰਗੀਆਂ ਹੋਰ ਕਿੰਨੀਆਂ ਹੀ ਮਾਵਾਂ..? ਗਿਣਤੀ ਬੇ ਹਿਸਾਬ.. ਫਿਰ ਜਿਵੇਂ ਸਭ ਕੁਝ ਸ਼ਾਂਤ..ਸ਼ਾਂਤ.. ਤੇ ਫਿਰ ਪਤਾ ਨੀਂ ਕਿਧਰੋਂ ਢੋਲ ਦੇ ਡੱਗੇ ਦੀ ਅਵਾਜ਼ ਉਭਰੀ ਅਤੇ ਪੰਜਾਬ ਦੀ ਸਾਥੋਂ ਮਗਰਲੀ ਨੌਜਵਾਨ ਪੀੜ੍ਹੀ ਭੰਗੜੇ ਪਾਉਂਦੀ ਅਤੇ ਢੋਲੇ ਗਾਉਂਦੀ ਬੇਫਿਕਰ ਫਿਰਦੀ ਮੇਰੀਆਂ ਅੱਖਾਂ ਸਾਹਮਣੇ ਗੁਜ਼ਰ ਗਈ।

"..ਕਿਉਂ ਮਭੋਲਾ ਕਿਧਰ ਗੁਆਚ ਗਿਐਂ..? ਚੱਲ ਹੱਥ ਮੂੰਹ ਧੋ ਲਾ ਫਿਰ ਪ੍ਰਸ਼ਾਦਾ ਪਾਣੀ ਛਕੀਏ...।" ਸੁਰਿੰਦਰ ਸਿੰਘ ਨੇ ਮੇਰੀਆਂ ਸੋਚਾਂ ਦੀ ਲੜੀ ਨੂੰ ਤੋੜਿਆ। ਅਸੀਂ ਪ੍ਰਸ਼ਾਦਾ ਛਕਣ ਲੱਗੇ ਤੇ ਬੇਬੇ ਪੀੜੀ ਡਾਹ ਕੇ ਸਾਡੇ ਕੋਲ ਬੈਠ ਗਈ।

"..ਵੇ ਸ਼ਿੰਦਿਆ! ਤੈਨੂੰ ਮੇਰੀ ਤੇ ਤੇਰੇ ਬਾਪੂ ਦੀ ਯਾਦ ਨਾ ਆਈ ਕਦੇ..? ਸਾਡੇ ਤਾਂ ਤੈਨੂੰ 'ਡੀਕ 'ਡੀਕ ਦੀਦੇ ਵੀ ਥੱਕ ਗਏ...।" ਮਾਂ ਅੱਖਾਂ ਭਰ ਆਈ।

"..ਬੇਬੇ ਮੈਂ ਆ ਤਾਂ ਜਾਣਾ ਸੀ, ਪਰ ਬਾਬਾ ਜੀ ਨੇ ਨੀਂ ਆਉਣ ਦਿੱਤਾ। ਹੋਰ ਕੋਈ ਡਰੈਵਰ ਨੀਂ ਸੀਗ੍ਹਾ ਉਨ੍ਹਾਂ ਦੀ ਗੱਡੀ ਚਲਾਉਣ ਵਾਸਤੇ... ਮੈਂ ਕਿਹਾ ਚਲੋ ਸੇਵਾ ਈ ਐ ਗੁਰੂ ਘਰ ਦੀ, ਹੋਰ ਛੇ ਮਹੀਨੇ ਸਹੀ...।" ਮੈਨੂੰ ਮਹਿਸੂਸ ਹੋਇਆ ਜਿਵੇਂ ਸੁਰਿੰਦਰ ਸਿੰਘ ਨੂੰ ਮਾਂ ਦੇ ਸਾਹਮਣੇ ਹੋਰ ਕੋਈ ਗੱਲ ਨਾ ਔੜ ਰਹੀ ਹੋਵੇ।

"..ਬੱਸ ਵੇ ਭਾਈ ਹੁਣ ਬੜੀ ਹੋ ਗਈ ਗੁਰੂ ਘਰ ਦੀ ਸੇਵਾ.. ਸਾਡੇ ਬੁੱਢੇ ਹੱਡਾਂ ਵੱਲ ਵੀ ਜ਼ਰਾ ਦੇਖ.. ਤੇਰਾ ਬਾਪੂ ਏਸ ਉਮਰੇ ਸਾਂਝੀ ਸੀਰੀਆਂ ਨਾਲ ਰਲ ਕੇ ਰਾਤਾਂ ਨੂੰ ਸੱਪਾਂ ਦੀਆਂ ਸਿਰੀਆਂ ਮਿੱਧਦਾ ਫਿਰਦੈ ਖੇਤਾਂ 'ਚ, ਹੁਣ ਮਾੜਾ ਮੋਟਾ ਘਰ ਵੱਲ ਵੀ ਖਿਆਲ ਕਰ ਲੈ.. ਸਾਥੋਂ ਨੀਂ ਹੋਰ ਧੰਦ ਪਿੱਟ ਹੁੰਦਾ। ਆਪਦੀ ਕਰ ਤੇ ਖਾਹ...।" ਬੇਬੇ ਗੱਲਾਂ ਗੱਲਾਂ ਵਿਚ ਮਿੱਠਾ ਨਿਹੋਰਾ ਮਾਰ ਗਈ। ਰੋਟੀ ਖਾਣ ਮਗਰੋਂ ਬੇਬੇ ਤੇ ਬਾਪੂ ਢੇਰ ਸਾਰਾ

ਸਮਾਂ ਸਾਡੇ ਕੋਲੇ ਬੈਠੇ ਗੱਲਾਂ ਮਾਰਦੇ ਰਹੇ। ਬਾਪੂ ਸੁਰਿੰਦਰ ਸਿੰਘ ਨੂੰ ਨਿਹੰਗ ਕਹਿ ਕੇ ਸੰਬੋਧਨ ਕਰ ਰਿਹਾ ਸੀ।

"..ਬੇਬੇ ਘੀਟੇ ਦਾ ਕੀ ਹਾਲ ਐ..? ਨਾਲੇ ਉਹਦੀ ਘਰ ਆਲੀ ਕੀ ਨਾ ਉਹਦਾ...? ਹਾਂ ਸੱਚ ਤਾਰੋ.. ਤੇ ਉਹਦੇ ਨਿਆਣੇ ਨਿੱਕੇ..? ਮੀਤੋ, ਘੁੱਦੂ, ਨੇਰੂ ਤੇ ਸਾਰਿਆਂ ਤੋਂ ਛੋਟਾ ਜਿਹਨੂੰ ਮੈਂ 'ਭੀ' ਕਹਿੰਦਾ ਹੁੰਦਾ ਸੀ, ਕਿਵੇਂ ਐ ਸਾਰੇ ਦੇ ਸਾਰੇ..?" ਸੁਰਿੰਦਰ ਸਿੰਘ ਨੇ ਕਈ ਸਵਾਲ ਇਕੱਠੇ ਹੀ ਬੇਬੇ ਨੂੰ ਕਰ ਦਿੱਤੇ।

"..ਲੈ ਤੂੰ ਡੇਢ ਸਾਲ ਬਾਹਰ ਕੀ ਰਹਿ ਗਿਐਂ, ਉਈਂ ਭੁਲੱਕੜ ਬਣ ਗਿਐਂ.. ਸਾਰੇ ਠੀਕ-ਠਾਕ ਆ.. ਨਾਲੇ ਘੀਟਾ ਤੇ ਤਾਰੋ ਤੈਨੂੰ ਪਤਾ ਯਾਦ ਕਰਦੇ ਆ.. ਨਿਆਣਾ ਨਿੱਕਾ ਤਾਂ ਸੁਖ ਨਾਲ ਉਹਦੇ ਇਕ ਹੋਰ ਮੁੰਡਾ ਹੋ ਗਿਆ ਤੇਰੇ ਪਿਛੋਂ, ਉਨ੍ਹਾਂ ਨੇ ਉਹਦਾ ਨਾਉਂ ਟੱਲੀ ਰੱਖਿਆ। ਭਾਈ ਸੀਰੀ ਕਾਹਦਾ... ਭਰਾਵਾਂ ਤੋਂ ਵਧ ਕੇ ਆ ਤੇਰੇ ਨਾਲੋਂ ਤਾਂ ਸਾਡੀ ਵੱਧ ਸੇਵਾ ਉਹੀ ਕਰ ਦਿੰਦਾ, ਜੇ ਉਹ ਨਾ ਹੁੰਦਾ ਤਾਂ ਭਾਈ ਖੇਤੀਬਾੜੀ ਤੇ ਅਸੀਂ ਤਾਂ ਤੇਰੀ ਆਸਰੇ ਦਿਨ ਕੱਟ ਚੁੱਕੇ ਸੀ...?" ਬੇਬੇ ਨੇ ਘੀਟੇ ਬਾਰੇ ਜੋ ਕਿ ਸੁਰਿੰਦਰ ਸਿੰਘ ਦਾ ਸੀਰੀ ਸੀ, ਦੀ ਸਾਰੀ ਪਰਿਵਾਰਕ ਸਾਂਝੀ ਕਹਾਣੀ ਖੋਲ੍ਹ ਕੇ ਰੱਖ ਦਿੱਤੀ। "ਨਾਲੇ ਹਾਂ ਭਾਈ ਮੈਨੂੰ ਯਾਦ ਆ ਗਿਆ.. ਰੱਲ੍ਹੇ ਵਾਲਿਆਂ ਦਾ ਸੁਨੇਹੇ 'ਤੇ ਸੁਨੇਹਾ ਆਉਂਦਾ ਤੇ ਅਗਲੇ ਵਿਚੋਲਗਰੀ ਦੀ ਜ਼ਿੰਮੇਵਾਰੀ ਕਰਕੇ ਘੀਟੇ ਦੇ ਖੁਸ ਵੱਢਦੇ ਨੇ, ਤੂੰ ਆਂ ਬਈ ਦੋ ਦੋ ਸਾਲ ਜੰਗਲ ਗਿਆ ਈ ਨੀਂ ਬਹੁੜਦਾ...।" ਬੇਬੇ ਦੀ ਗੱਲ ਤੋਂ ਮੈਂ ਅੰਦਾਜ਼ਾ ਲਗਾ ਗਿਆ ਕਿ ਜ਼ਰੂਰ ਸੁਰਿੰਦਰ ਦੇ ਮੰਗਣੇ ਵਿਆਹ ਦੀ ਗੱਲ ਚੱਲ ਰਹੀ ਐ।

"...ਨਾ ਬੇਬੇ ਮੈਂ ਹੁਣੇ ਨੀਂ ਫਾਹਾ ਪਾਉਣਾ ਗਲ 'ਚ, ਨਾਲੇ ਉਨ੍ਹਾਂ ਦੀ ਕੁੜੀ ਨੇ ਅੰਮ੍ਰਿਤ ਨੀਂ ਛਕਿਆ ਮੈਂ ਉਹਦੇ ਨਾਲ ਕਿਵੇਂ ਵਿਆਹ ਕਰਵਾ ਸਕਦਾਂ..?" ਸੁਰਿੰਦਰ ਸਿੰਘ ਥਥਲਾਈ ਅਵਾਜ਼ ਵਿਚ ਬੋਲਿਆ।

"ਆਹੋ ਤੈਂ ਵਿਆਹ ਨੀਂ ਕਰਾਉਣਾ ਵੱਡੇ ਬਾਬੇ ਕਾਸ਼ੀ ਪੁਰੀ ਨੇ...? ਤੈਂ ਤਾਂ ਹਲਫ ਲਿਆ ਹੋਇਆ ਨਾ ਬ੍ਰਹਮਚਾਰੀ ਰਹਿਣ ਦਾ? ਸਾਨੂੰ ਕੋਈ ਸੁੱਖ ਦਾ ਦਿਨ ਨਾ ਦਿਖਾਈਂ.. ਨਿਆਣਿਆਂ ਤੋਂ ਬਿਨਾਂ ਸੁੰਨਾ-ਸੁੰਨਾ ਘਰ ਖਾਣ ਨੂੰ ਆਉਂਦੈ। ਸਾਰੀ ਉਮਰ ਮੇਰੇ ਈ ਹੱਥ ਫੂਕਣੇ ਆ...? ਘੀਟਾ ਤੇਰਾ ਹਾਣੀ ਈ ਆਂ.. ਬਚਨੋਂ ਦੇ ਘਰੇ ਸੁਖ ਨਾਲ ਕਦੋਂ ਦੇ ਪੋਤੇ-ਪੋਤੀਆਂ ਖੇਡਦੇ ਫਿਰਦੇ ਨੇ... ਜੇ ਵਿਆਹ ਨੀਂ ਸੀ ਕਰਾਉਣਾ.. ਤਾਂ ਮੰਗਣੇ ਦੀ ਅਰਦਾਸ ਵਿਚ ਤਾਂ ਖੱਟੀ ਪੱਗ ਬੰਨ੍ਹ ਕੇ ਖੜ੍ਹ ਗਿਆ ਸੀ.. ਹੁਣ ਤੂੰ ਪਾਸੇ ਮਾਰਦੈਂ.. ਜਦੋਂ ਅਗਲਿਆਂ ਦੀ ਕੁੜੀ ਵੀ ਡੇਢ ਫੁੱਟ ਦਾ ਗਾਤਰਾ ਪਾਈ ਫਿਰਦੀ ਆ...।" ਬੇਬੇ ਨੇ ਉਲਾਮ੍ਹਾ ਦਿੱਤਾ।

ਸੁਰਿੰਦਰ ਦੇ ਵਿਆਹ ਦੀ ਗੱਲ ਵਿਚੇ ਰਹਿ ਗਈ ਕਿਉਂਕਿ ਗੂੜ੍ਹੀ ਨੀਂਦ ਨੇ ਸਾਨੂੰ ਸਾਰਿਆਂ ਨੂੰ ਘੇਰ ਲਿਆ ਸੀ। ਅਗਲੀ ਸਵੇਰ ਅਸੀਂ ਦੋਵੇਂ ਜਣੇ ਆਪਣੇ ਕੇਸ ਸੁਕਾ ਰਹੇ ਸਾਂ ਤਾਂ ਘੀਟਾ ਵਿਹੜੇ ਵਿਚਲਾ ਦਰਵਾਜ਼ਾ ਖੋਲ੍ਹ ਕੇ ਅੰਦਰ ਆ ਗਿਆ।

ਉਸਨੇ ਆਉਂਦਿਆਂ ਹੀ ਹੋਕਰਾ ਮਾਰਿਆ, "..ਤਾਈ ਚਾਹ ਬਣਾਇਉ ਕੇਰਾਂ, ਕੈੜੀ ਜਿਹੀ ਦੁੱਧ ਰੋਕ ਕੇ ਪੱਤੀ ਠੋਕ ਕੇ...।" ਤੇ ਪਸ਼ੂਆਂ ਨੂੰ ਪਾਉਣ ਲਈ ਪੱਠਿਆਂ ਦਾ ਟੋਕਰਾ ਭਰ ਲਿਆ।

"...ਤੂੰ ਦੁੱਧ ਪੀ ਸੁੱਖ ਨਾਲ ਤੇਰਾ ਲੰਗੋਟੀਆ ਯਾਰ ਮੁੜ ਆਇਆ ਵਾ.. ਹਜ਼ੂਰ ਸਾਹਿਬੋਂ...।" ਬੇਬੇ ਦਾ ਜਵਾਬ ਸੁਣ ਕੇ ਘੀਟਾ ਬੁੜਕ ਪਿਆ।

"ਹੱਛਾ..! ਕਿੱਥੇ ਆ..?" ਤਦ ਤਕ ਮੈਂ ਤੇ ਸੁਰਿੰਦਰ ਸਿੰਘ ਬੱਬਰ ਬੈਠਕ ਵਿਚੋਂ ਬਾਹਰ ਨਿਕਲ ਆਏ।

"..ਮੈਂ ਨੀਂ ਬੋਲਣਾ ਸਾਲੇ ਨਲੀ ਮਾਰ ਜਿਹੇ ਨਾਲ... ਕੜਾਹ ਖਾਣਾ ਫਾਂਡਰੂ... ਮੰਗਣਾ ਕਰਵਾ ਕੇ ਦੋ ਸਾਲ ਘਰੇ ਨੀਂ ਵੜਿਆ ਤੇ ਅਗਲਿਆਂ ਨੇ ਮੇਰੀਆਂ ਕੰਨਾਂ ਦੀਆ ਲੌਲਾਂ ਖਿੱਚ-ਖਿੱਚ ਕੇ ਮੀਟਰ ਮੀਟਰ ਦੀਆਂ ਕਰਤੀਆਂ..।" ਘੀਟੇ ਨੇ ਬੱਚਿਆਂ ਵਾਂਗ ਰੋਸਾ ਕੀਤਾ।

"..ਨਾ ਤੋਂ ਲੈ ਆਉਣੀ ਸੀ ਜੇ ਬਹੁਤਾ ਤੰਗ ਕਰਦੇ ਸੀਗੇ ਰੱਲ੍ਹੇ ਵਾਲੇ..।" ਸੁਰਿੰਦਰ ਸਿੰਘ ਨੇ ਘੀਟੇ ਨੂੰ ਕਲਾਵੇ ਵਿਚ ਘੁੱਟ ਲਿਆ।

"..ਲਉ ਕਰਤੀ ਗੱਲ ਅਖੇ ਜੱਟ ਮਚਲਾ, ਖੁਦਾ ਨੂੰ ਲੈ ਗਏ ਚੋਰ... ਬਈ ਖਸਮਾਂ, ਮੇਰੇ ਵਰਗੇ ਕਿੱਕਰ ਦੇ ਜਾੜ੍ਹ ਨਾਲ ਤੂਤ ਦੀ ਛਿਟੀ ਦਾ ਕੀ ਮੇਲ ਉਏ..? ਥੋਡੇ ਵੱਡੇ-ਵਡੇਰੇ ਤਾਂ ਬਾਮ੍ਹਣਾ ਅੰਗੂੰ ਸਾਨੂੰ ਚੁਲ੍ਹੇ 'ਤੇ ਨ੍ਹੀਂ ਸੀ ਚੜ੍ਹਨ ਦਿੰਦੇ.. ਜੇ ਘੀਟੇ ਦੇ ਕਰਮਾਂ 'ਚ ਫੁੱਟ ਅਰਗੀ ਜੱਟੀ ਹੁੰਦੀ ਤਾਂ ਕਾਤਣੀ ਰੰਗੀ ਕਿਉਂ ਵਿਆਉਂਦੇ..? ਦੇਖਾਂਗੇ.. ਜਦੋਂ ਥੋਡਾ ਰਾਜ ਆਊਗਾ..? ਤਦ ਤਕ ਆਪਣਾ ਘੁੱਦਾ ਸਿੰਹੁ ਵਿਆਉਣ ਜੋਗਾ ਹੋਜੂਗਾ... ਜੇ ਜੱਟਾ ਮੇਰਾ ਮੁੰਡਾ ਪੜ੍ਹਾ ਲਿਖਾਕੇ ਵੀ ਜੱਟਾਂ ਦੇ ਨਾ ਵਿਆਹ ਹੋਇਆ ਤਾਂ ਇਕ ਗੱਲ ਸਮਝ ਲੀਂ ਬਈ ਜਿਹੜੇ ਆਹ ਮੁੰਡੇ ਖਾਲਿਸਤਾਨ ਮੰਗਦੇ ਆ, ਇਹ ਗੁਰੂ ਗੋਬਿੰਦ ਸਿੰਘ ਦੇ ਹੁਕਮ ਵਰਗਾ ਨ੍ਹੀਂ ਹੋਣਾ, ਜੇ ਜਾਤ-ਪਾਤ ਦੀ ਜੂਠ ਈ ਸਮਾਜ ਵਿਚੋਂ ਨਾ ਚੱਕੀ ਗਈ ਫਿਰ ਇਹੋ ਜਿਹੇ ਖਾਲਿਸਤਾਨ ਦਾ ਕੀ ਫੈਦਾ..?" ਘੀਟੇ ਦੇ ਸ਼ਬਦਾਂ ਵਿਚੋਂ ਤਲਖ ਹਕੀਕਤ ਝਲਕ ਰਹੀ ਸੀ। ਜਾਤ ਪਾਤ ਦਾ ਬਾਮ੍ਹਣੀ ਸਿਸਟਮ ਹਾਲੇ ਵੀ ਸਿੱਖ ਸਮਾਜ ਨੂੰ ਘੁਣ ਬਣ ਕੇ ਚਿੰਬੜਿਆ ਪਿਆ ਸੀ।

"..ਲੈ ਹੋ ਸਾਲਾ... ਜੱਟੀ ਇਹਨੂੰ ਮਿਲੀ ਨ੍ਹੀਂ ਸਾਡੇ 'ਤੇ ਐਵੀਂ ਔਖਾ ਭਾਰਾ ਹੋਈ ਜਾਂਦਾ..। ਮਜ਼੍ਹਬਣ ਤੇਰੇ ਨਾਲੋਂ ਤਾਂ ਸੋਹਣੀ ਈ ਐ ਗੁੜ ਦੀ ਭੇਲੀ ਅਰਗੀ ਪਈ ਐ...।" ਸੁਰਿੰਦਰ ਸਿੰਘ ਨੂੰ ਮੈਂ ਪਹਿਲੀ ਵਾਰ ਮਜ਼ਾਕੀਆ ਲਹਿਜ਼ੇ ਵਿਚ ਗੱਲ ਕਰਦਿਆਂ ਦੇਖਿਆ।

"..ਚੰਗਾ ਬਈ ਮਿੱਤਰਾ ਮੈਂ ਚੱਲਦਾਂ ਖੇਤ ਨੂੰ.. ਤੂੰ ਪਿਛੇ ਟ੍ਰੈਕਟ ਲੈ ਕੇ ਆਜੀਂ ਘੁੰਨੇ ਆਲੀ ਵਾਹਣੀ ਆ ਤੇ ਕੱਲ੍ਹ ਨੂੰ ਤਿਆਰੀ ਖਿੱਚ ਲਾ.. ਮੇਲਾ ਵਾ ਜੋਗੇ ਰੱਲ੍ਹੇ ਜੋਗੀ ਪੀਰ ਦਾ...।" ਘੀਟਾ ਚਾਹ ਦਾ ਭਰਿਆ ਹੋਇਆ ਵੱਡਾ ਸਾਰਾ ਚੀਨੀ ਵਾਲਾ ਫੌਜੀ ਸਟਾਇਲ ਕੱਪ ਸੜ੍ਹਾਕ ਕੇ ਖੇਤ ਵੱਲ ਨੂੰ ਦੁੜੰਗੇ ਲਗਾ ਗਿਆ।

o-----o-----o

ਕਾਂਡ 17

ਕਾਦਰ ਯਾਰ ਲੈ ਚੱਲਿਆ ਸੁੰਦਰਾਂ ਨੂੰ
ਪੂਰਨ ਇਸ਼ਕੇ ਦੀ ਉਂਗਲੀ ਲਗਾਇਕੇ ਜੀ.....

ਦੂਜੇ ਦਿਨ ਸਵੇਰੇ ਹੀ ਘੀਟਾ ਤੋਤੇ ਰੰਗੀ ਪੱਗ ਬੰਨ੍ਹ ਕੇ, ਚਿੱਟਾ ਕੁੜਤਾ ਪਜ਼ਾਮਾ ਪਾ ਅਤੇ ਤਿੱਲੇਦਾਰ ਖੁੱਸਾ ਪਾ ਕੇ ਨਾਲ ਤਾਰੋ ਨੂੰ ਗੂਹੜਾ ਲਾਲ ਸੂਟ ਪਵਾ ਕੇ, ਹੱਥ ਤਿੰਨ ਫੁੱਟੀ ਕ੍ਰਿਪਾਨ ਫੜ ਕੇ ਦਰਵਾਜੇ ਵਿਚ ਆ ਖੜੋਤਾ।

"..ਤੂੰ ਸਵੇਰੇ ਸਵੇਰੇ ਈ ਆ ਗਿਆ ਕਲੈਹਰੀ ਮੋਰ ਬਣਕੇ ਨਾ ਪੱਠਾ-ਦੱਥਾ ਡੰਗਰਾਂ ਨੂੰ ਕੌਣ ਪਾਊ..? ਅੱਛਾ ਨਾਲ ਮੋਰਨੀ ਵੀ ਆ ਅੱਜ... ਪੈਰੀਂ ਪੈਨਾ ਭਰਜਾਈ..." ਸੁਰਿੰਦਰ ਸਿੰਘ ਨੇ ਸਿਰ ਨੀਵਾਂ ਕੀਤਾ।

"..ਫੋਟ.. ਜਾਇ ਖਾਣਾ ਅੰਨ੍ਹਾ ਜੁਲਾਹਾ ਮਾਂ ਨਾਲ ਮਸ਼ਕਰੀ... ਆਪ ਘਰੇ ਨ੍ਹੀਂ ਵੜਦਾ ਤੇ ਅਗਲੇ ਮੁੜਕੇ ਸਾਨੂੰ ਘੜੀਸੀ ਫਿਰਦੇ ਆ, ਹੁਣ ਨ੍ਹੀਂ ਜਾਣ ਦਿੰਦੇ ਬੱਚੂ... ਹੁਣ ਤਾਂ ਚਣੇ ਚਣੇਂਦਾ ਵਹਿੜਕਾ ਨੱਥਿਆ ਈ ਲੈ...., ਨਾਲੇ ਗੱਲ ਸੁਣਲਾ ਵੇ ਵੱਡਿਆ ਸਰਦਾਰਾ, ਆਹ ਫਿਟ-ਫਿਟੀ ਜਿਹੀ ਲਈ ਫਿਰਦੈਂ ਕੋਈ ਕਾਰ-ਕੂਰ ਨ੍ਹੀਂ ਲੈ ਹੁੰਦੀ? ਐਨੇ ਸੂਮ ਨ੍ਹੀਂ ਬਣੀਦਾ ਹੁੰਦਾ... ਪੈਸਾ ਨਾਲ ਨੀ ਜਾਣਾ... ਕਾਰ ਕਰਵਾਕੇ ਲੈ ਜਾਵੀ.. ਮੈਂ ਨ੍ਹੀਂ ਬੱਸਾਂ 'ਚ ਧੱਕੇ ਖਾਣੇ...।" ਤਾਰੋ ਕਾਫੀ ਕੁਝ ਇਕੱਠਾ ਹੀ ਕਹਿ ਗਈ। ਮੈਂ ਉਸਨੂੰ ਸਤਿ ਸ੍ਰੀ ਅਕਾਲ ਬੁਲਾਈ ਤਾਂ ਉਹ ਮੈਨੂੰ ਸੰਬੋਧਤ ਹੋ ਉਠੀ।

"ਸਾਸਰੀ ਕਾਲ ਤਾਂ ਠੀਕ ਏ ਭਰਾਵਾ, ਮੈਨੂੰ ਘੁੱਦੇ ਦੇ ਬਾਪੂ ਨੇ ਦੱਸਿਆ ਬਈ ਇਹ ਤੇਰਾ ਬੜਾ ਆੜੀ ਐ...ਇਹਨੂੰ ਕੋਈ ਮੱਤ-ਮੁੱਤ ਦੇ ਮਾੜੀ ਮੋਟੀ ਹੁਣ ਘਰੇ ਰੋਟੀ ਟੁੱਕ ਪਕਾਉਣ ਵਾਲੀ ਲੈ ਆਵੇ, ਤਾਈ ਦੀ ਜਾਨ ਹੋਰ ਕਿੰਨਾ ਚਿਰ ਦੁਖੀ ਕਰਨੀ ਐ..? ਊਂ ਵੀ ਖਸਮਾਂ ਨੂੰ ਖਾਣੇ ਛੜੇ ਬੰਦੇ ਦੀ ਤਾਂ ਗਤੀ ਵੀ ਨ੍ਹੀਂ ਹੁੰਦੀ ਕੋਈ...।" ਤਾਰੋ ਗੂੜ੍ਹ ਗਿਆਨ ਦੀਆ ਗੱਲਾਂ ਕਰਨ ਲੱਗੀ।

"..ਹਾਂ ਭੈਣ ਜੀ, ਮੈਂ ਤਾਂ ਆਪ ਇਹੋ ਕਹਿੰਨਾਂ ਨਾਲੇ ਹੁਣ ਉਮਰ ਵੀ ਟੱਪਦੀ ਜਾਂਦੀ ਐ ਇਹਦੀ...।"

"..ਲਉ ਕਰ ਲਉ ਘਿਉ ਨੂੰ ਭਾਂਡਾ, ਤੂੰ ਤਾਂ ਆਪ ਇਹਦੇ ਅੰਗੂ ਕਿਸੇ ਛੜੇ ਸਾਧ ਦਾ ਚੇਲਾ ਲੱਗਦੈਂ। ਮੈਂ ਤਾਂ ਸੋਚਦੀ ਸੀ ਬਈ ਭਾਬੀ-ਭਰਜਾਈ ਕਹਿਕੇ ਦਿਉਰ ਜੇਠ ਬਣੇਗਾ, ਪਰ ਤੂੰ ਤਾਂ ਉਈਂ ਬੇਹੇ ਪਾਣੀ ਵਿਚ ਬਹਿ ਗਿਆ...।" ਤਾਰੋ ਮੈਨੂੰ ਮਸ਼ਕਰੀ ਕਰ ਗਈ।

"..ਨੀਂ ਤਾਰੋ ਆ ਜਾ ਇਥੇ ਤਾਂ ਪੰਜੇ ਪਾਠੀ ਪੂਰੇ ਈ ਆ..। ਇਹ ਵੀ ਵਾਂਗ ਛਿੰਦੇ ਨਿਹੰਗ ਈ ਆ...।" ਤਾਰੋ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਬੇਬੇ ਨੇ ਤਾਰੋ ਨੂੰ ਹਾਕ ਮਾਰੀ ਤੇ ਉਹ ਉਧਰ ਨੂੰ ਚਲੀ ਗਈ।

ਮੈਂ, ਸੁਰਿੰਦਰ ਸਿੰਘ ਅਤੇ ਘੀਟਾ ਬੈਠਕ ਵਿਚ ਬੈਠ ਗਏ। ਘੀਟੇ ਨੇ ਮਿੰਨਤ ਤਰਲਾ ਕਰਕੇ ਸੁਰਿੰਦਰ ਨੂੰ

ਰੱਲੇ ਵਾਲੇ ਮੇਲੇ 'ਤੇ ਜਾਣ ਲਈ ਮਨਾ ਲਿਆ।

"ਮਖਾਂ ਜੀ ਕੀ ਕਹਿੰਦਾ ਫਿਰ ਤੇਰਾ ਜਿਗਰੀ ਯਾਰ ਜਾਣਾ ਕਿ ਨਹੀਂ ਜਾਣਾ...? ਊਂ ਮੇਰੇ ਕੋਲ ਮਨਜੀਤ ਦੀ ਚਿੱਠੀ ਐ, ਕਹਿੰਦੀ ਸੀ ਬਈ ਇਕ ਵਾਰ ਪੜ੍ਹ ਜ਼ਰੂਰ ਲਵੇ ਬਾਕੀ ਜਿਵੇਂ ਉਹਦੀ ਮਰਜ਼ੀ..।" ਕਹਿ ਕੇ ਤਾਰੋ ਨੇ ਚੁੰਨੀ ਦੇ ਲੜੋਂ ਚਿੱਠੀ ਖੋਲ੍ਹ ਕੇ ਸੁਰਿੰਦਰ ਦੇ ਹੱਥ 'ਤੇ ਧਰ ਦਿੱਤੀ। ਉਹਦੇ ਬੁੱਲ੍ਹਾਂ ਉਤੇ ਮਲੇ ਲਾਲ ਦੰਦਾਸੇ ਵਿਚੋਂ ਚਿੱਟੇ ਦੰਦ ਸ਼ਰਾਰਤੀ ਮੁਸਕਾਨ ਦੀ ਲਿਸ਼ਕ ਮਾਰ ਗਏ।

"ਹੁਣ ਤਾਂ ਜਾਣਾ ਈ ਪੈਣਾ ਮਨਜੀਤ ਨੇ ਗੁਰੂ ਦਾ ਵਾਸਤਾ ਲਿਖ ਭੇਜਿਆ।" ਸੁਰਿੰਦਰ ਨੇ ਹਾਂ ਵਿਚ ਸਿਰ ਹਿਲਾਇਆ। ਉਸਦੇ ਚਿਹਰੇ ਉਤੇ ਮਨ ਵਿਚਲੀ ਖੁਸ਼ੀ ਦੀ ਨੁਹਾਰ ਭਬਕਾਂ ਮਾਰ ਰਹੀ ਸੀ। ਘੀਟਾ ਤਾਰੋ ਨੂੰ ਲਾਲ ਸੁਰਖ ਅੱਖ ਦੱਬ ਕੇ ਹੱਸ ਪਿਆ। ਮੇਰੇ ਕੋਲ ਖੜ੍ਹਾ ਹੋਣ ਕਰਕੇ ਉਹ ਨੀਵੀਂ ਪਾ ਗਈ।

"...ਇਹ ਤਾਂ ਉਈਂ ਲੁੱਚਿਆਂ ਦੀ ਜੜ੍ਹੀ 'ਚੋ ਈ ਆਂ, ਨਾ ਕਿਸੇ ਖੜ੍ਹੇ ਦੇ ਸ਼ਰਮ ਨਾ ਬੈਠੇ ਦਾ ਹਿਆ...।" ਕਹਿੰਦੀ ਹੋਈ ਉਹ ਸ਼ਰਮ ਦੀ ਮਾਰੀ ਬਾਹਰ ਨਿਕਲ ਗਈ।

"..ਕਿਉਂ ਬਈ ਸਰਦਾਰਾ ਪਾਈਏ ਫਿਰ ਚਾਲੇ..?"

"ਆਹੋ ਤੂੰ ਤਾਂ ਉਥੇ ਜਾਣਾ ਈ ਰਹਿਨੈਂ ਪਰ ਜੇ ਅਗਲਿਆਂ ਨੇ ਡਾਂਗਾਂ ਸੂਤ ਲਈਆਂ ਤਾਂ ਫਿਰ ਕਿਹੜੀ ਮਾਂ ਨੂੰ ਮਾਸੀ ਕਹਾਂਗੇ..? ਤੇਰੀ ਤਾਂ ਮੁੰਨੀ ਹੋਈ ਆ, ਲੋਕਾਂ ਨੇ ਪਹਿਲਾਂ ਮੈਨੂੰ ਲਾਹੁਣਾ ਦਾੜ੍ਹੀਉਂ ਫੜਕੇ..।" ਸੁਰਿੰਦਰ ਨੇ ਘੀਟੇ ਦੀ ਗੱਲ ਸੁਣ ਕੇ ਦਾੜ੍ਹੀ ਨੂੰ ਹੱਥ ਮਾਰਿਆ।

"ਲੈ ਕਰਤੀ ਬਾਣੀਆਂ ਆਲੀ ਗੱਲ? ਕਿਸੇ ਨੇ ਸੱਚ ਹੀ ਕਿਹਾ ਬਈ ਜਿੰਨ੍ਹਾਂ ਨੂੰ ਸਮੇਂ ਨੇ ਬਾਣੀਏ ਬਣਾ ਦਿੱਤਾ ਹੋਵੇ ਉਹ ਇਸ਼ਕ ਕਰਨਾ ਤੇ ਨਿਭਾਉਣਾ ਨੀਂ ਜਾਣ ਸਕਦੇ। ਜੱਟ ਦੀ ਧੀ ਦਾ ਗਿੱਠ ਲੰਮਾ ਰੁੱਕਾ ਪੜ੍ਹ ਕੇ ਵੀ ਬਲੂੰਗੜੇ ਅੰਗੂ ਮਿਓਂਕੀ ਜਾਂਦੈ...।" ਘੀਟਾ ਭਾਸ਼ਣ ਝਾੜ ਗਿਆ।

"ਆਂਏ ਕਰਦਾ ਜਿਵੇਂ ਅਗਲੇ ਤੋਪਾਂ ਬੀੜੀ ਬੈਠੇ ਹੁੰਦੇ ਆ, ਤੇਰੇ ਨਾਲ ਬਾਈ ਜੀ ਅਰਗਾ ਛੇ ਫੁੱਟਾ ਗੱਭਰੂ ਯਾਰ ਤੇ ਸਰਦਾਰ ਘੀਟਾ ਸਿੰਹੁ ਰੰਗਰੇਟਾ ਗੁਰ ਕਾ ਬੇਟਾ ਨਾਲ ਆ... ਜਿਥੇ ਮਰਜ਼ੀ ਵਰਤ ਕੇ ਦੇਖ ਲਈਂ, ਮੈਂ ਤਾਂ ਕਟਕ ਭਜਾਂਦਿਆਂ ਟੱਕਰੀਂ ਜਿਉਂ ਖੇਤੀ ਨੂੰ ਪੈਣ ਗੜ੍ਹੇ... ਅਸੀਂ ਤਾਂ ਪਹਿਲਾਂ ਤੋਂ ਹੀ ਗੁਰੂ ਕਿਆਂ ਲਈ ਲੜਦੇ ਮਰਦੇ ਆਏ ਆਂ, ਮੈਨੂੰ ਤਾਂ ਲੱਦੀ ਮਾਂ ਬਚਨ ਕੁਰ ਨੇ ਮੱਖਣਾ ਨਾਲ ਪਾਲਿਆ ਵਾ ਨਾਲੇ ਸਾਡੇ ਤਾਂ ਨਿੱਕੇ ਨਿੱਕੇ ਨਿਆਣੇ ਈ ਨੀਂ ਮਾਣ ਹੁੰਦੇ ਸਰਦਾਰਾ... ਤੈਂ ਕਹਾਵਤ ਨੀਂ ਸੁਣੀ ਬਈ ਕੇਰਾਂ ਸਿਵਿਆਂ ਦੇ ਭੂਤਾਂ ਦੀ ਸਤਾਈ ਹੋਈ ਚੁੜੇਲ ਭੁਲ ਭੁਲੇਖੇ ਮਜ਼ਬੀਆਂ ਦੇ ਵਿਹੜੇ ਆ ਵੜੀ ਤੇ ਨਿਆਣਿਆਂ ਨੇ ਚੁੰਮ ਚੁੰਮ ਕੇ ਈ ਮਾਰ ਤੀ...।" ਘੀਟਾ ਕਹਾਣਾ ਪਾ ਕੇ ਹਿੱਕ ਥਾਪੜ ਗਿਆ।

"..ਤੂੰ ਆਂਏ ਕਰ ਘੀਟਾ ਸਿੰਹਾਂ ਜਾ ਕੇ ਬੀਰੇ ਫੌਜੀ ਦੀ ਗੱਡੀ ਲੈ ਆ, ਉਦੋਂ ਤਕ ਅਸੀਂ ਵੀ ਪੱਗਾਂ ਪੁੱਗਾਂ ਬੰਨ੍ਹ ਕੇ ਤਿਆਰ ਹੋ ਜਾਨੇ ਆਂ..।" ਸੁਰਿੰਦਰ ਨੇ ਘੀਟੇ ਨੂੰ ਟੈਕਸੀ ਲੈਣ ਭੇਜ ਦਿੱਤਾ।

ਸਾਡੇ ਰੋਟੀ ਪਾਣੀ ਛਕਦਿਆਂ ਟੈਕਸੀ ਆ ਗਈ ਤੇ ਅਸੀਂ ਜੋਗੇ ਰੱਲੇ ਵੱਲ ਨੂੰ ਚੱਲ ਪਏ। ਤਕਰੀਬਨ ਦੋ ਘੰਟੇ ਦੇ ਸਫਰ ਬਾਅਦ ਅਸੀਂ ਰੱਲੇ ਪਿੰਡ ਪਹੁੰਚਗੇ। ਮਾਲਵੇ ਵਿਚ ਜੋਗੇ ਰੱਲੇ ਪਿੰਡ ਦੀਆਂ ਕੁੜੀਆਂ ਦੀ ਖੂਬਸੂਰਤੀ ਬਹੁਤ ਮਸ਼ਹੂਰ ਹੈ ਕਿਹਾ ਜਾਂਦਾ ਹੈ ਕਿ ਇਸ ਪਿੰਡ ਨੂੰ ਕਿਸੇ ਰਿਸ਼ੀ ਦਾ ਵਰ ਹੋਣ ਕਰਕੇ ਇਥੇ ਲਾਜਵਾਬ ਹੁਸਨ ਪੈਦਾ ਹੁੰਦਾ ਹੈ। ਸ਼ਾਮ ਨੂੰ ਮੇਲਾ ਦੇਖਣ ਦੇ ਬਹਾਨੇ ਤਾਰੋ ਮਨਜੀਤ ਨੂੰ ਆਪਣੇ ਪੇਕਿਆਂ ਦੇ ਘਰ ਲੈ ਆਈ। ਦੁੱਧ ਦੇ ਤਿੰਨ ਗਿਲਾਸ ਥਾਲ ਵਿਚ ਧਰ ਕੇ ਤਾਰੋ ਨੇ ਮਨਜੀਤ ਨੂੰ ਸਾਡੇ ਕਮਰੇ ਵਿਚ ਭੇਜ ਦਿੱਤਾ। ਉਸਦਾ ਸਿਰ ਪੀਲੀ ਚੁੰਨੀ ਨਾਲ ਸਲੀਕੇ ਨਾਲ ਢਕਿਆ ਹੋਇਆ ਸੀ, ਕਮੀਜ਼ ਉਤੇ ਪਾਏ ਗਾਤਰੇ ਵਿਚ ਭਿੰਡਰਾਂ ਮੋੜ ਨੌ ਇੰਚੀ ਕ੍ਰਿਪਾਨ ਲਿਸ਼ਕਾਂ ਮਾਰ ਰਹੀ ਸੀ। ਕਮਰੇ ਦੀ ਇਕ ਭੀਤ ਵਿਚੋਂ ਆਉਂਦੀ ਬਰੀਕ ਜਿਹੀ ਰੌਸ਼ਨੀ ਦੀ ਲਕੀਰ

ਉਸਦੇ ਮੂੰਹ ਉਤੇ ਪੈ ਕੇ ਉਸਦੇ ਚਿਹਰੇ ਦੀ ਦਿੱਖ ਨੂੰ ਸੁਨਹਿਰੀ ਬਣਾ ਰਹੀ ਸੀ। ਉਹ ਫਤਹਿ ਬੁਲਾ ਕੇ ਸਾਹਮਣੇ ਪਈ ਲੱਕੜ ਦੀ ਕੁਰਸੀ ਉਤੇ ਬੈਠ ਗਈ ਤੇ ਕਾਫੀ ਚਿਰ ਦੋਹਾਂ ਪਾਸਿਆਂ ਤੋਂ ਕੋਈ ਗੱਲਬਾਤ ਨਾ ਛਿੜਣ ਕਰਕੇ ਮਾਹੌਲ ਵਿਚ ਮੌਨ ਦਾ ਅਹਿਸਾਸ ਹੋਣ ਲੱਗਾ ਤਾਂ ਤਾਰੋ ਦੀ ਅਵਾਜ਼ ਨੇ ਚੁੱਪ ਤੋੜੀ।

"ਆਹ ਸੀ ਵੇ ਭਾਈ, ਜਿਹੜਾ ਕੁਸ਼ ਹੁਣ ਪੁਛਣਾ ਪੁੱਛ ਲੈ... ਹੁਣ ਐਂ ਬਹਿ ਗਿਆ ਕਿ ਜਿਵੇਂ ਤੰਦੂਆ ਪਿਆ ਹੁੰਦਾ, ਸਾਡੀ ਕੂੰਜ ਅਰਗੀ ਕੁੜੀ ਘੋਗੜ ਜਿਹੇ ਨੂੰ ਪਸੰਦ ਨੀਂ..?" ਕਹਿੰਦੀ ਹੋਈ ਤਾਰੋ ਘੀਟੇ ਨੂੰ ਉਠਾ ਕੇ ਬਾਹਰ ਤੁਰ ਗਈ। ਮੈਨੂੰ ਕਮਰੇ ਤੋਂ ਬਾਹਰ ਜਾਣ ਲੱਗੇ ਨੂੰ ਸੁਰਿੰਦਰ ਨੇ ਹੱਥ ਫੜ ਰੋਕ ਲਿਆ। ਦੋਵੇਂ ਪਾਸੀਂ ਫਿਰ ਸ਼ਾਂਤੀ ਪਸਰਨ ਲੱਗੀ।

"..ਭੈਣ ਜੀ ਪੜ੍ਹਾਈ ਬੰਦ ਕਰ ਦਿੱਤੀ ਕਿ ਪੜ੍ਹਦੇ ਓਂ..?" ਮੈਂ ਰਸਮੀਂ ਸਵਾਲ ਕੀਤਾ। "..ਪਿਛਲੇ ਸਾਲ ਬੀ.ਏ. ਕੀਤੀ ਸੀ, ਅੱਜ ਕਲ੍ਹ ਐਮ.ਏ. ਕਰ ਰਹੀ ਆਂ ਪਟਿਆਲੇ...।" ਮਨਜੀਤ ਦਾ ਸੰਖੇਪ ਜਵਾਬ ਸੀ।

ਥੋੜ੍ਹਾ ਚਿਰ ਆਲੇ-ਦੁਆਲੇ ਦੀਆਂ ਗੱਲਾਂ ਹੁੰਦੀਆਂ ਰਹੀਆਂ। ਬਾਅਦ ਵਿਚ ਸੁਰਿੰਦਰ ਨੇ ਨੀਝ ਲਾ ਕੇ ਮਨਜੀਤ ਵੱਲ ਤੱਕਿਆ ਤੇ ਕਹਿਣਾ ਸ਼ੁਰੂ ਕੀਤਾ, "..ਦੇਖੋ ਮਨਜੀਤ ਮੈਂ ਸੱਚ ਨੂੰ ਸਭ ਤੋਂ ਵੱਡਾ ਧਰਮ ਸਮਝਦਾਂ ਤੇ ਤੁਹਾਨੂੰ ਸੱਚੋ-ਸੱਚ ਦੱਸ ਦੇਣਾ ਆਪਣਾ ਫਰਜ਼ ਵੀ, ਤਾਂ ਕਿ ਆਉਣ ਵਾਲੇ ਸਮੇਂ ਵਿਚ ਆਪਣੇ ਦੋਹਾਂ ਵਿਚ ਕੋਈ ਸਮੱਸਿਆ ਖੜ੍ਹੀ ਨਾ ਹੋਵੇ। ਦਰਅਸਲ ਮੈਂ ਵਿਆਹ ਨਾ ਕਰਨ ਦਾ ਫੈਸਲਾ ਕੀਤਾ ਸੀ ਕਿਉਂਕਿ ਮੰਗਣੀ ਤੋਂ ਬਾਅਦ ਮੇਰੇ ਸੰਬੰਧ ਬੱਬਰਾਂ ਨਾਲ ਹੋ ਚੁੱਕੇ ਨੇ, ਮੈਂ ਆਪਣੀ ਜ਼ਿੰਦਗੀ ਨੂੰ ਕੌਮ ਦੇ ਲੇਖੇ ਲਾਉਣ ਵਾਰੇ ਸੋਚ ਚੁੱਕਾਂ, ਤੁਸੀਂ ਖੁਦ ਪੜ੍ਹੇ-ਲਿਖੇ ਹੋ, ਪੰਥਕ ਹਾਲਤ ਤੋਂ ਭਲੀ ਭਾਂਤ ਜਾਣੂ ਹੋਵੋਂਗੇ ਹੀ...। ਬਾਮ੍ਹਣਵਾਦ ਨੇ ਕੌਮ ਦੇ ਸਿਰ 'ਤੇ ਅਣਕਿਆਸੀ ਜੰਗ ਮੜ੍ਹ ਦਿੱਤੀ ਐ, ਅਜਿਹੇ ਸਮੇਂ ਅਣਖੀ ਲੋਕਾਂ ਦਾ ਚੁੱਪ ਕਰ ਕੇ ਬਹਿ ਜਾਣਾ ਮੈਨੂੰ ਨਾ ਗਵਾਰੇ, ਬੇਸ਼ੱਕ ਮੈਂ ਘਰੋਂ ਭਗੌੜਾ ਨਹੀਂ ਪਰ ਕਦੇ ਵੀ ਅਜਿਹੇ ਹਾਲਾਤ ਬਣ ਸਕਦੇ ਨੇ ਕਿ ਮੈਨੂੰ ਘਰੋਂ ਜਾਣਾ ਪੈ ਸਕਦੈ, ਵਿਆਹ ਤੋਂ ਬਾਅਦ ਅਜ਼ਾਦੀ ਅਤੇ ਸ਼ਹੀਦੀ ਦੋਵੇਂ ਹੀ ਹਲਾਤਾਂ ਦਾ ਸਾਹਮਣਾ ਹੋ ਸਕਦੈ। ਇਸੇ ਲਈ ਤੈਨੂੰ ਰਾਇ ਦਵਾਂਗਾ ਕਿ ਤੂੰ ਆਪਣਾ ਫੈਸਲਾ ਸੋਚ ਸਮਝ ਕੇ ਦੇਈਂ..।" ਗੱਲ ਖ਼ਤਮ ਕਰ ਕੇ ਸੁਰਿੰਦਰ ਨੇ ਗੌਰ ਨਾਲ ਮਨਜੀਤ ਵੱਲ ਵੇਖਿਆ।

ਮਨਜੀਤ ਨੇ ਆਪਣੇ ਬੁੱਲ੍ਹ ਖੋਲ੍ਹੇ ਤੇ ਹੌਲੀ ਹੌਲੀ ਕਹਿਣਾ ਸ਼ੁਰੂ ਕੀਤਾ, "..ਸਰਦਾਰ ਜੀ! ਜਿਸ ਲੜਕੀ ਦਾ ਸਿੰਘ ਕੌਮੀ ਅਜ਼ਾਦੀ ਲਈ ਸੰਘਰਸ਼ਸ਼ੀਲ ਹੋਵੇ, ਉਸਨੂੰ ਹੋਰ ਚਾਹੀਦਾ ਵੀ ਕੀ ਏ..? ਜੇ ਸਿੱਖ ਔਰਤ ਖੰਨੀ ਖੰਨੀ ਰੋਟੀ 'ਤੇ ਗੁਜ਼ਾਰਾ ਕਰ ਸਕਦੀ ਐ, ਧਰਮ ਲਈ ਆਪਣੇ ਲਾਲ ਸ਼ਹੀਦ ਕਰਵਾ ਸਕਦੀ ਐ, ਤਾਂ ਹੋਰ ਕੀ ਨੀਂ ਕਰ ਸਕਦੀ..? ਜੇ ਮੇਰਾ ਕਣ ਕਣ ਵੀ ਪੰਥ ਲਈ ਮਰ ਮਿਟ ਜਾਵੇ ਤਾਂ ਮੈਂ ਆਪਣੇ ਆਪ ਨੂੰ ਧੰਨਭਾਗੀ ਸਮਝਾਂਗੀ। ਬਾਕੀ ਸਿੱਖੀ ਵਿਚ ਗ੍ਰਿਹਸਤ ਪ੍ਰਧਾਨ ਐ ਤੇ ਆਪਣੀ ਮੰਗਣੀ ਦੀ ਅਰਦਾਸ ਵੀ ਹੋ ਚੁੱਕੀ ਐ। ਮੈਂ ਤੁਹਾਡੇ ਇਨਕਲਾਬੀ ਕੰਮਾਂ ਵਿਚ ਕਦੇ ਵੀ ਰੋੜਾ ਨਹੀਂ ਬਣਾਂਗੀ..।" ਮਨਜੀਤ ਦੇ ਇਨ੍ਹਾਂ ਸ਼ਬਦਾਂ ਨੇ ਸੁਰਿੰਦਰ ਦਾ ਰਹਿੰਦਾ ਖੂੰਹਦਾ ਮਨ ਵੀ ਜਿੱਤ ਲਿਆ। ਕੁਝ ਦਿਨਾਂ ਬਾਅਦ ਜੋਗੇ ਰੱਲ੍ਹੇ ਦਾ ਚੰਨ ਸੁਰਿੰਦਰ ਦੇ ਵਿਹੜੇ ਵਿਚ ਚਾਨਣੀ ਬਖੇਰ ਰਿਹਾ ਸੀ।

O-----O-----O

ਕਾਂਡ 18

ਸੁਰਿੰਦਰ ਸਿੰਘ ਵਿਆਹ ਤੋਂ ਬਾਅਦ ਘਰ ਗ੍ਰਹਿਸਥੀ ਦੇ ਧੰਦਿਆਂ ਵੱਲ ਨੂੰ ਰੁਚਿਤ ਹੋ ਗਿਆ। ਮੈਂ ਉਸਦੇ ਵਿਆਹ ਵਾਲੇ ਦਿਨ ਤੋਂ ਹੀ ਖੇਤ ਵਿਚ ਸੌਣ ਲੱਗ ਪਿਆ, ਇਸ ਤਰ੍ਹਾਂ ਖੇਤ ਦੇ ਮਾਹੌਲ ਵਿਚ ਨਾਮ ਬਾਣੀ ਦਾ ਅਭਿਆਸ, ਧਿਆਨ ਅਤੇ ਅਧਿਐਨ ਵਧੀਆ ਤਰੀਕੇ ਨਾਲ ਹੋਣ ਲੱਗਾ।

"..ਕਿਉਂ ਫੱਕਰਾ ਚੱਲ ਫਿਰ ਬੋਹਲ ਦੀ ਰਾਖੀ...।" ਘੀਟਾ ਮੈਨੂੰ ਮਖੌਲ ਕਰਦਾ।

"ਆਹੋ ਬਈ ਭਰਾਵਾ ਆਪਾਂ ਕਬਾਬ ਵਿਚ ਹੱਡੀ ਕਿਉਂ ਬਣਨਾ ਹੋਇਆ ? ਕਰਨ ਦਿਓ ਮੌਜ ਦੋਹਾਂ ਜੀਆਂ ਨੂੰ ।" ਮੈਂ ਘੀਟੇ ਨੂੰ ਜਵਾਬ ਦੇ ਕੇ ਹੱਸ ਛੱਡਦਾ ।

ਮੈਂ ਆਪਣੀ ਪਸੰਦ ਦੀਆਂ ਪੁਸਤਕਾਂ, ਗੁਰਬਾਣੀ ਦਾ ਗੁਟਕਾ, ਛੋਟੀ ਦੇਖ ਆਦਿਕ ਲੋੜ ਦੀਆਂ ਚੀਜ਼ਾਂ ਖੇਤ ਹੀ ਲੈ ਗਿਆ ਸਾਂ। ਜ਼ਿਆਦਾਤਰ ਸਮਾਂ ਸਾਹਿਤਕ ਅਧਿਐਨ ਅਤੇ ਬਾਣੀ ਪੜ੍ਹਦੇ ਹੋਏ ਬਤੀਤ ਹੋ ਰਿਹਾ ਸੀ। ਕਦੇ-ਕਦੇ ਮਨ ਕਰਨ 'ਤੇ ਖੇਤ ਵਿਚ ਘੀਟੇ ਨਾਲ ਕੰਮ ਵਿਚ ਹੱਥ ਵਟਾ ਦਈਦਾ ਸੀ। ਅਖ਼ਬਾਰ ਹਰ ਰੋਜ਼ ਸੁਰਿੰਦਰ ਸਿੰਘ ਖੇਤ ਹੀ ਫੜਾ ਜਾਇਆ ਕਰਦਾ ਸੀ।

ਇਕ ਦਿਨ ਸਵੇਰੇ ਸਵੇਰੇ ਸੁਰਿੰਦਰ ਅਖ਼ਬਾਰ ਲੈ ਕੇ ਆਇਆ ਤਾਂ ਉਸਦਾ ਮੂੰਹ ਕੁਝ ਉਤਰਿਆ ਜਿਹਾ ਮਹਿਸੂਸ ਹੋਇਆ, "...ਕਿਉਂ ਭਾਊ ਮੂੰਹ ਇੰਝ ਲਟਕਾਇਆ ਜਿਵੇਂ ਕੁੜੀ ਦੱਬ ਕੇ ਆਇਆ ਹੁੰਨੈ..।" ਮੈਂ ਢਿੱਲੀ ਜਿਹੀ ਫਤਿਹ ਸੁਣ ਕੇ ਸੁਰਿੰਦਰ ਨੂੰ ਸਵਾਲ ਕੀਤਾ।

ਉਸਨੇ ਕੁਝ ਕਹਿਣ ਦੀ ਬਜਾਏ ਅਖ਼ਬਾਰ ਮੇਰੇ ਅਗਾੜੀ ਸੁੱਟ ਦਿੱਤਾ ਖ਼ਬਰ ਪੜ੍ਹਕੇ ਮੇਰੇ ਹੱਥਾਂ ਦੇ ਤੋਤੇ ਉਡ ਗਏ। "..ਬਾਬਾ ਬਕਾਲਾ ਵਿਚ ਖਾਲਿਸਤਾਨੀ ਖਾੜਕੂਆਂ ਵੱਲੋਂ ਹਿੰਦੂ ਪਰਿਵਾਰ ਦੀ ਲੜਕੀ ਨਾਲ ਸਮੂਹਿਕ ਬਲਾਤਕਾਰ, ਕੁੜੀ ਜੇਰੇ ਇਲਾਜ...ਸ਼ੱਕ ਦੀ ਸੂਈ ਬੱਬਰ ਖਾਲਸਾ ਦੇ ਗਰੁੱਪ ਉਪਰ...।"

"..ਜੇ ਐਹੋ ਜਿਹੇ ਭੈਣ ਗੜ੍ਹਾਵੇ ਸਾਕ ਦਿੰਦੇ ਰਹੇ ਤਾਂ ਆਪਾਂ ਅਤੇ ਆਪਣੀ ਵਿਚਾਰਧਾਰਾ ਕੁਝ ਕੁ ਦਿਨਾਂ ਦੀ ਪ੍ਰਾਹੁਣੀ ਸਮਝ ਮਿੱਤਰਾ...।" ਸੁਰਿੰਦਰ ਸਿੰਘ ਰੋਹ ਵਿਚ ਆ ਗਿਆ।

"...ਹਾਂ ਗੱਲ ਤਾਂ ਤੇਰੀ ਠੀਕ ਐ... ਪਰ ਹੋ ਸਕਦੈ ਖ਼ਬਰ ਗਲਤ ਹੋਵੇ... ਮਾਝਾ ਜੋਨ ਦੇ ਚੀਫ ਭਾਈ ਗੁਰਨਾਮ ਸਿੰਘ ਹੋਰੀਂ ਤਾਂ ਅਜਿਹੇ ਢਿੱਲੇ ਬੰਦੇ ਨੂੰ ਜਥੇਬੰਦੀ ਵਿਚ ਵੜਣ ਤਕ ਨਹੀਂ ਦਿੰਦੇ, ਫਿਰ ਅਜਿਹਾ ਕਿਵੇਂ ਹੋ ਗਿਐ...? ਬਾਬੇ ਬਕਾਲੇ ਤੋਂ ਅੱਗੇ ਬਟਾਲੇ ਵਿਚ ਭਾਈ ਕਰਮ ਸਿੰਘ ਦਾ ਗਰੁੱਪ ਵੀ ਪੂਰਾ ਸਿਰੜੀ ਐ। ਮੈਨੂੰ ਤਾਂ ਜ਼ਰੂਰ ਦਾਲ ਵਿਚ ਕੁਝ ਕਾਲਾ ਜਾਪਦੈ..?" ਮੈਂ ਸ਼ੰਕਾ ਜ਼ਾਹਿਰ ਕੀਤੀ।

"...ਪਰ ਜੇ ਗੰਗਾ ਸਿੰਘ ਤੋਂ ਇਹ ਕਸੂਰ ਹੋਇਐ ਤਾਂ ਇਕ ਗੱਲ ਤਾਂ ਪੱਕੀ ਐ ਬਈ ਉਹਦਾ ਦਾਣਾ ਪਾਣੀ ਤਾਂ ਖਤਮ..., ਬਸ ਖਲਾਸ...।" ਸੁਰਿੰਦਰ ਸਿੰਘ ਨੇ ਗਲ ਵੱਢਣ ਦੇ ਸਟਾਈਲ ਨਾਲ ਆਪਣੀ ਗਰਦਨ

ਕੋਲ ਲਿਜਾ ਕੇ ਉਂਗਲੀ ਹਿਲਾਈ।

"ਫਿਰ ਹੁਣ ਆਪਾਂ ਨੂੰ ਕੀ ਕਰਨਾਂ ਚਾਹੀਦੈ...?" ਮੈਂ ਸਵਾਲੀਆ ਮੂੰਹ ਬਣਾਇਆ।

"...ਹਾਈ ਕਮਾਂਡ ਦੇ ਸੁਨੇਹੇ ਦੀ ਉਡੀਕ ਅੱਜ ਸ਼ਾਮ ਜਾਂ ਕੱਲ੍ਹ ਸਵੇਰ ਤਕ ਕੋਈ ਨਾ ਕੋਈ ਏਲਚੀ ਪਹੁੰਚਿਆ ਲੈ...।" ਸੁਰਿੰਦਰ ਸਿੰਘ ਨੇ ਜਵਾਬ ਦਿੱਤਾ।

ਸਾਡੀ ਸੋਚ ਠੀਕ ਨਿਕਲੀ ਉਸੇ ਸ਼ਾਮ ਡਾ. ਸਾਬ੍ਹੀ ਅਤੇ ਬਿੱਟੂ ਮੋਟਰ ਸਾਇਕਲ 'ਤੇ ਸਵਾਰ ਹੋ ਕੇ ਸਿੱਧੇ ਖੇਤ ਆਣ ਉਤਰੇ। ਉਨ੍ਹਾਂ ਨੇ ਕੰਬਾਇਨ ਮਾਲਕਾਂ ਵਰਗਾ ਭੇਸ ਬਣਾਇਆ ਹੋਇਆ ਸੀ। ਸਿਰਾਂ ਉਤੇ ਡੱਬੀਦਾਰ ਸਾਫੇ ਤੇਤ ਕੁਰਤੇ ਪਜਾਮੇ ਉਨ੍ਹਾਂ ਨੂੰ ਮਲਵਈ ਕਿਸਾਨਾਂ ਦਾ ਭੇਸ ਦੇ ਰਹੇ ਸਨ। ਹਥਿਆਰ ਉਨ੍ਹਾਂ ਕੋਲ ਵੀ ਡੱਬ ਵਿਚ ਦਿੱਤੇ ਜਾਣ ਵਾਲੇ ਹੀ ਸਨ। ਘੀਟਾ ਚਾਹ ਲੈਣ ਪਿੰਡ ਨੂੰ ਤੁਰ ਗਿਆ। ਉਸਦੇ ਆਉਣ ਤਕ ਮੈਂ ਹਜ਼ੂਰ ਸਾਹਿਬ ਦੇ ਬਾਬਿਆਂ ਦੇ ਸਾਨੂੰ ਮੇਰੇ ਪਿੰਡ ਸੱਦਣ ਦੀ ਕਹਾਣੀ ਘੜ੍ਹ ਕੇ ਬਿੱਟੂ ਨੂੰ ਦੱਸ ਚੁਕਿਆ ਸਾਂ। ਹੁਣ ਬਿੱਟੂ ਨੇ ਮੇਰੇ ਵੱਡੇ ਭਰਾ ਦਾ ਰੋਲ ਕਰਕੇ ਸਾਰੀ ਗੱਲ ਦੱਸ ਕੇ ਸੁਰਿੰਦਰ ਦੇ ਅਤੇ ਮੇਰੇ ਨਾਲ ਜਾਣ ਲਈ ਖੇਤ ਵਿਚ ਹੀ ਕੰਮ ਕਰਦੇ ਬਾਪੂ ਜੀ ਨੂੰ ਮਨਾ ਲਿਆ। ਘਰ ਆ ਕੇ ਅਸੀਂ ਤਿਆਰੀ ਵੱਟ ਕੇ ਦੁਪਹਿਰਾਂ ਢਲਦਿਆਂ ਉਨ੍ਹਾਂ ਨਾਲ ਸਕੂਟਰ ਚੁੱਕਕੇ ਤੁਰ ਪਏ। ਮਨਜੀਤ ਨੇ ਕੋਈ ਸ਼ਿਕਵਾ ਨਹੀਂ ਕੀਤਾ ਕਿਉਂਕਿ ਉਸਨੂੰ ਪਤਾ ਹੀ ਸੀ ਬਈ ਕੀ ਹੋ ਰਿਹਾ ਹੈ।

"...ਭਾਈ ਪੁੱਤਾ ਇਹਨੂੰ ਜਲਦੀ ਵਾਪਸ ਭੇਜ ਦਿਉ, ਕਿਤੇ ਬਾਬਿਆਂ ਨਾਲ ਈ ਰਫੂ ਚੱਕਰ ਨਾ ਹੋ ਜਾਵੇ... ਮੁੜਕੇ ਇਹਦੀ ਤੀਵੀਂ ਲੱਭੂ ਚਾਰ ਚੁਫੇਰੇ..., ਨਾਲੇ ਜਦੋਂ ਛੜਾ ਛੜਾਂਗ ਹੁੰਦਾ ਸੀ ਉਦੋਂ ਸਰ ਜਾਂਦਾ ਸੀ ਹੁਣ ਨੀਂ ਸਰਨਾਂ, ਸੁਖ ਨਾਲ ਨੂੰਹ ਰਾਣੀ ਢਿੱਲੀ ਮੱਠੀ ਰਹਿੰਦੀ ਏ..., ਦਵਾਈ ਬੂਟੀ ਵੀ ਕਰੌਣੀ ਪੈਣੀ ਵਾਂ...।" ਬੇਬੇ ਦੇ ਚਿਤਾਵਨੀ ਬੋਲਾਂ ਵਿਚ ਖੁਸ਼ੀ ਦੀ ਖਬਰ ਲੁਕੀ ਹੋਈ ਸੀ।

ਅਸੀਂ ਦਿਨ ਢਲਦੇ ਨੂੰ ਵਾਹੋ-ਦਾਹੀ ਬਿਆਸ ਦਰਿਆ ਦੇ ਮੰਡ ਇਲਾਕੇ ਵਿਚ ਪਹੁੰਚ ਗਏ। ਤਕਰੀਬਨ ਸਾਰੀ ਦੀ ਸਾਰੀ ਜਥੇਬੰਦੀ ਮੰਡ ਵਿਚ ਘਾਹ ਸਿਸਰ ਵੱਢ ਕੇ ਬਣਾਈ ਗਈ ਠਾਹਰ ਵਿਚ ਇਕੱਠੀ ਹੋ ਚੁੱਕੀ ਸੀ। ਭਾਈ ਗੁਰਨਾਮ ਸਿੰਘ ਮੁਖੀ ਮਾਝਾ ਜੋਨ, ਭਾਈ ਵਸਾਵਾ ਸਿੰਘ, ਭਾਈ ਅਨੋਖ ਸਿੰਘ, ਸੁਲੱਖਣ ਸਿੰਘ ਸਮੇਤ ਤਕਰੀਬਨ ਤਕਰੀਬਨ ਸਾਰੇ ਹੀ ਮੁਖੀ ਪਹੁੰਚ ਚੁੱਕੇ ਸਨ। ਭਾਈ ਟਹਿਲ ਸਿੰਘ ਅਤੇ ਭਾਈ ਸੁਖਦੇਵ ਸਿੰਘ ਬੱਬਰ ਦੀ ਉਡੀਕ ਹੋ ਰਹੀ ਸੀ, ਭਾਈ ਗੰਗਾ ਸਿੰਘ ਬੱਬਰ ਇਕ ਖੂੰਜੇ ਨਮੋਸ਼ੀ ਦੀ ਹਾਲਤ ਵਿਚ ਨੀਵੀਂ ਪਾਈ ਬੈਠਾ ਸੀ। ਜਥੇਦਾਰ ਦੇ ਆਉਣ 'ਤੇ ਸਾਰਿਆਂ ਖਲੋ ਕੇ ਉਨ੍ਹਾਂ ਦਾ ਸਤਿਕਾਰ ਕੀਤਾ। ਬੈਠਣ ਦਾ ਇਸ਼ਾਰਾ ਹੋਣ 'ਤੇ ਸਾਰੇ ਸਿੰਘ ਪਰਾਲੀ ਦੇ ਫਰਸ਼ 'ਤੇ ਵਿਛਾਈਆਂ ਦਰੀਆਂ 'ਤੇ ਬੈਠ ਗਏ। ਜਥੇਦਾਰ ਦਾ ਇਸ਼ਾਰਾ ਪਾਕੇ ਭਾਈ ਸੁਲੱਖਣ ਸਿੰਘ ਨੇ ਮੀਟਿੰਗ ਦੀ ਕਾਰਵਾਈ ਸ਼ੁਰੂ ਕੀਤੀ।

"...ਸਤਿਕਾਰਯੋਗ ਖਾਲਸਾ ਜੀ ਤੁਹਾਨੂੰ ਸਭ ਨੂੰ ਪਤਾ ਹੀ ਹੈ ਕਿ ਆਪਾਂ ਕਿਸ ਮੰਤਵ ਲਈ ਇਥੇ ਇਕੱਠੇ ਹੋਏ ਹਾਂ। ਖ਼ਬਰ ਅਖ਼ਬਾਰਾਂ ਵਿਚ ਨਸ਼ਰ ਹੋ ਚੁੱਕੀ ਹੈ ਅਤੇ ਹੈ ਵੀ ਅਤਿਅੰਤ ਮਾੜੀ... ਕਿਰਦਾਰ ਹੀ ਸਭ ਤੋਂ ਵੱਡੀ ਖਾਲਸਾਈ ਨਿਸ਼ਾਨੀ ਹੈ, ਅਤੇ ਅਸੀਂ ਖਾਲਸਾਈ ਘਰ ਦੀ ਪ੍ਰਾਪਤੀ ਲਈ ਲੜਾਈ ਲੜ ਰਹੇ ਹਾਂ...। ਸਾਡਾ ਕਿਰਦਾਰ ਮੁਗਲਈ ਜਾਂ ਬ੍ਰਾਹਮਣੀ ਨਹੀਂ, ਸਗੋਂ ਖਾਲਸਾਈ ਹੋਣਾ ਬਹੁਤ ਜ਼ਰੂਰੀ ਹੈ। ਇਲਾਕਾ ਮਾਝਾ ਦੇ ਮੁੱਖ ਸੇਵਾਦਾਰ ਭਾਈ ਗੁਰਨਾਮ ਸਿੰਘ ਹਨ, ਇਸ ਕਰਕੇ ਇਨ੍ਹਾਂ ਦੀ ਜ਼ਿੰਮੇਵਾਰੀ ਆਇਦ ਹੁੰਦੀ ਹੈ ਕਿ ਉਹ ਸਾਰੀ ਘਟਨਾ ਉਪਰ ਚਾਨਣਾ ਪਾਉਣ।" ਭਾਈ ਸੁਲੱਖਣ ਸਿੰਘ ਦੇ ਬੈਠਣ 'ਤੇ ਭਾਈ ਗੁਰਨਾਮ ਸਿੰਘ ਨੇ ਬੋਲਣਾ ਸ਼ੁਰੂ ਕੀਤਾ:-

"...ਖਾਲਸਾ ਜੀ, ਗੱਲ ਬਿਲਕੁਲ ਸਾਫ ਹੈ। ਖਾਲਸਾਈ ਕਿਰਦਾਰ ਵਿਚ ਅਜਿਹਾ ਹੋਣਾ ਕਦਾਚਿਤ ਵੀ ਪ੍ਰਵਾਨਿਤ ਨਹੀਂ। ਜੇਕਰ ਅਜਿਹੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ ਤਾਂ ਆਮ ਲੋਕਾਂ ਵਿਚ ਸਾਡੀ

ਸਾਖ ਮੱਧਮ ਹੀ ਨਹੀਂ, ਸਗੋਂ ਖਤਮ ਹੋ ਜਾਵੇਗੀ। ਬਲਾਤਕਾਰ ਤਾਂ ਬਹੁਤ ਦੂਰ ਦੀ ਗੱਲ, ਗੁਰੂ ਕਾ ਸਿੱਖ ਪਰਇਸਤਰੀ ਗਮਨ ਬਾਰੇ ਸੋਚ ਵੀ ਨਹੀਂ ਸਕਦਾ..। ਪਰਇਸਤਰੀ ਦੇ ਗਮਣ ਕਰਕੇ ਵੱਡੇ-ਵੱਡੇ ਯੋਧੇ ਰਿਸ਼ੀਮੁਨੀ ਵੀ ਖਾਕ ਹੋ ਗਏ... ਖਾਲਸਾ ਜੀ, ਵੱਡੀ ਮਾੜੀ ਗੱਲ ਇਹ ਹੈ ਕਿ ਦੋਸ਼ ਗੰਗਾ ਸਿੰਘ ਵਰਗੇ ਬੰਦੇ ਉਪਰ ਆਇਦ ਹੁੰਦਾ ਹੈ, ਸੱਚਾ ਚਾਹੇ ਝੂਠਾ, ਦੋਸ਼ ਆਇਦ ਹੋਣ ਕਰਕੇ ਮੈਂ ਪਹਿਲਾਂ ਹੀ ਜਥੇਬੰਦੀ ਦੇ ਸਸ਼ਤਰ ਗੰਗਾ ਸਿੰਘ ਅਤੇ ਉਹਦੇ ਸਾਥੀਆਂ ਕੋਲੋਂ ਵਾਪਸ ਲੈ ਲਏ ਹਨ। ਮੈਂ ਸੋਚਦਾ ਹਾਂ ਕਿ ਗੰਗਾ ਸਿੰਘ ਹੋਰਾਂ ਨੂੰ ਆਪਣੀ ਸਫਾਈ ਪੇਸ਼ ਕਰਨ ਦਾ ਇਕ ਮੌਕਾ ਦਿੱਤਾ ਜਾਣਾ ਬਣਦਾ ਹੈ ਅਤੇ ਦੋਸ਼ ਬਾਬਤ ਡੂੰਘੀ ਛਾਣਬੀਣ ਕਰਨ ਹਿੱਤ ਐਕਸ਼ਨ ਕਮੇਟੀ ਬਣਾ ਕੇ ਨਿਰਪੱਖ ਕੰਮ ਕੀਤਾ ਜਾਵੇ.... ਜੇਕਰ ਦੋਸ਼ ਠੀਕ ਸਾਬਤ ਹੁੰਦਾ ਹੈ ਤਾਂ ਬੱਬਰ ਖਾਲਸਾ ਦੇ ਵਿਧਾਨ ਮੁਤਾਬਕ ਗੰਗਾ ਸਿੰਘ ਅਤੇ ਉਹਦੇ ਸਾਥੀ ਗੱਦਾਰੀ ਦੀ ਬਣਦੀ ਸਜ਼ਾ ਲਈ ਤਿਆਰ ਰਹਿਣ...। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।"

"..ਹਾਂ ਭਾਈ ਗੰਗਾ ਸਿੰਘ, ਤੁਸੀਂ ਕੁਝ ਕਹਿਣਾ ਚਾਹੋਗੇ...?" ਭਾਈ ਸੁਲੱਖਣ ਸਿੰਘ ਨੇ ਬੈਠਿਆਂ ਹੀ ਗੰਗਾ ਸਿੰਘ ਨੂੰ ਕਿਹਾ।

"...ਬਸ ਭਾਈ ਸਾਹਿਬ ਮੈਂ ਇਕ ਬੇਨਤੀ ਜ਼ਰੂਰ ਕਰਨੀ ਚਾਹਾਗਾਂ ਬਈ ਦੋਸ਼ੀ ਅਸੀਂ ਨਹੀਂ ਹਾਂ... ਜੇਕਰ ਦੋਸ਼ ਸਾਬਤ ਹੋ ਜਾਵੇ ਤਾਂ ਮੈਂ ਹਰ ਸਜ਼ਾ ਹੱਸ ਕੇ ਜਰਾਂਗਾ... ਬਾਕੀ ਜੋ... ਗੁਰੂ ਦੀ ਅਤੇ ਸੰਗਤ ਦੀ ਮਰਜ਼ੀ...।" ਗੰਗਾ ਸਿੰਘ ਤੋਂ ਗੱਲ ਮਸਾਂ ਹੀ ਪੂਰੀ ਹੋਈ ਤੇ ਉਹਦੇ ਅਥਰੂ ਛਲਕ ਪਏ।

"..ਹੁਣ ਮੈਂ ਜਥੇਦਾਰ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਫੈਸਲਾ ਦੱਸਣ...।" ਸੁਲੱਖਣ ਸਿੰਘ ਦੇ ਇਹ ਕਹਿਣ 'ਤੇ ਭਾਈ ਸੁਖਦੇਵ ਸਿੰਘ ਉਠ ਕੇ ਖੜ੍ਹੇ ਹੋ ਗਏ। ਉਨ੍ਹਾਂ ਦੀਆਂ ਅੱਖਾਂ ਵਿਚ ਸ਼ਰਬਤੀ ਰੰਗ ਦੇ ਤਰਦੇ ਹੋਏ ਡੋਰੇ ਉਨ੍ਹਾਂ ਦੀ ਮਨੋਕਾਮਨਾ ਨੂੰ ਬਿਆਨ ਕਰ ਰਹੇ ਸਨ।

"...ਖਾਲਸਾ ਜੀ ਜੋ ਹੋਇਆ ਬਹੁਤ ਹੀ ਮਾੜਾ ਹੋਇਐ... ਬੇਸ਼ੱਕ ਇਹ ਗੱਲ ਵੱਖਰੀ ਹੈ ਕਿ ਭਾਈ ਗੰਗਾ ਸਿੰਘ ਹੋਰੀਂ ਦੋਸ਼ੀ ਸਿੱਧ ਨਹੀਂ ਹੁੰਦੇ, ਪਰ ਗੱਲ ਜਥੇਬੰਦੀ ਦੀ ਬਦਨਾਮੀ ਦੀ ਹੈ, ਬੱਬਰ ਖਾਲਸਾ ਦੇ ਵਿਧਾਨ ਮੁਤਾਬਿਕ ਅਜਿਹਾ ਕੰਮ ਕਰਨ ਵਾਲਾ ਪੰਥ ਦਾ, ਜਥੇਬੰਦੀ ਦਾ ਅਤੇ ਸਿੱਖ ਸੰਘਰਸ਼ ਦਾ ਗੱਦਾਰ ਹੈ। ਗੱਦਾਰੀ ਦੀ ਇਕੋ ਸਜ਼ਾ ਸਿਰਫ ਗੋਲੀ ਹੈ, ਪਰ ਮੈਂ ਸਮਝਦਾਂ ਕਿ ਭਾਈ ਸੁਲੱਖਣ ਸਿੰਘ, ਭਾਈ ਮਹਿੰਗਾ ਸਿੰਘ, ਭਾਈ ਗੁਰਨਾਮ ਸਿੰਘ, ਭਾਈ ਕਰਮ ਸਿੰਘ ਅਤੇ ਭਾਈ ਵਸਾਵਾ ਸਿੰਘ ਅਧਾਰਿਤ ਇਕ ਐਕਸ਼ਨ ਕਮੇਟੀ ਬਣਾ ਕੇ ਮਾਮਲਾ ਹੱਲ ਕੀਤਾ ਜਾਵੇ...। ਮੇਰੇ ਖਿਆਲ ਮੁਤਾਬਕ ਇਹ ਠੀਕ ਰਹੇਗਾ ਕਿ ਗੰਗਾ ਸਿੰਘ ਹੋਰਾਂ ਦਾ ਪੰਜਾਂ ਜਣਿਆਂ ਦੇ ਪੂਰੇ ਟੋਲੇ ਸਮੇਤ ਤਕਰੀਬਨ ਵੀਹ ਪੱਚੀ ਸਿੰਘਾਂ ਦਾ ਬਲਾਤਕਾਰ ਦੀ ਸ਼ਿਕਾਰ ਬੀਬੀ ਸਾਹਮਣੇ ਸ਼ਨਾਖਤੀ ਮਾਰਚ ਕਰਵਾ ਲਿਆ ਜਾਵੇ। ਜੇਕਰ ਬੀਬੀ ਇਨ੍ਹਾਂ ਨੂੰ ਪਛਾਣ ਕੇ ਇਨ੍ਹਾਂ ਨੂੰ ਦੋਸ਼ੀ ਕਰਾਰ ਦਿੰਦੀ ਹੈ, ਤਾਂ ਇਨ੍ਹਾਂ ਨੂੰ ਉਹਦੇ ਸਾਹਮਣੇ ਹੀ ਛੂਟ ਕਰ ਦਿੱਤਾ ਜਾਵੇ, ਅਤੇ ਜੇਕਰ ਇਹ ਨਿਰਦੋਸ਼ ਸਾਬਤ ਹੁੰਦੇ ਹਨ ਤਾਂ ਉਪਰੋਕਤ ਜਾਂਚ ਕਮੇਟੀ ਅਸਲ ਦੋਸ਼ੀ ਦਾ ਪਤਾ ਲਗਾ ਕੇ ਉਸਨੂੰ ਗੱਡੀ ਚਾੜ੍ਹ ਦੇਵੇ ਤਾਂਕਿ ਕੋਈ ਵੀ ਵਿਅਕਤੀ ਫਿਰ ਤੋਂ ਅਜਿਹੀ ਗਲਤੀ ਨਾ ਕਰੇ...।" ਇਸ ਤੋਂ ਬਾਅਦ ਜਥੇਦਾਰ ਫਤਿਹ ਬੁਲਾ ਕੇ ਬੈਠ ਗਏ।

ਸਾਰੇ ਸਿੰਘ ਇਸ ਪ੍ਰਸਤਾਵ ਨਾਲ ਸਹਿਮਤ ਸਨ। ਇਸ ਤੋਂ ਬਾਅਦ ਸਭ ਤੋਂ ਪਹਿਲਾਂ ਜਥੇਦਾਰ ਜੀ ਆਪਣੇ ਸਾਥੀ ਪੰਜ ਸਿੰਘਾਂ ਸਮੇਤ, ਜਿਨ੍ਹਾਂ ਵਿਚ ਡਾ. ਸਾਬ੍ਹੀ ਵੀ ਸੀ, ਚਲੇ ਗਏ। ਡਾ. ਸਾਬ੍ਹੀ ਨੂੰ ਜਥੇਦਾਰ ਦੀ ਨਿੱਜੀ ਸਕਿਓਰਟੀ ਵਿਚਲੇ ਸਿੰਘਾਂ ਵਿਚ ਲੈ ਲਿਆ ਗਿਆ ਸੀ। ਮੈਂ ਭਾਈ ਕਰਮ ਸਿੰਘ ਦੇ ਜਥੇ ਸਮੇਤ ਬਾਬੇ ਬਕਾਲੇ ਵੱਲ ਨੂੰ ਰਵਾਨਾ ਹੋ ਗਿਆ। ਤੜਕਸਾਰ ਹੀ ਘਟਨਾ ਵਾਲੇ ਪਿੰਡ ਵਿਚ ਸਰਪੰਚ ਦਾ ਬੂਹਾ ਅਸੀਂ ਜਾ ਖੜਕਾਇਆ। ਭਾਈ ਕਰਮ ਸਿੰਘ ਹੋਰਾਂ ਨੇ ਪਹਿਲਾਂ ਹੀ ਪਿੰਡ ਦੇ ਸਰਪੰਚ ਦੇ ਘਰ ਦਾ ਪਤਾ ਲਗਾ ਲਿਆ ਸੀ। ਹਾਲੇ ਪਿੰਡ ਢੋਟੀਆਂ ਨੀਂਦ ਦੀ ਬੁੱਕਲ ਵਿਚ ਸੁੱਤਾ ਪਿਆ ਜਾਗਿਆ ਨਹੀਂ ਸੀ। ਸਰਪੰਚ ਕਈ ਅਵਾਜ਼ਾਂ ਮਾਰਨ

ਉਪਰੰਤ ਬਾਹਰ ਨਿਕਲਿਆ ਉਹਦੇ ਹੱਥ ਵਿਚ ਭਰਿਆ ਹੋਇਆ ਰਿਵਾਲਵਰ ਚਮਕ ਰਿਹਾ ਸੀ। ਫਤਹਿ ਉਪਰੰਤ ਭਾਈ ਗੁਰਨਾਮ ਸਿੰਘ ਨੇ ਗੱਲ ਸ਼ੁਰੂ ਕੀਤੀ।

"...ਸਰਪੰਚ ਸਾਹਿਬ ਮੈਂ ਗੁਰਨਾਮ ਸਿੰਘ ਬੱਬਰ ਹਾਂ.. ਮਾਝਾ ਜੋਨ ਦਾ ਮੁਖੀ, ਤੁਹਾਡੇ ਪਿੰਡ ਵਾਪਰੀ ਘਟਨਾ ਕਰਕੇ ਜਥੇਬੰਦੀ ਦੀ ਵਿਆਪਕ ਪੱਧਰ 'ਤੇ ਬਦਨਾਮੀ ਹੋਈ ਏ ਤੇ ਸਾਨੂੰ ਹਾਈਕਮਾਂਡ ਨੇ ਗੱਲ ਦੀ ਤਹਿ ਤਕ ਜਾਣ ਲਈ ਤੁਹਾਡੇ ਪਿੰਡ ਭੇਜਿਐ। ਅਸਾਡਾ ਮਕਸਦ ਸਾਡੇ ਇਸ ਇਲਾਕੇ ਵਿਚ ਵਿਚਰਨ ਵਾਲੇ ਸਿੰਘਾਂ ਦੀ ਸ਼ਨਾਖਤੀ ਪਰੇਡ ਕਰਵਾ ਕੇ ਅਸਲ ਦੋਸ਼ੀ ਫੜਨ ਦਾ ਐ...। ਕਿਰਪਾ ਕਰਕੇ ਸਾਨੂੰ ਸਹਿਯੋਗ ਦਿਉ...।" ਭਾਈ ਗੁਰਨਾਮ ਸਿੰਘ ਨੇ ਵਿਸਥਾਰ ਨਾਲ ਦੱਸਦਿਆਂ ਕਿਹਾ।

"..ਸਜੋਗ ਤਾਂ ਠੀਕ ਐ ਭਾਊ ਪਰ ਕੰਮ ਬੜਾ ਮਾੜਾ ਹੋਇਆ ਈ... ਉਹ ਵਿਚਾਰੇ ਤਾਂ ਗਰੀਬ ਆਦਮੀ ਹਿਜਰਤ ਕਰਕੇ ਕਿਤੇ ਜਾਣ ਜੋਗੇ ਵੀ ਨਹੀਂ... ਚੱਲੋਂ ਮੈਂ ਤਿਹਾਡੇ ਨਾਲ ਚਲਨਾ ਵਾਂ ਬਾਕੀ ਜਿਵੇਂ ਰੱਬ ਦੀ ਮਰਜ਼ੀ...।" ਕਹਿ ਕੇ ਸਰਪੰਚ ਨੇ ਅਵਾਜ਼ ਮਾਰ ਕੇ ਦੋ ਪੱਕੀਆਂ ਰਾਈਫਲਾਂ ਵਾਲੇ ਮੁੰਡੇ ਨਾਲ ਲੈ ਕੇ ਸਾਡੇ ਨਾਲ ਕਰਾੜਾਂ ਦੇ ਮੁਹੱਲੇ ਵੱਲ ਨੂੰ ਚੱਲਣਾ ਸ਼ੁਰੂ ਕਰ ਦਿੱਤਾ।

"..ਓਏ ਬਨਾਰਸੀ ਦਾਸਾ ਬੂਹਾ ਖੋਲ੍ਹੀ ਜ਼ਰਾ, ਮੈਂ ਆ ਸਰਪੰਚ..।" ਕਰਾੜਾਂ ਦੇ ਮੁਹੱਲੇ ਪਹੁੰਚ ਕੇ ਸਰਪੰਚ ਨੇ ਇਕ ਦਰਵਾਜੇ ਕੋਲ ਖਲੋ ਕੇ ਅਵਾਜ਼ ਮਾਰੀ।

"..ਸਰਪੰਚ ਸਾਹਿਬ ਐਸ ਵੇਲੇ? ਹੇ ਭਗਵਾਨ ਸੁਖ ਰੱਖੀਂ...।" ਕਹਿ ਕੇ ਮਰੀਅਲ ਜਿਹੀ ਸਿਹਤ ਵਾਲੇ ਬਨਾਰਸੀ ਦਾਸ ਨੇ ਬੂਹੇ ਦੀ ਕੁੰਡੀ ਲਾਹ ਦਿੱਤੀ। ਬੂਹੇ ਅੱਗੇ ਤੀਹ ਪੈਂਤੀ ਵਿਅਕਤੀ ਦੇਖ ਕੇ ਬਨਾਰਸੀ ਦਾਸ ਨੂੰ ਹੌਲ ਪੈਣ ਵਾਲਾ ਹੋ ਗਿਆ।

"..ਸਰਦਾਰੋ.. ਅਸੀਂ ਤਾਂ ਗੁਰੂ ਘਰ 'ਤੇ ਯਕੀਨ ਰੱਖਣ ਵਾਲੇ.. ਦੇਵੀ ਦੀ ਸਹੁੰ.. ਅਸਾਂ ਕਿਸੇ ਨੂੰ ਨਾ ਕਦੇ ਅਲਫ ਨਾ ਬੇ ਕਿਹਾ...। ਸਿੱਖ ਸਰਦਾਰੋ ਪਤਾ ਨੀਂ ਅੱਗੇ ਤਾਂ ਕਦੇ ਸਿਰਦਾਰਾਂ ਤੇ ਤਿਹਾਸ ਵਿਚ ਅਜਿਹਾ ਪੜ੍ਹਣ ਸੁਣਨ ਨੂੰ ਨਹੀਂ ਸੀ ਮਿਲਿਆ... ਬਾਬੇ ਨਾਨਕ ਦੀ ਉੱਮਤ ਇਹ ਕਿਹੜੇ ਵਹਿਣੇ ਬਹਿ ਤੁਰੀ... ਅਸੀਂ ਤਾਂ ਊਈਂ ਪੱਟੇ ਗਏ...।" ਕਹਿੰਦਿਆਂ ਬਨਾਰਸੀ ਦਾਸ ਧਾਹੀਂ ਰੋ ਪਿਆ। ਇੰਨੇ ਚਿਰ ਨੂੰ ਸਰਪੰਚ ਸਮੇਤ ਸਾਡੀ ਸਾਰੀ ਟੋਲੀ ਬਨਾਰਸੀ ਦਾਸ ਦੇ ਨਿੱਕੇ ਜਿਹੇ ਵਿਹੜੇ ਵਿਚ ਇਕੱਠੀ ਹੋ ਗਈ।

"ਤੁਸੀਂ ਲਾਲਾ ਜੀ... ਯਕੀਨ ਰੱਖੋ...। ਅਸੀਂ ਪੂਰਾ ਨਿਆਂ ਕਰਾਂਗੇ..., ਅਸੀਂ ਬੱਬਰ ਖਾਲਸਾ ਵੱਲੋਂ ਸਾਰੀ ਹਕੀਕਤ ਦਾ ਪਤਾ ਕਰਨ ਆਏ ਆਂ...।" ਭਾਈ ਵਸਾਵਾ ਸਿੰਘ ਨੇ ਲੋਈ ਦੀ ਬੁੱਕਲ ਪਰਾਂਹ ਕਰਕੇ ਪੌੜੀਆਂ 'ਤੇ ਰੱਖ ਦਿੱਤੀ।

"ਉਇ ਭਰਾਵੋ ਨਿਆਂ ਤਾਂ ਹੁਣ ਰੱਬ ਦੇ ਘਰੇ ਵੀ ਲਗਦਾ ਕਿਧਰੇ ਗਵਾਚ ਗਿਐ...। ਹਾੜ੍ਹਾ ਗੁਰੂ ਦੇ ਵਾਸਤੇ ਅਸੀਂ ਛੇਤੀ ਤੋਂ ਛੇਤੀ ਪਿੰਡ ਛੱਡ ਜਾਂਗੇ ਤੁਸੀਂ ਸਾਡੀ ਜਾਨ ਤੇ ਇੱਜ਼ਤ..., ਉਹ ਵੀ ਆਪਣੇ ਆਪ ਨੂੰ ਬੱਬਰ ਹੀ ਕਹਿੰਦੇ ਸੀ...।" ਬਨਾਰਸੀ ਦਾਸ ਨੇ ਆਪਣੀ ਤੁਰਲੇ ਵਾਲੀ ਪੱਗ ਜਥੇਦਾਰ ਦੇ ਪੈਰਾਂ ਵਿਚ ਰੱਖ ਦਿੱਤੀ।

"..ਸੇਠ ਜੀ ਤੁਸੀਂ ਇਹ ਕੀ ਕਰਦੇ ਓ... ਐਨਾ ਭਾਰ ਨਾ ਚਾੜ੍ਹੋ ਸਾਡੇ 'ਤੇ...।" ਵਸਾਵਾ ਸਿੰਘ ਨੇ ਲਾਲੇ ਨੂੰ ਜੱਫੀ ਪਾ ਲਈ। ਸਾਡੀ ਸਾਰੀ ਦੀ ਸਾਰੀ ਟੋਲੀ ਦੇ ਦੰਦ ਜੁੜ ਗਏ ਜਦੋਂ ਅੰਦਰੋਂ ਇਕ ਲੜਕੀ ਦੀ ਅਵਾਜ਼ ਉਭਰੀ:-

"ਪਿਤਾ ਜੀ ਇਹ ਗੁਰੂ ਕੇ ਸਿੰਘ ਨਹੀਂ, ਸਗੋਂ ਕਿਥੇ ਥਾਂ ਦੇ ਰਾਕਸ਼ ਨੇ ਰਾਕਸ਼, ਜਿਨ੍ਹਾਂ ਨੇ ਤੇਰਾਂ-ਚੌਦਾਂ ਸਾਲ ਦੀ ਬੱਚੀ ਨੂੰ ਨੀਂ ਬਖਸ਼ੀ... ਲਓ ਕੁੱਤਿਉ ਆਪਣੀ ਭੁੱਖ ਮਿਟਾਉ... ਖਬਰਦਾਰ ਜੇ ਮੇਰੀ ਛੋਟੀ ਭੈਣ ਵੱਲ

ਨਿਗਾਹ ਵੀ ਚੁੱਕ ਕੇ ਦੇਖਿਆ...।" ਕਹਿੰਦਿਆਂ ਉਸਨੇ ਵਿਹੜੇ ਵਿਚ ਆ ਕੇ ਸਾਡੇ ਸਭ ਦੇ ਸਾਹਮਣੇ ਆਪਣੇ ਸਿਰ ਦੀ ਚੁੰਨੀ ਵਗਾਹ ਮਾਰੀ ਅਤੇ ਗਲਾਵੇਂ ਵਿਚ ਹੱਥ ਪਾ ਕੇ ਆਪਣੀ ਕੁੜਤੀ ਚਰਰਰ.. ਕਰਦੀ ਹੋਈ ਅੱਧਿਓਂ ਵੱਧ ਪਾੜ ਸੁੱਟੀ। ਸਾਰੇ ਸਿੰਘਾਂ ਦੀਆਂ ਨੀਵੀਆਂ ਪੈ ਗਈਆਂ, ਤਕਰੀਬਨ ਸਾਰੇ ਹੀ ਸਿੰਘਾਂ ਦੀਆਂ ਅੱਖਾਂ ਨਮ ਸਨ।

"ਹਾਅ ਮੇਰੀ ਭੈਣ ਇਹ ਕੀਤਾ... ?" ਭਾਈ ਗੁਰਨਾਮ ਸਿੰਘ ਨੇ ਆਪਣੇ ਉਪਰ ਲਈ ਲੋਈ ਕੁੜੀ 'ਤੇ ਦਿੰਦਿਆਂ ਉਸਦੇ ਸਿਰ 'ਤੇ ਹੱਥ ਰੱਖਿਆ। "..ਦੇਖ ਮੇਰੀ ਭੈਣ.. ਏਸ 'ਲਾਕੇ 'ਚ ਸਾਡੀ ਜਥੇਬੰਦੀ ਦੇ ਕੰਮ ਕਰਨ ਵਾਲੇ ਸਾਰੇ ਸਿੰਘ ਤੇਰੇ ਸਾਹਮਣੇ ਖਲੋਤੇ ਨੇ... ਤੂੰ ਆਪਣਾ ਦੋਸ਼ੀ ਪਛਾਣ ਕੇ ਗੋਲੀ ਮਾਰ ਸਕਦੀ ਏਂ...।" ਭਾਈ ਗੁਰਨਾਮ ਸਿੰਘ ਨੇ ਭਰਿਆ ਮਾਊਜ਼ਰ ਕੁੜੀ ਦੇ ਹੱਥ ਦੇ ਦਿੱਤਾ।

"... ਉਹ ਆਪਣੇ ਆਪ ਨੂੰ ਗੰਗਾ ਸਿੰਹੁ ਕਹਿੰਦਾ ਸੀ..। ਮੈਂ ਉਹਦੇ ਮੋਢੇ 'ਤੇ ਦੰਦੀ ਵੀ ਵੱਢੀ ਸੀ...।" ਕੁੜੀ ਹੁਬਕੀ ਰੋ ਪਈ। ਸਾਰੇ ਸਿੰਘ ਸਮੇਤ ਸਾਡੇ ਇਕ ਲਾਈਨ ਵਿਚ ਖਲੋ ਗਏ। ਕੁੜੀ ਇਕ ਇਕ ਕਰਕੇ ਸਾਡੇ ਕੋਲੋਂ ਲੰਘਣ ਲੱਗੀ।

"ਭੈਣਾਂ ਤੈਨੂੰ ਪੂਰੀ ਛੂਟ ਐ ਕਿਸੇ ਗੱਲੋਂ ਨਾ ਡਰੀਂ... ਆਪਣਾ ਦੋਸ਼ੀ ਪਛਾਣ ਕੇ ਘੋੜਾ ਦੱਬ ਦੇਈਂ...।" ਭਾਈ ਗੁਰਨਾਮ ਸਿੰਘ ਕੁੜੀ ਨੂੰ ਹੌਂਸਲਾ ਦੇ ਰਿਹਾ ਸੀ।

"ਵੀਰਾ ਇਨ੍ਹਾਂ 'ਚੋਂ ਤਾਂ ਕੋਈ ਨਹੀਂ ਹੈਗਾ...।" ਅਸੀਂ ਸਾਰਿਆਂ ਨੇ ਜਥੇਦਾਰ ਦੇ ਬਗੈਰ ਕਹੇ ਹੀ ਕਮੀਜ਼ਾਂ ਵਿਚੋਂ ਮੋਢੇ ਨੰਗੇ ਕਰਕੇ ਕੁੜੀ ਨੂੰ ਦਿਖਾ ਦਿੱਤੇ, ਪਰ ਦੰਦੀ ਦੇ ਨਿਸ਼ਾਨ ਸਾਡੇ ਕਿਸੇ ਦੇ ਵੀ ਨਹੀਂ ਸਨ।

"...ਭੈਣਾਂ ਮੈਂ ਹੀ ਗੰਗਾ ਸਿੰਘ ਵਾਂ.. ਤੇ ਮੈਂ ਸੱਚ ਕਹਿੰਨਾ ਬਈ ਇਸ ਪਿੰਡ ਅੱਜ ਪਹਿਲੀ ਵਾਰ ਰੁਕਿਆਂ... ਊਂ ਵਿਚੀਂ ਕਈ ਵਾਰ ਲੰਘਿਆਂ... ਭੈਣੇ ਮੇਰਾ ਨਾਂ ਵਰਤ ਕੇ ਗੰਦ ਪਾਉਣ ਵਾਲੇ ਕੁੱਤੇ ਤੇਰੇ ਹੀ ਨਹੀਂ, ਮੇਰੇ ਤੇ ਸਾਰੇ ਪੰਥ ਦੇ ਦੋਸ਼ੀ ਨੇ...। ਹਰਾਮਜ਼ਾਦਿਆਂ ਨੂੰ ਅਜਿਹੀ ਮੌਤ ਮਾਰੂੰਗਾ ਕਿ ਮੌਤ ਵੀ ਯਾਦ ਰੱਖੂ....।" ਸ਼ਨਾਖਤੀ ਪਰੇਡ ਖਤਮ ਹੋਣ ਮਗਰੋਂ ਗੰਗਾ ਸਿੰਘ ਕੁੜੀ ਦੇ ਪੈਰਾਂ 'ਤੇ ਸਿਰ ਰੱਖ ਕੇ ਫੁੱਟ-ਫੁੱਟ ਰੋ ਪਿਆ।

"..ਵੀਰਾ ਤੇਰੇ ਜਿਹੀ ਤਾਂ ਉਨ੍ਹਾਂ ਦੀ ਦਿੱਖ ਹੀ ਨੀਂ...। ਉਹਦੀ ਤਾਂ ਦਾੜ੍ਹੀ ਕਤਰੀ ਹੋਈ ਸੀ... ਤੇ ਸ਼ਰਾਬ ਦੀ ਹਵਾੜ ਉਸਦੇ ਕੋਲੋਂ ਦੂਰ-ਦੂਰ ਤਕ ਆਉਂਦੀ ਸੀ...। ਉਹ ਗੱਲ ਗੱਲ 'ਤੇ ਰਾਕਸ਼ਾਂ ਵਾਂਗਰ ਹੱਸਦਾ ਪਿਆ ਸੀ ਤੇ ਉਹਦੇ ਨਾਲ ਵੀ ਤਿਹਾਡੇ ਵਰਗੇ ਮੁੰਡੇ ਨਹੀਂ ਸੀ ਹੈਗੇ...।" ਕੁੜੀ ਸ਼ਾਇਦ ਹੁਣ ਹੌਂਸਲਾ ਫੜ ਚੁੱਕੀ ਸੀ।

ਸਾਰੇ ਘਟਨਾਕ੍ਰਮ ਤੋਂ ਬਾਅਦ ਗੰਗਾ ਸਿੰਘ ਹੁਣ ਨਿਰਦੋਸ਼ ਸ਼ਾਬਤ ਹੋ ਚੁੱਕਾ ਸੀ। ਹੁਣ ਅਸਲ ਦੋਸ਼ੀਆਂ ਨੂੰ ਭਾਲਣਾ ਉਸ ਤੋਂ ਵੱਡੀ ਸਮੱਸਿਆ ਸੀ। ਜਥੇਦਾਰ ਵਸਾਵਾ ਸਿੰਘ ਇਸ ਕੰਮ ਦੀ ਮੋਹਰੀ ਅਤੇ ਗੰਗਾ ਸਿੰਘ ਦੇ ਗਰੁੱਪ ਦੀ ਜ਼ਿੰਮੇਵਾਰੀ ਲਾ ਕੇ ਜਲਦੀ ਹੀ ਸੋਧ ਸੁਧਾਈ ਕਰਨ ਦੀ ਹਦਾਇਤ ਕਰਕੇ ਗੁਰਨਾਮ ਸਿੰਘ ਸਮੇਤ ਪਿੰਡ ਵਿਚੋਂ ਚਲੇ ਗਏ।

"ਤੁਸੀਂ ਲਾਲਾ ਜੀ ਬੇਫਿਕਰ ਹੋ ਕੇ ਵੱਸੋ ਰਸੋ... ਤੇ ਭੈਣਾਂ ਤੂੰ ਸਾਡੀ ਧਰਮ ਦੀ ਭੈਣ... ਬੇਫਿਕਰ ਰਹਿ...। ਉਨ੍ਹਾਂ ਚਿਰ ਪ੍ਰਸ਼ਾਦਾ ਖਾਣਾ ਸਾਡੇ ਲਈ ਹਰਾਮ ਜਿੰਨੇ ਚਿਰ ਤੇਰੇ ਦੋਸ਼ੀ ਸੋਧੇ ਨਹੀਂ ਜਾਂਦੇ...।" ਭਾਈ ਸਾਹਿਬ ਨੇ ਕੁੜੀ ਨੂੰ ਹੌਂਸਲਾ ਦਿੱਤਾ। ਅਸੀਂ ਪੰਜ ਸਿੰਘ ਸਮੇਤ ਗੰਗਾ ਸਿੰਘ ਤੇ ਕਰਮ ਸਿੰਘ ਪਿੰਡ ਵਿਚ ਹੀ ਸਰਪੰਚ ਦੀ ਹਵੇਲੀ ਵਿਚ ਠਹਿਰ ਗਏ। ਰਾਤ ਪੈਣ ਸਾਰ ਅਸੀਂ ਕਰਾੜਾਂ ਦੇ ਘਰ ਜਾ ਰਹੇ। ਬਨਾਰਸੀ ਦਾਸ ਨੇ ਹੱਟੀ ਦੇ ਨਾਲ ਦੇ ਕਮਰੇ ਵਿਚ ਸਾਡੇ ਮੰਜੇ ਡਾਹ ਦਿੱਤੇ। ਕੋਈ ਅੱਧੀ ਕੁ ਰਾਤ ਨੂੰ ਤਿੰਨ ਬੰਦੇ ਕੰਧ ਟੱਪ ਕੇ ਘਰ ਵਿਚ ਦਾਖਲ ਹੋਏ।

"..ਉਏ ਲਾਲਾ ਕਿਥੇ ਐ ਤੇਰੀ ਨਿੱਕੀ ਛੋਕਰੀ, ਨਾਲੇ ਵੱਡੀ ਤੇ ਕਰਾੜੀ ਵੀ? ਅੱਜ ਫੌਜਾਂ ਜਾ..ਅਦੇ ਆ.... ਕੱਲੀ ਕਹਿਰੀ ਤੋਂ ਨ੍ਹੀਂ ਝੱਲ ਹੋਣੀਆਂ...।" ਕਿਸੇ ਮੋਟੀ ਸਾਰੀ ਆਵਾਜ਼ ਨੇ ਭਬਕ ਮਾਰੀ।

"ਸ.. ਸ..ਰਦਾਰੋ ਔਹ ਬੈਠਕ ਵਿਚ ਵਿ.. ਵਿ..ਚੇ ਈ... ਨੇ ਤਿੰਨੇ ਜਣੀਆਂ...।" ਬਨਾਰਸੀ ਦਾਸ ਨੇ ਪਹਿਲਾਂ ਘੜੀ-ਘੜਾਈ ਸਕੀਮ ਮੁਤਾਬਕ ਸਾਡੀ ਬੈਠਕ ਵੱਲ ਨੂੰ ਹੱਥ ਕਰ ਦਿੱਤਾ।

"...ਜੀਨੇ ਲਾਲ ਪਰੀ ਨਾ ਪੀਤੀ.. ਟੰਗਾਂ ਕਿਵੇਂ...?" ਮੈਂ ਗੰਗਾ ਸਿੰਘ ਬੱ..ਬਰ.ਬਰ.. ਇਕ ਹੋਰ ਅਵਾਜ ਉਭਰੀ ਅਤੇ ਤਿੰਨਾਂ ਜਣਿਆਂ ਦੀ ਟੋਲੀ ਦੇ ਅੰਦਰ ਆਉਣ ਨਾਲ ਸ਼ਰਾਬ ਦੀ ਹਵਾੜ ਨਾਲ ਕਮਰਾ ਭਰ ਗਿਆ।

"..ਕੋਈ ਪੁੱਤ ਹੁਣ ਚਾਨਣ ਹੁੰਦਾ ਦੇਖੀਂ ਜੇ ਤੂੰ ਗੰਗਾ ਸਿੰਘ ਈਂ ਤਾਂ ਐਧਰ ਆਹ ਤੇਰਾ ਭਣਵਈਆ ਕੌਣ ਈ...?" ਭਾਈ ਕਰਮ ਸਿੰਘ ਨੇ ਤਿੰਨਾਂ ਨੂੰ ਅੰਦਰ ਆਉਣ ਬਾਅਦ ਫੁਰਤੀ ਨਾਲ ਬੂਹੇ ਨੂੰ ਕੁੰਡੀ ਮਾਰ ਦਿੱਤੀ।

"..ਹੈਂਡਜ਼ ਅੱਪ ਹੱਥ ਉਤਾਂਹ ਨੂੰ... ਜੇ ਕੋਈ ਹਿੱਲ-ਜੁੱਲ ਹੋਈ ਤਾਂ... ਬਾਹਰ ਮੁਸ਼ਕ ਵੀ ਨਹੀਂ ਨਿਕਲਣਾ...।" ਅਸਲੀ ਗੰਗਾ ਸਿੰਘ ਬੱਬਰ ਦੇ ਸਾਈਲੈਂਸਰ ਵਾਲੇ ਮਾਊਜ਼ਰ ਦੀ ਗੋਲੀ ਨਕਲੀ ਗੰਗਾ ਸਿੰਘ ਦੇ ਨਾਲ ਵਾਲੇ ਦੇ ਵਿਚੋਂ ਦੀ ਲੰਘ ਗਈ। ਇਸ ਤੋਂ ਪਹਿਲਾਂ ਕਿ ਉਹਦੀ ਚੀਕ ਬਾਹਰ ਸੁਣਦੀ, ਮੈਂ ਆਪਣੀ ਝੋਲੀ ਵਿਚੋਂ ਖੋਖਰੀ ਕੱਢ ਕੇ ਧਰਤੀ 'ਤੇ ਡਿਗਣ ਤੋਂ ਪਹਿਲਾਂ ਹੀ ਬੋਦੀਆਂ ਤੋਂ ਫੜ ਕੇ ਉਹਦੀ ਧੌਣ ਇਕੋ ਝਟਕੇ ਨਾਲ ਝਟਕਾ ਦਿੱਤੀ। ਉਹਦੀ ਲਾਸ਼ ਖੂਨ ਦੇ ਛੱਪੜ ਵਿਚ ਤੜਫਣ ਲੱਗੀ। ਤਦ ਤਕ ਭਾਈ ਕਰਮ ਸਿੰਘ ਨੇ ਸਾਥੀ ਸਿੰਘਾਂ ਦੀ ਮਦਦ ਨਾਲ ਉਨ੍ਹਾਂ ਦੇ ਗਲਾਂ ਵਿਚ ਪਾਈਆਂ ਸਟੇਨਗੰਨਾਂ ਲੁਹਾ ਲਈਆਂ।

"..ਚੱਲ ਉਏ ਆਵਦੀ ਭੈਣ ਦਿਆ ਖਸਮਾਂ... ਦੂਜੇ ਜਿਹੜੇ ਪਹਿਰੇ 'ਤੇ ਦੋ ਖੜਾਏ ਕੁੱਤੇ ਦੀ ਸੱਟ, ਉਨ੍ਹਾਂ ਨੂੰ ਵੀ ਬੁਲਾ ਅਵਾਜ ਮਾਰ ਕੇ... ਜੇ ਖਿੜਕਿਆਂ ਤਾਂ...।" ਭਾਈ ਗੰਗਾ ਸਿੰਘ ਨੇ ਅਸਾਲਟ ਦੀ ਬੈਰਲ ਦਾ ਅਗਲਾ ਸਿਰਾ ਉਸਦੇ ਸਿਰ ਕੋਲ ਰੱਖਦਿਆਂ ਆਖਿਆ।

"..ਉਏ ਬੇਅੰਤ... ਤ..ਤ..ਰਨਜੀਤ ...ਆ ਜੋ ਅੰਦਰ...।" ਉਹਦੀ ਥਲਥਲਾਉਂਦੀ ਅਵਾਜ ਸੁਣਕੇ ਦੋ ਹੋਰ ਦਗੜ ਦਗੜ ਕੰਧ ਟੱਪ ਆਏ। ਕਰਾੜ ਨੇ ਦਰਵਾਜ਼ੇ ਵਿਚੋਂ ਹੀ ਬੈਠਕ ਵੱਲ ਨੂੰ ਹੱਥ ਕਰ ਦਿੱਤਾ।

"ਭਾਊ ਨ੍ਹੇਰਾ ਕਿਉਂ ਕੀਤਾ ਈ... ਹੈਂ.. ਆਹ ਮੇਰੇ ਪੈਰ ਨੂੰ ਕੀ ਗਿੱਲਾ ਗਿੱਲਾ ਲੱਗਿਐ...?" ਦੋ ਨੰਬਰ 'ਤੇ ਅੰਦਰ ਵੜਨ ਵਾਲਾ ਚੌਂਕ ਉਠਿਆ।

ਉਸਦੇ ਪੈਰਾਂ ਵਿਚ ਪਾਈ ਪੰਜਾਬੀ ਜੁੱਤੀ ਖੂਨ ਨਾਲ ਗੱਚ ਹੋ ਗਈ। ਉਹ ਹੋਈ ਗੜਬੜ ਨੂੰ ਸਮਝ ਕੇ ਪਿੱਠ ਭਵਾਉਣ ਹੀ ਲੱਗਾ ਸੀ ਕਿ ਮੇਰੀ ਉਂਗਲ ਮੱਲੋਮੱਲੀ ਹਿੱਲ ਗਈ। ਦਸ-ਪੰਦਰਾਂ ਗੋਲੀਆਂ ਦਾ ਇਕੱਠਾ ਬਰੱਸਟ ਉਸ ਨੂੰ ਚੀਰ ਕੇ ਬਨਾਰਸੀ ਦਾਸ ਦੀ ਕੱਚੀ ਕੰਧ ਵਿਚ ਖੁੱਭ ਗਿਆ।

"..ਥੋਡੀ ਮਾਂ ਨੂੰ... ਥੋਡੀ ਨੂੰ ਜਿਹਨੇ ਐਹੋ ਜਿਹੇ ਗੰਦੇ ਆਂਡੇ ਦਿੱਤੇ, ਭੈਣ ਦੇਓ ਯਾਰੋ ਬੱਬਰਾਂ ਦੇ ਨਾਂ 'ਤੇ ਗੰਦ ਪਾਉਂਦੇ ਓਂ...? ਪਤਾ ਨ੍ਹੀਂ ਸੀ ਜੀਜੇ ਜਹਿਣੀਆਂ ਲੈਣਗੇ ਮੁੜਕੇ...।" ਭਾਈ ਸੁਰਿੰਦਰ ਸਿੰਘ ਨੇ ਇਕ ਨੰਬਰ 'ਤੇ ਆਉਣ ਵਾਲੇ ਦੇ ਪੜਾਕ ਕਰਦਾ ਥੱਪੜ ਮਾਰਕੇ ਹੱਥ ਵਿਚਲਾ ਪਿਸਤੌਲ ਖਿੱਚ ਲਿਆ। ਗੋਲੀਆਂ ਦਾ ਖੜਾਕ ਸੁਣਕੇ ਸਰਪੰਚ ਦੇ ਘਰੇ ਠਹਿਰੇ ਭਾਈ ਕਰਮ ਸਿੰਘ ਦੇ ਸਾਥੀ ਭਾਈ ਦਲੀਪ ਸਿੰਘ ਆਪਣੇ ਹੋਰ ਸਾਥੀ ਸਿੰਘਾਂ ਸਮੇਤ ਬਨਾਰਸੀ ਦਾਸ ਦੇ ਘਰ ਪਹੁੰਚ ਗਏ। ਜਦ ਤਕ ਕਮਰੇ ਵਿਚ ਦਾਖਲ ਹੋਏ, ਤਿੰਨਾਂ ਜਣਿਆਂ ਦੀਆਂ ਮੁਸ਼ਕਾਂ ਕਸਕੇ ਅਸੀਂ ਉਨ੍ਹਾਂ ਨੂੰ ਬਾਹਰ ਕੱਢ ਲਿਆਏ।

"...ਹੱਛਾ ਤਾਂ ਆਹ ਜਾਨਵਰ ਈ..।" ਭਾਈ ਦਲੀਪ ਸਿੰਘ ਦੇ ਜਥੇ ਵਿਚ ਆਏ ਇਕ ਅਣਦਾੜ੍ਹੀਏ ਪਤਲੂ ਜਿਹੇ ਮੁੰਡੇ ਨੇ ਆਪਣੀ ਅਸਾਲਟ ਦੀ ਬੈਰਲ ਥੱਲੇ ਨੂੰ ਕਰਕੇ ਮੋਢੇ ਵਿਚ ਲਟਕਾ ਕੇ ਬੂਹੀ ਵੱਲ ਨੂੰ ਕਰ

ਲਈ ਅਤੇ ਬਨਾਸਰੀ ਦਾਸ ਦੇ ਨਿੱਕੇ ਜਿਹੇ ਵਿਹੜੇ ਵਿਚਲੇ ਇਕ ਖੂੰਜੇ ਵਿਚੋਂ ਲੂਣ ਮਿਰਚ ਰਗੜਣ ਵਾਲਾ ਇਕ ਘੋਟਣਾ ਚੁੱਕ ਲਿਆਇਆ।

"..ਜੈਕਾਰੇ ਗਜਾਏ ਨਿਹਾਲ ਹੋ ਜਾਵੇ ਪਾਪੀ ਦੁਸ਼ਟਾਂ ਨੂੰ ਸੋਧਾ ਲਾਵੇ ਕਲਗੀ ਵਾਲੇ ਪਾਤਸ਼ਾਹ, ਗੁਰੂ ਖਾਲਸੇ ਦੇ ਮਨ ਨੂੰ ਭਾਵੇ ਸਤਿ ਸ੍ਰੀ ਅਕਾਲ...।" ਦਾ ਲੰਮਾ ਜੈਕਾਰਾ ਛੱਡਕੇ ਉਸਨੇ ਨਕਲੀ ਗੰਗਾ ਸਿੰਘ ਦੇ ਮੌਰਾਂ ਵਿਚ ਜੜ ਦਿੱਤਾ।

"...ਹਾਇਆ ਖਾਲਸਾ ਜੀ... ਮਾਰਤਾ... ਹਾਏ ਭਾਪਾ ਜੀ.. ਹੁਣ ਗਲਤੀ ਨੀਂ ਹੁੰਦੀ...।" ਨਕਲੀ ਗੰਗਾ ਸਿੰਘ ਭੋਟੀ ਅੜਾਟ ਪਾ ਰਿਹਾ ਸੀ। ਪਤਲੂ ਹਟ ਹਟ ਕੇ ਭੁੱਟੀਆਂ ਲਾਉਣ ਲੱਗਾ। ਬਾਕੀ ਰਹਿੰਦੇ ਦੋ ਵੀ ਚਿੱਤੜ ਅਸਮਾਨ ਵੱਲ ਨੂੰ ਕਰਵਾ ਕੇ ਡੰਡਾਉਤ ਕਰਵਾ ਲਏ ਗਏ। ਉਹ ਜਵਾਕਾਂ ਵਾਂਗ ਚੀਕਾਂ ਮਾਰ ਰਹੇ ਸਨ।

"...ਹਾਏਓ ਬਾ.. ਅ.. ਬਾ...।" ਪਤਲੂ ਨੇ ਜਦੋਂ ਆਪਣੇ ਸਿਰ ਤੋਂ ਉਤਾਂਹ ਚੁੱਕ ਕੇ ਘੋਟਣੇ ਦਾ ਭਰਪੂਰ ਵਾਰ ਇਕ ਦੇ ਚਿੱਤੜਾਂ 'ਤੇ ਕੀਤਾ ਤਾਂ ਉਹ ਲੇਰ ਮਾਰ ਕੇ ਪਲਟੀ ਖਾ ਗਿਆ।

"..ਕਿਉਂ ਪੁੱਤ ਸੇਕ ਲੱਗਦਾ...? ਤੋਪ ਖਾਨਾ ਉੱਚਾ ਕਰ ਹਰਾਮਦਿਆ ਖਾ ਖਾ ਕੇ ਚਿੱਤੜ ਫੁਲਾਏ ਆ... ਹਾਲੇ ਤਾਂ ਬੇਟੇ ਟਰਾਇਲ ਈ ਆ...ਫੌਜਾਂ ਤਾਂ ਰਹਿੰਦੀਆਂ ਨੇ ਜਿਨ੍ਹਾਂ ਚਾਂਦਮਾਰੀ ਕਰਨੀ ਐ...। ਨਿੱਕਰਾਂ ਲੁਹਾ ਕੇ ਤੁਹਾਡੀ ਘੀਸੀ ਕਰਾਵਾਂਗੇ... ਟਾਰਗਿਟ ਵਿਚ ਨਿਸ਼ਾਨੇ ਵੱਜਦੇ ਦੇਖੀ ਕੇਰਾਂ...।" ਪਤਲੂ ਦੀ ਗੱਲ ਸੁਣਕੇ ਸਾਰੇ ਸਿੰਘਾਂ ਵਿਚ ਹਾਸੜ ਮਚ ਗਈ।

"ਉਇ ਕੁੱਤੀ ਦਿਉ ਪੁੱਤੋ.. ਹੁਣ ਕੀੜੀ ਦਾ ਭੌਣ ਦੇਖਿਓ.. ਥੋਨੂੰ ਸਾਲਿਓ ਭੇਜਿਆ ਕਿਹਨੇ ਆ..? ਭਾਈ ਸਤਵਿੰਦਰ ਸਿੰਘ ਜੀ ਤਿੰਨ-ਚਾਰ ਸਿੰਘ ਲਾਗਲੇ ਘਰਾਂ ਤੋਂ ਡਾਂਗਾਂ ਫੜੋ ਕੇਰਾਂ ਪੰਦਰਾਂ ਵੀਹ...।" ਭਾਈ ਕਰਮ ਸਿੰਘ ਨੇ ਕੋਲ ਖਲੋਤੇ ਸਿੰਘਾਂ ਨੂੰ ਕਿਹਾ। ਚਾਰ ਕੁ ਆਂਢ-ਗੁਆਂਢ ਵਿਚੋਂ ਡਾਂਗਾਂ ਫੜਨ ਚਲੇ ਗਏ।

"ਭਾਅ...ਜੀ.. ਇਹੋ ਹੀ ਸੀ, ਜਿਹੜਾ ਆਪਣੇ ਆਪ ਨੂੰ ਗੰਗਾ ਸਿੰਘ ਕਹਿੰਦਾ ਸੀ ਤੇ ਵਾਰ ਵਾਰ ਇਹੋ ਹੀ ਭਿਆਨਕ ਹਾਸਾ ਹੱਸਦਾ ਸੀ...।" ਲੜਕੀ ਨੇ ਕਮਰੇ ਵਿਚ ਖੜ੍ਹੇ ਹੀ ਬਾਰੀ ਵਿਚੋਂ ਅਵਾਜ ਮਾਰੀ, ਵਿਹੜੇ ਵਿਚ ਬਲਬ ਦੀ ਰੌਸ਼ਨੀ ਕਰਕੇ ਉਸਨੇ ਅੰਦਰ ਖੜ੍ਹਿਆਂ ਹੀ ਬਾਹਰਲਾ ਦ੍ਰਿਸ਼ ਦੇਖ ਲਿਆ ਸੀ।

"..ਤੂੰ ਆਵਦੀ ਕੁੜੀ ਦਿਆ ਯਾਰਾ.. ਵਾਰ ਵਾਰ ਹੱਸਦਾ ਸੀ ਉਏ.. ਹੁਣ ਹੱਸ....।" ਗੰਗਾ ਸਿੰਘ ਬੱਬਰ ਕੁੜੀ ਦੀ ਗੱਲ ਸੁਣ ਕੇ ਕ੍ਰੋਧ ਵਿਚ ਆ ਗਿਆ। ਉਸਨੇ ਗਾਤਰੇ ਪਾਇਆ ਖੰਜਰ ਕੱਢ ਕੇ ਨਕਲੀ ਗੰਗਾ ਸਿੰਘ ਦੇ ਡੌਲੇ 'ਤੇ ਡੂੰਘਾ ਚੀਰ ਦੇ ਦਿੱਤਾ। ਗਲਾਵੇਂ ਤੋਂ ਫੜ ਕੇ ਉਸਦਾ ਸਾਰਾ ਕਮੀਜ਼ ਪਾੜ ਕੇ ਲੀਰਾਂ ਕਰ ਸੁੱਟਿਆ। ਪਿੰਡਾ ਨੰਗਾ ਹੋਣ ਕਰਕੇ ਮੋਢੇ 'ਤੇ ਲੜਕੀ ਵੱਲੋਂ ਮਾਰੇ ਚੱਕ ਦੇ ਨਿਸ਼ਾਨ ਚਮਕ ਪਏ। ਭਾਈ ਸੁਰਿੰਦਰ ਸਿੰਘ ਮਲਵਈ ਨੇ ਬਨਾਰਸੀ ਦੀ ਹੱਟੀ ਵਿਚੋਂ ਪੀਸੀ ਮਿਰਚਾਂ ਦੀ ਬੋਰੀ 'ਚੋਂ ਮੁੱਠੀ ਭਰ ਕੇ ਦੰਦੀ ਵਾਲੇ ਅਤੇ ਖੰਜਰ ਨਾਲ ਕੀਤੇ ਜ਼ਖਮ ਵਿਚ ਧੂੜ ਸੁੱਟੀ।

"ਕਰੀਂ..ਅ..ਈ..ਈ..ਈ..." ਦੀ ਲੰਮੀ ਚੀਕ ਮਾਰਦਾ ਹੋਇਆ ਨਕਲੀ ਗੰਗਾ ਸਿੰਘ ਸੱਪ ਵਾਂਗ ਧਰਤੀ 'ਤੇ ਮੇਲ੍ਹਣ ਲੱਗਾ।

ਤਦ ਤਕ ਸਤਵਿੰਦਰ ਸਿੰਘ ਹੋਰੀਂ ਆਲੇ-ਦੁਆਲੇ ਦੇ ਘਰਾਂ 'ਚੋਂ ਪੱਚੀ-ਤੀਹ ਡਾਂਗਾਂ ਇਕੱਠੀਆਂ ਕਰ ਲਿਆਏ। ਚੰਨ ਆਪਣੇ ਪੂਰੇ ਜੋਬਨ ਨਾਲ ਅਸਮਾਨੇ ਚੜ੍ਹ ਚੁੱਕਾ ਸੀ, ਭਾਈ ਕਰਮ ਸਿੰਘ ਨੇ ਦੋਸ਼ੀਆਂ ਨੂੰ ਘਰੋਂ ਬਾਹਰ ਚੌੜੀ ਗਲੀ ਵਿਚ ਕੱਢਣ ਦਾ ਹੁਕਮ ਦੇ ਦਿੱਤਾ। ਪਤਲੂ ਨੇ ਅੱਗੇ ਵਧ ਕੇ ਤਿੰਨੋਂ ਜਣਿਆਂ ਦੇ ਸਾਰੇ ਕੱਪੜੇ ਪਾੜ ਦਿੱਤੇ। ਹੁਣ ਉਨ੍ਹਾਂ ਦੇ ਤੇੜ ਇਕੱਲੀਆਂ ਨਿੱਕਰਾਂ ਹੀ ਸਨ।

"..ਲਓ ਕਰਲੋ ਦਰਸ਼ਨ ਬੱਬਰ ਖਾਲਸਿਆਂ ਦੇ..., ਸਾਲੇ ਲੰਡੇ ਝੋਟੇ ਦੇ.... ਆਹ ਰੋਬਦਾਰ ਕੱਛ ਦੇਖ ਲਓ.... ਲੋ ਬੁੱਢੇ ਦਲੀਆਂ ਦਾ ਕਛਿਹਰਾ..।" ਪਤਲੂ ਨੇ ਨੰਗੇ ਨਕਲੀ ਗੰਗਾ ਸਿੰਘ ਦੇ ਚਿਤੜਾਂ 'ਤੇ ਬੈਂਤ ਵਰਗੀ ਡਾਂਗ ਵਰ੍ਹਾ ਦਿੱਤੀ। ਸਤਵਿੰਦਰ ਸਿੰਘ ਹੋਰਾਂ ਵੱਲੋਂ ਲਿਆਂਦੀਆਂ ਡਾਂਗਾਂ ਸਾਰੇ ਸਿੰਘਾਂ ਨੇ ਹੱਥਾਂ ਵਿਚ ਫੜ ਲਈਆਂ। ਪਿੰਡ ਦੇ ਲੋਕ ਬਨੇਰਿਆਂ ਕੋਠਿਆਂ 'ਤੇ ਚੜ੍ਹਕੇ ਦ੍ਰਿਸ਼ ਦੇਖਣ ਲੱਗੇ।

"..ਲਓ ਬਈ ਸਿੰਘੋ ਮਾਰਨਾ ਨੀਂ ਬੱਸ, ਸਿਰ ਤੋਂ ਬਚਾਇਓ... ਬਾਕੀ ਸਾਰੇ ਅੰਗਾਂ ਦਾ ਸੁਰਮਾ ਬਣਾ ਦਿਓ..।" ਭਾਈ ਕਰਮ ਸਿੰਘ ਨੇ ਸਾਰੇ ਸਿੰਘਾਂ ਨੂੰ ਸੰਬੋਧਨ ਕੀਤਾ। ਉਨ੍ਹਾਂ ਦੀਆਂ ਬਿੱਲੇ ਰੰਗ ਦੀ ਭਾਹ ਮਾਰਦੀਆਂ ਅੱਖਾਂ ਇਉਂ ਚਮਕ ਰਹੀਆਂ ਸਨ ਜਿਵੇਂ ਰਾਤ ਹਨੇਰੇ ਵਿਚ ਸ਼ਿਕਾਰ ਕਰਨ ਆਏ ਸ਼ੇਰ ਦੀਆਂ ਅੱਖਾਂ ਸ਼ਿਕਾਰ ਨੂੰ ਦੇਖ ਕੇ ਚਮਕ ਰਹੀਆਂ ਹੋਣ। ਬਨਾਰਸੀ ਦਾਸ ਦੇ ਘਰ ਮੂਹਰੇ ਗਲੀ ਵਿਚ ਪਿੜ ਬੱਝ ਗਿਆ। ਤਿੰਨੇ ਬਲਾਤਕਾਰੀਆਂ ਦੁਆਲੇ ਸਾਰੇ ਸਿੰਘਾਂ ਨੇ ਗੋਲ ਦਾਇਰੇ ਵਿਚ ਘੇਰਾ ਘੱਤ ਲਿਆ... ਭਾਈ ਕਰਮ ਸਿੰਘ ਨੇ ਤਿੰਨਾਂ ਉਪਰੋਂ ਦੀ ਹਾਲੀ ਵਾਂਗ ਮਸਤ ਚਾਲ ਵਿਚ ਝੂਮਦੇ ਹੋਏ ਗੇੜਾ ਦਿੱਤਾ।

"...ਹਾਂ ਬਈ ਜਨੌਰੋ... ਹੁਣ ਤੁਸੀਂ ਨਾ ਦੱਸਿਓ ਕਿ ਤੁਹਾਨੂੰ ਕਿਨ੍ਹੇ ਭੇਜਿਐ...? ਨਾ ਇਹ ਦੱਸਿਓ ਬਈ ਤੁਸੀਂ ਕੌਣ ਜੇ..? ਹੁਣ ਗੁਰੂ ਕਾ ਖਾਲਸਾ ਆਪੇ ਤੁਹਾਡੀ ਸੂਹ ਕੱਢ ਲਵੇਗਾ...।" ਭਾਈ ਸਾਹਿਬ ਨੇ ਆਪਣਾ ਗੁਲਾਬੀ ਭਾਹ ਮਾਰਦਾ ਥੱਲੜਾ ਬੁੱਲ੍ਹ ਦੰਦਾਂ ਵਿਚ ਭੀੜ ਕੇ ਪਹਿਲੀ ਡਾਂਗ ਮਾਰੀ ਅਤੇ ਆਪ ਪਿੜ ਵਿਚੋਂ ਬਾਹਰ ਆ ਕੇ ਚੰਡੀ ਦੀ ਵਾਰ ਦਾ ਪਾਠ ਉੱਚੀ ਸੁਰ ਵਿਚ ਕਰਨਾ ਸ਼ੁਰੂ ਕਰ ਦਿੱਤਾ। ਭਾਈ ਸਾਹਿਬ ਦੀ ਪਹਿਲੀ ਡਾਂਗ ਸ਼ੁਰੂਆਤ ਕਰਨ ਲਈ ਇਸ਼ਾਰਾ ਸੀ, ਹੁਣ ਤਿੰਨਾਂ 'ਤੇ ਡਾਂਗਾਂ ਦਾ ਮੀਂਹ ਵਰਨ ਲੱਗਾ। ਦੜੂੰ-ਦੜੂੰ ਵੱਜਦੀ ਡਾਂਗਾਂ ਦੀ ਅਵਾਜ਼ ਨਾਲ ਕੰਧਾਂ ਕੋਠੇ ਕੰਬ ਰਹੇ ਸਨ। ਤਿੰਨਾਂ ਦੋਸ਼ੀਆਂ ਦੀਆਂ ਕੁਰਲਾਹਟਾਂ ਨਾਲ ਅਸਮਾਨ ਵਿਚ ਚੀਰ ਪੈ ਰਹੇ ਜਾਪਦੇ ਸਨ। ਅਕਾਸ਼ ਉਤੇ ਚਮਕਦਾ ਚੰਦਰਮਾ ਬੱਦਲਾਂ ਰੂਪੀ ਘਰ ਵਿਚ ਛੁਪ ਗਿਆ। ਮੈਨੂੰ ਮਹਿਸੂਸ ਹੋਇਆ ਜਿਵੇਂ ਸਿੰਘਾਂ ਦੀ ਕੁੱਟ ਤੋਂ ਡਰਦਾ ਚੰਦਰ ਦੇਵ ਸ਼ਾਇਦ ਗੌਤਮ ਰਿਸ਼ੀ ਕੋਲੋਂ ਕਿਸੇ ਪੁਰਾਣੇ ਯੁੱਗ ਵਿਚ ਕੀਤੀ ਗਲਤੀ ਦੀ ਮੁਆਫੀ ਮੰਗਣ ਭੱਜ ਗਿਆ ਹੋਵੇ। ਭਾਈ ਸਾਹਿਬ ਦੀ ਚੰਡੀ ਦੀ ਵਾਰ ਹੋਰ ਉੱਚੀ ਹੁੰਦੀ ਜਾ ਰਹੀ ਸੀ। ਉਹ ਬਨਾਰਸੀ ਦਾਸ ਦੀ ਕੰਧ ਕੋਲ ਬਣੇ ਉੱਚੇ ਥੜ੍ਹੇ ਉਤੇ ਖੜ੍ਹੇ ਉੱਚੀ ਉੱਚੀ ਪੜ੍ਹ ਰਹੇ ਸਨ:

"ਸੱਟ ਪਈ ਜਮਧਾਣੀ, ਦਲਾਂ ਮੁਕਾਬਲਾ
ਧੂਹ ਪਈ ਕਿਰਪਾਣੀ, ਦੁਰਗਾ ਮਿਆਨ ਤੇ
ਚੰਡੀ ਰਾਖਸ਼ ਖਾਣੀ, ਵਾਹੀ ਦੈਂਤ ਨੂੰ
ਕੋਪਰ ਚੂਰ ਚਬਾਣੀ, ਲੱਥੀ ਕੰਰਗ ਲੈ
ਘੂਮਰ ਬਰਗ ਸਿਤਾਣੀ, ਸਿੰਗਾ ਧਉਲ ਦਿਆ
ਕੂਮਰ ਸਿਰ ਲਹਿਰਾਣੀ, ਦੁਸਮਣ ਮਾਰ ਕੈ
ਰਣ ਵਿਚ ਘੱਤੀ ਘਾਣੀ, ਲਹੂ ਮਿੱਝ ਦੀ
ਚਾਰੇ ਯੁੱਗ ਕਹਾਣੀ, ਚੱਲਗ ਤੇਗ ਦੀ...."

ਉਨ੍ਹਾਂ ਦੀਆਂ ਬਿੱਲੀਆਂ ਅੱਖਾਂ ਵਿਚ ਬੀਰ ਰਸ ਦੀ ਲਾਲੀ ਡਲਕਾਂ ਮਾਰ ਰਹੀ ਸੀ ਪਰ ਉਨ੍ਹਾਂ ਦੇ ਚਿਹਰੇ ਉਪਰ ਸ਼ਾਂਤ ਰਸ ਦਾ ਅਨੋਖਾ ਪ੍ਰਭਾਵ ਦਿਖਾਈ ਦੇ ਰਿਹਾ ਸੀ। ਸਾਰੇ ਸਿੰਘਾਂ ਦੇ ਦਾਇਰੇ ਵਿਚੋਂ 'ਗੁਰੂ ਗੁਰੂ ਗੁਰੂ' ਦੀ ਮਿੱਠੀ ਜਿਹੀ ਧੁੰਨ ਸੁਣਾਈ ਦੇ ਰਹੀ ਸੀ। ਹੁਣ ਕੋਈ ਵੀ ਸਿੰਘ ਆਪਣੇ ਮੁਖਾਰਬਿੰਦ ਵਿਚੋਂ ਅਪਸ਼ਬਦ ਨਹੀਂ ਬੋਲ ਰਿਹਾ ਸੀ। ਜਿਵੇਂ ਚੰਡੀ ਦਾ ਪਾਠ ਆਪਣੀ ਚਰਮ ਸੀਮਾ ਵੱਲ ਨੂੰ ਵੱਧ ਰਿਹਾ ਸੀ, ਉਵੇਂ ਉਵੇਂ ਸਿੰਘਾਂ ਦੀਆਂ

ਡਾਂਗਾਂ ਦੀ ਸਪੀਡ ਅਤੇ ਦੋਖੀਆਂ ਦੀਆਂ ਚਾਗਾਂ ਦੀ ਸਪੀਡ ਤੇਜ ਹੁੰਦੀ ਜਾ ਰਹੀ ਸੀ। ਪੂਰੇ ਦਾ ਪੂਰਾ ਢੋਟੀਆਂ ਪਿੰਡ ਇਸ ਅਨੋਖੀ ਇੰਨਟੈਰੋਗੇਸ਼ਨ ਨੂੰ ਦੇਖ ਕੇ ਹੈਰਾਨ ਹੋ ਰਿਹਾ ਸੀ। ਚੰਡੀ ਦਾ ਪਾਠ ਆਪਣੀ ਚਰਮ ਸੀਮਾ ਨੂੰ ਵਧਣ ਲੱਗਾ।

"...ਏਦੂ ਪਾਰਹੁੰ ਹੋਰ ਪਾਰੁ ਹਰਨਾਖਸ਼ ਕਈ ਹਜ਼ਾਰ ਕਉ... ਡੁਬ ਰੱਤੂ ਨਾਲਹੁ ਨਿਕਲੀ ਬਰਛੀ ਦੁਇ ਧਾਰੀ ਜਾਨ ਰਜਾਦੀ ਨਿਕਲੀ ਪੈਨ ਸੂਹੀ ਸਾਰੀ...।" ਡਾਂਗਾਂ ਵਾਹੁਣ ਵਾਲੇ ਸਾਰੇ ਸਿੰਘਾਂ ਦਾ ਜੋਸ਼ ਵੀ ਚਰਮ ਸੀਮਾ 'ਤੇ ਪਹੁੰਚ ਚੁੱਕਾ ਸੀ। ਸਾਰੇ ਸਿੰਘਾਂ ਨੇ ਦੋਸ਼ੀਆਂ ਦੁਆਲੇ ਗੋਲ ਦਾਇਰੇ ਵਿਚ ਘੁੰਮਣਾ ਸ਼ੁਰੂ ਕਰ ਦਿੱਤਾ। ਡਾਂਗਾਂ ਦੀ ਬਰਸਾਤ ਕਰਦੇ ਹੋਏ ਸਾਰੇ ਸਿੰਘ ਵਾਹਿ..ਗੁਰੂ ਵਾਹਿ..ਗੁਰੂ ਦੀ ਮੱਧਮ ਧੁਨੀ ਉਚਾਰ ਰਹੇ ਸਨ। ਸਿੰਘਾਂ ਦੇ ਮੂੰਹੋਂ ਨਿਕਲੀ ਬੀਰ ਰਸੀ ਗੁਰਮੰਤਰ ਉਚਾਰਣੀ ਧੁਨੀ, ਭਾਈ ਕਰਮ ਸਿੰਘ ਦੇ ਮੂੰਹੋਂ ਚੰਡੀ ਦੇ ਪਾਠ ਦੀ ਬੀਰ ਰਸੀ ਅਵਾਜ਼, ਡਾਂਗਾਂ ਦਾ ਖੜਾਕ ਤੇ ਦੋਸ਼ੀਆਂ ਦੀ ਕੁਰਲਾਹਟ ਇਕ ਅਜੀਬ ਕਿਸਮ ਦਾ ਬੀਰਸਾਤ ਅਤੇ ਰੌਦਰ ਰਸੀ ਵਾਤਾਵਰਣ ਸਿਰਜ ਰਿਹਾ ਸੀ। ਆਖਰ ਚੰਡੀ ਦੀ ਵਾਰ ਭੋਗ ਪੈਣ 'ਤੇ ਆ ਗਈ। ਭਾਈ ਸਾਹਿਬ ਦੀ ਤਿੱਖੀ, ਮਿੱਠੀ ਤੇ ਬੀਰ ਰਸੀ ਅਵਾਜ਼ ਗੂੰਜੀ ਤੇ ਸਾਰੇ ਸਿੰਘਾਂ ਨੇ ਭਾਈ ਸਾਹਿਬ ਦਾ ਸਾਥ ਦਿੱਤਾ:-

"..ਇੰਦਰ ਸੱਦ ਬਲਾਇਆ ਰਾਜ ਅਭਿਬੇਖ ਨੂੰ... ਸਿਰ ਵਿਚ ਛਤਰ ਫਰਾਇਆ ਰਾਜੇ ਇੰਦਰ ਦੇ... ਫੇਰ ਨ ਜੂਨੀ ਆਇਆ ਜਿਨ ਇਹ ਗਾਇਆ...।" ਸਿੰਘਾਂ ਦੇ ਹੱਥਾਂ ਵਿਚਲੀਆਂ ਡਾਂਗਾਂ ਖਲਪਾੜਾਂ ਹੋ ਚੁੱਕੀਆਂ ਸਨ। ਕਈ ਸਿੰਘਾਂ ਦੇ ਹੱਥਾਂ ਵਿਚ ਛਾਲੇ ਪੈ ਕੇ ਉਨ੍ਹਾਂ 'ਚੋਂ ਲਹੂ ਸਿਮ ਰਿਹਾ ਸੀ। ਤਿੰਨੋਂ ਦੋਸ਼ੀ ਨਿਢਾਲ ਹੋਏ ਪਏ ਸਨ, ਉਨ੍ਹਾਂ ਵਿਚੋਂ ਚੀਕਾਂ ਮਾਰਨ ਦੀ ਸ਼ਕਤੀ ਵੀ ਹੁਣ ਖਤਮ ਹੋ ਚੁੱਕੀ ਸੀ। ਸਾਰੇ ਸਿੰਘਾਂ ਨੇ ਘੁੰਮਣਾ ਬੰਦ ਕਰਕੇ ਉਨ੍ਹਾਂ ਤਿੰਨਾਂ ਦੇ ਆਲੇ-ਦੁਆਲੇ ਘੇਰਾ ਘੱਤ ਲਿਆ ਤੇ ਬੈਠਕੇ ਉੱਚੀ ਉੱਚੀ ਵਾਹਿਗੁਰੂ ਵਾਹਿਗੁਰੂ ਦਾ ਅਭਿਆਸ ਕਰਨਾ ਸ਼ੁਰੂ ਕਰ ਦਿੱਤਾ। ਮੈਨੂੰ ਜਾਪਿਆ ਜਿਵੇਂ ਮਾਹੌਲ ਵਿਚ ਨਾਰਦ ਡੌਰੂ ਵਜਾ ਰਿਹਾ ਹੋਵੇ ਅਤੇ ਮੌਤ ਦੀ ਰਾਣੀ ਤਾਂਡਵ ਨਾਚ ਨੱਚ ਰਹੀ ਹੋਵੇ। ਸਾਰੇ ਦਾ ਸਾਰਾ ਢੋਟੀਆਂ ਪਿੰਡ ਸਰਪੰਚ ਸਮੇਤ ਸੁੰਨ ਮੰਡਲ ਵਿਚ ਵਿਚਰ ਰਿਹਾ ਸੀ। ਸ਼ਾਇਦ ਮੌਤ ਦਾ ਦੇਵਤਾ ਵੀ ਸਿੰਘਾਂ ਦੇ ਬੀਰ ਰਸੀ ਰੂਪ ਤੋਂ ਡਰ ਕੇ ਗੁਰੂ ਨਾਨਕ ਸਾਹਿਬ ਦੀ ਸ਼ਰਨ ਵਿਚ ਜਾ ਕੇ ਖਾਲਸਿਆਂ ਨੂੰ ਰੋਕਣ ਦੀ ਬੇਨਤੀ ਕਰ ਰਿਹਾ ਸੀ ਤੇ ਉਸਦਾ ਤੀਜਾ ਨੇਤਰ ਇਸ ਮਹਾਂਪਰਲੋ ਤੋਂ ਡਰ ਕੇ ਖੁੱਲ੍ਹਣ ਦਾ ਹੀਆ ਨਹੀਂ ਸੀ ਕਰ ਰਿਹਾ। ਕੋਈ ਦਸ ਕੁ ਮਿੰਟ ਦੇ ਸਿਮਰਨ ਬਾਅਦ ਭਾਈ ਕਰਮ ਸਿੰਘ ਨੇ ਫਤਿਹ ਬੁਲਾਈ ਤਾਂ ਮਾਹੌਲ ਵਿਚ ਇਕ ਚੁੱਪ ਵਰਤ ਗਈ। ਭਾਈ ਦਲੀਪ ਹੁਰਾਂ ਨੇ ਭਾਈ ਕਰਮ ਸਿੰਘ ਦੇ ਕਹਿਣ ਉਤੇ ਪੁੱਠੇ ਪਏ ਦੋਸ਼ੀਆਂ ਨੂੰ ਸਿੱਧਾ ਕੀਤਾ। ਇਨ੍ਹਾਂ ਵਿਚੋਂ ਦੋ ਜਣੇ ਬਿਲਕੁਲ ਬੇਹੋਸ਼ ਹੋ ਚੁੱਕੇ ਸਨ। ਬਨਾਰਸੀ ਦਾਸ ਦੇ ਘਰੋਂ ਗਰਮ ਪਾਣੀ ਮੰਗਵਾ ਕੇ ਉਨ੍ਹਾਂ ਦੇ ਮੂੰਹਾਂ 'ਤੇ ਛਿੱਟੇ ਮਾਰੇ ਗਏ।

"...ਬਾਬਾ ਜੀ ਅਸੀਂ ਪਾਪੀ... ਸਾਨੂੰ ਜਿਉਂਦਿਆਂ ਨਾ ਛੱਡਣਾ... ਸਾਨੂੰ ਮਰਕੇ ਨਰਕਾਂ ਵਿਚ ਵੀ ਜਗ੍ਹਾ ਨਾ ਮਿਲੇ... ਅਸੀਂ ਅਜਿਹੇ ਧਰਮੀ ਪੁਰਖਾਂ 'ਤੇ ਖੁਦ ਕਾਲੀਆਂ ਕਰਤੂਤਾਂ ਕਰਕੇ ਇਲਜ਼ਾਮ ਲਗਾਏ... ਅਸਲ ਵਿਚ ਖਾਲਸਿਓ, ਅਸੀਂ ਤਾਂ ਲਾਲਚ ਵੱਸ ਅਤੇ ਨੌਕਰੀਆਂ ਦੇ ਵੱਸ ਇਹ ਸਭ ਕੁਝ ਕਰਦੇ ਰਹੇ ਆਂ... ਸਾਡੇ ਵੱਖ-ਵੱਖ ਗਰੁੱਪ ਪੰਜਾਬ ਵਿਚ ਬਲੈਕ ਕੈਟਸ ਦੇ ਨਾਮ ਨਾਲ ਜਾਣੇ ਜਾਂਦੇ ਨੇ..., ਅਸੀਂ ਅੰਮ੍ਰਿਤਸਰ ਜ਼ਿਲ੍ਹੇ ਦੇ ਐਸ.ਐਸ.ਪੀ. ਸ਼ਰਮਾ ਦੇ ਕੈਟ ਗਰੁੱਪਾਂ ਵਿਚੋਂ ਇਕ ਗਰੁੱਪ ਵਿਚ ਹਾਂ... ਸਾਥੋਂ ਉਨ੍ਹਾਂ ਕਈ ਮਾੜੇ ਕੰਮ ਕਰਵਾਏ, ਭਾਈ ਅਨੋਖ ਸਿੰਘ ਦੇ ਪਿਤਾ ਨੂੰ ਕਤਲ ਕਰਵਾਇਆ ਹੋਰ ਵੀ ਕਈ ਖਾੜਕੂ ਸਿੰਘਾਂ ਦੇ ਪਰਿਵਾਰ ਅਸੀਂ ਖ਼ਤਮ ਕੀਤੇ... ਅਸੀਂ ਜਿੱਥੇ ਜਾਂਦੇ ਹਾਂ ਬਲਾਤਕਾਰ ਜ਼ਰੂਰ ਕਰਦੇ ਹਾਂ... ਹੁਣ ਬਾਬਾ ਜੀ....ਪੰਜਾਬ ਪੁਲਿਸ ਦੇ ਮੁਲਾਜ਼ਮਾਂ ਦੇ ਪਰਿਵਾਰ ਵੀ ਖਾੜਕੂ ਸਿੰਘਾਂ ਦੇ ਨਾਂ 'ਤੇ ਅਸੀਂ ਹੀ ਮਾਰਨੇ ਸ਼ੁਰੂ ਕੀਤੇ ਆ। ਅੰਮ੍ਰਿਤਸਰ ਦੇ ਡੀ.ਐਸ.ਪੀ. ਸ਼ਮਸ਼ੇਰ ਸਿੰਘ ਦਾ ਪਰਿਵਾਰ ਜੋ ਕਿ ਪਿੰਡ ਰਹਿੰਦਾ ਸੀ, ਉਹ ਦੇ ਭਾਈ ਭਰਜਾਈਆਂ ਤੇ ਭਤੀਜੇ ਭਤੀਜੀਆਂ ਵੀ ਅਸੀਂ ਹੀ ਐਸ.ਐਸ.ਪੀ. ਸ਼ਰਮਾ ਦੇ ਕਹਿਣ 'ਤੇ ਮਾਰੇ ਐ...।" ਹੋਸ਼ ਵਿਚ ਆਉਣ 'ਤੇ ਇਕ ਬਲੈਕ ਕੈਟਸ ਦੇ ਕਮਾਂਡੋ ਨੇ ਬੋਲਣਾ ਸ਼ੁਰੂ ਕੀਤਾ।

"...ਸ਼ਰਮੇ ਨੇ ਉਹਦਾ ਪਰਿਵਾਰ ਕਿਉਂ ਮਰਵਾਇਐ...?" ਭਾਈ ਕਰਮ ਸਿੰਘ ਨੇ ਸਵਾਲ ਕੀਤਾ।

"..ਤਾਂ ਕਿ ਖਾੜਕੂ ਸਿੰਘਾਂ ਤੇ ਪੁਲਿਸ ਵਿਚਲੇ ਸਿੱਖਾਂ ਵਿਚ ਪਾੜਾ ਪਾਇਆ ਜਾ ਸਕੇ... ਉਹਨੇ ਤਾਂ ਮੇਰੀ ਡਿਊਟੀ ਡੀ.ਐਸ.ਪੀ. ਨੂੰ ਮਾਰਨ ਦੀ ਵੀ ਲਗਾਈ ਹੋਈ ਐ... ਪਰ ਹਲੇ ਮੌਕਾ ਨੀਂ ਬਣਿਆ.." ਨਕਲੀ ਗੰਗਾ ਸਿੰਘ ਬੋਲ ਰਿਹਾ ਸੀ।

"...ਤੁਹਾਡਾ ਤਿੰਨਾਂ ਦੇ ਕੀ ਨਾਮ ਐ ਤੇ ਐਸ.ਐਸ.ਪੀ. ਸ਼ਰਮਾ ਡੀ.ਐਸ.ਪੀ. ਸ਼ਮਸ਼ੇਰ ਸਿੰਘ ਨੂੰ ਕਿਉਂ ਮਰਵਾਉਣਾ ਚਾਹੁੰਦੈ...?" ਭਾਈ ਕਰਮ ਸਿੰਘ ਨੇ ਸਵਾਲ ਕੀਤਾ।

"...ਜੀ..ਜੀ..ਕਿ..ਉਂਕਿ ਉਹਦੀ ਅੱਖ ਸਰਦਾਰਨੀ ਮਹਿੰਦਰ ਕੌਰ ਜਾਨੀ ਸਰਦਾਰ ਸ਼ਮਸ਼ੇਰ ਸਿੰਘ ਦੀ ਘਰਵਾਲੀ ਉਪਰ ਹੈ ਤੇ ਉਹ ਸ਼ਮਸ਼ੇਰ ਸਿੰਘ ਨੂੰ ਆਪਣੇ ਰਾਹ ਦਾ ਕੰਡਾ ਸਮਝਦਾ....ਮੇਰਾ ਨਾਮ ਪ੍ਰਗਟ ਏ, ਏਹਦਾ ਸੰਤੋਖ ਸਿੰਘ ਕਾਲਾ.....ਇਹ ਹੈਪੀ ਏ...। ਅਸੀਂ ਸਭ ਪੇਅਡ ਬੰਦੇ ਆਂ... ਸਾਡੇ ਵਰਗੇ ਹੋਰ ਵੀ ਕਈ ਗਰੁੱਪ ਸਾਰੇ ਪੰਜਾਬ ਵਿਚ ਇਹੋ ਜਿਹੇ ਕੰਮ ਕਰਦੇ ਆ...। ਆਈ.ਜੀ. ਸੂਰੀ ਅਤੇ ਐਸ.ਐਸ.ਪੀ. ਕਿਸ਼ਨ ਰਾਮ ਬਟਾਲਾ ਦੇ ਅੰਡਰ ਵੀ ਸਾਡੇ ਵਰਗੇ ਅਨੇਕਾਂ ਗਰੁੱਪ ਨੇ...। ਕਿਸ਼ਨ ਰਾਮ ਤਾਂ ਜੀ ਆਪਣੇ ਅਜਿਹੇ ਗਰੁੱਪਾਂ ਵਿਚ ਪੰਜਾਬੀ ਬੋਲਣ ਵਿਚ ਟਰੇਂਡ ਕਰਕੇ ਮਰਹੱਟੇ ਅਤੇ ਬਿਹਾਰੀਆਂ ਨੂੰ ਵੀ ਰੱਖ ਰਿਹੈ। ਉਸਦਾ ਕਹਿਣਾ ਹੈ ਕਿ ਜਿਸ ਵੀ ਘਰੇ ਜਾਓ ਬਲਾਤਕਾਰ ਜ਼ਰੂਰ ਕਰੋ ਤਾਂ ਕਿ ਸਿੱਖਾਂ ਦੀ ਆਉਣ ਵਾਲੀ ਨਸਲ ਬਦਲੀ ਕੀਤੀ ਜਾ ਸਕੇ... ਅਸੀਂ ਪਾਪੀ...ਅਸੀਂ ਦੁਸ਼ਟ... ਉਨ੍ਹਾਂ ਦੇ ਬਹਿਕਾਵੇ ਵਿਚ ਆਏ, ਜੇ.. ਸਾਨੂੰ ਟਰੇਨਿੰਗ ਸਮੇਂ ਦੱਸਿਆ ਗਿਆ ਕਿ ਖਾੜਕੂ ਪਾਕਿਸਤਾਨ ਦੇ ਏਜੰਟ ਤੇ ਦੇਸ਼ ਦੇ ਦੁਸ਼ਮਣ ਨੇ... ਅਸੀਂ ਬਹਿਕ ਗਏ...।" ਪ੍ਰਗਟ (ਨਕਲੀ ਗੰਗਾ ਸਿੰਘ) ਕਈ ਕਹਾਣੀਆਂ ਤੋਂ ਪਰਦਾ ਲਾਹੁੰਦਾ ਜਾ ਰਿਹਾ ਸੀ। ਉਹ ਵਾਰ-ਵਾਰ ਕੂਕ ਰਿਹਾ ਸੀ। "...ਸਾਨੂੰ ਮਾਰ ਘੱਤੋ ਬਾਬਾ ਜੀ... ਅਸੀਂ ਜੀਣ ਦੇ ਲੈਕ ਨਹੀਂ ਜੇ... ਅਸੀਂ ਦੁਸ਼ਮਣਾਂ ਆਖੇ ਲੱਗ ਕੇ ਆਪਣੀਆਂ ਹੀ ਧੀਆਂ ਭੈਣਾਂ ਨਾਲ ਖੋਹ ਖਾਧੀ, ਵੀਰਾਂ ਨੂੰ ਮਾਰਿਆ, ਸਿੰਘਾਂ ਨੂੰ ਬਦਨਾਮ ਕੀਤਾ...।"

"..ਦੇਖੋ ਬਈ... ਬੇਸ਼ੱਕ ਤੁਸੀਂ ਹੁਣ ਸੱਚ ਬੋਲ ਰਹੇ ਜੇ... ਪਰ ਤੁਸੀਂ ਪੰਥ ਦੇ ਹੀ ਨਹੀਂ ਸਾਰੀ ਪੰਜਾਬੀ ਲੋਕਾਈ ਦੇ ਦੋਸ਼ੀ ਹੋ... ਅਸੀਂ ਤੁਹਾਨੂੰ ਲੋਕਾਂ ਦੇ ਸਪੁਰਦ ਕਰਦੇ ਆਂ... ਆਓ ਸਰਪੰਚ ਸਾਹਿਬ... ਆਪਣੇ ਦੋਖੀ ਸਾਂਭੋ, ਸਜ਼ਾ ਦੇਵੋ ਭਾਵੇਂ ਬਖਸ਼ੋ... ਗੁਰੂ ਵੀਹ ਵਿਸਵੇ... ਸੰਗਤ ਇੱਕੀ ਵਿਸਵੇ...। ਭੈਣ ਨੂੰ ਬੁਲਾ ਲਵੋ ਜਿਹਦੇ ਨਾਲ ਜ਼ਿਆਦਤੀ ਹੋਈ ਐ... ਉਹ ਜਿਵੇਂ ਚਾਹੇ ਕਰ ਸਕਦੀ ਐ...।" ਭਾਈ ਕਰਮ ਸਿੰਘ ਦੀ ਗੱਲ ਸੁਣ ਕੇ ਕੁੜੀ ਘਰੋਂ ਬਾਹਰ ਨਿਕਲ ਆਈ। ਭਾਈ ਗੰਗਾ ਸਿੰਘ ਨੇ ਭਰਿਆ ਮਾਊਜ਼ਰ ਕੁੜੀ ਦੇ ਹੱਥ ਫੜਾ ਦਿੱਤਾ। 'ਠਾੜ.. ਠਾੜ.. ਠਾੜ...' ਦੇ ਅੱਠ-ਨੌਂ ਫਾਇਰਾਂ ਬਾਅਦ ਤਿੰਨ ਲਾਸ਼ਾਂ ਖੂਨ ਦੇ ਛੱਪੜਾਂ ਵਿਚ ਗੜੁੱਚ ਹੋ ਗਈਆਂ। ਫਾਇਰਾਂ ਦੇ ਖੜਾਕ ਸੁਣ ਕੇ ਬਨਾਰਸੀ ਦਾਸ ਦੇ ਬਨੇਰੇ 'ਤੇ ਬੈਠੀ ਚੁਗਲਾਂ ਦੀ ਤਿਕੜੀ ਚੁਰਰ ਦੀ ਅਵਾਜ਼ ਨਾਲ ਉਡ ਗਈ।

"ਚੰਗਾ ਖਾਲਸਾ ਜੀ ਹੁਣ ਸਾਨੂੰ ਆਗਿਆ ਬਖਸ਼ੋ, ਅਜਿਹੇ ਦੁਸ਼ਟਾਂ ਨਾਲ ਆਪਣੇ ਆਪ ਹੀ ਸੁਲਝ ਲਿਆ ਕਰੋ। ਖਾਲਿਸਤਾਨ... ਜ਼ਿੰਦਾਬਾਦ..! ਜ਼ਿੰਦਾਬਾਦ...!!" ਭਾਈ ਕਰਮ ਸਿੰਘ ਦੇ ਨਾਅਰੇ ਦੀ ਅਵਾਜ ਨਾਲ ਲੋਕਾਂ ਦੇ ਹਜੂਮ ਨੇ ਉੱਤਰ ਦਿੱਤਾ। ਪਿੰਡ ਵਿਚੋਂ ਚਾਲੇ ਪਾ ਦਿੱਤੇ। ਦਿਨ ਚੜ੍ਹਨ ਵਾਲਾ ਹੋ ਚੁੱਕਾ ਸੀ। ਜੈਕਾਰੇ ਦੀ ਅਵਾਜ਼ ਸੁਣ ਕੇ ਬਿਜਲੀ ਦੀ ਤਾਰ 'ਤੇ ਬੈਠਾ ਬਾਜ਼ ਵਰਗਾ ਪੰਛੀ ਅਸਮਾਨ ਨੂੰ ਚੜ੍ਹ ਗਿਆ।

o-----o-----o

ਕਾਂਡ 19

ਬਲਾਤਕਾਰੀਆਂ ਦੀ ਸੋਧ-ਸੁਧਾਈ ਉਪਰੰਤ ਮੈਂ ਭਾਈ ਕਰਮ ਸਿੰਘ ਹੋਰਾਂ ਦੇ ਇਲਾਕੇ ਵਿਚ ਹੀ ਵਿਚਰਨ ਲੱਗਾ ਅਤੇ ਭਾਈ ਸੁਰਿੰਦਰ ਸਿੰਘ ਬੱਬਰ ਆਪਣੇ ਇਲਾਕੇ ਮੁਕਤਸਰ ਵੱਲ ਨੂੰ ਨਿਕਲ ਗਿਆ। ਜਿਸ ਰਸਤੇ ਉਤੇ ਅਸੀਂ ਤੁਰੇ ਸਾਂ ਉਸਦਾ ਅੰਤ ਸਾਨੂੰ ਸਭ ਨੂੰ ਪਤਾ ਹੀ ਸੀ, ਬੇਸ਼ੱਕ ਸਾਡੇ ਚਿਤਵੇ ਹੋਏ ਸੰਕਲਪ ਦੀ ਪੂਰਤੀ ਹਾਲੇ ਭਵਿੱਖ ਵਿਚ ਕਾਫੀ ਦੂਰ ਦਿਖਾਈ ਦਿੰਦੀ ਸੀ, ਪਰ ਸਾਡੇ ਸਾਰਿਆਂ ਦੇ ਹੌਂਸਲੇ ਇਸ ਕਰਕੇ ਬੁਲੰਦ ਸਨ ਕਿ ਭਾਵੇਂ ਕਿ ਅਸੀਂ ਔੜ ਦੇ ਮੌਸਮ ਨੂੰ ਬਹਾਰ ਵਿਚ ਤਾਂ ਨਹੀਂ ਬਦਲ ਸਕੀਏ ਪਰ ਫਿਰ ਵੀ ਆਉਣ ਵਾਲੀਆਂ ਨਸਲਾਂ ਦੇ ਮਨਾਂ ਦੀ ਧਰਤੀ 'ਤੇ ਖਾਲਸਾ ਰਾਜ ਰੂਪੀ ਫੁੱਲ ਦੇ ਬੀਜ ਜ਼ਰੂਰ ਬੀਜ ਜਾਵਾਂਗੇ।

ਇਨ੍ਹਾਂ ਦਿਨਾਂ ਵਿਚ ਜਥੇਬੰਦੀ ਦੇ ਚੋਟੀ ਦੇ ਤਿੰਨ ਯੋਧਿਆਂ ਦੀਆਂ ਸ਼ਹੀਦੀਆਂ ਕਰਕੇ ਲਹਿਰ ਨੂੰ ਕਾਫੀ ਘਾਟਾ ਪਿਆ। ਬੇਸ਼ੱਕ ਤਿੰਨਾਂ ਜਣਿਆਂ ਦੀ ਸ਼ਹੀਦੀ ਵੱਖ-ਵੱਖ ਹੋਈ ਪਰ ਇਕ ਤੋਂ ਬਾਅਦ ਇਕ ਸ਼ਹੀਦੀ ਨੇ ਜਥੇਬੰਦੀ ਨੂੰ ਆਪਣੀ ਨੀਤੀ ਵਿਚ ਗੌਰ ਕਰਨ ਲਈ ਉਤਾਵਲੇ ਕਰ ਦਿੱਤਾ। ਸ਼ਹੀਦ ਹੋਣ ਵਾਲੇ ਤਿੰਨੇ ਸੂਰਮੇ ਭਾਈ ਸੁਲੱਖਣ ਸਿੰਘ, ਭਾਈ ਅਨੋਖ ਸਿੰਘ ਤੇ ਭਾਈ ਸੁਰਿੰਦਰ ਸਿੰਘ ਮੁਕਤਸਰੀ ਸਨ। ਭਾਈ ਸੁਲੱਖਣ ਸਿੰਘ ਨੂੰ ਜ਼ੀਰੇ ਕੋਲ ਇਕ ਟਰੈਕਟਰ 'ਤੇ ਜਾਂਦਿਆਂ ਨੂੰ ਫੜ ਕੇ ਸ਼ਹੀਦ ਕਰ ਦਿੱਤਾ। ਭਾਈ ਅਨੋਖ ਸਿੰਘ ਨੂੰ ਇਸ ਤੋਂ ਪਹਿਲਾਂ ਵੀ ਲੁਧਿਆਣੇ ਜ਼ਿਲ੍ਹੇ ਦੇ ਡੇਹਲੋਂ ਪਿੰਡ ਮੋਟਰ ਸਾਈਕਲ 'ਤੇ ਜਾਂਦਿਆਂ ਨੂੰ ਫੜ ਲਿਆ ਗਿਆ ਸੀ, ਉਸ ਸਮੇਂ ਉਹ ਹਥਿਆਰ ਬਗੈਰ ਹੀ ਸਨ। ਫੜਨ ਵਾਲੇ ਥਾਣੇਦਾਰ ਨੇ ਉਨ੍ਹਾਂ ਨੂੰ ਐਵੇਂ ਮਾਮੂਲੀ ਜਿਹਾ ਸੁੱਖਾ ਪੀਣਾ ਨਿਹੰਗ ਜਾਣ ਕੇ ਖੁੱਲ੍ਹਿਆਂ ਹੀ ਇਕ ਖੂੰਜੇ ਬਹਾ ਦਿੱਤਾ। ਤਦੇ ਹੀ ਇਕ ਡੀ.ਐਸ.ਪੀ. ਗਸ਼ਤ ਉਤੇ ਆਇਆ ਥਾਣੇ ਵਿਚ ਆ ਪਹੁੰਚਿਆ। ਅੱਗੇ ਕੀ ਦੇਖਦਾ ਹੈ ਕਿ ਭਾਈ ਸਾਹਿਬ ਆਵਦੀ ਮੌਜ ਵਿਚ ਬੈਠੇ ਬਾਣੀ ਪੜ੍ਹੀ ਜਾ ਰਹੇ ਹਨ।

"...ਉਹ ਥੋਡੀ ਭੈਣ ਦੀ.... ਮਰਵਾਤੇ ਸੀ ਕੰਜਰ ਦਿਆਂ ਪੁੱਤਾਂ ਨੇ...।" ਏਨਾ ਕਹਿ ਕੇ ਉਹ ਭੱਜ ਕੇ ਇਕ ਵੱਡੇ ਸਾਰੇ ਮੇਜ਼ ਦੇ ਥੱਲੇ ਵੜ ਗਿਆ। ਸਾਰੀ ਦੀ ਸਾਰੀ ਪੁਲਿਸ ਪਾਰਟੀ ਇਹ ਦੇਖ ਕੇ ਹੈਰਾਨ ਰਹਿ ਗਈ।

"...ਉਇ ਭੈਣ ਦਿਓ ਖਸਮੋ ਬੰਨ੍ਹੋ ਉਇ ਆਵਦੇ ਜਵਾਈ ਨੂੰ, ਉਇ ਸਕੱਤਰ ਸਿਹਾਂ ਆਹ ਭੂਰੇ ਬਘਿਆੜ ਨੂੰ ਕਿਉਂ ਖੁੱਲ੍ਹਾ ਛੱਡਿਆ ਉਇ....? ਇਹ ਤਾਂ ਮਿੰਟ ਲਾਉਂਦਾ ਭੱਜਣ ਨੂੰ..." ਡੀ.ਐਸ.ਪੀ. ਨੇ ਭਾਈ ਸਾਹਿਬ ਨੂੰ ਪਛਾਣ ਲਿਆ ਸੀ ਤੇ ਡਰਦਾ ਮਾਰਾ ਉਹ ਚਾਂਗਰਾਂ ਮਾਰ ਰਿਹਾ ਸੀ। ਹਰਫਲੇ ਹੋਏ ਥਾਣੇਦਾਰ ਸਕੱਤਰ ਸਿੰਘ ਨੇ ਭਾਈ ਸਾਹਿਬ ਨੂੰ ਹੱਥਕੜੀ ਤੇ ਬੇੜੀ ਮਾਰੀ ਤਾਂ ਕਿਤੇ ਜਾ ਕੇ ਬਾਮ੍ਹਣ ਡੀ.ਐਸ.ਪੀ. ਮੇਜ਼ ਦੇ ਥੱਲਿਓ ਬਾਹਰ ਨਿਕਲਿਆ।

"..ਜਨਾਬ ਇਹ ਸ੍ਰੀਮਾਨ ਕੌਣ ਵਾ...?" ਥਾਣੇਦਾਰ ਨੇ ਡਰਦਿਆਂ ਡਰਦਿਆਂ ਡੀ.ਐਸ.ਪੀ. ਕੋਲੋਂ ਪੁੱਛਣ ਦੀ ਜੁਅਰਤ ਕੀਤੀ।

"..ਇਹ ਤੇਰੀ ਭੈਣ ਦਾ ਪ੍ਰਾਹੁਣਾ ਅਨੋਖ ਸਿਹੁੰ ਐ ਅਨੋਖ ਸਿਹੁੰ... ਡਿਪਟੀ ਚੀਫ ਬੱਬਰ ਖਾਲਸਾ

ਇੰਟਰਨੈਸ਼ਨਲ...।" ਡੀ.ਐਸ.ਪੀ. ਨੇ ਉੱਤਰ ਦਿੰਦੇ ਸਮੇਂ ਫਾਤ ਕਰਦਾ ਥੱਪੜ ਥਾਣੇਦਾਰ ਦੇ ਜੜ੍ਹ ਦਿੱਤਾ।

"..ਮੈਨੂੰ ਕੀ ਪਤਾ ਸੀ ਸਰ ਬਈ ਇਹ ਕਿਹੜੀ ਬਲਾ ਐ...?" ਥਾਣੇਦਾਰ ਨੇ ਮਸੋਸਿਆ ਜਿਹਾ ਮੂੰਹ ਬਣਾਇਆ।

"..ਆਹੋ ਪਤਾ ਤਾਂ ਉਦੋਂ ਲੱਗਦਾ ਜਦੋਂ ਥਾਣੇ ਦਾ ਸਾਰਾ ਐਮੂਨੀਸ਼ਨ ਲੈ ਕੇ ਤੇ ਤੇਰੀ... ਵਿਚ ਡਾਂਗ ਦੇ ਕੇ ਨੱਸ ਜਾਂਦਾ..।" ਡੀ.ਐਸ.ਪੀ. ਥਾਣੇਦਾਰ ਨੂੰ ਛਈਆਂ ਲੈ ਕੇ ਪੈ ਰਿਹਾ ਸੀ। ਪਰ ਭਾਈ ਸਾਹਿਬ ਆਪਣੀ ਮੌਜ ਵਿਚ ਮਸਤ ਬਾਣੀ ਪੜ੍ਹੀ ਜਾ ਰਹੇ ਸਨ।

"..ਮੈਂ ਜਾਨੈ ਐਸ.ਐਸ.ਪੀ. ਸਾਹਿਬ ਨਾਲ ਖੁਦ ਗੱਲ ਕਰਨ ਤੇ ਤੂੰ ਇਹਦੀ ਗ੍ਰਿਫਤਾਰੀ ਨਾ ਪਾਵੀਂ...ਏਹਨੂੰ ਰੋਪੜ ਭੇਜਣਾ ਪੈਣੈ...।" ਡੀ.ਐਸ.ਪੀ. ਐਨਾ ਹੁਕਮ ਚਾੜ੍ਹ ਕੇ ਆਪਣੀ ਜਿਪਸੀ ਵਿਚ ਚੜ੍ਹ ਕੇ ਚਲਦਾ ਹੋਇਆ।

ਉਸਨੇ ਨਕਸਲੀ ਲਹਿਰ ਦਾ ਕੋਡ ਵਰਡ "ਰੋਪੜ ਭੇਜਣਾ" ਇਕ ਖਾਸ ਨੀਅਤ ਕਰਕੇ ਵਰਤਿਆ ਸੀ। ਜਿਸਨੂੰ ਝੂਠੇ ਮੁਕਾਬਲੇ ਵਿਚ ਮਾਰਨਾ ਹੁੰਦਾ ਸੀ, ਉਹਦੇ ਲਈ ਇਹ ਸ਼ਬਦ ਵਰਤਿਆ ਜਾਂਦਾ ਸੀ।

"ਰੋਪੜ ਭੇਜਣੈ... ਤੇਰੇ ਪਿਉ ਦਾ ਰਾਜ ਐ...? ਸਾਲਾ ਬਾਮ੍ਹਣ ਕੱਟਾ... ਓਏ ਮੁਨਸ਼ੀ ਰੋਜ਼ਨਾਮਚੇ ਵਾਲਾ ਰਜਿਸਟਰ ਲੈ ਕੇ ਆਓ... ਮੈਂ ਭੈਣ ਦੇਣਿਆਂ ਤੇਰੇ ਅਰਗਾ ਕਸਾਈ ਨੀਂ ਵੀ ਮਾਵਾਂ ਦੇ ਪੁੱਤ ਮਾਰ ਕੇ ਆਪ ਨੂੰ ਨਰਕਾਂ ਵਿਚ ਥਾਂ ਕਰਾਂ... ਤੂੰ ਤਾਂ ਹੁਕਮ ਚਾੜ੍ਹ ਗਿਐਂ ਪਰ ਰੱਬ ਦੀ ਕਚਾਹਿਰੀ ਵਿਚ ਭੁਗਤੂ ਕੌਣ...?" ਥਾਣੇਦਾਰ ਨੇ ਰੋਜ਼ਨਾਮਚੇ ਵਿਚ ਭਾਈ ਸਾਹਿਬ ਦੀ ਗ੍ਰਿਫਤਾਰੀ ਚਾੜ੍ਹ ਦਿੱਤੀ। ਉਹ ਅੰਦਰੋਂ ਅੰਦਰੀਂ ਮੂੰਹ 'ਤੇ ਵੱਜੇ ਥੱਪੜ ਕਰਕੇ ਡੀ.ਐਸ.ਪੀ. ਨਾਲ ਖੁਣਸ ਖਾ ਰਿਹਾ ਸੀ। "..ਜਹਾਉਣ ਦਿਆ ਤੇਰੇ ਅਰਗੇ ਨੂੰ ਤਾਂ ਅਸੀਂ ਸੀਰੀ ਨਾ ਰਲਾਈਏ, ਸਾਲੇ ਅਜ਼ਾਦ ਕੀ ਹੋਗੇ ਆਪਣੇ ਆਪ ਨੂੰ ਤੀਸ ਮਾਰ ਖਾਂ ਸਮਝਣ ਲੱਗਗੇ..।" ਸਕੱਤਰ ਸਿੰਘ ਆਪਣੇ ਕਾਲੇ ਮੋਟੇ-ਮੋਟੇ ਬੁੱਲ੍ਹਾਂ ਵਿਚੋਂ ਡੀ.ਐਸ.ਪੀ. ਨੂੰ ਕਿਲੋ-ਕਿਲੋ ਦੀਆਂ ਗਾਲ੍ਹਾਂ ਕੱਢ ਰਿਹਾ ਸੀ। "...ਤੁਸੀਂ ਇਉਂ ਕਰੋ ਬਾਬਾ ਜੀ ਆਹ ਕੁਰਸੀ 'ਤੇ ਬੈਠੋ ਰਾਮ ਨਾਲ ਮੈਂ ਕਾਗਜ਼ੀ ਕਾਰਵਾਈ ਕਰਕੇ ਹੁਣੇ ਈ ਏਰੀਏ ਦੇ ਪੱਤਰਕਾਰਾਂ ਨੂੰ ਸੱਦਕੇ ਥੋਡੀ ਗ੍ਰਿਫਤਾਰੀ ਦੀ ਖ਼ਬਰ ਭੇਜਦਾ ਵਾਂ ਅਖ਼ਬਾਰ ਨੂੰ, ਉਹ ਆਪ ਫੈਕਸ ਕਰਵਾ ਦੇਣਗੇ... ਸਵੇਰ ਤਕ ਅਖਬਾਰ ਵਿਚ ਆਜੂ ਖ਼ਬਰ, ਫੇਰ ਭੇਜ ਲੈਣ ਰੋਪੜ...।" ਉਸਨੇ ਭਾਈ ਸਾਹਿਬ ਨੂੰ ਹੱਥਕੜੀ ਬੇੜੀ ਲੁਹਾਕੇ ਕੁਰਸੀ 'ਤੇ ਬਿਠਾਉਂਦਿਆਂ ਕਿਹਾ।

"..ਪਰ ਸੱਜਣਾ ਤੇਰੀ ਨੌਕਰੀ 'ਤੇ ਕੋਈ ਆਂਚ ਨਾ ਆਵੇ, ਦੇਖੀਂ ਕਿਤੇ...।" ਭਾਈ ਸਾਹਿਬ ਨੇ ਸ਼ੰਕਾ ਜ਼ਾਹਿਰ ਕੀਤਾ।

"..ਮੈਨੂੰ ਕੀ ਹੋਣ ਲੱਗਾ ਵੱਧ ਤੋਂ ਵੱਧ ਲੈਨ ਹਾਜ਼ਰ ਹੀ ਕਰ ਦੇਣਗੇ। ਇਸ ਤੋਂ ਵੱਧ ਹੋਰ ਕੀ ਬੈਂਗਣ ਫੜ ਲੈਣਗੇ ਮੇਰਾ...? ਪਰ ਜੇ ਖ਼ਬਰ ਨਾ ਲਵਾਈ ਤਾਂ ਤੁਹਾਡੀ ਜਾਨ ਨੂੰ ਖ਼ਤਰਾ ਹੋ ਸਕਦੈ... ਤੁਸੀਂ ਮੈਨੂੰ ਨਾਕੇ 'ਤੇ ਹੀ ਦੱਸਿਆ ਹੁੰਦਾ ਤਾਂ ਮੈਂ ਫੜਨਾ ਹੀ ਨੀਂ ਸੀ, ਇਕ ਅੱਜ ਈ ਭੈਣ ਗੜ੍ਹਾਵਾ ਇਹ ਆ ਮਰਿਆ... ਹੁਣ ਤਾਂ ਗ੍ਰਿਫਤਾਰੀ ਪਾਏ ਬਗੈਰ ਹੋਰ ਕੋਈ ਇਲਾਜ਼ ਨਹੀਂ, ਸੱਪ ਦੇ ਮੂੰਹ ਵਿਚ ਕਿਰਲੀ...।" ਉਹ ਕਾਗਜ਼ੀ ਕਾਰਵਾਈ ਕਰਦਾ ਹੋਇਆ ਬੋਲੀ ਜਾ ਰਿਹਾ ਸੀ। ਲੋਕ ਦਿਖਾਵੇ ਹਿੱਤ ਉਸਨੇ ਅਤਿ ਹਲੀਮੀ ਨਾਲ 'ਸੌਰੀ ਫੀਲ' ਕਰਦੇ ਹੋਏ ਭਾਈ ਸਾਹਿਬ ਨੂੰ ਹਵਾਲਾਤ ਵਿਚ ਤਾੜ ਦਿੱਤਾ। ਡੇਹਲੋਂ ਕਸਬੇ ਅਤੇ ਲੁਧਿਆਣੇ ਤੋਂ ਮੁੱਖ ਅਖ਼ਬਾਰਾਂ ਦੇ ਪੱਤਰਕਾਰਾਂ ਨੂੰ ਫੋਨ 'ਤੇ ਸੱਦ ਕੇ ਉਸਨੇ ਇਕ ਪ੍ਰੈਸ ਕਾਨਫਰੰਸ ਵਿਚ ਭਾਈ ਸਾਹਿਬ ਦੀ ਗ੍ਰਿਫਤਾਰੀ ਦਾ ਐਲਾਨ ਕਰ ਦਿੱਤਾ। ਰਾਤ ਨੂੰ ਤਕਰੀਬਨ ਦਸ ਵਜੇ ਐਸ.ਐਸ.ਪੀ., ਡੀ.ਐਸ.ਪੀ. ਆਪਣੀ ਧਾੜ ਲੈ ਕੇ ਥਾਣੇ ਪਹੁੰਚਗੇ।

"ਹਾਂ ਬਈ ਸਕੱਤਰ... ਨਿਕਾਲੋ ਉਸ ਸਿੰਘ ਕੋ ਬਾਹਰ...।" ਡੀ.ਐਸ.ਪੀ. ਦੀ ਅਵਾਜ਼ ਵਿਚ ਸ਼ਰਾਬ

ਬੋਲੀ।

"ਯੈਸ ਸਰ... ਨੋ ਸਰ...ਉਹਦਾ ਤਾਂ ਮੈਂ ਰੋਜ਼ਨਾਮਚਾ ਚਾੜ੍ਹ ਦਿੱਤੈ...।" ਸਕੱਤਰ ਸਿੰਘ ਵੀ ਨਾਰੰਗਵਾਲ ਦੇ ਸੈਂਸੀਆਂ ਦੇ ਵਿਹੜਿਓਂ ਆਈ ਦੇਸੀ ਸ਼ਰਾਬ ਦਾ ਭਰਵਾਂ ਪੈਗ ਲਗਾ ਕੇ ਸ਼ੇਰ ਬਣ ਚੁੱਕਾ ਸੀ।

"...ਹੈਂ... ਰੋਜ਼ਨਾਮਚਾ ਚਾੜ੍ਹ ਦਿੱਤਾ... ਕੀਹਨੂੰ ਪੁੱਛਕੇ...?" ਡੀ.ਐਸ.ਪੀ. ਭਰੜਾਇਆ।

"..ਹਾਂ ਜੀ...ਯੈਸ ਸਰ... ਰੋਜ਼ਨਾਮਚਾ ਵੀ ਚਾੜ੍ਹ ਦਿੱਤਾ ਤੇ ਅਖ਼ਬਾਰ ਨੂੰ ਖ਼ਬਰ ਵੀ ਭੇਜ ਦਿੱਤੀ ਏ... ਹੁਣ ਭੇਜਦੋ ਇਹਨੂੰ ਰੋਪੜ ਤੇ ਫਿਰ ਪੀਸੋ ਜੇਲ੍ਹ ਵਿਚ ਚੱ..ਚੱਕ..ਚੱਕੀ...।" ਦੇਸੀ ਲਾਹਣ ਸਕੱਤਰ ਸਿੰਘ ਦੇ ਸਿਰ ਨੂੰ ਚੜ੍ਹਕੇ ਬੋਲਣ ਲੱਗੀ ਸੀ।

"..ਅਖ਼ਬਾਰ ਨੂੰ ਖ਼ਬਰ ਵੀ ਭੇਜ ਦਿੱਤੀ...? ਤੂੰ ਭੈਣ ਦਿਆ ਯਾਰਾ ਟਲਿਆ ਨ੍ਹੀਂ... ਕਰਤੀ ਦੇਸ਼ ਨਾਲ ਗੱਦਾਰੀ... ਸੱਚ ਹੀ ਕਹਿੰਦੇ ਆ ਅਗਲੇ ਬੇਟੀ ਹੈ ਸਰਦਾਰ ਕੀ ਦੇਸ਼ ਕੇ ਗੱਦਾਰ ਕੀ...।" ਡੀ.ਐਸ.ਪੀ. ਸ਼ੁਕਲਾ ਸਕੱਤਰ ਸਿੰਘ ਦੇ ਗਲ ਨੂੰ ਚਿੰਬੜ ਗਿਆ।

"..ਤੂੰ ਸ਼ਰਾਬ ਪੀਤੀ ਐ ਕੁੱਤਿਆ...?" ਡੀ.ਐਸ.ਪੀ. ਨੇ ਸਕੱਤਰ ਸਿੰਘ ਨੂੰ ਗਲੋਂ ਫੜਦਿਆਂ ਪੁੱਛਿਆ।

"..ਆਹੋ ਮੈਂ ਸ਼ਰਾਬ ਪੀਤੀ ਐ... ਦੇਸੀ ਪੀਤੀ ਐ ਘਰ ਦੀ ਕੱਢੀ... ਇਥੇ ਸਾਰੇ ਕੁੱਤੇ ਪੀਂਦੇ ਆ... ਤੇਰੀ ਵੀ ਪੀਤੀ ਐ... ਤੇਰੇ ਵਾਂਗੂ ਵੱਡੇ ਅਫਸਰਾਂ ਦੇ ਘਰੋਂ ਜਨਾਨੀ ਬਦਲੇ ਆਈ ਸ਼ਰਾਬ ਨ੍ਹੀਂ ਪੀਤੀ...ਛੋਟੇ ਨਾਰੰਗਵਾਲੀਏ ਸੁੱਚੇ ਸੈਂਸੀ ਦੇ ਘਰੋਂ ਆਈ ਹੋਈ ਪੀਤੀ ਐ... ਜੀਹਦੇ ਨਿੱਕੇ ਨਿੱਕੇ ਬੱਚਿਆਂ ਦੇ ਮੂੰਹੋਂ ਖੋਹ ਕੇ ਤੈਨੂੰ ਪੂਰਾ ਡੂਢ ਹਜ਼ਾਰ ਭਰਦਾਂ ਮੈਂ...। ਮੈਂ ਪੀਤੀ ਆ ਤਾਂ ਦਾਰੂ ਜੇ ਹੋਰ ਚੋਰੇ ਪੀਣ ਤਾਂ ਆਬੇ ਹਿਆਤ....।" ਸਕੱਤਰ ਸਿੰਘ 'ਯੈਸ ਸਰ', 'ਨੋ ਸਰ' ਦੀ ਭਾਸ਼ਾ ਤਿਆਗ ਕੇ ਸਿੱਧਾ ਤੂੰ-ਤੂੰ ਮੈਂ-ਮੈਂ 'ਤੇ ਉਤਰ ਆਇਆ। ਡੀ.ਐਸ.ਪੀ. ਸ਼ੁਕਲੇ ਨੇ ਬਾਡੀਗਾਰਡਾਂ ਦੀ ਸਹਾਇਤਾ ਨਾਲ ਸਕੱਤਰ ਸਿਹੁੰ ਦੇ ਤੌਬੜੀਂ ਚਾੜ੍ਹ ਦਿੱਤੀ।

"...ਤੁਸੀਂ ਕੀ ਕਰਲੋਂ ਗੇ ਹੁਣ ਤਾਂ ਚਿੜੀਆ ਚੁੱਗ ਗਈ ਖੇਤ....।" ਸਕੱਤਰ ਸਿੰਘ ਸ਼ਰਾਬ ਦੇ ਨਸ਼ੇ ਵਿਚ ਧੁੱਤ ਚੰਘਿਆੜਾਂ ਮਾਰਦਾ ਰਿਹਾ।

ਦੂਸਰੇ ਦਿਨ ਉਸ ਨੂੰ ਲਾਇਨ ਹਾਜ਼ਰ ਕਰ ਦਿੱਤਾ ਗਿਆ, ਅਗਲੀ ਸਵੇਰ ਦੀਆਂ ਅਖ਼ਬਾਰਾਂ ਵਿਚ ਭਾਈ ਸਾਹਿਬ ਦੀ ਗ੍ਰਿਫਤਾਰੀ ਦੀ ਖ਼ਬਰ ਮੁੱਖ ਸਫ਼ੇ 'ਤੇ ਸੀ। ਜਥੇਬੰਦੀ ਤਕ ਖ਼ਬਰ ਪਹੁੰਚ ਚੁੱਕੀ ਸੀ। ਕਾਹਲੇ ਕਦਮੀਂ ਸੱਦੀ ਮੀਟਿੰਗ ਵਿਚ ਭਾਈ ਸਾਹਿਬ ਨੂੰ ਪਹਿਲੀ ਪੇਸ਼ੀ 'ਤੇ ਛੁਡਵਾਉਣ ਦਾ ਫੈਸਲਾ ਹੋ ਗਿਆ, ਇਸ ਕੰਮ ਵਿਚ ਭਾਈ ਮਾਧਾ ਸਿੰਘ ਹੋਰਾਂ ਦੇ ਉਡਣ ਦਸਤੇ ਦੀ ਡਿਊਟੀ ਮੇਰੇ ਅਤੇ ਭਾਈ ਕਰਮ ਸਿੰਘ ਦੇ ਜੱਥੇ ਸਮੇਤ ਲਗਾ ਦਿੱਤੀ ਗਈ। ਸਕੱਤਰ ਸਿੰਘ ਦੀ ਥਾਵੇਂ ਨਵਾਂ ਆਇਆ ਥਾਣੇਦਾਰ ਕਿਸ਼ਨ ਚੰਦ ਡੀ.ਐਸ.ਪੀ. ਸ਼ੁਕਲਾ ਆਪਣੀ ਪੂਰੀ ਪਾਰਟੀ ਸਮੇਤ ਪੁਰਾਣੀ ਕਚਹਿਰੀ ਲੁਧਿਆਣੇ ਪਹਿਲੀ ਪੇਸ਼ੀ ਲਈ ਲੈ ਆਏ। ਹਿੰਦੂ ਜੱਜ ਨੇ ਦਸਾਂ ਦਿਨਾਂ ਦਾ ਰਿਮਾਂਡ ਦੇ ਦਿੱਤਾ। ਅਸੀਂ ਸੱਤ ਸਿੰਘ- ਭਾਈ ਮਾਧਾ ਸਿੰਘ ਅਤੇ ਭਾਈ ਕਰਮ ਸਿੰਘ ਦੀ ਅਗਵਾਈ ਵਿਚ ਮਿੱਥੀਆਂ ਥਾਵਾਂ 'ਤੇ ਮੋਰਚੇ ਮੱਲ ਕੇ ਬੈਠ ਗਏ।

"..ਕਿਉਂ ਬਈ ਕਿਸ਼ਨ ਚੰਦਾ... ਸਾਲਾ ਸਕੱਤਰ ਸਿਹੁੰ ਤਾਂ ਇਹਨੂੰ ਫੜਕੇ ਹੀ ਸ਼ਿਕਾਰੀ ਬਣ ਬੈਠਾ ਸੀ... ਅਖੇ ਰੋਜ਼ਨਾਮਚਾ ਪਾਤਾ... ਹੁਣ ਰਿਮਾਂਡ ਵਿਚ ਦਸ ਦਿਨ ਇਹਦੀ ਮਿੱਝ ਕੱਢ ਕੇ ਆਉਂਦੀ ਪੇਸ਼ੀ ਨੂੰ ਰੋਪੜ ਨੂੰ ਭੇਜ ਦਵਾਂਗੇ...।"

ਹਾਲੇ ਭਾਈ ਮਾਧਾ ਸਿੰਘ ਕੋਲੋਂ ਗੁਜ਼ਰਦਾ ਹੋਇਆ ਸ਼ੁਕਲਾ ਇਹ ਸ਼ਬਦ ਕਹਿ ਹੀ ਰਿਹਾ ਸੀ ਕਿ 'ਦਗੜੂੰ ਦਗੜੂੰ' ਦੇ ਦੋ ਫਾਇਰਾਂ ਦੀ ਅਵਾਜ਼ ਨਾਲ ਭਾਈ ਸਾਹਿਬ ਦੀ ਹੱਥਕੜੀ ਫੜੀ ਤੁਰੇ ਜਾ ਰਹੇ ਕਿਸ਼ਨ ਚੰਦ ਦੀ

ਖੋਪੜੀ ਉਡ ਕੇ ਨਾਲ ਹੀ ਖੜ੍ਹੀ ਇਕ ਚਾਹ ਦੀ ਰੇੜ੍ਹੀ 'ਤੇ ਜਾ ਡਿੱਗੀ। ਭਾਈ ਸਾਹਿਬ ਹੱਥ ਕੜੀ ਸਮੇਤ ਖੱਬੇ ਪਾਸੇ ਖੜ੍ਹੀ ਜੀਪ ਵਿਚ ਚੜ੍ਹ ਗਏ। ਜੀਪ ਵਿਚ ਬੈਠੇ ਹੀ ਮੈਂ ਉਨ੍ਹਾਂ ਨੂੰ 'ਵੀ ਸ਼ੇਪ' ਜਿੱਤ ਦੇ ਨਿਸ਼ਾਨ ਦੀਆਂ ਦੋ ਉਂਗਲਾਂ ਖੜ੍ਹੀਆਂ ਕਰ ਦਿੱਤੀਆਂ ਸਨ। ਭਾਈ ਮਾਧਾ ਸਿੰਘ ਦੇ ਜੰਗਜੂਆਂ ਨੇ ਵਾਹਿਗੁਰੂ ਵਾਹਿਗੁਰੂ ਦੀ ਧੁਨੀ ਗੁੰਜਾ ਕੇ ਫਾਇਰਿੰਗ ਖੋਹਲ ਦਿੱਤੀ। ਸਾਰੀ ਕਚਹਿਰੀ ਵਿਚ ਲੋਕਾਈ ਰਾਮ ਗਊਆਂ ਦੇ ਵੱਗ ਵਾਂਘ ਇਕ ਦੂਜੇ ਵਿਚ ਵੱਜਣ ਲੱਗੀ। ਡੀ.ਐਸ.ਪੀ. ਦੀ ਟੋਲੀ ਨੇ ਵੀ ਫਾਇਰ ਖੋਹਲ ਦਿੱਤਾ ਸੀ। ਪਰ ਉਨ੍ਹਾਂ ਦੀਆਂ ਬੰਦੂਕਾਂ ਦੇ ਮੂੰਹ ਆਮ ਪਬਲਿਕ ਵੱਲ ਨੂੰ ਸਨ, ਜਿਸ ਕਰਕੇ ਦੋ ਰਾਹਗੀਰ ਮਾਰੇ ਗਏ। ਡੀ.ਐਸ.ਪੀ. ਭੱਜ ਕੇ ਇਕ ਚਾਹ ਦੇ ਹੋਟਲ ਵਿਚ ਵੜ ਗਿਆ ਪਰ ਮੂਸਾ ਭੱਜਾ ਮੌਤ ਤੋਂ ਅੱਗੇ ਮੌਤ ਖੜ੍ਹੀ ਵਾਲੀ ਕਹਾਵਤ ਉਦੋਂ ਸੱਚ ਹੋ ਨਿਬੜੀ ਜਦੋਂ ਭਾਈ ਮਾਧਾ ਸਿੰਘ ਦੇ ਜਥੇ ਦੇ ਇਕ ਸਿੰਘ ਦੀ ਨਿਗਾਹ ਉਸ 'ਤੇ ਪੈ ਗਈ। ਭਾਈ ਸਾਹਿਬ ਨੂੰ ਦੱਸੇ ਬਗੈਰ ਹੀ ਉਹ ਸਿੰਘ ਡੀ.ਐਸ.ਪੀ. ਦੇ ਮਗਰੇ ਦੌੜ ਪਿਆ। ਭਾਈ ਸਾਹਿਬ ਨੇ ਉਸਨੇ ਰੋਕਿਆ ਪਰ ਵਿਅਰਥ...ਉਹ ਦੌੜਕੇ ਹੋਟਲ ਵਿਚ ਜਾ ਵੜਿਆ।

"...ਓਏ ਸ਼ੇਰਿਆ...ਓਏ ਕਰਨੈਲ ਬਚਾਓ ਓਏ ਆਹ ਜਮਦੂਤ ਆਉਂਦਾ ਈ...।" ਡੀ.ਐਸ.ਪੀ. ਨੇ ਸਿੰਘ ਨੂੰ ਦੇਖ ਕੇ ਲੇਰ ਮਾਰੀ। ਬਾਡੀਗਾਰਡਾਂ ਨੇ ਸਿੰਘ ਵੱਲ ਅੰਨ੍ਹੇਵਾਹ ਗੋਲੀਆਂ ਦਾ ਮੀਂਹ ਵਰਾ ਦਿੱਤਾ। ਪਰ ਸਿੰਘ ਨੇ ਭਲਵਾਨੀ ਸਟਾਇਲ ਵਿਚ ਥਾਪੀ ਮਾਰ ਕੇ ਸਤਿ ਸ੍ਰੀ ਅਕਾਲ ਦਾ ਜੈਕਾਰਾ ਗੁੰਜਾ ਕੇ ਗੰਨ ਅਸਮਾਨ ਵੱਲ ਬੁੜਕਾ ਕੇ ਗੱਤਕੇ ਦਾ ਪੈਂਤਰਾ ਦਿਖਾਉਂਦਿਆਂ ਅੰਨ੍ਹਾ ਫਾਇਰ ਖੋਲ੍ਹ ਦਿੱਤਾ। ਬੇਸ਼ੱਕ ਉਸਦੀ ਛਾਤੀ ਗੋਲੀਆਂ ਨਾਲ ਛਲਣੀ ਹੋ ਗਈ ਪਰ ਉਸਦੀ ਗੋਲੀਆਂ ਨੇ ਡੀ.ਐਸ.ਪੀ. ਸੁਕਲੇ ਸਮੇਤ ਚਾਰ ਹੋਰ ਕਰਮਚਾਰੀਆਂ ਦੇ ਪਰਖੱਚੇ ਉਡਾ ਦਿੱਤੇ।

"...ਆਹ ਤਾਂ ਬਈ ਕੋਈ ਪੁਰਾਤਨ ਰੂਹ ਸੀ...।" ਭਾਈ ਮਾਧਾ ਸਿੰਘ ਨੇ ਉਸ ਜਾਬਾਜ਼ 'ਸ਼ਹੀਦ ਸਿੰਘ' ਦੀ ਉਪਮਾ ਕੀਤੀ। ਹੁਣ ਇਹ ਸਿੱਧ ਹੀ ਸੀ ਕਿ ਉਹ ਸ਼ਹੀਦ ਹੋ ਗਿਆ ਹੈ, ਇਸ ਕਰਕੇ ਭਾਈ ਸਾਹਿਬ ਨੇ 'ਹਰਨ' ਸ਼ਬਦ ਕਿਹਾ ਤੇ ਗੱਡੀ ਜਲੰਧਰ ਵੱਲ ਨੂੰ ਹੋ ਤੁਰੀ। ਭਾਈ ਮਾਧਾ ਸਿੰਘ ਬਾਕੀ ਸਿੰਘਾਂ ਸਮੇਤ ਗੱਡੀ ਵਿਚ ਬੈਠ ਚੁੱਕੇ ਸਨ। 'ਹਰਨ' ਸ਼ਬਦ ਅਠਾਰ੍ਹਵੀਂ ਸਦੀ ਦੇ ਸਿੰਘਾਂ ਵਲੋਂ ਛਾਪਾ ਮਾਰ ਨੀਤੀ ਸਮੇਂ ਜੰਗ ਦੇ ਮੈਦਾਨ ਵਿਚੋਂ ਦੌੜਨ ਲਈ ਵਰਤਿਆ ਜਾਂਦਾ ਸੀ।

ਮੰਡ ਵਿਚ ਪਹੁੰਚ ਕੇ ਸਤਿਗੁਰੂ ਦੇ ਸੁਕਰਾਨੇ ਦਾ ਅਖੰਡ ਪਾਠ ਕੀਤਾ ਗਿਆ ਜੋ ਕਿ ਭਾਈ ਸਾਹਿਬ (ਅਨੋਖ ਸਿੰਘ) ਨੇ ਇਕੋ ਚੌਂਕੜੇ ਵਿਚ ਸਾਰਾ ਸ੍ਰਵਣ ਕੀਤਾ। ਇਸ ਤੋਂ ਪਹਿਲਾਂ ਵੀ ਅੰਮ੍ਰਿਤ ਛਕਣ ਤੋਂ ਪਹਿਲਾਂ ਪੂਰਾ ਇਕ ਅਖੰਡ ਪਾਠ ਸਾਹਿਬ ਇਕੋ ਚੌਂਕੜੇ ਵਿਚ ਸਰਵਣ ਕੀਤਾ ਸੀ। ਭਾਈ ਰਣਧੀਰ ਸਿੰਘ ਸਮੇਂ ਇਹ ਰਵਾਇਤ ਸਾਰੇ ਅਖੰਡ ਕੀਰਤਨੀ ਜਥੇ ਵਿਚ ਪ੍ਰਚੱਲਤ ਸੀ ਕਿ ਅਭਿਲਾਸ਼ੀਆਂ ਨੂੰ ਅੰਮ੍ਰਿਤ ਛਕਣ ਤੋਂ ਪਹਿਲਾਂ ਇਕੋ ਚੌਂਕੜੇ ਵਿਚ ਅਖੰਡ ਪਾਠ ਸੁਣਨਾ ਪੈਂਦਾ ਸੀ, ਜਿਹੜੇ ਅਭਿਲਾਸ਼ੀ ਇਹ ਕਠਿਨ ਪ੍ਰੀਖਿਆ ਪਾਸ ਕਰ ਲੈਂਦੇ ਸਨ ਉਹੀ ਅੰਮ੍ਰਿਤ ਅਧਿਕਾਰੀ ਹੋ ਸਕਦੇ ਸਨ, ਹੋਰ ਨਹੀਂ। ਇਸ ਤੋਂ ਬਾਅਦ ਭਾਈ ਸਾਹਿਬ ਕਾਫੀ ਸਮਾਂ ਜਥੇਬੰਦੀ ਵਿਚ ਵਿਚਰਦੇ ਰਹੇ। ਪ੍ਰੈਸ, ਅਸਲੇ ਅਤੇ ਭਰਤੀ ਦੀ ਜ਼ਿੰਮੇਵਾਰੀ ਆਪ ਨੇ ਬਾਖੂਬੀ ਨਿਭਾਈ।

ਇਕ ਦਿਨ ਆਪ ਨੂੰ ਵੈਰੋਵਾਲ ਅੰਮ੍ਰਿਤਸਰ ਜ਼ਿਲ੍ਹੇ ਦੀ ਪੁਲਿਸ ਨੇ ਫੜ੍ਹ ਲਿਆ। ਜ਼ਿਲ੍ਹੇ ਦੇ ਐਸ.ਐਸ.ਪੀ. ਪੀ.ਕੇ. ਸ਼ਰਮਾ ਨੇ ਆਪ ਜੀ 'ਤੇ ਅੰਨ੍ਹਾ ਤਸ਼ੱਦਦ ਕਰਕੇ ਸ਼ਹੀਦ ਕੀਤਾ। ਵੈਰੋਵਾਲ ਥਾਣੇ ਵਿਚ ਭਾਈ ਸਾਹਿਬ ਨੂੰ ਕਈ ਦਿਨ ਪੁੱਠਾ ਲਟਕਾਈ ਰੱਖਿਆ ਗਿਆ। ਫੁੱਟ-ਫੁੱਟ ਲੰਮੇ ਸਰੀਏ ਤੱਤੇ ਕਰਕੇ ਅੱਡੀਆਂ ਵਾਲੇ ਪਾਸਿਓ ਉਤਾਂਹ ਨੂੰ ਲੱਤਾਂ ਵਿਚ ਠੋਕ ਦਿੱਤੇ ਗਏ, ਗੁਪਤ ਅੰਗ ਵਿਚ ਸਿਲਾਈ ਪਾ ਕੇ ਉਸਨੂੰ ਬਿਜਲੀ ਦਾ ਕੁਨੈਕਸ਼ਨ ਦੇ ਕੇ ਕਰੰਟ ਦੇ ਝਟਕੇ ਮਾਰੇ ਗਏ। ਛਾਤੀ ਵਿਚੋਂ ਤੱਤੇ ਸਰੀਏ ਕੱਢ ਦਿੱਤੇ ਗਏ। ਪਰ ਸਦਕੇ ਗੁਰੂ ਦੇ ਸਿੰਘ ਦੇ, ਜਿਹੜੀ ਸ਼ਾਂਤੀ ਨਾਲ ਅਖੰਡ ਪਾਠ ਸਰਵਣ ਕੀਤੇ, ਉਸੇ ਹੀ ਆਤਮਰਸੀ ਸ਼ਾਂਤੀ ਨਾਲ ਤਸ਼ੱਦਦ ਵੀ ਜਰਿਆ।

ਇਕੋ ਵਾਰ ਵਾਹਿਗੁਰੂ ਦੀ ਧੁੰਨ ਹੀ ਦੁਸ਼ਟਾਂ ਨੇ ਮੂੰਹ ਵਿਚੋਂ ਸੁਣੀ ਬੱਸ... ਕੋਈ ਸੀਅ ਨਹੀਂ... ਕੋਈ ਹਾਏ ਬੂਅ ਨਹੀਂ ਕੀਤੀ। ਤਸ਼ੱਦਦ ਤੋਂ ਬਾਅਦ ਚੰਡਾਲ ਚੌਕੜੀ ਸਿੰਘ ਨੂੰ ਨਿਢਾਲ ਹੀ ਛੱਡ ਗਈ, ਜਦ ਤਕ ਰਹਿਰਾਸ ਦਾ ਸਮਾਂ ਵੀ ਹੋ ਗਿਆ। ਸਿੰਘ ਨੇ ਅੱਖਾਂ ਖੋਲ੍ਹੀਆਂ ਪਰ ਆਨਿਆਂ ਦੀ ਥਾਵੇਂ ਖਾਲੀ ਦੋ ਮੋਰੀਆਂ... ਸੋਹਣਾ ਦਾਹੜਾ ਖੂਨ ਨਾਲ ਗੜੁੱਚ... ਸਮਾਧ ਅਵਸਥਾ ਦੇ ਲਟਬੌਰੇ ਨੇਤਰ ਦੁਸ਼ਟਾਂ ਦੀ ਸੰਗੀਨ ਦੀ ਭੇਟ ਚੜ੍ਹ ਚੁੱਕੇ ਸਨ।

"...ਸੰਤਰੀ! ਭਾਈ ਸਾਹਿਬ ਜੀ ਟਾਇਮ ਕੀ ਹੋਵੇਗਾ...?" ਆਸੇ ਪਾਸੇ ਹੱਥ ਮਾਰਕੇ ਅੰਦਾਜ਼ੇ ਨਾਲ ਪਹਿਰੇਦਾਰ ਨੂੰ ਪੁਛਿਆ।

"..ਸਵਾ ਸੱਤ ਸ਼ਾਮ ਦੇ ਹੋ ਚੁਕੇ ਨੇ ਬਾਬਿਓ.. ..ਹੈਂ ਤੁਹਾਡੇ ਨੇਤਰਾਂ ਨੂੰ ਕੀ ਹੋਇਐ...?"

ਸੰਤਰੀ ਭਾਈ ਸਾਹਿਬ ਦੇ ਚਿਹਰੇ ਵੱਲ ਵੇਖ ਕੇ ਘਬਰਾ ਗਿਆ।

"..ਅੱਛਾ ਫੇਰ ਤਾਂ ਸੋਦਰ ਦਾ ਟਾਇਮ ਹੋ ਗਿਐ... ..ਸੋ ਦਰੁ ਤੇਰਾ ਕੇਹਾ...।" ਭਾਈ ਅਨੋਖ ਸਿੰਘ ਨੇ ਲੰਮੇ ਪਿਆਂ ਹੀ ਰਹਿਰਾਸ ਅਰੰਭ ਕਰ ਦਿੱਤੀ। ਸੋਦਰ ਦੇ ਪਾਠ ਦੀ ਮਿੱਠੀ ਸੁਰ, ਭਾਈ ਸਾਹਿਬ ਦੀ ਅਤਿਅੰਤ ਜ਼ਖਮੀ ਹਾਲਤ... ਸੰਤਰੀ ਦੇ ਵੈਰਾਗ ਦਾ ਕੜ ਪਾਟ ਗਿਆ।

ਸੋਦਰ ਤੋਂ ਬਾਅਦ ਸਿੰਘ ਨੇ ਲੰਮੇ ਪਿਆਂ ਹੀ ਰਹਿਰਾਸ ਸ਼ੁਰੂ ਕਰ ਦਿੱਤੀ। ਰੋਜ਼ਾਨਾ ਜੀਵਨ ਦਾ ਹਿੱਸਾ ਜਿਉਂ ਸੀ। "..ਦਸਾਂ ਪਾਤਸ਼ਾਹੀਆਂ, ਪੰਜਾਂ ਪਿਆਰਿਆਂ, ਚਾਰ ਸਾਹਿਬਜ਼ਾਦਿਆਂ, ਗੁਰੂ ਕੇ ਝੰਡੇ ਬੁੰਗਿਆਂ....।" ਨੂੰ ਧਿਆਨ ਵਿਚ ਅਰਾਧਣ ਬਾਅਦ ਸਿੰਘ ਨੇ ਕਹਿਣਾ ਸ਼ੁਰੂ ਕੀਤਾ, "..ਹੇ ਅਕਾਲ ਪੁਰਖ ਸੱਚੇ ਪਾਤਸ਼ਾਹ ਗੁਰੂ ਨਾਨਕ ਗਰੀਬ ਨਿਵਾਜ ਸਤਿਗੁਰੂ ਕੀ ਆਪ ਜੀ ਦੇ ਹੁਕਮ ਵਿਚ ਚੜ੍ਹਿਆ ਦਿਵਸ ਆਪ ਜੀ ਦੇ ਭਾਣੇ ਵਿਚ ਨਾਮ ਜਪਦਿਆਂ ਦਾ ਸੁੱਖਾਂ ਦਾ ਬਤੀਤ ਹੋਇਆ ਹੈ ਸੱਚੇ ਪਾਤਸ਼ਾਹ ਜੀ ਰਾਤਰੀ ਆਈ ਹੈ ਨਾਮ ਜਪਦਿਆਂ ਭਾਣੇ ਵਿਚ ਬਤੀਤ ਹੋਵੇ... ਸਤਿਗੁਰੂ ਸ਼ਹੀਦੀ ਨਸੀਬ ਹੋਵੇ... ਸੱਚੇ ਪਾਤਸ਼ਾਹ ਗੱਦਾਰੀ ਤੋਂ ਬਚਾਈਂ.. ਸਤਿਗੁਰੂ ਤੇਰੀ ਬਖਸ਼ੀ ਸਿੱਖੀ ਕੇਸਾਂ ਸੁਆਸਾਂ ਸੰਗ ਨਿਭ ਜਾਵੇ... ਸੱਚੇ ਪਾਤਸ਼ਾਹ ਸਰਬੱਤ ਦਾ ਭਲਾ... ਬੋਲੇ ਸੋ ਨਿਹਾਲ.. ਸਤਿ ਸ੍ਰੀ ਅਕਾਲ...।" ਸਿੰਘ ਵੱਲੋਂ ਗਜਾਏ ਜੈਕਾਰੇ ਨੇ ਸਾਰਾ ਥਾਣਾ ਗੂੰਜਣ ਲਾ ਦਿੱਤਾ। ਪਹਿਰੇ 'ਤੇ ਖੜ੍ਹਾ ਸੰਤਰੀ ਆਪਣੀ ਰਾਈਫਲ ਥਾਣਾ ਮੁਖੀ ਦੇ ਮੂਹਰੇ ਸੁੱਟ ਕੇ ਅਸਤੀਫਾ ਲਿਖ ਕੇ ਮੇਜ਼ 'ਤੇ ਰੱਖ ਆਇਆ।

"..ਮੈਂ ਨਹੀਂ ਐਹੋ ਜਿਹੀ ਨੌਕਰੀ ਕਰਨੀ... ਜੋ ਸਾਧਾਂ ਨੂੰ ਮਾਰਦੀ ਹੋਵੇ... ਮੈਂ ਨਹੀਂ... ਉਹ ਕੂਕਦਾ ਜਾ ਰਿਹਾ ਸੀ।"

"..ਇਹੇ ਸਾਰੇ ਜਾਦੂਗਰ ਨੇ ਜਾਦੂਗਰ.. ਸਾਡਾ ਇਕ ਹੋਰ ਸਿਪਾਹੀ ਏਹਦਾ ਪਾਠ ਸੁਣਕੇ ਬਾਗੀ ਹੋ ਗਿਐ... ਐਸ.ਐਸ.ਪੀ. ਸ਼ਰਮਾ ਚੀਕਦਾ ਹੋਇਆ ਬਲਿਆ।

ਤੇ ਫਿਰ ਇਕ ਹੋਰ ਕਹਿਰ ਵਰਤਾਇਆ ਗਿਆ। ਭਾਈ ਦੀ ਜੁਬਾਨ ਲੋਹਾ ਕੱਟਣ ਵਾਲੀ ਆਰੀ ਦੇ ਬਲੇਡ ਨਾਲ ਕੱਟ ਦਿੱਤੀ....। ਲਹੂ ਦੇ ਫੁਹਾਰੇ ਭਾਈ ਦੇ ਮੂੰਹ ਵਿਚੋਂ ਵਗਣ ਲੱਗ ਪਏ ਪਰ ਸਿਦਕੀ ਜੋਧੇ ਨੇ ਸ਼ੁਕਰ ਵਿਚ ਦੋਨੋ ਹੱਥ ਉਤਾਂਹ ਨੂੰ ਕਰਕੇ ਜੋੜ ਦਿੱਤੇ।

ਆਖਰ ਹਾਰ ਹੰਭ ਕੇ ਭਾਈ ਸਾਹਿਬ ਨੂੰ ਥਾਣੇ ਵਿਚ ਹੀ ਗੋਲੀ ਮਾਰ ਦਿੱਤੀ ਗਈ। ਗੋਲੀ ਮਾਰਨ ਸਮੇਂ ਮੋਟਰ ਸਾਈਕਲ ਸਟਾਰਟ ਕਰ ਲਿਆ ਗਿਆ ਤਾਂ ਕਿ ਖੜਕੇ ਵਿਚ ਗੋਲੀ ਦਾ ਖੜਾਕ ਨਾ ਸੁਣੇ। ਭਾਈ ਸਾਹਿਬ ਦੀ ਲਾਸ਼ ਨੂੰ ਰਾਤੋ ਰਾਤ ਬਿਆਸ ਦਰਿਆ ਵਿਚ ਰੋੜ੍ਹ ਦਿੱਤਾ ਗਿਆ। ਸਵੇਰੇ ਸਾਰ ਲੋਕਾਂ ਦੇ ਇਕ ਵੱਡੇ ਹਜੂਮ ਨੇ ਥਾਣੇ ਨੂੰ ਘੇਰ ਲਿਆ ਤਾਂ ਪੁਲਿਸ ਗ੍ਰਿਫਤਾਰੀ ਤੋਂ ਸਾਫ ਮੁਕਰ ਗਈ।

ਇਸੇ ਤਰ੍ਹਾਂ ਭਾਈ ਸੁਰਿੰਦਰ ਸਿੰਘ ਮਲਵਈ ਬੱਬਰ ਨੂੰ ਵੀ ਮੁਕਤਸਰ ਪੁਲਿਸ ਨੇ ਤਲਵੰਡੀ ਭਾਈ ਤੋਂ ਫੜਕੇ ਲਿਆਂਦਾ। ਜਦੋਂ ਸੁਰਿੰਦਰ ਸਿੰਘ ਨੂੰ ਉਲਟਾ ਲਟਕਾ ਕੇ ਤਸੀਹੇ ਦੇਣ ਲੱਗੇ ਤਾਂ ਸਿੰਘ ਦਾ ਲੱਕ ਟੁੱਟ

ਗਿਆ, ਲੱਕ ਟੁੱਟਣ ਤੋਂ ਬਾਅਦ ਵੀ ਕਈ ਦਿਨ ਤਸੀਹੇ ਦੇ ਕੇ ਹੋਰ ਸਿੰਘਾਂ ਬਾਰੇ ਪੁੱਛ-ਗਿਛ ਕਰਦੇ ਰਹੇ। ਪਰ ਸਿੰਘ ਨੇ ਆਪਣਾ ਨਾਮ ਤਕ ਨਾ ਦੱਸਿਆ। ਆਖਰਕਾਰ ਭਾਈ ਸੁਰਿੰਦਰ ਸਿੰਘ ਨੂੰ ਵੀ ਗੋਲੀ ਮਾਰ ਦਿੱਤੀ ਗਈ।

ਭਾਈ ਸੁਲੱਖਣ ਸਿੰਘ, ਅਨੋਖ ਸਿੰਘ ਤੇ ਸੁਰਿੰਦਰ ਸਿੰਘ ਬੱਬਰ ਦੀ ਸ਼ਹਾਦਤ ਨੇ ਬੇਸ਼ੱਕ ਸਿੱਖ ਸੰਘਰਸ਼ ਨੂੰ ਬੜਾ ਵੱਡਾ ਘਾਟਾ ਵੀ ਪਾਇਆ। ਪਰ ਬੱਬਰ ਖਾਲਸਾ ਦਾ ਨਾਂ ਬੱਚੇ-ਬੱਚੇ ਦੀ ਜ਼ੁਬਾਨ 'ਤੇ ਵੀ ਲੈ ਆਂਦਾ ਅਤੇ ਲੋਕਾਂ ਨੂੰ ਇਹ ਦੱਸ ਦਿੱਤਾ ਕਿ ਪੁਰਾਤਨ ਸਮੇਂ ਵਾਂਗ ਅੱਜ ਵੀ ਸਿੰਘ ਬੰਦ-ਬੰਦ ਕਟਵਾ ਸਕਦੇ ਹਨ, ਖੋਪਰ ਲੁਹਾ ਸਕਦੇ ਹਨ ਪਰ ਸਿਦਕੋਂ ਨਹੀਂ ਹਾਰਦੇ। ਭਾਈ ਅਨੋਖ ਸਿੰਘ ਤੇ ਸਾਥੀਆਂ ਦੀ ਸ਼ਹੀਦੀ ਰਹਿੰਦੀ ਦੁਨੀਆਂ ਤੱਕ ਕੌਮ ਦੀਆਂ ਆਉਣ ਵਾਲੀਆਂ ਨਸਲਾਂ ਨੂੰ ਖਾਲਸਾਈ ਹਲੇਮੀ ਰਾਜ ਦੀ ਸਥਾਪਨਾ ਲਈ ਤਿਆਰ ਕਰਦੀ ਰਹੇਗੀ ਅਤੇ "ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ..." ਵਾਲੇ ਮਾਰਗ ਦੇ ਧਾਰਨੀ ਬਣਾਉਂਦੀ ਰਹੇਗੀ।

ਰੁਸ਼ਨਾਤੇ ਰਹੇ ਰਸਤਾ ਆਨੇ ਵਾਲੀ ਨਸਲੋਂ ਕਾ
ਇਸੀ ਲੀਏ ਰੱਤ ਡਾਲਾ ਹੈ ਹਮਨੇ ਅਪਨਾ ਸ਼ਮਾਦਾਨੋ ਮੇਂ..."

o-----o-----o

ਕਾਂਡ 20

ਮੰਨੂੰ ਦੀ ਰੂਹ....

ਅਠਾਰ੍ਹਵੀਂ ਸਦੀ ਵਿਚ ਮੀਰ ਮੰਨੂ ਨੇ ਸਿੱਖਾਂ 'ਤੇ ਬੇਤਹਾਸ਼ਾ ਜਬਰ ਕੀਤਾ ਪਰ ਉਨ੍ਹਾਂ ਦਿਨਾਂ ਵਿਚ ਸਿੱਖਾਂ ਵਿਚ ਇਹ ਬੋਲਾ ਆਮ ਮਕਬੂਲ ਹੋ ਗਿਆ:-

''ਮੰਨੂ ਸਾਡੀ ਦਾਤਰੀ ਅਸੀਂ ਮੰਨੂ ਦੇ ਸੋਏ,

ਜਿਉਂ ਜਿਉਂ ਮੰਨੂ ਵੱਢਦਾ ਅਸੀਂ ਦੂਣ ਸਵਾਏ ਹੋਏ''

ਅਠਾਰ੍ਹਵੀ ਸਦੀ ਵਿਚਲੇ ਮੰਨੂੰ ਦੀ ਰੂਹ ਅੱਜ ਕਿਸ਼ਨ ਰਾਮ ਕਰਕੇ ਜਾਣੇ ਜਾਂਦੇ ਬਟਾਲਾ ਪੁਲਿਸ ਦੇ ਮੁਖੀ ਵਿਚ ਆ ਚੁੱਕੀ ਸੀ। ਪਿਛਲੀ ਵਾਰ ਉਸਦੀ ਮੌਤ ਘੋੜੇ ਦੀ ਰਕਾਬ ਵਿਚ ਫਸ ਕੇ ਘੜੀਸੋ-ਘੜੀਸੀ ਹੁੰਦਿਆਂ ਹੋਈ ਸੀ ਸ਼ਾਇਦ ਉਸਦੀ ਸਿੰਘਾਂ ਹੱਥੋਂ ਮਰਨ ਦੀ ਤਮੰਨਾ ਇਸ ਜਨਮ ਵਿਚ ਪੂਰੀ ਹੋਣੀ ਕਰਕੇ ਉਹ ਕਿਸ਼ਨ ਰਾਮ ਵਿਚ ਹਲੂਲ ਕਰ ਗਈ ਸੀ। ਇਸਦੇ ਜ਼ੁਲਮਾਂ ਦੀ ਦਾਸਤਾਂ ਬੜੀ ਲੰਮੀ ਸੀ ਪਰ ਫਿਰ ਵੀ ਕੁਝ ਕੁ ਉਦਾਹਰਨਾਂ ਇਥੇ ਜ਼ਿਕਰ ਕਰਨੀਆਂ ਬਣਦੀਆਂ ਹਨ। ਉਹ ਆਮ ਹੀ ਇਹ ਕਿਹਾ ਕਰਦਾ ਸੀ ਕਿ ਸਿੱਖ ਆਪਣੇ ਗੁਰੂ ਨੂੰ ਭੁੱਲ ਜਾਣਗੇ, ਮੈਨੂੰ ਯਾਦ ਰੱਖਣਗੇ। ਉਸਨੇ ਆਪਣੇ ਅਧੀਨ ਸਾਰੇ ਕਰਮਚਾਰੀਆਂ ਨੂੰ ਸਿੱਖਾਂ ਦੀਆਂ ਕੁੜੀਆਂ ਨਾਲ ਜਬਰਦਸਤੀ ਲਿੰਗ ਸਬੰਧ ਬਣਾਉਣ ਦੀਆਂ ਹਦਾਇਤਾਂ ਦਿੱਤੀਆਂ ਹੋਈਆਂ ਸਨ। ਉਹ ਆਮ ਹੀ ਕਿਹਾ ਕਰਦਾ ਸੀ ਕਿ ਇਨ੍ਹਾਂ ਦਾ ਬੀਅ ਬਦਲੋ ਤਾਂ ਹੀ ਇਨ੍ਹਾਂ ਦੇ ਘਰਾਂ ਵਿਚੋਂ ਬਗਾਵਤ ਕੱਢੀ ਜਾ ਸਕੇਗੀ।

ਜਨਵਰੀ ਉੱਨੀ ਸੌ ਉਨਾਨਵੇਂ ਦੀ ਇਕ ਸ਼ਾਮ ਗੋਰਾ ਚੂਰ ਪਿੰਡ ਦੇ ਵਸਨੀਕਾਂ ਲਈ ਕਹਿਰਾਂ ਭਰੀ ਸ਼ਾਮ ਸੀ। ਐਸ.ਐਸ.ਪੀ. ਕਿਸ਼ਨ ਰਾਮ ਤੇ ਸੈਂਕੜੇ ਪੁਲਿਸ ਕਰਮਚਾਰੀਆਂ ਨੇ ਪਿੰਡ ਨੂੰ ਘੇਰ ਲਿਆ। ਭਾਈ ਦਲੀਪ ਸਿੰਘ ਬੱਬਰ ਦੇ ਜਥੇ ਵਿਚਲਾ ਪਤਲੂ ਸਿੰਘ, ਅਮਰੀਕ ਸਿੰਘ 'ਸ਼ਾਹ' ਨਾਮੀ ਵਿਅਕਤੀ ਦੇ ਘਰੇ ਸੀ। ਇਸ ਘਰ ਸਾਡੇ ਜਥੇ ਦੀ ਕੋਈ ਠਾਹਰ ਨਹੀਂ ਸੀ। ਸਗੋਂ ਪਤਲੂ ਦੇ ਬਿਮਾਰ ਹੋਣ ਕਰਕੇ ਉਸਨੂੰ ਇਥੇ ਛੱਡ ਕੇ ਉਸਦੇ ਸਾਥੀ ਸਿੰਘ ਦਵਾਈ ਵਗੈਰਾ ਲੈਣ ਬਟਾਲੇ ਗਏ ਹੋਏ ਸਨ ਕਿ ਕਿਸੇ ਨੇ ਮੁਖਬਰੀ ਕਰ ਦਿੱਤੀ। ਪਤਲੂ ਟਾਈਫਾਈਡ ਨਾਲ ਬੁਰੀ ਤਰ੍ਹਾਂ ਭੰਨਿਆ ਪਿਆ ਸੀ। ਉਸਨੂੰ ਸੁੱਤੇ ਪਏ ਨੂੰ ਹੀ ਕਾਬੂ ਕਰ ਲਿਆ ਗਿਆ, ਪਤਲੂ ਨੇ ਸਿਰਹਾਣੇ ਪਇਆ ਮਾਊਜ਼ਰ ਚੁੱਕਣ ਦੀ ਕੋਸ਼ਿਸ਼ ਵੀ ਕੀਤੀ ਪਰ ਉਸ ਦੀਆਂ ਬਾਹਾਂ ਪਹਿਲਾਂ ਹੀ ਦੋ ਮਜ਼ਬੂਤ ਹੱਥਾਂ ਨੇ ਜਕੜ ਲਈਆਂ।

''..ਹਾਂ ਬਈ ਸੁਕੜੂ ਸਿੰਘਾ ਕਿਹੜੀ ਜਥੇਬੰਦੀ ਐ? ਕੀ ਨਾਂ ਏ ਤੇਰਾ...?'' ਕਿਸ਼ਨ ਰਾਮ ਗਰਜਿਆ।

ਪਰ ਉਸਦੀ ਇਹ ਗਰਜ ਇਕ ਦਮ ਹੀ ਮਿਆਂਕਣ ਵਿਚ ਬਦਲ ਗਈ ਜਦ ਪਤਲੂ ਨੇ ਜਵਾਬ ਦਿੱਤਾ, ''ਕਿਉਂ ਕੁੜੀ ਦੇਣੀ ਆਂ...?''

ਇਸ ਤੋਂ ਉਪਰੰਤ ਪਤਲੂ 'ਤੇ ਦੋ ਘੰਟੇ ਤਸ਼ੱਦਦ ਕੀਤਾ ਗਿਆ ਪਰ ਜਥੇਬੰਦੀ ਜਾਂ ਹੋਰ ਸਿੰਘਾਂ ਬਾਰੇ ਤਾਂ ਦੂਰ

ਉਹ ਉਸ ਤੋਂ ਅਸਲੀ ਨਾਂ ਵੀ ਨਹੀਂ ਪੁੱਛ ਸਕੇ। ਜਦੋਂ ਉਹ ਪਤਲੂ ਦੇ ਸਾਰਿਆਂ ਦੇ ਸਾਹਮਣੇ ਸੱਥ ਵਿਚ ਹੀ ਕਪੜੇ ਲਾਹੁਣ ਲੱਗੇ ਅਤੇ ਕਿਸ਼ਨ ਰਾਮ ਨੇ ਪਤਲੂ ਦਾ ਕਛਹਿਰਾ ਲਾਹੁਣਾ ਚਾਹਿਆ ਤਾਂ ਪਤਲੂ ਵਿਚ ਅੰਤਾਂ ਦਾ ਸ਼ਹੀਦੀ ਜੋਸ਼ ਆ ਗਿਆ। ਉਹ ਜੈਕਾਰਾ ਛੱਡਦਾ ਕਿਸ਼ਨ ਰਾਮ ਦੇ ਗਲ ਨੂੰ ਚੁੰਬੜ ਗਿਆ। ਕਿਸ਼ਨ ਰਾਮ ਦੇ ਗਲ ਵਿਚ ਪਤਲੂ ਨੇ ਡੇਢ ਸੂਤ ਦਾ ਅਗੂੰਠਾ ਚਾੜ੍ਹਿਆ ਤਾਂ ਉਹਦੀ ਘਿੱਗੀ ਬੱਝ ਗਈ। ਡੇਲੇ ਟਟਾਰੇ ਜਾ ਲੱਗੇ ਤੇ ਘੋਰੜੂ ਵੱਜਣਾ ਸ਼ੁਰੂ ਹੋ ਗਿਆ।

"...ਉਦੇ ਭੈਣ ਦਿਓ ਖਸਮੋ ਉਦੋਂ ਈ ਛਡਾਓਂਗੇ ਜਦੋਂ ਮੈਨੂੰ ਮਾਰਤਾ...?" ਉਹ ਚੀਕਿਆ ਅਤੇ ਪੰਜ-ਸੱਤ ਸਿਪਾਹੀਆਂ ਨੇ ਪਤਲੂ ਨੂੰ ਮਸਾਂ ਹੀ ਕਿਸ਼ਨ ਰਾਮ ਦੇ ਗਲੋਂ ਲਾਹਿਆ। ਪਤਲੂ ਰਗਾਂ ਨੂੰ ਚਿੰਬੜਿਆ ਲਹਿਣ ਦਾ ਨਾਂ ਨਹੀਂ ਲੈਂਦਾ ਸੀ। ਕਿਸ਼ਨ ਰਾਮ ਦੀ ਗਰਦਣ ਤੋਂ ਜਿਵੇਂ ਜਿਵੇਂ ਪਤਲੂ ਦਾ ਅੰਗੂਠਾ ਖਿਚਦਿਆਂ ਖਚਾਉਂਦਿਆਂ ਫਿਰਦਾ ਆਇਆ ਉਵੇਂ ਨਾਲੋਂ ਨਾਲ ਚਮੜੀ ਉਧੜਦੀ ਆਈ। ਕਿਸ਼ਨੂ ਦੀਆਂ ਰਗਾਂ ਵਿਚੋਂ ਖੂਨ ਸਿੰਮਣ ਲੱਗਾ। ਉਸਨੇ ਆਪਣਾ ਰਿਵਾਲਵਰ ਕੱਢਕੇ ਪਤਲੂ ਨੂੰ ਗੋਲੀ ਮਾਰ ਦਿੱਤੀ। ਇਸ ਤਰ੍ਹਾਂ ਪਤਲੂ ਥਾਏਂ ਹੀ ਜਾਮ-ਏ-ਸ਼ਹਾਦਤ ਪੀ ਗਿਆ।

"ਕੱਢੋ ਸਾਰੇ ਘਰਦਿਆਂ ਨੂੰ ਬਾਹਰ... ਹਰਾਮਜ਼ਾਦੇ ਜੁਆਈਆਂ ਨੂੰ ਘਰੀਂ ਰੱਖਦੇ ਆ... ਆਵਦੀਆਂ ਕੁੜੀਆਂ ਇਨ੍ਹਾਂ ਨਾਲ ਸਵਾਉਂਦੇ ਆ... ਕੱਢੋ ਇਨ੍ਹਾਂ ਨੂੰ ਬਾਹਰ... ਅੱਜ ਕਰੀਏ ਨਸਲ ਬਦਲੀ...।" ਗੋਬਿੰਦ ਰਾਮ ਦੇ ਨਾਦਰ ਸ਼ਾਹੀ ਫੁਰਮਾਨ ਨੂੰ ਸੁਣ ਕੇ ਪੁਲਿਸ ਵਾਲਿਆਂ ਨੇ ਅਮਰੀਕ ਸਿੰਘ ਸ਼ਾਹ ਦਾ ਸਾਰਾ ਪਰਿਵਾਰ ਔਰਤਾਂ ਬੱਚਿਆਂ ਸਮੇਤ ਘਰੋਂ ਬਾਹਰ ਕੱਢ ਲਿਆ। ਔਰਤਾਂ ਅਤੇ ਬੱਚਿਆਂ ਦੇ ਬੱਟ ਮਾਰਨੇ ਸ਼ੁਰੂ ਕਰ ਦਿੱਤੇ। ਸੀ.ਆਰ.ਪੀ. ਅਤੇ ਬੀ.ਐਸ.ਐਫ. ਦੇ ਸਿਪਾਹੀਆਂ ਨੇ ਬੀਬੀਆਂ ਨਾਲ ਛੇੜ-ਛਾੜ ਆਰੰਭ ਦਿੱਤੀ। ਇਕ ਬੀ.ਐਸ.ਐਫ. ਵਾਲੇ ਨੇ ਇਕ ਬੀਬੀ ਨਾਲ ਕੋਹਝੀ ਹਰਕਤ ਕੀਤੀ ਤਾਂ ਉਸ ਨੇ ਆਪਣੇ ਸਿਰ 'ਤੇ ਲਈ ਚਾਦਰ ਦੀ ਬੁੱਕਲ ਕਸਕੇ ਮਾਰ ਲਈ।

"..ਕਿਉਂ ਇਹਦੇ ਹੱਥ ਮਾੜੇ ਐ..? ਤੇ ਉਨ੍ਹਾਂ ਦੇ ਚੰਗੇ ਹੁੰਦੇ ਐ...?" ਕਿਸ਼ਨ ਰਾਮ ਦੇ ਹੱਦੋਂ ਵਧਦਾ ਦੇਖ ਕੇ ਬੀਬੀ ਉਠ ਖਲੋਤੀ।

"ਉਹ ਬੰਦੂਕਾਂ ਲੈ ਕੇ ਆਏ ਤੇ ਉਨ੍ਹਾਂ ਰੋਟੀ ਮੰਗੀ.. ਅਸੀਂ ਦੇ ਦਿੱਤੀ...ਜੋਰਾਵਰਾਂ ਮੂਹਰੇ ਮਾੜਿਆ ਦਾ ਕਾਹਦਾ ਜ਼ੋਰ ਹੋਇਆ...? ਪਰ ਉਹ ਤੁਹਾਡੇ ਵਰਗੇ ਬਦਤਮੀਜ਼ ਨਹੀਂ ਸੀਗੇ...।"

"...ਸਾਲੀ ਤਰਫਦਾਰੀ ਕਰਦੀ ਆ ਪ੍ਰਾਹੁਣਿਆਂ ਦੀ... ਧੀ ਦੇ ਖਸਮ ਹੋਣਗੇ...।" ਇਹ ਕਹਿੰਦਿਆਂ ਕਿਸ਼ਨ ਰਾਮ ਤਹਿਸ਼ ਵਿਚ ਆ ਗਿਆ। ਉਸ ਨੇ ਪਰਿਵਾਰ ਦੀਆਂ ਔਰਤਾਂ ਦੇ ਸਿਰਾਂ ਤੋਂ ਪੱਲੇ ਲੁਹਾ ਦਿੱਤੇ। ਇਥੇ ਹੀ ਬੱਸ ਨਹੀਂ, ਉਸਨੇ ਪਰਿਵਾਰ ਦੇ ਸਾਰੇ ਮੈਂਬਰਾਂ ਦੇ ਕੱਪੜੇ ਜਬਰਦਸਤੀ ਲਾਹ ਸੁੱਟੇ। ਵਿਚਾਰੀਆਂ ਔਰਤਾਂ ਬੇਵਸੀ ਵਿਚ ਸ਼ਰਮ ਦੀਆਂ ਮਾਰੀਆਂ ਨੀਵੀਆਂ ਪਾਈ ਬੈਠੀਆਂ ਸਨ। ਕੋਈ ਦੋ ਘੰਟੇ ਉਨ੍ਹਾਂ ਨੂੰ ਇਸੇ ਹਾਲਤ ਵਿਚ ਬਿਠਾਈ ਰੱਖਿਆ। ਉਸ ਤੋਂ ਬਾਅਦ ਅਮਰੀਕ ਸਿੰਘ ਸ਼ਾਹ, ਉਸਦੀ ਨੂੰਹ, ਉਸਦੇ ਲੜਕੇ ਅਤੇ ਸਕੇ ਘਰਾਂ ਵਿਚੋਂ ਇਕ ਲੜਕੀ ਥਾਣੇ ਲੈ ਗਏ।

ਪੰਜਾਂ ਦਿਨਾਂ ਬਾਅਦ ਜਦੋਂ ਸਭ ਨੂੰ ਛੱਡਿਆ ਗਿਆ ਤਾਂ ਮਰਦ ਤਾਂ ਸਿਰਫ ਤਨ ਦੇ ਦੁੱਖ ਹੀ ਨਾਲ ਲੈ ਕੇ ਵਾਪਸ ਪਰਤੇ, ਪਰ ਔਰਤਾਂ ਜ਼ਖਮੀ ਤਨਾਂ ਦੇ ਨਾਲ ਨਾਲ ਜ਼ਖਮੀ ਮਨਾਂ ਦੀਆਂ ਕਈ ਕਹਾਣੀਆਂ ਦਾ ਬੋਝ ਲੈ ਕੇ ਵਾਪਸ ਪਰਤੀਆਂ। ਸ਼ਾਇਦ ਬਾਮ੍ਹਣਵਾਦ ਦਾ ਇਹੋ ਸ਼ੁੱਧੀਕਰਨ ਸੀ ਜਿਸਦੀ ਤਾਮੀਲ ਹੋ ਰਹੀ ਸੀ।

ਇਸ ਘਟਨਾ ਤੋਂ ਦਸ ਕੁ ਦਿਨ ਬਾਅਦ ਕਿਸ਼ਨੂ ਦੀ ਚੰਡਾਲ ਚੌਕੜੀ ਦੇ ਭੁੱਖੇ ਭੇੜੀਏ ਫਿਰ ਪਿੰਡ ਗੋਰਾ ਚੂਰ ਆ ਧਮਕੇ। ਗੋਰਾ ਚੂਰ ਅਤੇ ਉਸਦੇ ਲਾਗਲੇ ਕਈ ਪਿੰਡਾਂ ਕੋਟਲੀ, ਭੰਗਾਲੀ, ਕਾਸਰਕੇ ਆਦਿ ਦੇ ਲੋਕਾਂ ਨੂੰ

ਗੋਰਾ ਚੂਰ ਫੋਕਲ ਪੁਆਇੰਟ ਉਤੇ ਇਕੱਠੇ ਕਰ ਲਿਆ ਗਿਆ।

"...ਪੰਦਰਾਂ ਤੋਂ ਲੈ ਕੇ ਪੰਜਾਹ ਤਕ ਦੀ ਕੁਤੀੜ ਇਕ ਪਾਸੇ ਹੋ ਜੇ...।" ਕਿਸ਼ਨੂ ਚੀਕ ਰਿਹਾ ਸੀ। ਇਸ ਤੋਂ ਬਾਅਦ ਉਨ੍ਹਾਂ ਨੂੰ ਲੰਮੇ ਪਾਕੇ ਪੁਲਸੀਆਂ ਦੀ ਧਾੜ ਨੂੰ ਹੁਕਮ ਦਿੱਤਾ ਗਿਆ।

"..ਇਨ੍ਹਾਂ ਸਾਰੇ ਸੂਰ ਦੇ ਹੱਡਾਂ ਦਾ ਚੰਮ ਉਧੇੜ ਦਿਓ... ਇਹ ਸਭ ਆਪਣੇ ਜਵਾਈਆਂ ਨੂੰ ਸਾਂਭਦੇ ਜੇ...।" ਹੁਕਮ ਦੀ ਤਾਮੀਲ ਹੋਈ ਪੁਲਸੀਏ ਪਟਿਆਂ, ਡਾਂਗਾਂ, ਰਾਈਫਲਾ ਦੇ ਬੱਟਾਂ ਨਾਲ ਲੋਕਾਂ 'ਤੇ ਟੁੱਟ ਪਏ ਸਾਰੇ ਪਾਸੇ ਚਾਂਗਾਂ ਦੀ ਕਾਵਾਂ ਰੌਲੀ ਸੀ।

"...ਮੈਂ ਅੱਗੇ ਬੋਲੂਗਾਂ ਤੁਸੀਂ ਪਿਛੇ ਬੋਲੋਂਗੇ ਸਾਰੇ ਜਣੇ ਨਹੀਂ ਤਾਂ ਫਿਰ ਤੌਬੜੀ ਕੀਤੀ ਜਾਊ।

"ਸੁਰਜਨ ਕੌਰ ਕੁੱਤੀ ਹੈ...

ਮਨਿੰਦਰ ਕੌਰ ਰੰਡੀ ਹੈ....

ਮਨਦੀਪ ਕੌਰ ਕੰਜਰੀ ਹੈ...।"

ਕਿਸ਼ਨ ਰਾਮ ਨੇ ਪਿੰਡ ਦੀ ਇਕ ਅਕਾਲੀ ਲੀਡਰ ਔਰਤ ਦਾ ਨਾਂ ਲੈ ਕੇ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਇਹ ਬੀਬੀ ਪਨਾਹ ਦੇ ਦੋਸ਼ ਵਿਚ ਅੰਮ੍ਰਿਤਸਰ ਜ਼ੇਲ੍ਹ ਵਿਚ ਕੈਦ ਸੀ। ਪਹਿਲਾਂ ਕਿਸ਼ਨ ਰਾਮ ਆਪ ਗਾਲਾਂ ਕੱਢਦਾ ਅਤੇ ਮਗਰੋਂ ਇਕੱਠੇ ਹੋਏ ਲੋਕਾਂ ਨੂੰ ਗਾਲ੍ਹਾਂ ਕੱਢਣ ਲਈ ਮਜਬੂਰ ਕਰ ਰਿਹਾ ਸੀ।

"...ਤੁਸੀਂ ਕੁੱਤਿਓ ਉੱਚੀ ਕਿਉਂ ਨਹੀਂ ਬੋਲਦੇ... ਥੋਡੀ ਮਾਂ ਦੀ...।" ਉਸਨੇ ਡਾਂਗਾਂ ਫੜਕੇ ਲੋਕਾਂ ਨੂੰ ਛੱਲੀਆਂ ਵਾਂਗ ਕੁੱਟਣਾ ਸ਼ੁਰੂ ਕਰ ਦਿੱਤਾ। ਲੋਕ ਡਰਦੇ ਮਾਰੇ ਉੱਚੀ ਉੱਚੀ ਗਾਲ੍ਹਾਂ ਕੱਢਣ ਲੱਗੇ। ਅੱਗੇ ਅੱਗੇ ਉਹ ਬੋਲਦਾ ਜਾ ਰਿਹਾ ਸੀ :

"ਸੁਰਜਨ ਕੌਰ....

ਮਨਿੰਦਰ ਕੌਰ...

ਮਨਦੀਪ ਕੌਰ..."

ਲੋਕ ਮਜਬੂਰੀ ਵਸ ਨੀਵੀਆਂ ਪਾਈ ਬੈਠੇ ਦੁਹਰਾਈ ਜਾ ਰਹੇ ਸਨ। "...ਤੂੰ ਕੰਜਰਾ ਚੌਰਿਆ... ਤੂੰ ਨ੍ਹੀਂ ਕੱਢਦਾ ਗਾਲ੍ਹ... ਕਿਉਂ ਤੇਰੀ ਧੀ ਲੱਗਦੀ ਐ..? ਇਕ ਸਾਬਕਾ ਫੌਜੀ ਲੱਗਦੇ, ਦਾੜ੍ਹੀ ਬੰਨ੍ਹੀਂ ਵਾਲੇ ਬਜ਼ੁਰਗ ਨੂੰ ਚੁੱਪ ਦੇਖ ਕੇ ਕਿਸ਼ਨ ਰਾਮ ਨੇ ਉਸ 'ਤੇ ਡਾਂਗਾਂ ਦਾ ਮੀਂਹ ਵਰ੍ਹਾ ਦਿੱਤਾ।

"ਯੈਸ...ਡੰਕੀ ਬਾਸਟਡ... ਆਈ ਐਮ ਰੀਟਾਇਰਡ ਮੇਜਰ ਆਫ ਸਿੱਖ ਰੈਜੀਮੈਂਟ... ਆਹੋ ਸਾਰੀਆਂ ਪਿੰਡ ਦੀਆਂ ਧੀਆਂ-ਧਿਆਣੀਆਂ ਮੇਰੀਆਂ ਧੀਆਂ ਭੈਣਾ ਨੇ... ਮੈਂ ਤਿੰਨ ਜੰਗਾਂ ਲੜਿਆਂ... ਬਲੱਡੀ ਨੌਨਸੈਂਸ, ਪਰ ਤੇਰੇ ਵਰਗਾ ਨੀਚ ਕੁੱਤਾ ਕਮੀਨਾ ਮਾਦਰ...ਚੋਦ.. ਅਫਸਰ ਅੱਜ ਪਹਿਲੀ ਵਾਰੀ ਦੇਖਿਐ... ਸਾਰੇ ਦੇਸ਼ ਦੀਆਂ, ਸਾਰੀ ਧਰਤੀ ਦੀਆਂ ਧੀਆਂ ਭੈਣਾਂ ਮੇਰੀਆਂ ਧੀਆਂ ਭੈਣਾਂ ਨੇ... ਹਰ ਸਿੱਖ ਦੀਆਂ ਧੀਆਂ ਭੈਣਾਂ ਨੇ... ਦੇਖ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੇ...।" ਸਿੱਖ ਫੌਜੀ ਨੇ ਕਿਸ਼ਨੂ ਦੀ ਲਾਹ ਕੇ ਰੱਖ ਦਿੱਤੀ।

"..ਇਨ੍ਹਾਂ ਦੀ ਗੈਰਤ ਮਰੀ ਹੋਈ ਐ ਜਿਹੜੇ ਆਵਦੀਆਂ ਧੀਆਂ ਭੈਣਾਂ ਨੂੰ ਮਾੜਾ ਚੰਗਾ ਬਕ ਰਹੇ ਐ... ਮੈਂ ਨਹੀਂ ਬਕ ਸਕਦਾ... ਯੂ ਨੋ ਆਈ ਐਮ ਏ ਸਿੱਖ ਸੋਲਜ਼ਰ...?" ਰੋਹ ਵਿਚ ਆਇਆ ਸਿੱਖ ਫੌਜੀ ਲੋਕਾਂ 'ਤੇ ਵੀ ਗੁੱਸਾ ਝਾੜ ਗਿਆ। ਸਿੱਖ ਫੌਜੀ ਬਜ਼ੁਰਗ ਦਾ ਲਲਕਾਰਾ ਸੁਣ ਕੇ ਸਾਰੇ ਪਾਸੇ ਸ਼ਾਂਤੀ ਵਰਤ ਗਈ।

"..ਅੱਛਾ ਤੂੰ ਗਾਲ੍ਹਾਂ ਨ੍ਹੀਂ ਦੇਣੀਆਂ...?" ਸਿੱਖ ਫੌਜੀ ਅਫਸਰ ਦੀ ਗੈਰਤ ਦੇਖ ਕੇ ਕਿਸ਼ਨ ਰਾਮ ਅੱਗ

ਬਬੂਲਾ ਹੋ ਗਿਆ। ਉਸਨੇ ਡਾਂਗਾਂ ਨਾਲ ਸਿੱਖ ਫੌਜੀ ਨੂੰ ਮੱਛੀਓਂ ਮਾਸ ਕਰ ਸੁੱਟਿਆ ਪਰ ਉਸ ਯੋਧੇ ਨੇ ਸੀਅ ਤਕ ਨੀਂ ਕੀਤੀ, ਉਲਟਾ ਪੁਲਿਸ ਵਾਲਿਆਂ ਤੇ ਕਿਸ਼ਨੂ ਨੂੰ ਅੰਗਰੇਜ਼ੀ ਉਰਦੂ ਤੇ ਪੰਜਾਬੀ ਵਿਚ ਗਾਲ੍ਹਾਂ ਦੀ ਖਿਚੜੀ ਬਣਾ ਕੇ ਪੇਸ਼ ਕਰਦਾ ਰਿਹਾ।

"...ਲੈ ਜੋ ਇਹਨੂੰ... ਥਾਣੇ ਜਾ ਕੇ ਕਰੋ ਇਹਦਾ ਕੋਰਟ ਮਾਰਸ਼ਲ... ਫੇਰ ਪਤਾ ਲੱਗੂ ਬਈ ਕੀ ਹਸ਼ਰ ਹੁੰਦੈ ਕਿਸ਼ਨ ਰਾਮ ਨਾਲ ਪੰਗਾ ਲੈਣ ਦਾ...? ਤੁਸੀਂ ਚੌਰਿਓ ਚੁੱਪ ਕਿਉਂ ਕਰਗੇ ਭੌਂਕੋ... ਭੌਂਕੋ...।" ਗੋਬਿੰਦ ਰਾਮ ਨੇ ਪੁਲਿਸ ਕਰਮਚਾਰੀਆਂ ਤੇ ਲੋਕਾਂ ਨੂੰ ਇਕੱਠਿਆਂ ਹੀ ਹੁਕਮ ਚਾੜ੍ਹਿਆ। ਪੁਲਸੀਆਂ ਦੀ ਧਾੜ ਸਿੱਖ ਫੌਜੀ ਨੂੰ ਫਤਿਹਗੜ੍ਹ ਚੂੜੀਆਂ ਥਾਣੇ ਲੈ ਗਈ।

"...ਸੁਰਜਨ ਕੌਰ ਨੂੰ ਜੇਲ੍ਹੋਂ ਆ ਲੈਣ ਦਿਓ.. ਨੰਗੀ ਕਰਕੇ ਪਿੰਡ ਦੇ ਮੂਹਰੇ ਨਾ ਨਚਾਇਆ ਤਾਂ ਕਹਿਣਾ.... ਨਾਲੇ ਕਹਿ ਦਿਓ ਆਵਦੇ ਸੂਰਮੇ ਕਰਮ ਸਿੰਘ ਨੂੰ ਬਈ ਜਿੱਦਣ ਮੇਰੇ ਢਹੇ ਚੜ੍ਹ ਗਿਆ, ਓਦਣ ਦੇਖੂੰ ਓਹਦੀ ਸੂਰਮਗਤੀ... ਨਾਲੇ ਤੁਸੀਂ ਸੁਣਲੋ ਵੱਡਿਓ ਸਿੱਖੜਿਓ ਜੇ ਆਵਦੇ ਜਵਾਈਆਂ ਨੂੰ ਐਉਂ ਹੀ ਸਾਂਭਦੇ ਰਹੇ ਤਾਂ ਸਾਰਿਆਂ ਨੂੰ ਮਾਰ ਮਾਰ ਕੇ ਬਿਆਸ ਵਿਚ ਰੋਹੜ ਦੂੰਗਾ..।" ਉਹ ਲੋਕਾਂ ਨੂੰ ਧਮਕੀਆਂ ਦੇਣ ਦੇ ਨਾਲ ਨਾਲ ਬੱਬਰ ਖਾਲਸਾ ਅਤੇ ਭਾਈ ਕਰਮ ਸਿੰਘ ਨੂੰ ਚੈਲਿੰਜ ਕਰਕੇ ਆਪਣੀ ਮੌਤ ਨੂੰ ਬੁਲਾਵਾ ਦੇ ਗਿਆ ਸੀ।

ਗੋਬਿੰਦ ਰਾਮ ਦੀ ਜੁੰਡਲੀ ਇਸ ਤਰ੍ਹਾਂ ਮਨਆਈਆਂ ਕਰਕੇ ਘੋਰਨਿਆਂ ਖੁੱਡਾਂ ਵਿਚ ਜਾ ਲੁਕੀ ਅਤੇ ਦੂਜੇ ਦਿਨ ਸਿੱਖ ਫੌਜੀ ਦੀ ਅਲਫ ਨੰਗੀ ਲਾਸ਼ ਪਿੰਡ ਦੇ ਫੋਕਲ ਪੁਆਇੰਟ ਤੋਂ ਲੋਕਾਂ ਨੇ ਚੁੱਕ ਲਈ। ਫੌਜੀ ਯੋਧਾ ਕਰਨੀ ਕਥਨੀ ਦਾ ਪੂਰਾ ਨਿਕਲਿਆ। ਉਸਦਾ ਜ਼ਖਮੀ ਸਰੀਰ ਬੇਸ਼ੱਕ ਥਾਂ-ਥਾਂ ਤੋਂ ਰੂੰਅ ਵਾਂਗ ਪਿੰਜਿਆ ਪਿਆ ਸੀ ਪਰ ਉਸ ਦੇ ਚਿਹਰੇ 'ਤੇ ਖਾਲਸਾਈ ਨੂਰ ਡਲਕਾਂ ਮਾਰ ਰਿਹਾ ਸੀ।

o-----o-----o

ਕਾਂਡ 21

ਹਰ ਮਿੱਟੀ ਦੀ ਆਪਣੀ ਖਸਲਤ
ਹਰ ਮਿੱਟੀ ਕੁੱਟਿਆਂ ਨਹੀਂ ਭੁਰਦੀ
ਹਰ ਫੱਟੜ ਮੱਥਾ ਨਹੀਂ ਝੁਕਦਾ
ਬੰਨ ਲਾਇਆਂ ਹਰ ਛੱਲ ਨਹੀਂ ਰੁਕਦੀ

ਹਰ ਜ਼ਾਲਮ ਆਪਣੇ ਹਰ ਜ਼ੁਲਮ ਬਾਅਦ ਇਹ ਸੋਚਦਾ ਹੈ ਕਿ ਬੱਸ ਹੁਣ ਲੋਕ ਉਸ ਤੋਂ ਡਰਦੇ ਮਾਰੇ ਆਪਣੀ ਗ਼ੈਰਤ ਅਣਖ ਅਤੇ ਸਵੈਮਾਣ ਨੂੰ ਤਿਆਗ ਕੇ ਉਹਦੇ ਮੂਹਰੇ ਗੋਡੇ ਟੇਕ ਦੇਣਗੇ। ਪਰ ਸਦਾ ਅਜਿਹਾ ਨਹੀਂ ਹੋਇਆ ਕਰਦਾ। ਭਾਵੇਂ ਕਿ ਸਿਆਣਿਆਂ ਨੇ ਕਿਹਾ ਹੈ ਕਿ ਇਕੱਠ (ਭੀੜ) ਦੇ ਦਿਮਾਗ ਨਹੀਂ ਹੋਇਆ ਕਰਦੇ ਪਰ ਕਈ ਵਾਰ ਭੀੜਾਂ ਵਿਚੋਂ ਹੀ ਕਈ ਅਜਿਹੇ ਅਜਿਹੇ ਦਿਮਾਗਾਂ ਵਾਲੇ ਸਰੀਰ ਉਠ ਖੜ੍ਹਦੇ ਹਨ, ਜਿਨ੍ਹਾਂ ਨੂੰ ਸਿਰ ਕਟਵਾਉਣਾ ਤਾਂ ਮਨਜ਼ੂਰ ਹੁੰਦਾ ਹੈ ਪਰ ਸਿਰ ਝੁਕਾ ਕੇ ਜਿਉਣਾ ਜਿਨ੍ਹਾਂ ਦੀ ਘੜ੍ਹਣ ਮਿੱਟੀ ਦੇ ਸੁਭਾਅ ਵਿਚ ਹੀ ਨਹੀਂ ਹੁੰਦਾ।

ਜਦੋਂ ਚੈਲਿੰਜ ਦੀ ਗੱਲ ਭਾਈ ਕਰਮ ਸਿੰਘ ਤਕ ਪਹੁੰਚੀ ਤਾਂ ਭਾਈ ਸਾਹਿਬ ਨੇ ਅਖ਼ਬਾਰਾਂ ਵਿਚ ਇਕ ਖੁੱਲ੍ਹਾਂ ਚੈਲਿੰਜ ਕਿਸ਼ਨ ਰਾਮ ਨੂੰ ਦੇ ਦਿੱਤਾ ਕਿ "ਨਾਸਰਕੇ ਦੀ ਨਹਿਰ ਦੇ ਪੁਲ 'ਤੇ ਅਸੀਂ ਆਉਂਦੇ ਮੰਗਲਵਾਰ ਨੂੰ ਸਾਰਾ ਦਿਨ ਇੰਤਜ਼ਾਰ ਕਰਾਂਗੇ। ਉਥੇ ਦੋ ਦੋ ਹੱਥ ਹੋ ਜਾਣ, ਤੂੰ ਬੇਕਸੂਰ ਲੋਕਾਂ ਨੂੰ ਕਿਉਂ ਤੰਗ ਕਰਦਾਂ ਏਂ, ਆਪਾਂ ਦੋਨੋਂ ਆਪਣੀ ਬਲਵਾਨੀ ਕੱਢ ਲਈਏ... ਤੂੰ ਆ ਜਾਵੀਂ ਆਪਣੀ ਸਰਕਾਰੀ ਫੋਰਸ ਲੈ ਕੇ... ਮੇਰੇ ਨਾਲ ਗੁਰੂ ਦੇ ਬੱਬਰ ਸ਼ੇਰਾਂ ਦੀ ਫੋਰਸ ਹੋਵੇਗੀ... ਮੈਂ ਆਵਾਂਗਾ ਗੁਰੂ ਦੇ ਆਸਰੇ... ਤੇ ਤੂੰ ਆਵੀਂ ਆਪਣੀ ਸਰਕਾਰੀ ਮਸ਼ੀਨਰੀ ਦੇ ਆਸਰੇ... ਐਵੇਂ ਕਿਉਂ ਵਾਧੂ ਬੇਕਸੂਰ ਮਾਵਾਂ ਦੇ ਪੁੱਤ ਮਾਰਨ ਡਿਹੈਂ... ਕਿਸ਼ਨ ਰਾਮ ਦੁਸ਼ਟਾ ਇਹ ਠੀਕ ਐ ਬਈ ਹਰ ਜੰਗਲ ਵਿਚ ਸ਼ੇਰ ਨਹੀਂ ਹੋਇਆ ਕਰਦਾ, ਪਰ ਕਈ ਵਾਰ ਸਾਰਾ ਝੱਲ ਹੀ ਸ਼ੇਰਾਂ ਦਾ ਨਿਕਲ ਆਉਂਦੈ... ਫੇਰ ਤੇਰੇ ਵਰਗੇ ਸਰਕਾਰੀ ਕੁੱਤੇ ਨੂੰ ਭੱਜਣ ਦਾ ਰਾਹ ਨਹੀਂ ਮਿਲਦਾ ਹੁੰਦਾ... ਆ ਜਾਵੀਂ ਗੁਰੂ ਦੀਆਂ ਖਾਲਸਿਆਂ ਦੀਆਂ ਹੱਥਾਂ ਵਿਚਲੀਆਂ ਨਾਗਣੀਆਂ ਤੇਰੀ ਉਡੀਕ ਕਰਨਗੀਆਂ ਸਾਰਾ ਦਿਨ... ਤੇਰੀ ਉਡੀਕ ਵਿਚ... ਤੈਨੂੰ ਜਾਚਣ ਪਰਖਣ ਤੇ ਮਿਲਣ ਲਈ ਕਾਹਲਾ... ਗੁਰੂ ਪੰਥ ਦਾ ਦਾਸ ਕਰਮ ਸਿੰਘ (ਬੱਬਰ ਖਾਲਸਾ)...।"

ਭਾਈ ਸਾਹਿਬ ਦੇ ਇਸ ਐਲਾਨ ਨੇ ਗੋਬਿੰਦ ਰਾਮ ਦੇ ਤੋਤੇ ਉਡਾ ਦਿੱਤੇ। ਕਈ ਦਿਨ ਮਿੱਥੀ ਹੋਈ ਥਾਂ ਵੱਲ ਨੂੰ ਮੂੰਹ ਕਰਨ ਦਾ ਹੀਆ ਨਾ ਕੀਤਾ। ਸਿੰਘਾਂ ਦੇ ਮਨਾਂ ਵਿਚ ਪਤਲੂ ਨੂੰ ਸ਼ਹੀਦ ਕਰਨ ਵਾਲੇ ਬੁੱਚੜਾਂ ਤੋਂ ਬਦਲਾ ਲੈਣ ਦੇ ਫੁਰਨੇ ਵੀ ਉਤਾਵਲੇ ਹੋ ਰਹੇ ਸਨ।

ਇਨ੍ਹਾਂ ਦਿਨਾਂ ਵਿਚ ਇਕ ਘਟਨਾ ਹੋਰ ਵਾਪਰ ਗਈ। ਮਹਿਤਾ ਚੌਂਕ ਦੇ ਫੜੇ ਹੋਏ ਜਥੇਬੰਦੀ ਦੇ ਦੋ ਗੁਪਤ

ਰੂਪ ਵਿਚ ਕੰਮ ਕਰਨ ਵਾਲੇ ਸਿੰਘਾਂ ਨੂੰ ਕਿਸ਼ਨੂ ਦੀ ਚੰਡਾਲ ਚੌਕੜੀ ਨੇ ਅਦਾਲਤ ਤੋਂ ਰਿਮਾਂਡ 'ਤੇ ਲਿਆ ਕੇ ਸ਼ਹੀਦ ਕਰ ਦਿੱਤਾ। ਇਸ ਤੋਂ ਇਲਾਵਾ ਤਿੰਨ ਹੋਰ ਨੌਜਵਾਨਾਂ ਨੂੰ ਜਿਹੜੇ ਬਿਲਕੁਲ ਨਿਰਦੋਸ਼ ਸਨ ਇਨ੍ਹਾਂ ਵਿਚੋਂ ਇਕ ਮਾੜੀ ਬੁੱਚੀਆਂ ਦਾ ਰਹਿਣ ਵਾਲਾ ਬਾਰ੍ਹਵੀਂ ਜਮਾਤ ਦਾ ਵਿਦਿਆਰਥੀ ਚਾਰ ਭੈਣਾਂ ਦਾ 'ਕੱਲਾ-'ਕੱਲਾ ਭਰਾ ਵੀ ਸੀ। ਇਨ੍ਹਾਂ ਸਾਰਿਆਂ ਨੂੰ ਫੜ ਕੇ ਝੂਠਾ ਪੁਲਿਸ ਮੁਕਾਬਲਾ ਬਣਾ ਦਿੱਤਾ। ਇਸ ਨੌਜਵਾਨ ਦੀ ਉਮਰ ਸੋਲਾਂ ਕੁ ਵਰ੍ਹਿਆਂ ਦੀ ਹੀ ਸੀ। ਉਸਦੀ ਮਾਂ ਰੋ-ਰੋ ਕੇ ਅੰਨ੍ਹੀ ਹੋ ਗਈ।

ਬਟਾਲਾ ਪੁਲਿਸ ਜ਼ਿਲ੍ਹੇ ਵਿਚਲੇ ਸਿੰਘਾਂ ਨੂੰ ਦੁਸ਼ਟਾਂ ਉਤੇ ਅੰਤਾਂ ਦਾ ਰੋਹ ਚੜ੍ਹ ਗਿਆ, ਕੁਦਰਤੀ ਇਕ ਰਾਤ ਨੂੰ ਸਾਡਾ ਪੂਰਾ ਜੱਥਾ ਪਿੰਡ ਦਲੇਰ ਖੁਰਦ ਵਿਚ ਠਹਿਰਿਆ ਹੋਇਆ ਸੀ। ਕਿਸ਼ਨ ਰਾਮ ਦੇ ਪਾਲੇ ਹੋਏ ਪਾਲਤੂ ਕੁੱਤੇ ਸਿਰਾਂ 'ਤੇ ਪੀਲੀਆਂ ਦਸਤਾਰਾਂ ਲਪੇਟ ਹੱਥਾਂ ਵਿਚ ਕਲਾਸ਼ਨੀਕੋਵ (ਅਸਾਲਟਾਂ) ਫੜ ਕੇ ਮਾਰੋ ਮਾਰ ਕਰਦੇ ਪਿੰਡ ਵਿਚ ਆ ਪਹੁੰਚੇ। ਪਿੰਡ ਵਿਚ ਮਲਕੀਤ ਸਿੰਘ ਨਾਮਕ ਵਿਅਕਤੀ ਦੇ ਘਰੇ ਉਸਦੀ ਲੜਕੀ ਦਾ ਵਿਆਹ ਰੱਖਿਆ ਹੋਇਆ ਸੀ, ਹਲਕੇ ਕੁੱਤਿਆਂ ਦੀ ਪੂਰੀ ਟੋਲੀ ਜਿਸ ਵਿਚ ਪੰਦਰਾਂ ਵੀਹ ਜਣਿਆਂ ਦਾ ਇਕੱਠ ਸੀ ਹਰਲ ਹਰਲ ਕਰਦੀ ਕੁੜੀ ਵਾਲੇ ਘਰ ਪਹੁੰਚ ਗਈ। ਘਰ ਵਾਲਿਆਂ ਨੇ ਸਿੰਘ ਸਮਝ ਕੇ ਚਾਹ ਪਾਣੀ ਛਕਾਇਆ, ਭਰਵੀਂ ਪੇਟ ਪੂਜਾ ਕਰਨ ਬਾਅਦ ਕੈਟ ਟੋਲੀ ਦੇ ਮੁਖੀ ਜਸਵਿੰਦਰ ਸਿੰਘ ਕਾਲੇ ਨੇ ਮੰਤਵ ਸਪੱਸ਼ਟ ਕਰਨਾ ਸ਼ੁਰੂ ਕੀਤਾ।

"...ਘਰ ਦਾ ਮਾਲਕ ਕੌਣ ਆਂ...?" ਕਾਲੇ ਨੇ ਟੇਢਾ ਸਵਾਲ ਕੀਤਾ।

"ਨਾਂ..ਅ.. ਹਾਂ... ਬਾਬਾ ਜੀ... ਹਾਂ ਜੀ... ਹਾਜੀਂ ਸਮਝਗੇ ਜੀ ਤੁਸੀਂ ਸਿੰ..ਘ ਹੁੰਦੇ ਜੇ...।" ਘਰ ਦੇ ਮੁਖੀ ਨੇ ਜਵਾਬ ਦਿੱਤਾ। ਉਸਦਾ ਡਰਦੇ ਮਾਰੇ ਸਾਹ ਸੁੱਕ ਰਿਹਾ ਸੀ, ਹੇ ਮਾਲਕਾ... ਕਲਗੀਧਰ ਪਾਤਸ਼ਾਹ ਇਨ੍ਹਾਂ ਭੂਤਾਂ ਤੋਂ ਬਚਾ ਕੀ ਪਤਾ ਕੌਣ ਹੈਗੇ...? ਉਸ ਨੇ ਮਨ ਹੀ ਮਨ ਅਰਦਾਸ ਕੀਤੀ।

"..ਹਾਂ ਬਿਲਕੁਲ ਠੀਕ...ਬਾਬੇ..ਖਾਲਿਸਤਾਨੀ...ਬਾਬੇ.. ਹਾ...ਹਾ...ਹਾ..।" ਕਾਲਾ ਬੇਸ਼ਰਮੀ ਭਰਿਆ ਦਹਿਸ਼ਤੀ ਹਾਸਾ ਹੱਸਿਆ, ਉਸਦੇ ਮਗਰੇ ਸਾਰੀ ਚੰਡਾਲ ਚੌਂਕੜੀ ਵੀ ਠਹਾਕਾ ਲਗਾ ਕੇ ਹੱਸੀ।

"...ਚੰਗਾ ਫੇਰ ਇਉਂ ਕਰੋ ਕੁੜੀ ਦੇ ਗਹਿਣੇ ਤੇ ਹੋਰ ਮਾਲ ਪੱਤਾ ਸਾਡੇ ਹਵਾਲੇ ਕਰੋ...?" ਉਸਨੇ ਖੱਬੇ ਹੱਥ ਪਈ ਅਸਾਲਟ ਲੋਡ ਕਰਕੇ ਮਲਕੀਤ ਸਿੰਘ ਨੂੰ ਅੱਗੇ ਲਗਾ ਲਿਆ।

"ਪਰ ਬਾ...ਅ..ਬਾ ਜੀ... ਮੈਂ ਗਰੀਬ ਧੀ ਦਾ ਵਿਆਹ ਕਿਵੇਂ... ਨੇਪਰੇ ਚਾੜ੍ਹੂੰਗਾਂ..?" ਉਸਨੇ ਹਕਲਾਉਂਦਿਆਂ ਸਵਾਲ ਕੀਤਾ।

"..ਕੋਈ ਨਾ ਕੋਈ ਗੱਲ ਨੀਂ... ਉਹਦਾ ਵੀ ਪ੍ਰਬੰਧ... ਹੋਜੂ... ਤੂੰ ਮਾਲ ਐਧਰ ਕਰ... ਖਾਲਿਸਤਾਨ ਨੀਂ ਬਣਾ ਕੇ ਦੇਣਾ ਥੋਨੂੰ...?" ਕਾਲੇ ਨੇ ਅਸਾਲਟ ਦੀ ਬੈਰਲ ਬਜ਼ੁਰਗ ਦੀ ਢੂਹੀ ਨਾਲ ਲਗਾ ਦਿੱਤੀ। ਉਸਨੇ ਡਰਦੇ ਮਾਰੇ ਸਾਰੇ ਗਹਿਣੇ ਕੱਢ ਕੇ ਦੇ ਦਿੱਤੇ।

"ਹਾਂ... ਹੁਣ ਤੇਰੀ ਕੁੜੀ ਦਾ ਪ੍ਰਬੰਧ...? ਉਹ ਸੱਚ ਉਹ ਤਾਂ ਰਹਿ ਹੀ ਗਿਆ ਸੀ...?" ਕਾਲੇ ਨੇ ਸੰਦੂਕਾਂ ਵਾਲੇ ਅੰਦਰ ਖੜ੍ਹੀ ਕੁੜੀ ਬਾਹੋਂ ਫੜ ਕੇ ਦਹੇਜ ਵਿਚ ਦੇਣ ਲਈ ਲਿਆਂਦੇਂ ਲੱਕੜ ਦੇ ਬੈਡਾਂ ਉਤੇ ਸੁੱਟ ਲਈ ਤਾਂ ਕੁੜੀ ਨੇ ਹਾਲਪਾਹਰਿਆ ਮਚਾ ਦਿੱਤੀ।

"..ਤੁਸੀਂ ਬਾਬਾ ਜੀ ਗਹਿਣੇ ਮੰਗੇ ਅਸਾਂ ਹਾਜ਼ਰ ਕਰ ਦਿੱਤੇ... ਅਸਾਂ ਗੁਰੂ ਕੇ ਸਿੰਘ ਸਮਝਕੇ ਤੁਹਾਡਾ ਸਤਿਕਾਰ ਕੀਤਾ... ਪਰ ਆਹ ਜ਼ੁਲਮ ਨਾ ਕਰੋ... ਹਾੜਾ ਗੁਰੂ ਦੇ ਵਾਸਤੇ...।" ਘਰ ਦਾ ਮੁਖੀ ਮਿੰਨਤਾਂ ਤਰਲਿਆਂ 'ਤੇ ਉਤਰ ਆਇਆ। ਪਰ ਉਸਦੇ ਪੰਦਰਾਂ ਕੁ ਸਾਲਾਂ ਦੇ ਮੁੰਡੇ ਨੇ ਤੂੜੀ ਵਾਲੇ ਅੰਦਰੋਂ ਸੱਲਘ ਕੱਢਕੇ ਕਾਲੇ ਦੇ ਇਕ ਸਾਥੀ ਦੇ ਢਿੱਡ ਵਿਚ ਖੋਭ ਦਿੱਤੀ। ਜਿਸ 'ਤੇ ਕਾਲੇ ਦੇ ਸਾਥੀਆਂ ਨੇ ਗੋਲੀ ਮਾਰ ਕੇ ਮੁੰਡੇ ਨੂੰ ਥਾਏਂ

ਹੀ ਮਾਰ ਦਿੱਤਾ।

ਗੋਲੀਆਂ ਦਾ ਖੜਕਾ ਸਾਡੇ ਸਾਰੇ ਟੋਲੇ ਨੇ ਵੀ ਸੁਣ ਲਿਆ। ਅਸੀਂ ਕੁਦਰਤੀਂ ਹੀ ਘਟਨਾ ਵਾਲੇ ਘਰ ਤੋਂ ਪੰਜ-ਸੱਤ ਘਰ ਨਜ਼ਦੀਕ ਹੀ ਬੈਠੇ ਸਾਂ, ਸੋ ਅਸੀਂ ਵੀ ਪੂਰੇ ਦਾ ਪੂਰਾ ਜਥਾ ਕੋਈ ਵੀਹ ਪੱਚੀ ਕੁ ਸਿੰਘ ਘਟਨਾ ਵਾਲੇ ਘਰੇ ਜਾ ਪਹੁੰਚੇ। ਅੱਗੇ ਨਿਰਵਸਤਰ ਪਈ ਕੁੜੀ ਅਤੇ ਅਲੂੰਏ ਮੁੰਡੇ ਦੀ ਲਹੂ ਭਿੱਜੀ ਲਾਸ਼ ਨੇ ਅੱਧਿਓ ਬਹੁਤੀ ਹਕੀਕਤ ਬਿਆਨ ਕਰ ਦਿੱਤੀ।

"ਉਇ.. ਭਾਊ ਇਹ ਤਾਂ ਮਾਈ ਜਾਵਾ ਕਾਲਾ ਈ ਕਿਸ਼ਨੂ ਦਾ ਕੈਟ..." ਸਾਡੇ ਜਥੇ ਵਿਚੋਂ ਕਿਸੇ ਸਿੰਘ ਨੇ ਉਸ ਨੂੰ ਪਛਾਣ ਕੇ ਹੋਕਰਾ ਦਿੱਤਾ।

"..ਘਰ ਵਾਲਿਓ ਤੁਸੀਂ ਅੰਦਰੀਂ ਲੁਕ ਜਾਵੋ ਹੁਣ ਅਸੀਂ ਸਿਝਾਂਗੇ ਇਨ੍ਹਾਂ ਨਾਲ... ਬਾਕੀਆਂ ਨੂੰ ਮਾਰ ਦਿਓ ਕਾਲਾ ਜਿਊਂਦਾ ਫੜਨੈ... ਨਾਓ ਸਟਾਰਟ ਅਟੈਕ...।" ਭਾਈ ਕਰਮ ਸਿੰਘ ਦੇ ਲਲਕਾਰੇ ਦੀ ਦੇਰ ਸੀ ਕਿ ਸਾਰੇ ਬੱਬਰ ਜਥੇ ਦੀਆਂ ਰਾਇਫਲਾਂ ਨੇ ਅੱਗ ਉਗਲਣੀ ਸ਼ੁਰੂ ਕਰ ਦਿੱਤੀ। ਘਰ ਵਾਲੇ ਇਸ ਅਚਾਨਕ ਆਈ ਹਨੇਰੀ ਬਾਰੇ ਕੁਝ ਨਾ ਸਮਝ ਸਕੇ ਤੇ ਖੱਲੀਂ ਖੂੰਜੀ ਜਿੱਥੇ ਵੀ ਥਾਂ ਮਿਲਿਆ ਲੁਕ ਗਏ। ਕਾਲੇ ਦੀ ਜੁੰਡਲੀ ਨੇ ਵੀ ਮੋੜਵੀਂ ਬਾਰਸ਼ ਕਰ ਦਿੱਤੀ ਜਿਸ ਨਾਲ ਜਥੇ ਦੇ ਦੋ ਸਿੰਘ ਜ਼ਖਮੀ ਹੋ ਗਏ। ਪਰ ਸਿੰਘਾਂ ਨੇ ਅਕਾਲ ਅਕਾਲ ਕਰਕੇ ਗੋਲੀਆਂ ਦਾ ਅੰਨ੍ਹਾਂ ਮੀਂਹ ਵਰ੍ਹਾ ਦਿੱਤਾ। ਭਾਈ ਦਲੀਪ ਸਿੰਘ ਨੇ ਨਵੀਂ ਲਿਆਂਦੀ ਵੱਡੀ ਗੰਨ ਜੀ.ਪੀ.ਐਮ. ਦਾ ਮੂੰਹ ਖੋਲ੍ਹ ਦਿੱਤਾ। ਕੋਈ ਅੱਧੇ ਕੁ ਘੰਟੇ ਦੀ ਦਵੱਲੀ ਫਾਇਰਿੰਗ ਤੋਂ ਬਾਅਦ ਅਗਲੇ ਪਾਸਿਓਂ ਸ਼ਾਂਤੀ ਹੋ ਗਈ ਅਤੇ ਘਰ ਦਾ ਕੱਚਾ ਵਿਹੜਾ ਉਪਰੋਂ ਥਲੀ ਪਈਆਂ ਲਾਸ਼ਾਂ ਨਾਲ ਭਰ ਗਿਆ। ਹੁਣ ਗੋਲੀਆਂ ਦੀ ਨਹੀਂ ਸਗੋਂ ਟਾਂਵੀਂ ਟਾਂਵੀਂ ਹਾਏ...ਬੂਅਦੀ ਅਵਾਜ਼ ਆ ਰਹੀ ਸੀ। ਲਾਸ਼ਾਂ ਦੀ ਗਿਣਤੀ ਕੀਤੀ ਤਾਂ ਗਿਆਰਾਂ ਹੋਈ। ਜਥੇ ਦੇ ਸਿੰਘਾਂ ਵਿਚੋਂ ਦੋ ਸਿੰਘ ਜ਼ਖਮੀ ਹੋਏ ਸਨ। ਪਰਿਵਾਰਕ ਮੈਂਬਰਾਂ ਵਿਚੋਂ ਸਿਰਫ ਇਕ ਲੜਕਾ ਜੋ ਪਹਿਲਾਂ ਹੀ ਕਾਲੇ ਹੁਰਾਂ ਦੀ ਗੋਲੀ ਨਾਲ ਮਰਿਆ ਸੀ, ਉਹ ਹੀ ਨੁਕਸਾਨਿਆ ਗਿਆ ਸੀ। ਕਾਲਾ ਆਪਣੇ ਚਾਰ ਜ਼ਖਮੀ ਸਾਥੀਆਂ ਸਮੇਤ ਜ਼ਖਮੀ ਹਾਲਤ ਵਿਚ ਜਿਊਂਦਾ ਹੀ ਫੜ ਲਿਆ ਗਿਆ। ਕੁੜੀ ਨੇ ਅੰਦਰ ਬੈਠਿਆਂ ਭਾਲ ਕੇ ਕੱਪੜੇ ਪਹਿਨੇ ਤੇ ਭਾਈ ਕਰਮ ਸਿੰਘ ਦੇ ਪੈਰਾਂ 'ਤੇ ਡਿੱਗੀ।

"ਭਾ..ਅਊ ਜੇ ਅੱਜ ਤੁਸੀਂ ਨਾ ਆਉਂਦੇ ਤਾਂ.... ਹਾਏ ਵੀਰਾ...।" ਭਰਾ ਦੀ ਲਾਸ਼ ਦੇਖ ਕੇ ਕੁੜੀ ਧਾਹੀਂ ਰੋ ਪਈ।

"..ਨਾ ਮੇਰੀ ਭੈਣ ਜੇਰਾ ਕਰ.. ਇਹ ਕੁੱਤੇ ਸਰਕਾਰੀ ਬੰਦੇ ਸੀ... ਤੇਰਾ ਭਰਾ ਸ਼ਹੀਦ ਹੋਇਐ... ਖਾਲਿਸਤਾਨ ਦੀ ਲੜਾਈ ਦਾ ਸ਼ਹੀਦ...।" ਭਾਈ ਕਰਮ ਸਿੰਘ ਨੇ ਕੁੜੀ ਨੂੰ ਧਰਵਾਸਾ ਦਿੱਤਾ।

"ਤੁਸੀਂ ਇਉਂ ਕਰੋ ਲੜਕੇ ਦਾ ਸਸਕਾਰ ਕਰ ਦੇਣਾ ਸਵੇਰੇ, ਤੇ ਸਾਨੂੰ ਟਰੱਕ ਲਿਆ ਕੇ ਦਵੋ ਪਿੰਡ 'ਚੋਂ ਕੋਈ, ਤਾਂ ਕਿ ਇਹ ਦੁਸ਼ਟਾਂ ਨੂੰ ਦਰਿਆ ਬਿਆਸ ਵਿਚ ਰੋੜ੍ਹ ਕੇ ਆਈਏ।" ਇਸ ਤੋਂ ਬਾਅਦ ਸਾਰਾ ਜਥਾ ਲਾਸ਼ਾਂ ਟਰੱਕ ਵਿਚ ਲੱਦ ਅਤੇ ਕਾਲੇ ਤੇ ਉਹਦੇ ਸਾਥੀਆਂ ਨੂੰ ਟਰੱਕ ਵਿਚ ਬੰਨ੍ਹ ਕੇ ਦਰਿਆ ਬਿਆਸ ਦੇ ਕਿਨਾਰੇ ਆ ਰੁਕਿਆ। ਦਰਿਆ ਦੇ ਕਿਨਾਰੇ ਪਹੁੰਚ ਕੇ ਦੁਸ਼ਟਾਂ ਨੂੰ ਥੱਲੇ ਲਾਹ ਲਿਆ ਗਿਆ, ਲਾਸ਼ਾਂ ਦਰਿਆ ਵਿਚ ਰੋੜ੍ਹ ਦਿੱਤੀਆਂ ਗਈਆਂ।

"ਹਾਂ ਬਈ ਹੁਣ ਇਨ੍ਹਾਂ ਦਾ ਵੀ ਕਰੋ ਅੰਤਮ ਸੰਸਕਾਰ...।" ਭਾਈ ਦਲੀਪ ਸਿੰਘ ਨੇ ਚੁੱਪ ਤੋੜੀ। ਇਕ ਸਿੰਘ ਨੇ ਪੰਜ ਲੀਟਰ ਦੀ ਕੈਨੀ ਨੂੰ ਪਾਇਪ ਲਗਾਕੇ ਟਰੱਕ ਵਿਚੋਂ ਡੀਜ਼ਲ ਨਾਲ ਭਰ ਲਈ।

"..ਹਾਏ ਉਏ ਬਾਬਾ ਜੀ ਅਸੀਂ ਤਿਹਾਡੇ ਤਾਬਿਆ ਦਾਰ ਜੇ...।" ਕਿਸ਼ਨ ਰਾਮ ਦੇ ਸ਼ੇਰ ਬੱਕਰੀਆਂ ਬਣੇ ਮਿਆਂਕ ਰਹੇ ਸਨ।

ਸਿੰਘਾਂ ਨੇ ਪੰਜਾਂ ਜਣਿਆਂ ਨੂੰ ਤੇਲ ਨਾਲ ਗੜੁੱਚ ਕਰਕੇ ਜਿਊਂਦਿਆਂ ਹੀ ਤੀਲੀਆਂ ਲਗਾ ਦਿੱਤੀਆਂ। ਮੱਸਿਆ ਦੀ ਕਾਲੀ ਬੋਲੀ ਰਾਤ ਵਿਚ ਪੰਜ ਜਿਊਂਦੇ ਮੁਰਦਿਆਂ ਨੇ ਕੁਝ ਚਿਰ ਆਲੇ ਦੁਆਲੇ ਭੱਜ ਕੇ ਭੂਤ ਭੰਗੜਾ ਪਾਇਆ ਅਤੇ ਮੁੜਕੇ ਵਗਦੇ ਦਰਿਆ ਵਿਚ ਖੁਦ-ਬ-ਖੁਦ ਛਾਲਾਂ ਮਾਰ ਗਏ। ਇਸ ਤੋਂ ਅਗਲੇ ਦਿਨ ਬੀ.ਐਸ.ਐਫ. ਵਾਲਿਆਂ ਦਾ ਭਰਿਆ ਫੋਰਵੀਲਰ ਸਿੰਘਾਂ ਨੇ ਗਸ਼ਤ 'ਤੇ ਆਉਂਦਾ ਦੇਖਿਆ।

"...ਕਿਉਂ ਭਾਊ ਕੀ ਹੁਕਮ ਐ?" ਭਾਈ ਦਲੀਪ ਸਿੰਘ ਨੇ ਜੀ.ਪੀ.ਐਮ. ਦੀ ਕਾਲੀ ਲੰਮੀ ਬੈਰਲ ਉਤੇ ਕਾਲਾ ਕੱਪੜਾ ਮਾਰ ਕੇ ਉਸਨੂੰ ਲਿਸ਼ਕਾਇਆ।

"..ਨਹੀਂ..ਨਹੀਂ ਅੱਜ ਨਹੀਂ.." ਭਾਈ ਸਾਹਿਬ ਨੇ ਉਸਨੂੰ ਮਨ੍ਹਾਂ ਕਰ ਦਿੱਤਾ।

"..ਗਿੱਦੜਾਂ ਨੂੰ ਗੋਹਲਾਂ ਖਾਣ ਗਿੱਝ ਜਾਣ ਦੇ ਚੰਗੀ ਤਰ੍ਹਾਂ..." ਭਾਈ ਸਾਹਿਬ ਕਿਸੇ ਡੂੰਘੀ ਸੋਚ ਵਿਚ ਪੈ ਗਏ।

ਉਧਰ ਅੰਮ੍ਰਿਤਸਰ ਕੋਲ ਭਾਈ ਗੁਰਨਾਮ ਸਿੰਘ ਹੁਰਾਂ ਨੇ ਬੀ.ਐਸ.ਐਫ. ਦੇ ਭਰੇ ਇਕ ਟੈਂਕਰ ਨੂੰ ਗਰਨੇਡ ਨਾਲ ਹਮਲਾ ਕਰਕੇ ਉਡਾ ਦਿੱਤਾ ਅਤੇ ਬੱਬਰ ਖਾਲਸਾ ਵੱਲੋਂ ਨਵੇਂ ਗਰਨੇਡ ਅਤੇ ਬੰਬਾਰ ਜੱਥੇ ਬਣਾਉਣ ਦਾ ਐਲਾਨ ਕਰ ਦਿੱਤਾ। ਬੀ.ਐਸ.ਐਫ. ਵਾਲਿਆਂ ਦਾ ਫੋਰਵੀਲਰ ਲਗਾਤਾਰ ਚਾਰ ਦਿਨ ਗੇੜੇ ਮਾਰਦਾ ਰਿਹਾ ਅਤੇ ਪੰਜਵੇਂ ਦਿਨ ਸੜਕ ਵਿਚੋਂ ਨਿਕਲੇ ਜ਼ੋਰਦਾਰ ਧਮਾਕੇ ਨੇ ਮਦਰਾਸੀਆਂ ਦਾ ਮੱਛੀ ਬਜ਼ਾਰ ਸਾਰੀ ਸੜਕ 'ਤੇ ਖਿਲਾਰ ਕੇ ਰੱਖ ਦਿੱਤਾ। ਪੂਰੇ ਪੰਦਰਾਂ ਮਦਰਾਸੀਆਂ ਦੀਆਂ ਪੰਡਾਂ ਬੰਨ੍ਹਕੇ ਪਿੰਡ ਵਿਚੋਂ ਖਿਲਰੀਆਂ ਪਈਆਂ ਚੁੱਕੀਆਂ ਗਈਆਂ।

ਉਸ ਤੋਂ ਦੂਜੇ ਦਿਨ ਅਸੀਂ ਇਕ ਖੇਤ ਵਿਚ ਤੁਰੇ ਜਾਈਏ ਤਾਂ ਦੋ ਪੇਂਡੂਆਂ ਦੀਆਂ ਧਮਾਕੇ ਬਾਰੇ ਗੱਲਾਂ ਕੰਨੀ ਪਈਆਂ। "...ਕਿਉਂ ਭਾਊ ਕਰਤੀ ਨਾ ਗੁਰੂ ਦਿਆਂ ਸਿੰਘਾਂ ਨੇ ਕਮਾਲ.. ਦੂਜੇ ਦਿਨ ਲੋਕਾਂ ਦੇ ਘਰਾਂ 'ਚੋਂ ਆਵਦੇ ਖਿੰਡੇ-ਪੁੰਡੇ ਸਪੇਅਰ-ਪਾਟ ਕੱਠੇ ਕਰਦੇ ਫਿਰਨ... ਆਹ ਫੀਤੀਆਂ ਵਾਲੇ ਵੱਡੇ ਸਾਹਬ ਕੀ ਬਾਜੂ... ਤੇ ਆਹ ਸਾਹਬ ਕੀ ਟਾਂਗ...।" ਪੇਂਡੂ ਚਹਿਚਹਾ ਕੇ ਹੱਸੇ।

ਇਨ੍ਹਾਂ ਉਪਰੋਂ ਥੱਲੀ ਹੋਏ ਐਕਸ਼ਨਾਂ ਕਰਕੇ ਅੰਮ੍ਰਿਤਸਰ ਜ਼ਿਲ੍ਹੇ ਦੀ ਪੁਲਿਸ ਅਤੇ ਗੁਰਦਾਸਪੁਰ, ਬਟਾਲੇ ਦੀ ਪੁਲਿਸ ਬੌਖਲਾ ਗਈ। ਉਨ੍ਹਾਂ ਨੇ ਲੋਕਾਂ 'ਤੇ ਅੰਨ੍ਹਾ ਤਸ਼ੱਦਦ ਕਰਨਾ ਸ਼ੁਰੂ ਕਰ ਦਿੱਤਾ। ਲੋਕਾਂ ਨੂੰ ਨਜਾਇਜ਼ ਥਾਣਿਆਂ ਵਿਚ ਬਹਾਈ ਰੱਖਣਾ, ਖਾੜਕੂ ਠਾਹਰਾਂ ਵਾਲੇ ਗੁਰਸਿੱਖਾਂ ਦੀਆਂ ਧੀਆਂ-ਭੈਣਾਂ ਦੀ ਬੇਪਤੀ ਕਰਨੀ ਅਤੇ ਹੋਰ ਤਸੀਹੇ ਦੇਣੇ ਆਮ ਗੱਲ ਹੋ ਗਈ। ਇਸ ਤਰ੍ਹਾਂ ਪਿੰਡ ਲਹਿਰਕਾ ਵਿਚ ਸਾਡੇ ਅਤੇ ਕੇ.ਐਲ.ਐਫ. ਦੇ ਜੁਗਰਾਜ ਸਿੰਘ ਤੂਫਾਨ ਦੀ ਠਾਹਰ ਸੀ। ਉਨ੍ਹਾਂ ਦੀ ਇਕ ਦਸਵੀਂ ਵਿਚ ਪੜ੍ਹਦੀ ਲੜਕੀ ਨਾਲ ਪੁਲਿਸ ਨੇ ਲੂੰ-ਕੰਡੇ ਖੜ੍ਹੇ ਕਰਨ ਵਾਲਾ ਤਸ਼ੱਦਦ ਕੀਤਾ। ਇਹ ਕੁੜੀ ਹਰਜੀਤ ਕੌਰ ਨਾਂ ਦੀ ਸੀ ਇਸ ਦੇ ਪਿਤਾ ਅਤੇ ਭਰਾ ਪੁਲਿਸ ਨੇ ਪਨਾਹ ਦੇ ਦੋਸ਼ ਵਿਚ ਅੰਮ੍ਰਿਤਸਰ ਦੀ ਕੇਂਦਰੀ ਜੇਲ੍ਹ ਵਿਚ ਤਾੜੇ ਹੋਏ ਸਨ। ਇਹ ਆਪਣੀ ਵੱਡੀ ਭੈਣ ਪਰਮਵੀਰ ਨਾਲ ਉਨ੍ਹਾਂ ਦੀ ਮੁਲਾਕਾਤ ਕਰਕੇ ਆਈਆਂ, ਐਸ.ਐਸ.ਪੀ. ਪੀ.ਕੇ. ਸ਼ਰਮੇ ਦੀ ਨਜ਼ਰ ਚੜ੍ਹ ਗਈਆਂ। ਉਸੇ ਸ਼ਾਮ ਹੀ ਸ਼ਰਮਾ ਇੰਨ੍ਹਾਂ ਦੇ ਪਿੰਡ ਲਹਿਰਕੇ ਆ ਧਮਕਿਆ। ਇਸ ਲੜਕੀ ਨੂੰ ਫੜ ਕੇ ਥਾਣੇ ਲੈ ਗਏ ਪਹਿਲਾਂ ਤਾਂ ਇਸ 'ਤੇ ਅੰਨ੍ਹਾ ਤਸ਼ੱਦਦ ਢਾਹਿਆ ਗਿਆ। ਉਸ ਮਲੂਕ ਜਿਹੀ ਜਾਨ 'ਤੇ ਥਰਡ ਡਿਗਰੀ ਦੇ ਸਾਰੇ ਤਰੀਕੇ ਅਜਮਾਏ ਗਏ। ਪਟਿਆਂ ਨਾਲ ਮਾਰਿਆ ਗਿਆ, ਪੁੱਠਾ ਲਟਕਾਇਆ ਗਿਆ। ਇਥੋਂ ਤਕ ਉਸਦੇ ਗੁਪਤ ਅੰਗ ਵਿਚ ਲੂਣ ਮਿਰਚਾਂ ਤਕ ਧੂੜ ਦਿੱਤੀਆਂ ਗਈਆਂ, ਪਰ ਇਸ ਬੀਬੀ ਨੇ ਆਪਣੇ ਘਰੇ ਆਉਂਦੇ ਇਕ ਵੀ ਸਿੰਘ ਨੂੰ ਨਾ ਫੜਾਇਆ। ਅਜਿਹਾ ਕਰਨੋਂ ਸਾਫ ਇਨਕਾਰ ਕਰ ਦੇਣ 'ਤੇ ਉਸਨੂੰ ਇਕ ਕਮਰੇ ਵਿਚ ਲੈ ਗਏ ਜਿਥੇ ਉਸਦੀਆਂ ਅੱਖਾਂ 'ਤੇ ਪੱਟੀ ਬੰਨ੍ਹ ਕੇ ਲਗਾਤਾਰ ਸਾਰੀ ਰਾਤ ਸੱਤ-ਅੱਠ ਪੁਲਸੀਏ ਸ਼ਰਮੇਂ ਸਮੇਤ ਇਸਦੀ ਪੱਤ ਲੁੱਟਦੇ ਰਹੇ। ਇਸੇ ਦੌਰਾਨ ਉਹ ਬੇਹੋਸ਼ ਹੋ ਗਈ। ਹੋਸ਼ ਆਉਣ 'ਤੇ ਉਸਨੇ ਦੇਖਿਆ ਕਿ ਉਹ

ਕਮਰੇ ਵਿਚ ਇਕੱਲੀ ਅਲਫ ਨੰਗੀ ਪਈ ਹੈ। ਅੰਤ ਹੰਭ ਹਾਰ ਕੇ ਉਸਨੂੰ ਛੱਡ ਦਿੱਤਾ ਗਿਆ। ਛੱਡਣ ਸਮੇਂ ਕੁੜੀ ਦੀ ਹਾਲਤ ਕਾਫੀ ਮਾੜੀ ਸੀ। ਇਥੋਂ ਤਕ ਕਿ ਉਸ ਤੋਂ ਸਹੀ ਤਰ੍ਹਾਂ ਤੁਰਿਆ ਵੀ ਨਹੀਂ ਸੀ ਜਾ ਰਿਹਾ। ਉਹ ਅੰਦਰੋਂ ਅੰਦਰੀਂ ਬੁਰੀ ਤਰ੍ਹਾਂ ਟੁੱਟ ਚੁੱਕੀ ਸੀ ਅੰਤ ਇਕ ਦਿਨ ਉਸਨੇ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ।

ਸ਼ਰਮੇ ਵਾਂਗ ਹੀ ਕਿਸ਼ਨੂ ਨੇ ਲੋਕਾਈ 'ਤੇ ਅੰਤ ਕਰਨਾ ਕਹਿਰ ਢਾਹੁਣਾ ਸ਼ੁਰੂ ਕਰ ਦਿੱਤਾ। ਆਖਰ ਉਸਦੀ ਅੱਤ ਦੀ ਹੱਦ ਹੋ ਗਈ, ਜਦੋਂ ਉਸਨੇ ਬੱਬਰ ਖਾਲਸਾ ਦੇ ਸੇਵਾਦਾਰ ਭਾਈ ਟਹਿਲ ਸਿੰਘ ਅਤੇ ਭਾਈ ਕੁਲਵੰਤ ਸਿੰਘ ਕੈਸ਼ੀਅਰ ਬੱਬਰ ਦੀਆਂ ਸਿੰਘਣੀਆਂ ਨੂੰ ਫੜ ਲਿਆਂਦਾ। ਦੋਵੇਂ ਬੀਬੀਆਂ ਸਿੰਘਾਂ ਦੇ ਮਫਰੂਰ ਹੋਣ ਕਰਕੇ ਇਕ ਫਾਇਨੈਂਸ ਕੰਪਨੀ ਵਿਚ ਨੌਕਰੀ ਕਰਕੇ ਬੱਚੇ ਪਾਲਦੀਆਂ ਸਨ।

ਇੱਕੀ ਅਗਸਤ ਉੱਨੀ ਸੌ ਉਨਾਨਵੇਂ ਦੀ ਸ਼ਾਮ ਇਕ ਕਾਲੇ ਸ਼ੀਸ਼ਿਆਂ ਵਾਲੀ ਵੈਨ ਫਾਇਨੈਂਸ ਕੰਪਨੀ ਦੇ ਦਫਤਰ ਅੱਗੇ ਆ ਕੇ ਰੁਕੀ। ਵੈਨ ਵਿਚੋਂ ਛੇ ਹਥਿਆਰਬੰਦ ਵਿਅਕਤੀ ਨਿਕਲੇ ਅਤੇ ਬੀਬੀਆਂ ਨੂੰ ਨਾਲ ਚੱਲਣ ਲਈ ਕਿਹਾ।

"...ਕੀ ਪਤਾ ਭਾਊ ਤੁਸੀਂ ਕੌਣ ਜੇ...? ਅਸੀਂ ਇੰਝ ਅਨਜਾਣ ਵਿਅਕਤੀਆਂ ਨਾਲ ਕਿਵੇਂ ਜਾ ਸਕਦੀਆਂ...?" ਬੀਬੀਆਂ ਨੇ ਜਵਾਬ ਦਿੱਤਾ।

"..ਆਹ ਦੇਖੋ ਆਈ ਕਾਰਡ.. ਮੈਂ ਲਖਵਿੰਦਰ ਸਿੰਘ ਲੱਖਾ ਏ.ਐਸ.ਆਈ. ਆਂ... ਹੁਣ ਚੁੱਪ ਕਰਕੇ ਸਾਡੇ ਨਾਲ ਤੁਰ ਪਓ ਨਹੀਂ ਤਾਂ ਆਣ ਪੱਤ ਲਹਾਲੋਗੀਆਂ।" ਏ.ਐਸ.ਆਈ. ਨੇ ਧਮਕੀ ਦਿੰਦਿਆਂ ਉੱਚੀ ਅਵਾਜ਼ ਵਿਚ ਰੌਲਾ ਪਾਇਆ।

"..ਅਸੀਂ ਨ੍ਹੀਂ ਜਾਣਾਂ ਕਿਵੇਂ ਲੈ ਜੋਗੇ...? ਤੁਸਾਂ ਐਡੀਆਂ ਐਡੀਆਂ ਪੱਗਾਂ ਬੱਧੀਆਂ ਸਰਦਾਰਾਂ ਦੇ ਮੁੰਡੇ ਓ ਕੁਝ ਸ਼ਰਮ ਕਰੋ...।" ਬੀਬੀਆਂ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ।

"ਓਇ ਸ਼ੇਰਿਆ... ਸੁੱਟੋ ਚੱਕ ਦੇ ਗੱਡੀ 'ਚ... ਮੁੜ ਲੋਕ ਕੱਠੇ ਹੋਗੇ ਫਿਰ ਔਖਾ ਹੋਜੂ...।" ਏ.ਐਸ.ਆਈ. ਨੇ ਸਿਪਾਹੀਆਂ ਨੂੰ ਆਰਡਰ ਦਿੱਤਾ। ਸਿਪਾਹੀਆਂ ਨੇ ਹੁਕਮ ਦੀ ਤਾਮੀਲ ਕਰਦਿਆਂ ਬੀਬੀਆਂ ਨੂੰ ਜਬਰਦਸਤੀ ਉਨ੍ਹਾਂ ਦੇ ਸਿਰਾਂ ਦੀਆਂ ਕੇਸਕੀਆਂ ਲੁਹਾ ਕੇ ਹੱਥ ਪਿਛੇ ਬੰਨ੍ਹ ਕੇ ਗੱਡੀ ਵਿਚ ਸੁੱਟ ਲਿਆ। ਉਨ੍ਹਾਂ ਦੀਆਂ ਗਾਤਰੇ ਪਾਈਆਂ ਕਿਰਪਾਨਾਂ ਲੁਹਾ ਦਿੱਤੀਆਂ ਗਈਆਂ ਅਤੇ ਗੱਡੀ ਬਟਾਲੇ ਦੇ 'ਬੀਕੋ' ਇੰਨਟੈਰੋਗੇਸ਼ਨ ਸੈਂਟਰ ਵੱਲ ਨੂੰ ਰਵਾਨਾ ਹੋ ਗਈ।

o------o------o

ਕਾਂਡ 22

ਜੇਲ੍ਹ-ਥਾਣੇਂ, ਕਾਲਜ ਹੁੰਦੇ ਦੇਸ਼ ਸੇਵਕਾਂ ਦੇ, ਦਾਖਲ ਹੋਇ ਕੇ ਡਿਗਰੀਆਂ ਪਾਏ ਜਾਂਦੇ.....

ਬੇਸ਼ੱਕ ਸਾਨੂੰ ਭਾਰਤੀ ਮੀਡੀਆ ਅੱਤਵਾਦੀ ਗਰਦਾਨ ਰਿਹਾ ਹੈ, ਪਰ ਸਾਡੀ ਲੜਾਈ ਤਾਂ ਆਪਣੇ ਕੌਮੀ ਘਰ ਦੀ ਪ੍ਰਾਪਤੀ ਲਈ ਹੈ। ਅਸੀਂ ਆਪਣੀ ਮਾਤ-ਭੂਮੀ ਨੂੰ ਭਾਰਤੀ ਨਿਜ਼ਾਮ ਤੋਂ ਅਜ਼ਾਦ ਕਰਵਾਉਣ ਲਈ ਮਰੋ ਮਾਰੋ ਦੀ ਨੀਤੀ ਅਪਣਾਈ ਹੈ। ਜੰਗ ਸਾਡਾ ਸ਼ੌਂਕ ਨਹੀਂ, ਮਜ਼ਬੂਰੀ ਸੀ, ਅਸੀਂ ਦਰਿਆਏ ਘੱਗਰ ਤੋਂ ਲੈ ਕੇ ਚਨਾਬ ਤਕ ਦੀ ਸਿੱਖ ਲੈਂਡ ਦੀ ਦਾਅਵੇਦਾਰੀ ਕਰਕੇ ਹੀ ਲੜ ਰਹੇ ਹਾਂ। ਅਠਾਰਾਂ ਸੌ ਉਨੰਜਾ ਤੋਂ ਪਹਿਲਾਂ ਪੰਜਾਂ ਦਰਿਆਵਾਂ ਦੀ ਧਰਤੀ ਅਤੇ ਸਿੱਖ ਰਿਆਸਤਾਂ ਦੀ ਧਰਤੀ ਖਾਲਸੇ ਦੀ ਮਲਕੀਤ ਹੀ ਤਾਂ ਸੀ। ਫਿਰ ਅਸੀਂ ਅੱਤਵਾਦੀ ਕਿਵੇਂ ਹੋਏ..? ਅਸੀਂ ਤਾਂ ਅੰਗਰੇਜ਼ਾਂ ਦੇ ਜਾਣ ਬਾਅਦ ਹਿੰਦੁਸਤਾਨੀ ਬਾਮ੍ਹਣੀ ਸਾਮਰਾਜ ਵੱਲੋਂ ਮੱਕਾਰੀ ਨਾਲ ਹੱਥਿਆਈ ਆਪਣੀ ਧਰਤੀ ਲਈ ਲੜ ਰਹੇ ਹਾਂ ਤੇ ਸਾਨੂੰ ਆਪਣਾ ਹਸ਼ਰ ਪਤਾ ਹੈ। ਸ਼ਹੀਦ ਗਦਰੀ ਬਾਬੇ ਕਰਤਾਰ ਸਿੰਘ ਸਰਾਭਾ ਕਹੀਆਂ ਗੱਲਾਂ ਸਾਨੂੰ ਬਾਖ਼ੂਬੀ ਯਾਦ ਰਹਿਣਗੀਆਂ:

"ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੀ
ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ
ਗੇੜਨ ਕੋਹਲੂ ਖੂਹ ਤੇ ਪੀਹਣ ਚੱਕੀਆਂ
ਨਖ਼ਰੇ ਨਾਜ਼ ਦੇ ਨਾਲ ਜੋ ਪਲੀਆਂ ਨੀ....।"

ਖਾਲਿਸਤਾਨ ਦੇ ਹਰ ਸਿਪਾਹੀ ਨੂੰ ਭਾਵੇਂ ਉਹ ਕਿੰਨੇ ਵੀ ਸੁੱਖਾਂ ਆਰਾਮਾਂ ਨਾਲ ਕਿਉਂ ਨਾ ਪਲਿਆ ਹੋਵੇ, ਹਰ ਯੋਧੇ ਦੇ ਪਰਿਵਾਰ ਨੂੰ ਵੀ ਇਹ ਪਰਚਾ ਦੇਣਾ ਹੀ ਪੈਣਾ ਸੀ ਕਿਉਂਕਿ ਆਜ਼ਾਦ ਦੇਸ਼ ਦੀ ਪ੍ਰਾਪਤੀ ਲਈ ਕੁਰਬਾਨੀਆਂ ਕਰਨੀਆਂ ਹੀ ਪੈਂਦੀਆਂ ਹਨ ਤੇ ਅੱਜ ਇਹ ਪ੍ਰੀਖਿਆ ਦੀ ਘੜੀ ਭਾਈ ਕੁਲਵੰਤ ਸਿੰਘ ਕੈਸ਼ੀਅਰ ਤੇ ਭਾਈ ਟਹਿਲ ਸਿੰਘ ਬੱਬਰ ਦੀਆਂ ਸਿੰਘਣੀਆਂ 'ਤੇ ਵੀ ਆਣ ਪਈ ਸੀ। ਸਿਆਣਿਆਂ ਨੇ ਕਿਹੈ ਕਿ ਬੰਦੀਖਾਨਾ ਕਾਫ਼ਰ ਦੀ ਗੋਰ ਤੋਂ ਵੀ ਭੈੜਾ ਅਤੇ ਕੁੰਭੀ ਨਰਕ ਤੋਂ ਵੀ ਕਾਲਾ ਹੁੰਦਾ ਹੈ ਅਤੇ ਜੇਕਰ ਉਸਦਾ ਕਰਤਾ ਧਰਤਾ ਕੋਈ ਕਿਸ਼ਨ ਰਾਮ ਵਰਗਾ ਜਮਦੂਤ ਹੋਵੇ ਤਾਂ ਕਿਹੋ ਜਿਹਾ ਵਾਤਾਵਰਣ ਹੋਵੇਗਾ ਤੁਸੀਂ ਖੁਦ ਹੀ ਅੰਦਾਜ਼ਾ ਲਗਾ ਸਕਦੇ ਹੋ...?

ਲੱਖੇ ਏ.ਐਸ.ਆਈ ਦਾ ਬੁੱਚੜ ਟੋਲਾ ਯੋਧਿਆਂ ਦੀਆਂ ਸਿੰਘਣੀਆਂ ਨੂੰ ਬਟਾਲੇ ਵਿਚ ਸਥਿਤ 'ਬੀਕੋ' ਵਿਚ ਲੈ ਕੇ ਪਹੁੰਚ ਗਿਆ। ਬੁੱਚੜਖਾਨੇ ਦੀ ਕੰਧ 'ਤੇ ਲਟਕਦਾ ਕਲਾਕ ਸ਼ਾਮ ਦੇ ਸਵਾ ਸੱਤ ਵਜਾ ਰਿਹਾ ਸੀ। ਬੁੱਚੜਖਾਨੇ ਦੀ ਛੱਤ ਨਾਲ ਇਕ ਨੌਜਵਾਨ ਨੂੰ ਪੁੱਠਾ ਲਟਕਾਇਆ ਹੋਇਆ ਸੀ। ਕਿਸ਼ਨ ਰਾਮ ਵੱਡੀ ਸਾਰੀ ਡਾਂਗ

ਨਾਲ ਉਸਦੀ ਛਿੱਲ ਉਧੇੜਨ ਵਿਚ ਮਸਰੂਫ ਸੀ।

"...ਆ ਹਾ.. ਆਗੇ ਬੱਬਰਾਂ ਦੇ ਮਾਲ...?... ਸਾਲੇ ਤੀਵੀਆਂ ਮੇਮਾਂ ਵਰਗੀਆਂ ਪਤਾ ਨਹੀਂ ਕਿਥੋਂ ਲੈ ਆਉਂਦੇ ਆ ਸਿਰਾਂ 'ਤੇ ਜੂੜੇ ਜਿਹੇ ਕਰਵਾਕੇ ...?" ਉਸ ਨੇ ਬੀਬੀਆਂ ਦੇਖਦੇ ਸਾਰ ਵਾਹਯਾਤਾਂ ਵਾਂਗ ਬਕਵਾਸ ਆਰੰਭ ਦਿੱਤਾ।

ਉਹ ਸਿੱਧਾ ਗੁਰਦੇਵ ਕੌਰ ਵੱਲ ਨੂੰ ਵਧਿਆ ਅਤੇ ਗੁਰਦੇਵ ਕੌਰ ਦੇ ਢਿੱਡ ਵਿਚ ਡੰਡੇ ਦੀਆਂ ਹੁੱਝਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ, ਧੁੰਨੀ ਤੋਂ ਹੇਠਲੇ ਪੇਟ ਦੇ ਹਿੱਸੇ 'ਤੇ ਜ਼ੋਰਦਾਰ ਵਾਰ ਹੋਣ ਕਰਕੇ ਉਹ ਥੱਲੇ ਡਿੱਗ ਪਈ ਅਤੇ ਉਹਦੇ ਗੁਪਤ ਅੰਗ ਵਿਚੋਂ ਖੂਨ ਵਗਣਾ ਸ਼ੁਰੂ ਹੋ ਗਿਆ, ਹੇਠਾ ਡਿੱਗੀ ਹੋਈ ਗੁਰਦੇਵ ਕੌਰ ਦੇ ਢਿੱਡ ਵਿਚ ਲਗਾਤਾਰ ਉਹ ਕੋਈ ਅੱਠ ਨੌ ਮਿੰਟ ਡੰਡੇ ਮਾਰਦਾ ਰਿਹਾ।

"..ਦੱਸ ਤੇਰਾ ਖਸਮ ਕਿਥੇ ਐ...? ਉਹਨੂੰ ਮੈਂ ਪਾਰ ਲਾਉਣੈਂ... ਆਹ ਚੁੱਕ ਆਪਣਾ ਖਾਲਿਸਤਾਨ... ਓਏ ਕੁੱਤੀ ਦਿਆ ਪੁੱਤਾ ਲੱਖਿਆ ਆਹ ਆਵਦੀ ਮਾਂ ਦੇ ਘੋਟਣਾ ਲਾਓ...।" ਕਿਸ਼ਨ ਰਾਮ ਦੇ ਹੁਕਮ ਦੀ ਤਾਮੀਲ ਹੋਈ। ਇਕ ਮੋਟਾ ਸਾਰਾ ਲਕੜੀ ਦਾ ਮੋਛਾ ਬੀਬੀ ਦੀਆਂ ਲੱਤਾਂ 'ਤੇ ਰੱਖ ਕੇ ਉਸਦੇ ਦੋਨੋਂ ਪਾਸੀਂ ਚਾਰ-ਚਾਰ ਭਾਰੀ ਪੁਲਸੀਏ ਉਸ ਉਤੇ ਖੜ੍ਹੇ ਕਰ ਦਿੱਤੇ। ਕਿਸ਼ਨ ਰਾਮ ਆਪ ਬੀਬੀ ਗੁਰਦੇਵ ਕੌਰ ਦੇ ਜੋੜਾਂ ਉਤੇ ਡੰਡੇ ਮਾਰਦਾ ਰਿਹਾ।

ਖੂਨ ਵਗਣ ਕਰਕੇ ਬੀਬੀ ਦੀ ਹਾਲਤ ਬੱਦਤਰ ਹੋ ਰਹੀ ਸੀ, ਪਰ ਕਿਸ਼ਨ ਰਾਮ ਨੇ 'ਕੁਲਵੰਤ ਸਿੰਘ ਕਿਥੇ ਹੈ?' ਦੀ ਰੱਟ ਲਗਾਈ ਹੋਈ ਸੀ। ਗੁਰਮੀਤ ਕੌਰ ਕੋਲੋਂ ਗੁਰਦੇਵ ਕੌਰ ਦੀ ਇਹ ਹਾਲਤ ਦੇਖੀ ਨਾ ਗਈ। ਉਸਨੇ ਮੂੰਹ ਦੂਜੇ ਪਾਸੇ ਕਰ ਲਿਆ।

"...ਲੈ ਦੇਖ ਕੰਜਰੀ ਕਿਵੇਂ ਖੇਖਣ ਕਰਦੀ ਐ...?" ਗੋਬਿੰਦ ਰਾਮ ਨੇ ਹੁਣ ਗੁਰਦੇਵ ਕੌਰ ਨੂੰ ਕੁੱਟਣਾ ਛੱਡ ਕੇ ਗੁਰਮੀਤ ਕੌਰ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ।

"..ਆਹ ਫੜਾਈਂ ਝੜੰਮੇ ਰੱਸੀ..।" ਕਿਸ਼ਨ ਰਾਮ ਨੇ ਇਕ ਕਾਲੇ ਰੰਗ ਦੇ ਪੱਗ ਵਾਲੇ ਸਿਪਾਹੀ ਮੁੰਡੇ ਨੂੰ ਕਚੀਚੀ ਵੱਟਕੇ ਅਵਾਜ਼ ਮਾਰੀ। ਉਸ ਤੋਂ ਰੱਸੀ ਲੈ ਕੇ ਗੁਰਮੀਤ ਕੌਰ ਦੇ ਹੱਥ ਪਿਛਾਂਹ ਬੰਨ੍ਹ ਦਿੱਤੇ ਅਤੇ ਜ਼ੋਰ ਦੀ ਧੱਕਾ ਮਾਰਕੇ ਬੀਬੀ ਨੂੰ ਥੱਲੇ ਸੁੱਟ ਦਿੱਤਾ। ਹੁਣ ਉਸਦੇ ਪੱਟਾਂ 'ਤੇ ਇਕ ਭਾਰਾ ਫੱਟਾ ਰੱਖਕੇ ਚੌਹੀਂ ਪਾਸੀਂ ਚਾਰ ਚਾਰ ਪੁਲਸ ਵਾਲੇ ਚਾੜ੍ਹ ਦਿੱਤੇ ਅਤੇ ਖੁਦ ਗੁਰਮੀਤ ਕੌਰ ਦੀਆਂ ਛਾਤੀਆਂ 'ਤੇ ਬੂਟ ਦੇ ਠੁੱਡੇ ਮਾਰਨ ਲੱਗਾ।

"...ਮੈਂ ਥੋਡੀ ਰੱਜਕੇ ਬੇਇੱਜਤੀ ਕਰੂੰਗਾ.... ਕੀ ਕਰ ਲੈਣਗੇ ਮੈਨੂੰ ਥੋਡੇ ਖਸਮ... ਵੱਡੇ ਬੱਬਰ ਬਣੀ ਫਿਰਦੇ ਆ... ਸਾਲੇ ਦੇਸ਼ ਦੇ ਦੁਸ਼ਮਣ...।" ਉਹ ਨਾਲੋ ਨਾਲ ਅਵਾ ਤਵਾ ਵੀ ਬੋਲੀ ਜਾ ਰਿਹਾ ਸੀ ਅਤੇ ਨਾਲੋਂ ਨਾਲ ਟਹਿਲ ਸਿੰਘ ਅਤੇ ਸੁਖਦੇਵ ਸਿੰਘ ਨੂੰ ਫੜਾਉਣ ਲਈ ਲਾਲਚ ਵੀ ਦੇਣ ਲੱਗਾ।

"...ਦੇਖੋ ਜੇ ਤੁਸੀਂ ਉਨ੍ਹਾਂ ਨੂੰ ਸਮਝਾ ਬੁਝਾ ਕੇ ਪੇਸ਼ ਕਰਵਾ ਦਵੋ ਤਾਂ ਮੈਂ ਉਨ੍ਹਾਂ ਦੀ ਜਾਨ ਵੀ ਬਖਸ਼ਾਦੂੰ ਸਗੋਂ ਪੁਲਿਸ ਵਿਚ ਵੀ ਲਵਾਂਗਾ..।" ਕਿਸ਼ਨ ਰਾਮ ਬੀਬੀਆਂ ਨੂੰ ਧਮਕੀਆਂ ਦੇ ਨਾਲ ਨਾਲ ਲਾਲਚ ਵੀ ਦੇ ਰਿਹਾ ਸੀ।

"..ਸਾਨੂੰ ਉਨ੍ਹਾਂ ਦਾ ਕੁਝ ਨੀਂ ਪਤਾ ਉਹ ਜਦੋਂ ਦੇ ਘਰੋਂ ਗਏ ਆ ਅਸੀਂ ਕਦੇ ਵੀ ਉਨ੍ਹਾਂ ਨੂੰ ਨਹੀਂ ਮਿਲੀਆਂ..। ਅਸੀਂ ਤਾਂ ਨੌਕਰੀਆਂ ਕਰਕੇ ਬੱਚੇ ਪਾਲਦੀਆਂ ਵਾਂ...।" ਦੋਹਾਂ ਬੀਬੀਆਂ ਨੇ ਕੁਰਲਾਹਟ ਪਾਉਂਦਿਆਂ ਦੁਹਾਈ ਦਿੱਤੀ। ਬੀਬੀਆਂ ਦੀਆਂ ਜ਼ਖਮੀ ਚਾਂਗਰਾਂ ਅਸਮਾਨ ਨੂੰ ਟਾਕੀ ਲਗਾ ਰਹੀਆਂ ਸਨ।

ਅਖੌਤੀ ਰਾਮ ਰਾਜ ਦੇ ਪਾਲਤੂ ਕੁੱਤਿਆਂ ਹੱਥੋਂ ਦਰੋਪਦੀ ਅਤੇ ਸੀਤਾ ਦੇ ਦੇਸ਼ ਵਿਚ ਔਰਤ ਜਾਤੀ 'ਤੇ ਹੁੰਦਾ ਤਸ਼ੱਦਦ ਦੇਖ ਕੇ ਅਰਸ਼ਾਂ ਵਿਚ ਬੈਠੀ ਰਾਵਣ ਦੀ ਰੂਹ ਵੀ ਪਾਣੀਓ ਪਾਣੀ ਹੋਈ ਕੰਬੀ ਜਾ ਰਹੀ ਸੀ। ਕੋਈ ਪੰਜਾਂ

ਘੰਟਿਆਂ ਦਾ ਲਗਾਤਾਰ ਤਸ਼ੱਦਦ ਨਾ ਸਹਾਰਦੀਆਂ ਦੋਵੇਂ ਬੀਬੀਆਂ ਹੁਣ ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਬੇਹੋਸ਼ ਹੋ ਜਾਂਦੀਆਂ ਤਾਂ ਉਨ੍ਹਾਂ ਨੂੰ ਪਾਣੀ ਪਿਲਾ ਕੇ ਫਿਰ ਹੋਸ਼ ਵਿਚ ਲਿਆਂਦਾ ਜਾਂਦਾ ਅਤੇ ਫਿਰ ਜਿਊਂਦੇ ਹੀ ਹਲਾਲ ਕਰਨ ਦੀ ਕਾਰਵਾਈ ਸ਼ੁਰੂ ਹੋ ਜਾਂਦੀ ਬੱਸ ਹਲਾਲ ਤੋਂ ਬਾਅਦ ਹਲਾਲ ਕੀਤਾ ਜਾਨਵਰ ਦੁਬਾਰਾ ਨਹੀਂ ਉਠਦਾ ਪਰ ਇਥੇ ਦੋ ਮਲੂਕ ਔਰਤਾਂ ਦੁਬਾਰਾ ਫਿਰ ਹਲਾਲ ਕਰਨ ਹਿੱਤ ਮਰਨ ਕੰਢੇ ਲਿਜਾਕੇ ਵਾਪਸ ਮੋੜ ਲਿਆਂਦੀਆਂ ਜਾਂਦੀਆਂ। ਕਿਸ਼ਨੂੰ ਦੀ ਬੱਸ ਇਕੋ ਰੱਟ ਟਹਿਲ ਸਿੰਘ ਦਿਓ...। ਕੁਲਵੰਤ ਸਿੰਘ ਦਿਓ...ਲਾਈ ਜਾ ਰਿਹਾ ਸੀ।

ਲਗਾਤਾਰ ਤਿੰਨ ਦਿਨ ਤਿੰਨ ਰਾਤਾਂ ਇਹ ਤਸ਼ੱਦਦ ਦਾ ਦੌਰ ਚੱਲਦਾ ਰਿਹਾ। ਇਸੇ ਦੌਰਾਨ ਗੁਰਦੇਵ ਕੌਰ ਦੀ ਹਾਲਤ ਜਦੋਂ ਮਰਨਊ ਹੋ ਗਈ ਤਾਂ ਉਸਨੂੰ ਚੰਡਾਲ ਚੌਕੜੀ ਇਕ ਸਰਕਾਰੀ ਹਸਪਤਾਲ ਵਿਚ ਚੋਰੀ ਛਿਪੇ ਛੱਡ ਆਪ ਦੌੜ ਗਈ। ਗੁਰਮੀਤ ਕੌਰ ਦੀ ਸੱਜੀ ਲੱਤ ਤਸ਼ੱਦਦ ਦੌਰਾਨ ਬਿਲਕੁਲ ਖੜ੍ਹ ਗਈ ਸੀ, ਦੋਹਾਂ ਬੀਬੀਆਂ ਨੂੰ ਕਈ ਦਿਨ ਉਨੀਂਦਰੇ ਵੀ ਰੱਖਿਆ ਗਿਆ। ਕਿਸੇ ਵਿਅਕਤੀ ਨੂੰ ਬਾਹਰੋਂ ਸੱਦ ਕੇ ਲੱਤ ਮਲਵਾਈ ਗਈ। ਗੁਰਮੀਤ ਕੌਰ ਤੋਂ ਤੁਰਿਆ ਨਹੀਂ ਜਾ ਰਿਹਾ ਸੀ ਪਰ ਜਬਰਦਸਤੀ ਤੁਰਾਈ ਰੱਖਿਆ। ਉਧਰ ਗੁਰਦੇਵ ਕੌਰ ਨੂੰ ਅੱਧ ਮਰੀ ਹਾਲਤ ਵਿਚ ਇਕ ਰਹਿਮ ਦਿਲ ਲੇਡੀ ਡਾਕਟਰ ਨੇ ਸਾਂਭਿਆ ਅਤੇ ਘਰਦਿਆਂ ਨੂੰ ਖ਼ਬਰ ਭੇਜੀ।

ਗੱਲ ਪੱਤਰਕਾਰਾਂ ਤਕ ਪਹੁੰਚਣ ਕਰਕੇ ਪ੍ਰੈਸ ਵਿਚ ਨਸ਼ਰ ਹੋ ਗਈ। ਸਾਰੀਆਂ ਸਿਆਸੀ, ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਨੇ ਇਸ ਗੰਦੀ ਕਾਰਵਾਈ ਦੀ ਸਖ਼ਤ ਨਿੰਦਿਆ ਕੀਤੀ। ਆਖਰਕਾਰ ਜਦ ਗੁਰਮੀਤ ਕੌਰ ਕਿਸੇ ਸਿੰਘ ਨੂੰ ਫੜਵਾਉਣਾ ਨਾ ਮੰਨੀ ਤਾਂ ਉਸ ਨੂੰ ਗੱਡੀ ਵਿਚ ਸੁੱਟ ਕੇ ਬਾਹਰ ਲਿਜਾ ਕੇ ਮਾਰ ਦੇਣ ਦੀਆਂ ਧਮਕੀਆਂ ਦਿੰਦੇ ਰਹੇ। ਜਦ ਤਕ ਪ੍ਰੈਸ ਵਿਚ ਗੱਲ ਫੈਲ ਚੁੱਕੀ ਹੋਣ ਕਰਕੇ ਗੁਰਮੀਤ ਕੌਰ 'ਤੇ ਝੂਠਾ ਕੇਸ ਬਣਾ ਕੇ ਉਸਨੂੰ ਜੇਲ੍ਹ ਭੇਜ ਦਿੱਤਾ ਗਿਆ। ਬੀਬੀ ਗੁਰਦੇਵ ਕੌਰ ਸਿਰ ਤੋੜ ਇਲਾਜ ਹੋਣ ਕਰਕੇ ਮਰਨੋਂ ਤਾਂ ਬਚ ਗਈ ਪਰ ਉਮਰ ਭਰ ਦੀ ਰੋਗਣ ਹੋ ਗਈ। ਅਜਿਹੀਆਂ ਹੋਰ ਘਟਨਾਵਾਂ ਵੀ ਸਾਰੇ ਪੰਜਾਬ ਵਿਚ ਸਾਰੀਆਂ ਖਾੜਕੂ ਜਥੇਬੰਦੀਆਂ ਦੇ ਸਿੰਘਾਂ ਦੇ ਪਰਿਵਾਰਾਂ ਨਾਲ ਵਾਪਰ ਰਹੀਆਂ ਸਨ। ਭਾਈ ਸੁਖਦੇਵ ਸਿੰਘ ਬੱਬਰ ਦੇ ਭਰਾ ਭਾਈ ਰਸਾਲ ਸਿੰਘ ਦੇ ਲੜਕੇ ਨੂੰ ਪੁਲਿਸ ਵੱਲੋਂ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ।

ਰੋਪੜ ਜ਼ਿਲ੍ਹੇ ਵਿਚ ਭਾਈ ਦੀਦਾਰ ਸਿੰਘ ਦਾਰੀ ਬੱਬਰ ਜੋ ਕਿ ਹਵਾਰਾਂ ਕਲਾਂ ਪਿੰਡ ਦਾ ਰਹਿਣ ਵਾਲਾ ਸੀ ਨੂੰ ਇਕੱਲਿਆਂ ਇਕ ਕੱਚੇ ਰਸਤੇ 'ਤੇ ਤੁਰੇ ਜਾਂਦਿਆਂ ਜਦੋਂ ਪੁਲਿਸ ਨੇ ਘੇਰਨਾ ਚਾਹਿਆ ਤਾਂ ਉਹ ਕੋਲ ਖੜ੍ਹੇ ਇਕ ਵੱਡੇ ਸਾਰੇ ਕਮਾਦ ਦੇ ਖੇਤ ਵਿਚ ਵੜ ਗਿਆ ਤਾਂ ਉਥੇ ਮੁਕਾਬਲਾ ਸ਼ੁਰੂ ਹੋ ਗਿਆ। ਦੀਦਾਰ ਸਿੰਘ ਕੋਲ ਐਮੂਨੀਸ਼ਨ ਕਾਫੀ ਮਾਤਰਾ ਵਿਚ ਹੋਣ ਕਰਕੇ ਮੁਕਾਬਲਾ ਅਠਤਾਲੀ ਘੰਟੇ ਲੰਮਾ ਹੋ ਗਿਆ, ਜਿਸ ਵਿਚ ਪੁਲਿਸ ਦੇ ਦੋ ਇੰਸਪੈਕਟਰਾਂ ਸਮੇਤ ਕਈ ਹੋਰ ਪੁਲਿਸ ਕਰਮਚਾਰੀ ਰਗੜੇ ਗਏ। ਅਠਤਾਲੀ ਘੰਟਿਆਂ ਦੀ ਸਖ਼ਤ ਜੱਦੋ ਜਹਿਦ ਬਾਅਦ ਬੁਲਟ ਪਰੂਫ ਟਰੈਕਟਰਾਂ ਦੀ ਮਦਦ ਨਾਲ ਭਾਈ ਦੀਦਾਰ ਸਿੰਘ ਬੱਬਰ ਦਾ ਸ਼ਿਕਾਰ ਕਰਨ ਵਿਚ ਸਫਲ ਹੋਈ ਗਿੱਦੜਾਂ ਦੀ ਟੋਲੀ ਪੁਲਿਸ ਮੁਖੀ ਉਮੇਧ ਸੈਣੀ ਦੀ ਅਗਵਾਈ ਵਿਚ ਪਿੰਡ ਹਵਾਰੇ ਆ ਧਮਕੀ ਅਤੇ ਭਾਈ ਦੀਦਾਰ ਸਿੰਘ ਸਿੰਘ ਦੇ ਖੇਤੀਬਾੜੀ ਕਰਦੇ ਸਿੱਧੇ ਸਾਧੇ ਸਾਧਾਂ ਵਰਗੇ ਅੰਮ੍ਰਿਤਧਾਰੀ ਭਰਾ ਨੂੰ ਫੜ ਕੇ ਲੈ ਗਈ। ਉਸ ਨੂੰ ਸੂਰਮੇ ਭਰਾ ਦੀ ਲਾਸ਼ ਕੋਲ ਕੁੱਟਦੇ ਮਾਰਦਿਆਂ ਲਿਜਾ ਖੜ੍ਹਾ ਕੀਤਾ ਤਾਂ ਹੀਰੇ ਵਰਗੇ ਭਰਾ ਦੀ ਲਾਸ਼ ਦੇਖਦੇ ਸਾਰ ਉਸਦੀਆਂ ਡਾਡਾਂ ਨਿਕਲ ਗਈਆਂ।

"..ਹਾਏ ਉਏ ਸੋਹਣਿਆ ਵੀਰਾ... ਉਇ ਤੇਰੀ ਆਈ ਮੈਂ ਮਰ ਜਾਂਦਾ ਉਏ ਭਰਾਵਾ... ਉਏ ਤੇਰੇ ਨਿੱਕੇ ਨਿੱਕੇ ਬਚੜਿਆਂ ਨੂੰ ਮੈਂ ਪਾਪਾ ਕਿੱਥੋਂ ਲਿਆ ਕੇ ਦਊਂ ਉਇ... ਉਇ ਤੇਰੀ ਨਿਆਣੀ ਜਿਹੀ ਘਰਦੀ ਪਹਾੜ ਜਿੱਡੀ ਜ਼ਿੰਦਗੀ ਕਿਵੇਂ ਕੱਢੂ ਉਇ...?" ਵੱਡਾ ਭਰਾ ਛੋਟੇ ਦੀ ਲਾਸ਼ ਉਤੇ ਧਾ ਕੇ ਡਿੱਗ ਪਿਆ ਤਾਂ ਪੁਲਸੀਆਂ ਨੇ ਉਸ ਨੂੰ ਧਰੂਹ ਕੇ ਪਰਾਂ ਲਿਜਾ ਸੁੱਟਿਆ ਅਤੇ ਕੁੱਟ-ਕੁੱਟ ਕੇ ਕਮਲਾ ਕਰ ਦਿੱਤਾ। ਉਹ ਸੁੰਨ-ਮਸੁੰਨਾ ਹੋਇਆ ਅਜੇ ਵੀ ਹਵਾਰੇ ਦੀਆਂ ਗਲੀਆਂ ਵਿਚ ਘੁੰਮਦਾ ਫਿਰਦਾ ਹੈ।

ਇਸੇ ਤਰ੍ਹਾਂ ਬਠਿੰਡਾ ਜ਼ਿਲੇ ਦੇ ਪਿੰਡ ਗੰਗਾ ਵਿਚ ਦੇ ਵਸਨੀਕ ਬੱਬਰ ਖਾਲਸਾ ਦੇ ਮਾਲਵਾ ਜ਼ੋਨ ਦੇ ਮੁਖੀ ਚੜ੍ਹਦੀ ਕਲਾ ਵਾਲੇ ਯੋਧੇ ਬਲਵਿੰਦਰ ਸਿੰਘ ਗੰਗਾ ਦੇ ਪਿਤਾ ਸਰਦਾਰ ਚੰਨਣ ਸਿੰਘ ਨੂੰ ਰਾਤੀਂ ਸੁੱਤੇ ਪਏ ਨੂੰ ਘਰ ਵਿਚ ਹੀ ਪੁਲਿਸ ਵਲੋਂ ਗੋਲੀਆਂ ਨਾਲ ਭੁੰਨ ਸੁੱਟਿਆ ਗਿਆ।

ਦਸਮੇਸ਼ ਰੈਜਮੈਂਟ ਦੇ ਮੁਖੀ ਸੀਤਲ ਸਿੰਘ ਮੱਤੇਵਾਲ ਨਾਲ ਵੀ ਅੰਮ੍ਰਿਤਸਰ ਜ਼ਿਲ੍ਹੇ ਦੀ ਪੁਲਿਸ ਤੇ ਸੀ.ਆਰ.ਪੀ. ਦਾ ਲੰਮਾ ਮੁਕਾਬਲਾ ਹੋਣ ਮਗਰੋਂ ਹੋਏ ਅੰਤਾਂ ਦੇ ਨੁਕਸਾਨ ਤੋਂ ਚਿੜ ਕੇ ਪੁਲਿਸ ਵਲੋਂ ਉਸਦੀ ਪਤਨੀ, ਦੋ ਭਰਾਵਾਂ ਤੇ ਉਨ੍ਹਾਂ ਦੀ ਪਤਨੀਆਂ ਨੂੰ ਅਗਵਾ ਕਰਕੇ ਖਪਾ ਦਿੱਤਾ ਗਿਆ।

ਬੀ.ਟੀ.ਐਫ. ਦੇ ਮੁਖੀ ਚੜ੍ਹਦੀ ਕਲਾ ਵਾਲੇ ਸੂਰਮੇ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੇ ਭਰਾਵਾਂ ਅਤੇ ਪਿਤਾ ਨੂੰ ਕਤਲ ਕਰ ਦਿੱਤਾ ਗਿਆ।

ਕਮਾਂਡੋ ਫੋਰਸ ਦੇ ਚੀਫ ਭਾਈ ਪਰਮਜੀਤ ਸਿੰਘ ਦੀ ਮਾਤਾ ਨੂੰ ਅਗਵਾ ਕਰਕੇ ਕਤਲ ਕਰ ਦਿੱਤਾ ਗਿਆ।

ਰੋਪੜ ਜ਼ਿਲ੍ਹੇ ਦੇ ਬੱਬਰ ਭਾਈ ਬਲਵਿੰਦਰ ਸਿੰਘ ਜਟਾਣਾ ਦੇ ਭੋਗ ਉਤੇ ਲੱਖਾਂ ਲੋਕਾਂ ਦਾ ਇਕੱਠ ਹੋਇਆ ਜਿਸ ਕਰਕੇ ਉਮੇਧ ਮੈਣੀ ਚਿੜ ਗਿਆ ਅਤੇ ਭੋਗ ਤੋਂ ਦੂਜੇ ਦਿਨ ਭਾਈ ਬਲਵਿੰਦਰ ਸਿੰਘ ਜਟਾਣਾ ਦੇ ਪਰਿਵਾਰ ਦੇ ਅੱਠ ਮੈਂਬਰ ਰਾਤ ਨੂੰ ਅੱਗ ਲਗਾ ਕੇ ਜਿਉਂਦੇ ਹੀ ਸਾੜ ਦਿੱਤੇ ਗਏ। ਜਿਨ੍ਹਾਂ ਵਿਚ ਉਸਦੀ ਚਾਰ ਸਾਲ ਦੀ ਭਾਣਜੀ ਅਤੇ ਨੱਬੇ ਸਾਲਾਂ ਦੀ ਬਜ਼ੁਰਗ ਦਾਦੀ ਵੀ ਸ਼ਾਮਲ ਸਨ। ਬੇਸ਼ੱਕ ਸਰਕਾਰੀ ਤਸ਼ੱਦਦ ਤੇ ਪੰਜਾਬ ਦੀ ਧਰਤੀ ਛਾਪਾ ਮਾਰ ਜੰਗ ਦੇ ਅਨੁਕੂਲ ਨਾ ਹੋਣ ਕਰਕੇ ਸਿੰਘਾਂ ਨੂੰ ਕਾਫੀ ਨੁਕਸਾਨ ਸਹਿਣਾ ਪਿਆ ਪੈ ਰਿਹਾ ਸੀ ਪਰ ਫਿਰ ਵੀ ਲੱਗਦੇ ਹੱਥ ਦੁਸ਼ਟਾਂ ਦੀ ਪਾਈ ਭਾਜੀ ਮੋੜਣ ਵਿਚ ਢਿੱਲ ਨਹੀਂ ਵਰਤਦੇ ਸਨ ਇਸ ਕਰਕੇ ਮੋੜਵੀਂ ਕਾਰਵਾਈ ਵਿਚ ਉਮੇਧ ਮੈਣੀ 'ਤੇ ਦੋ ਬੰਬ ਧਮਾਕੇ ਚੰਡੀਗੜ੍ਹ ਵਿਚ ਕੀਤੇ ਗਏ ਪਰ ਉਹ ਕਰਮਾਂ ਦੀ ਬਲੀ ਹੋਣ ਕਰਕੇ ਬਚਦਾ ਰਿਹਾ।

ਜਥੇਬੰਦੀ ਦੇ ਦੁਆਬਾ ਇਲਾਕੇ ਦੇ ਚੀਫ ਭਾਈ ਹਮਿੰਦਰਵੀਰ ਸਿੰਘ ਟੈਣੀ ਫਤਿਹਗੜ੍ਹ ਸਾਹਿਬ ਕੰਪਨੀ ਦੀ ਇਕ ਬੱਸ ਵਿਚ ਹੋਲੇ-ਮੁਹੱਲੇ 'ਤੇ ਅਨੰਦਪੁਰ ਸਾਹਿਬ ਨੂੰ ਆਪਣੀ ਸਿੰਘਣੀ ਸਮੇਤ ਜਾ ਰਿਹਾ ਸੀ ਤਾਂ ਖੰਨੇ ਕੋਲ ਕਿਸੇ ਸੂਹੀਏ ਦੀ ਗੱਦਾਰੀ ਕਰਕੇ ਬੱਸ ਨੂੰ ਰੋਕ ਲਿਆ ਗਿਆ। ਇਕ ਏ.ਐਸ.ਆਈ. ਨੇ ਬੱਸ ਵਿਚ ਬੈਠੇ ਟੈਣੀ ਨੂੰ ਜਦੋਂ ਗੁੱਟ ਤੋਂ ਫੜਿਆ ਤਾਂ ਉਸਦੇ ਨਾਲ ਬੈਠੀ ਟੈਣੀ ਦੀ ਸਿੰਘਣੀ ਬੀਬੀ ਮਨਜੀਤ ਕੌਰ ਜੋ ਕਿ ਖੁੱਦ ਵੀ ਬੱਬਰ ਜਥੇ ਦੀ ਮੈਂਬਰ ਸੀ, ਨੇ ਆਪਣੇ ਪਰਸ ਵਿਚੋਂ ਵੈਬਲੇ ਸਕਾਟ ਦਾ ਨਾਗ ਦਾ ਬੱਚਾ ਕੱਢ ਕੇ ਤਿੰਨ ਫਾਇਰ ਉਪਰੋਂ ਥਲੀ ਇਕੱਠੇ ਹੀ ਕਰਕੇ ਏ.ਐਸ.ਆਈ. ਦੀ ਖੋਪੜੀ ਉਡਾ ਦਿੱਤੀ। ਟੈਣੀ ਨੇ ਬੱਸ ਵਿਚ ਆਮ ਲੋਕਾਂ ਦਾ ਨੁਕਸਾਨ ਨਾ ਕਰਵਾਉਣ ਦੀ ਨੀਤੀ ਕਰਕੇ ਮੁਕਾਬਲਾ ਨਾ ਕੀਤਾ ਸਗੋਂ ਸਾਇਆਨਾਈਡ ਖਾ ਕੇ ਦਮ ਤੋੜ ਗਿਆ, ਜਦਕਿ ਡਰੰਮ ਮੈਗਜ਼ੀਨ ਵਾਲੀ ਭਰੀ ਹੋਈ ਅਸਾਲਟ ਉਸਦੇ ਬੈਗ ਵਿਚ ਪਈ ਸੀ। ਟੈਣੀ ਦੀ ਸ਼ਹਾਦਤ ਤੋਂ ਜਦੋ ਬਾਅਦ ਬੀਬੀ ਨੇ ਬਾਕੀ ਤਿੰਨ ਗੋਲੀਆਂ ਆਵਦੇ ਮਾਰ ਲਈਆਂ ਅਤੇ ਇੰਝ ਇਹ ਜੋੜੀ ਜਾਮ-ਏ-ਸ਼ਹਾਦਤ ਪੀ ਗਈ। ਟੈਣੀ ਦੀ ਸ਼ਹਾਦਤ ਤੋਂ ਬਾਅਦ ਉਸ ਦੇ ਪਿਤਾ ਮਾਸਟਰ ਅਮਰੀਕ ਸਿੰਘ 'ਤੇ ਪੁਲਿਸ ਵੱਲੋਂ ਕਾਤਲਾਨਾ ਹਮਲਾ ਕੀਤਾ ਗਿਆ ਪਰ ਉਹ ਸਖ਼ਤ ਜ਼ਖਮੀ ਹੋਣ ਦੇ ਬਾਵਜੂਦ ਕੁਦਰਤੀ ਬਚ ਗਏ।

ਖਾੜਕੂ ਸਿੰਘਾਂ ਦੇ ਪਰਿਵਾਰਾਂ ਤੋਂ ਬਿਨਾਂ ਸਿੰਘਾਂ ਦੀਆਂ ਠਾਹਰਾਂ ਦਾ ਵੀ ਅਤਿ ਮਾੜਾ ਹਸ਼ਰ ਕੀਤਾ ਗਿਆ। ਮਖੂ ਕੋਲ ਪਿੰਡ ਕਿਲੀ ਬੋਦਲਾਂ ਵਿਚ ਇਕ ਮਾਸਟਰ ਦੀ ਖੇਤਾਂ ਵਿਚਲੀ ਬਹਿਕ 'ਤੇ ਭਾਈ ਹੀਰਾ ਸਿੰਘ ਬੱਬਰ ਅਤੇ ਭਾਈ ਰੇਸ਼ਮ ਸਿੰਘ ਬੱਬਰ ਦੀ ਠਾਹਰ ਸੀ। ਇਨ੍ਹਾਂ ਦਾ ਸਾਰਾ ਜਥਾ ਇਕ ਦਿਨ ਦੁਪਹਿਰੇ ਪ੍ਰਸ਼ਾਦਾ ਛਕ ਰਿਹਾ ਸੀ ਤਾਂ ਕਿਸੇ ਮੁਖਬਰ ਦੀ ਸੂਹ 'ਤੇ ਘਰ ਨੂੰ ਫਿਰੋਜ਼ਪੁਰ ਜ਼ਿਲ੍ਹੇ ਦੀ ਪੁਲਿਸ ਨੇ ਘੇਰ ਲਿਆ। ਸਿੰਘਾਂ ਨੇ ਘਰ ਵਿਚ ਰਹਿ ਕੇ ਮੁਕਾਬਲਾ ਕਰਨ ਨੂੰ ਤਰਜੀਹ ਨਾ ਦਿੱਤੀ ਕਿਉਂਕਿ ਘਰੇ ਬੀਬੀਆਂ ਅਤੇ ਬੱਚਿਆਂ ਦਾ ਨੁਕਸਾਨ ਹੋਣ ਦਾ ਖਦਸ਼ਾ ਸੀ। ਸਿੰਘ ਕੰਧਾ ਟੱਪ ਕੇ ਖੇਤਾਂ ਵੱਲ ਨੂੰ ਹੋ ਤੁਰੇ ਤਾਂ ਪੁਲਿਸ ਪਾਰਟੀ ਨੇ ਫਾਇਰ ਖੋਲ੍ਹ ਦਿੱਤਾ।

ਜਿਸ ਤੋਂ ਬਾਅਦ ਹੋਏ ਮੁਕਾਬਲੇ ਵਿਚ ਤਿੰਨ ਪੁਲਿਸ ਕਰਮਚਾਰੀ ਅਤੇ ਦੋ ਸਿੰਘ ਸ਼ਹੀਦ ਹੋ ਗਏ ਭਾਈ ਰੇਸ਼ਮ ਸਿੰਘ ਬੱਬਰ ਵਰਿਆਮ ਇਨ੍ਹਾਂ ਵਿਚ ਹੀ ਸੀ ਪਰ ਭਾਈ ਹੀਰਾ ਸਿੰਘ ਤੇ ਉਹਦੇ ਦੋ ਹੋਰ ਸਾਥੀ ਨਿਕਲਣ ਵਿਚ ਸਫਲ ਹੋ ਗਏ। ਇਕ ਵਾਰ ਤਾਂ ਸਾਰੀ ਪੁਲਿਸ ਸਿੰਘਾਂ ਅਤੇ ਪੁਲਸੀਆਂ ਦੀ ਲਾਸ਼ਾਂ ਲੈ ਕੇ ਚਲੀ ਗਈ ਪਰ ਉਸੇ ਸ਼ਾਮ ਸੂਰਜ ਖੜ੍ਹੇ ਹੀ ਪੁਲਿਸ ਦੀ ਇਕ ਧਾੜ ਨੇ ਘਰ ਨੂੰ ਦੁਬਾਰਾ ਘੇਰ ਲਿਆ। ਹੁਣ ਘਰ ਵਿਚ ਕੋਈ ਵੀ ਖਾੜਕੂ ਸਿੰਘ ਨਹੀਂ ਸੀ ਪਰ ਘਰ ਦੀ ਛੱਤ 'ਤੇ ਗਰਨੇਡ ਸੁੱਟ ਕੇ ਵਿਚ ਮਘੋਰੇ ਕਰ ਦਿੱਤੇ ਗਏ। ਘਰ ਦੇ ਸਾਰੇ ਮੈਂਬਰਾਂ ਨੂੰ ਔਰਤਾਂ ਤੇ ਬੱਚਿਆਂ ਸਮੇਤ ਵਿਹੜੇ ਵਿਚ ਖੜ੍ਹੀ ਧਰੇਕ ਨਾਲ ਨੂੜ ਲਿਆ ਗਿਆ ਪੁਲਸੀਆਂ ਨੇ ਉਨ੍ਹਾਂ 'ਤੇ ਅੰਨ੍ਹੇਵਾਹ ਡਾਂਗਾਂ ਵਾਹੁਣੀਆਂ ਸ਼ੁਰੂ ਕਰ ਦਿੱਤੀਆਂ। ਔਰਤਾਂ, ਬੱਚਿਆਂ ਤੇ ਹੋਰ ਪਰਿਵਾਰਕ ਮੈਂਬਰਾਂ ਦੀਆਂ ਕੁਰਲਾਹਟਾਂ ਸੁਣ ਕੇ ਲੋਕਾਂ ਨੇ ਡਰਦੇ ਮਾਰੇ ਦਰਵਾਜ਼ੇ ਬੰਦ ਕਰ ਲਏ। ਸੂਰਜ ਸ਼ਰਮ ਦਾ ਮਾਰਾ ਸਮੇਂ ਤੋਂ ਪਹਿਲਾਂ ਹੀ ਛੁਪ ਗਿਆ ਬੱਸ ਜਿਨ੍ਹਾਂ ਦੀ ਸ਼ਰਮ ਪ੍ਰਮਾਤਮਾ ਦੇ ਡਰ ਜਾਂ ਮਨੁੱਖਤਾ ਦਾ ਰਾਈ ਮਾਤਰ ਵੀ ਖਿਆਲ ਨਹੀਂ ਸੀ ਉਹ ਸਨ 'ਰਾਮ ਰਾਜ ਦੇ ਰਾਖੇ' ਕਸਾਈ ਪੁਲਸੀਏ। ਘਰੇ ਖੜ੍ਹੇ ਟਰੈਕਟਰ ਵਿਚੋਂ ਡੀਜ਼ਲ ਕੱਢਕੇ ਵਿਹੜੇ ਵਿਚਲੇ ਚੁੱਲ੍ਹੇ ਉਤੇ ਪਤੀਲੇ ਵਿਚ ਪਾ ਕੇ ਗਰਮ ਕਰ ਲਿਆ ਗਿਆ ਅਤੇ ਔਰਤਾਂ ਮਰਦਾਂ ਤੇ ਬੱਚਿਆਂ ਦੇ ਤਨਾਂ ਦੇ ਕੱਪੜੇ ਪਾੜ ਦਿੱਤੇ ਗਏ। ਘਰ ਦੇ ਰਸੋਈ ਘਰ ਵਿਚੋਂ ਕੱਦੂਕਸ ਚੁੱਕ ਕੇ ਸਾਰੇ ਪਰਿਵਾਰਕ ਮੈਂਬਰਾਂ ਦੀ ਚਮੜੀ ਛਿੱਲ ਦਿੱਤੀ ਗਈ। ਜਦੋਂ ਚੁੱਲ੍ਹੇ ਉਤੇ ਧਰਿਆ ਡੀਜ਼ਲ ਉਬਲਣ ਲੱਗ ਪਿਆ ਤਾਂ ਕਸਾਈਆਂ ਨੇ ਕੁੰਡੀਆਂ ਵਾਲੇ ਲੀਟਰਾਂ (ਦੁੱਧ ਮਾਪਕਾਂ) ਅਤੇ ਜੱਗਾਂ ਨਾਲ ਭਰਕੇ ਤੱਤਾ-ਤੱਤਾ ਡੀਜ਼ਲ ਪਰਿਵਾਰਕ ਮੈਂਬਰਾਂ ਦੀਆਂ ਛਿੱਲੀਆਂ ਹੋਈਆਂ ਦੇਹਾਂ 'ਤੇ ਪਾਉਣਾ ਸ਼ੁਰੂ ਕਰ ਦਿੱਤਾ। ਬਜ਼ੁਰਗਾਂ, ਔਰਤਾਂ ਅਤੇ ਬੱਚਿਆਂ ਦੀਆਂ ਚੀਕਾਂ ਨੇ ਧਰਤੀ ਅਸਮਾਨ ਹਿਲਾ ਦਿੱਤਾ। ਪਰ ਪੱਥਰ ਦਿਲ ਬੁੱਚੜਾਂ ਦੇ ਮਨਾਂ 'ਤੇ ਮਸੂਮਾਂ ਦੀਆਂ ਚਾਗਾਂ ਫਰਿਆਦਾਂ ਦਾ ਕੋਈ ਅਸਰ ਨਾ ਹੋਇਆ ਅਤੇ ਉਹ ਵਹਿਸ਼ੀ ਹਾਸਾ ਹੱਸਦੇ ਰਹੇ। ਕੋਈ ਚਾਰ ਘੰਟੇ ਦੇ ਨੰਗੇ ਦਹਿਸ਼ਤੀ ਤਾਂਡਵ ਨਾਚ ਦਾ ਅੰਤ ਉਦੋਂ ਹੋਇਆ, ਜਦੋਂ ਸਾਰੇ ਮੈਂਬਰਾਂ ਦੇ ਨੰਗੇ ਜ਼ਖਮੀ ਪਿੰਡੇ ਬੁਰੀ ਤਰ੍ਹਾਂ ਸੜ ਗਏ। ਉਨ੍ਹਾਂ ਦੇ ਬੇਹੋਸ਼ ਹੋ ਜਾਣ 'ਤੇ ਸਾਰਿਆਂ ਨੂੰ ਗੋਲੀ ਮਾਰ ਦਿੱਤੀ ਗਈ। ਸਾਰੇ ਪਰਿਵਾਰ ਵਿਚੋਂ ਪਰਿਵਾਰ ਦਾ ਮੁਖੀ ਜੋ ਕਿ ਸ਼ਹਿਰ ਨੂੰ ਗਿਆ ਹੋਇਆ ਸੀ ਅਤੇ ਨਿੱਕੀ ਜਿਹੀ ਬੱਚੀ ਜੋ ਕਿ ਹਫੜਾ ਦਫੜੀ ਵਿਚ ਫੂਲਾਂ ਵਿਚ ਲੁੱਕ ਗਈ ਸੀ। ਇਹ ਦੋ ਮੈਂਬਰ ਹੀ ਬਚ ਸਕੇ। ਗੁਰੂ ਬਾਬੇ ਨੇ ਬ੍ਰਾਮ੍ਹਣੀ ਵਿਚਾਰਧਾਰਾ ਅਤੇ ਉਸਦੇ ਹੱਥ ਠੋਕਿਆਂ ਦੀ ਲੋਕ ਘਾਤਕ ਬਿਰਤੀ ਬਾਬਤ ਸੱਚ ਹੀ ਲਿਖਿਆ ਸੀ:

"ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ॥

ਆਪਸ ਕਉ ਮੁਨਿਵਰ ਕਰ ਥਾਪਹੁ ਕਾ ਕਉ ਕਹਹੁ ਕਸਾਈ ॥"

o-----o-----o

ਕਾਂਡ 23

ਅਨ ਕਾਏ ਰਾਤੜਿਆ ਵਾਟ ਦੁਹੇਲੀ ਰਾਮ ॥
ਪਾਪ ਕਮਾਵਦਿਆ ਤੇਰਾ ਕੋਇ ਨਾ ਬੇਲੀ ਰਾਮ ॥

ਪੰਜਾਬ ਦੇ ਸਾਰਿਆਂ ਜ਼ਿਲ੍ਹਿਆਂ ਅੰਦਰ ਜ਼ਾਲਮਾਂ ਦਾ ਜ਼ੁਲਮ ਬਦ-ਦਸਤੂਰ ਜਾਰੀ ਸੀ। ਆਮ ਲੋਕਾਈ ਵਿਚ ਹਾਹਾਕਾਰ ਮੱਚੀ ਪਈ ਸੀ। ਵੱਖੋ-ਵੱਖੋ ਥਾਵਾਂ 'ਤੇ ਯੋਧਿਆਂ ਵਲੋਂ ਵੀ ਪਾਈ ਭਾਜੀ ਨੂੰ ਮੋੜਿਆ ਜਾ ਰਿਹਾ ਸੀ। ਮਾਲਵਾ ਜ਼ੋਨ ਵਿਚ ਭਾਈ ਬਲਵਿੰਦਰ ਸਿੰਘ ਗੰਗਾ ਦੇ ਪਿਤਾ ਦੇ ਕਾਤਲਾਂ ਨੂੰ ਸਿੰਘਾਂ ਨੇ ਗੱਡੀ ਚਾੜ੍ਹ ਦਿੱਤਾ। ਇਧਰ ਮਾਝਾ ਜ਼ੋਨ ਵਿਚ ਕਿਸ਼ਨ ਰਾਮ ਸਿੰਘਾਂ ਦੀਆਂ ਨਜ਼ਰਾਂ ਵਿਚ ਕੋੜਕੂ ਵਾਂਗ ਰੜਕ ਰਿਹਾ ਸੀ।

ਡਾ. ਸੋਹਣ ਸਿੰਘ ਦੀ ਅਗਵਾਈ ਹੇਠਲੀਆਂ ਪੰਜੇ ਖ਼ਾਲਿਸਤਾਨ ਜਥੇਬੰਦੀਆਂ ਦੀ ਇਸੇ ਵਿਸ਼ੇ 'ਤੇ ਇਕ ਮੀਟਿੰਗ ਬਟਾਲਾ ਖੇਤਰ ਦੇ ਗੁਪਤ ਗੜ੍ਹ ਵਿਚ ਬੁਲਾਈ ਗਈ। ਸਾਰੇ ਸਿੰਘ ਕਿਸ਼ਨੂ ਦੇ ਜ਼ੁਲਮਾਂ ਕਰਕੇ ਰੋਹ ਵਿਚ ਆਏ ਹੋਏ ਸਨ। ਆਖਰਕਾਰ ਬਟਾਲਾ ਖੇਤਰ ਵਿਚ ਸਰਗਰਮ ਕੇ.ਐਲ.ਐਫ. ਦੇ ਭਾਈ ਜੁਗਰਾਜ ਸਿੰਘ ਤੂਫਾਨ ਗਰੁਪ ਨੇ ਪਾਪੀ ਨੂੰ ਸੋਧਣ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ।

"ਇਹ ਸਾਲਾ ਬੁੱਚੜ... ਮੀਰ ਮੰਨੂੰ ਦੀ ਉਲਾਦ ਪੱਚੀ ਫੁੱਟ ਉੱਚਾ ਉੱਡੂ ਪੱਚੀ ਫੁੱਟ....।" ਲਿਬਰੇਸ਼ਨ ਫੋਰਸ ਦਾ ਜੁਗਰਾਜ ਸਿੰਘ ਤੂਫਾਨ ਲਲਕਾਰ ਉਠਿਆ।

"..ਪਰ ਬਾਬਿਓ! ਸਾਡੇ ਕੋਲ ਆਟਾ ਥੋੜ੍ਹਾ ਜਿਹਾ ਘੱਟ ਐ, ਜੇ ਉਹਦੀ ਕਿਰਪਾ ਕਰ ਦਿੰਦੇ...?" ਤੂਫਾਨ ਨੇ ਬਾਰੂਦ ਦੀ ਕਮੀ ਦੀ ਗੱਲ ਦੱਸੀ।

"ਕੋਈ ਗੱਲ ਨਹੀਂ ਭਾਈ ਸਾਹਿਬ ਜੀ... ਆਟਾ ਜਿੰਨਾ ਕਹੋ ਓਨਾ ਮਿਲ ਜਾਵੇਗਾ.... ਤੁਸੀਂ ਦੁਸ਼ਟ ਨੂੰ ਸੋਧਣ ਦੇ ਤਿਆਰੇ ਕਰੋ...।" ਭਾਈ ਗੁਰਨਾਮ ਸਿੰਘ ਬੱਬਰ ਮਾਝਾ ਜ਼ੋਨ ਮੁਖੀ ਨੇ ਮਾਲ ਪੱਤਾ ਦੇਣ ਦੀ ਹਾਮੀ ਭਰ ਦਿੱਤੀ।

"..ਬਈ ਸਿੰਘੋ, ਅਤਿੱਕੇ ਜੀਹਦੇ ਮਰਜ਼ੀ ਚੜ੍ਹਜੇ ਖਾਲੀ ਨੀ ਜਾਣ ਦੇਣਾ...।" ਭਾਈ ਗੁਰਨਾਮ ਸਿੰਘ ਨੇ ਤਾਕੀਦੀ ਹੁਕਮ ਚਾੜ੍ਹਿਆ।

ਮੀਟਿੰਗ ਦੀ ਸਮਾਪਤੀ ਬਾਅਦ ਮੈਂ ਮਾਝਾ ਜ਼ੋਨ ਦੇ ਮੁਖੀ ਅਤੇ ਹੋਰ ਸਿੰਘਾਂ ਸਮੇਤ ਅੰਮ੍ਰਿਤਸਰ ਆ ਗਿਆ। ਵਿਚਾਰ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਦਾ ਸੀ। ਅੰਮ੍ਰਿਤਸਰ ਵਿਚ ਭਾਈ ਗੁਰਨਾਮ ਸਿੰਘ ਦੀ ਇਕ ਠਾਹਰ ਉਤੇ ਅਸੀਂ ਸਮਾਨ ਰੱਖ ਕੇ ਦਰਬਾਰ ਸਾਹਿਬ ਨੂੰ ਚਾਲੇ ਪਾ ਦਿੱਤੇ। ਕੀਰਤਨ ਸਰਵਣ ਕਰਨ ਉਪਰੰਤ ਸ਼ਾਮ ਨੂੰ ਬਜ਼ਾਰ ਜਾਣ ਦੀ ਸਲਾਹ ਹੋਈ।

"...ਮੁੜ ਭਾਊ ਖਾਲੀ ਨਾ ਜਾਇਆ ਜੇ... ਥਾਂ-ਥਾਂ 'ਤੇ ਕੁੱਤੇ ਫਿਰਦੇ ਨੇ...।" ਠਾਹਰ ਵਾਲੇ ਯੂਨੀਵਰਸਿਟੀ ਦੇ ਵਿਦਿਆਰਥੀ ਸਿੰਘ ਨੇ ਰਾਇ ਦਿੱਤੀ।

ਅਸੀਂ ਕਮਰੇ ਵਿਚ ਆ ਕੇ ਦੋ ਅਸਾਲਟਾਂ ਮੋਢਿਆਂ ਵਿਚ ਪਾ ਕੇ ਲੋਈਆਂ ਦੀਆਂ ਬੁੱਕਲਾਂ ਮਾਰ ਲਈਆਂ। ਅਸੀਂ ਕੁਲ ਪੰਜ ਸਿੰਘ ਸਾਂ। ਤਿੰਨਾਂ ਜਣਿਆਂ ਨੇ ਛੋਟੇ ਪਿਸਤੌਲ ਡੱਬ ਵਿਚ ਪਾ ਲਏ।

"..ਆਹ ਤਾਂ ਆਪੇ ਈ ਗਿੱਦੜ ਬੋਰੀਆਂ ਦੀ ਮੁੰਨੀ ਨਾਲ ਖਹਿਣ ਨੂੰ ਆਉਂਦਾ ਲਗਦੈ...।" ਲਾਲ ਬੱਤੀ ਵਾਲੀ ਇਕ ਗੱਡੀ ਨੂੰ ਮੋੜ ਕੱਟ ਕੇ ਸਾਡੇ ਵੱਲੀਂ ਮੁੜਦੀ ਦੇਖ ਕੇ ਸਤਵਿੰਦਰ ਸਿੰਘ ਬੋਲਿਆ।

"...ਕਿਸ਼ਨ ਰਾਮ ਲੱਗਦਾ ਜੇ... ਗੱਡੀ ਤਾਂ ਉਹਦੀ ਈ ਐ..!" ਸਤਵਿੰਦਰ ਸਿੰਘ ਨੇ ਗੱਡੀ ਪਛਾਣ ਲਈ।

"...ਫਿਰ ਕੀ ਖਿਆਲ ਐ ਜਥੇਦਾਰ ਜੀ...?" ਮੈਂ ਭਾਈ ਗੁਰਨਾਮ ਸਿੰਘ ਦੀਆਂ ਅੱਖਾਂ ਵੱਲ ਗਹੁ ਨਾਲ ਦੇਖਿਆ।

"...ਪਹਾੜ ਥੱਲੇ ਊਠ ਮਸਾਂ ਆਇਐ...।..ਖਿਆਲ ਕੀ ਹੋਣੈ ਚਾੜ੍ਹਦੋ ਕੰਧਾਂ 'ਤੇ ਕੁੱਤੀਆਂ...।" ਭਾਈ ਗੁਰਨਾਮ ਸਿੰਘ ਨੇ ਖੱਬੀ ਅੱਖ ਦੱਬ ਕੇ ਡੱਬ ਵਿਚੋਂ ਮਾਊਜ਼ਰ ਕੱਢ ਲਿਆ।

"...ਤੇ ਪਿਛਲੀ ਗੱਡੀ ਆਲੇ ਰਿਸ਼ਤੇਦਾਰਾਂ ਦੀ ਖ਼ਬਰ ਕੌਣ ਲਊ...?" ਮੈਂ ਸਾਰਿਆਂ ਦਾ ਧਿਆਨ ਜਿਪਸੀ ਵਾਲੇ ਸਕਿਊਰਟੀ ਗਾਰਡਜ਼ ਵੱਲ ਦਿਵਾਇਆ।

"..ਤੁਸੀਂ ਦੋਨੋਂ ਅਸਾਲਟਾਂ ਵਾਲੇ ਉਨ੍ਹਾਂ ਨਾਲ ਮਿਲਣੀ ਕਰੋ ਜ਼ਰਾ... ਅਸੀਂ ਤਿੰਨੋਂ ਐਧਰ ਕੁੜਮ ਨੂੰ ਮਿਲਦੇ ਆਂ...।" ਭਾਈ ਗੁਰਨਾਮ ਸਿੰਘ ਨੇ ਸਾਰੀ ਗੱਲ ਸਮਝਾ ਕੇ ਲੰਮੇ ਕਦਮੀਂ ਕਿਸ਼ਨ ਰਾਮ ਦੀ ਅੰਬੈਸਡਰ ਕਾਰ ਵੱਲ ਨੂੰ ਚੁੰਗੀ ਭਰ ਲਈ।

ਕਾਰ ਸਟਾਰਟ ਹਾਲਤ ਵਿਚ ਹੀ ਖੜ੍ਹੀ ਸੀ। ਕਿਸ਼ਨ ਰਾਮ ਅੰਦਰੇ ਹੀ ਸੀ। ਉਸਦਾ ਜਵਾਨ ਲੜਕਾ ਕਿਤਾਬਾਂ ਵਾਲੀ ਦੁਕਾਨ ਵਿਚ ਵੜਿਆ ਹੀ ਸੀ। ਅਸੀਂ ਤਿੰਨ ਸਿੰਘ ਕਿਸ਼ਨੂ ਤਕ ਅਪੜੇ ਨਹੀਂ ਸੀ ਕਿ ਸਕਿਊਰਟੀ ਗਾਰਡ 'ਤੇ ਡਿਊਟੀ ਵਾਲੇ ਸਿੰਘਾਂ ਨੇ ਫਾਇਰ ਖੋਲ੍ਹ ਦਿੱਤਾ।

"ਬੇਟਾ ਮੁਨੀਸ਼ ਭਾਗੋ...।" ਕਿਸ਼ਨ ਰਾਮ ਫਾਇਰਾਂ ਦਾ ਖੜਾਕ ਸੁਣ ਕੇ ਚੌਂਕਿਆ। ਜਦ ਤਕ ਅਸੀਂ ਤਿੰਨਾਂ ਨੇ ਉਪਰੋਂ ਥਲੀ ਦੇ ਕਈ ਫਾਇਰ ਗੋਬਿੰਦ ਰਾਮ ਦੀ ਕਾਰ 'ਤੇ ਝਾੜ ਦਿੱਤੇ, ਕਾਰ ਦੇ ਡਰਾਈਵਰ ਨੇ ਯੱਕਦਮ ਗੱਡੀ ਉਨ੍ਹੀਂ ਪੈਰੀਂ ਵਾਪਿਸ ਮੋੜ ਲਈ। ਕਿਸ਼ਨੂ ਨੇ ਵੀ ਸਰਵਿਸ ਰਿਵਾਲਵਰ ਨਾਲ ਸਾਡੇ 'ਤੇ ਗੋਲੀਆਂ ਵਰ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ।

"...ਹਾਏ ਪਾਪਾ...!!" ਕਹਿੰਦਾ ਉਹਦਾ ਮੁੰਡਾ ਗੱਡੀ ਵੱਲ ਨੂੰ ਅਹੁਲਿਆ ਤਾਂ ਦੋਪਾਸੜੀ ਫਾਇਰਿੰਗ ਦਾ ਸ਼ਿਕਾਰ ਹੋ ਗਿਆ। ਕਾਰ ਡਰਾਇਵਰ ਜ਼ਖਮੀ ਹਾਲਤ ਵਿਚ ਹੀ ਕਾਰ ਭਜਾ ਕੇ ਲੈ ਗਿਆ। ਉਧਰ ਸਕਿਓਰਟੀ ਗਾਰਡਾਂ ਦੀ ਗੱਡੀ ਬੇਕਾਬੂ ਹੋ ਕੇ ਇਕ ਟਮਾਟਰਾਂ ਦੀ ਰੇੜ੍ਹੀ 'ਤੇ ਚੜ੍ਹ ਗਈ। ਵੇਖਦਿਆਂ ਵੇਖਦਿਆਂ ਸੜਕ ਉਤੇ ਟਮਾਟਰਾਂ ਦੀ ਚਟਣੀ ਦਾ ਢੇਰ ਲੱਗ ਗਿਆ। ਗੰਨਾਂ ਵਿਚ ਫਿੱਟ ਮੈਗਜ਼ੀਨ ਜਦੋਂ ਖਾਲੀ ਹੋ ਗਏ ਤਾਂ ਸਿੰਘ ਨਾਲ ਲੱਗਦੇ ਬਾਗ ਦੀਆਂ ਕੰਧਾਂ ਟੱਪ ਕੇ ਉਸ ਵਿਚ ਜਾ ਛੁਪੇ।

"ਲੱਗਦਾ ਭੈਣ... ਸੁੱਕਾ ਨਿਕਲ ਗਿਐ...।" ਸਤਵਿੰਦਰ ਸਿੰਘ ਨੇ ਸ਼ੰਕਾ ਜ਼ਾਹਿਰ ਕੀਤਾ।

"..ਹੋ ਸਕਦੈ..., ਆਪਣੇ ਸਾਰੇ ਸਿੰਘ ਚੜ੍ਹਦੀ ਕਲਾ 'ਚ ਨੇ..?" ਭਾਈ ਗੁਰਨਾਮ ਸਿੰਘ ਨੇ ਸਵਾਲੀਆ ਨਜ਼ਰਾਂ ਦੁੜਾਈਆਂ।

"..ਅਸੀਂ ਤਾਂ ਠੀਕ ਠਾਕ ਆਂ ਬਾਬਿਓ, ਪਰ ਆਪਣੇ ਬਹੁਤੇ ਕਾਹਲੇ ਸਿੰਘ ਨੀਂ ਆਏ ਮੁੜਕੇ..।" ਮੈਂ ਦੋਨੋਂ ਅਸਾਲਟਾਂ ਵਾਲਿਆਂ ਦੇ ਨਾ ਆਉਣ ਕਰਕੇ ਫਿਕਰ ਵਿਚ ਸਾਂ। ਜਦੋ ਥੋੜ੍ਹੇ ਟਾਇਮ ਬਾਅਦ ਉਹ ਦੋਨੋਂ ਵੀ

ਆ ਗਏ।

"..ਹਾ ਬਈ ਸਿੰਘੋ ਹੁਣ ਕੱਲ੍ਹ ਦੇ ਅਖ਼ਬਾਰ ਵਿਚ ਪਤਾ ਲੱਗੂ...ਕਿਹਦੀ..ਕਿਹਦੀ ਚਟਣੀ ਬਣੀ ਏ...? ਹੁਣ ਇਥੋਂ ਹਰਨ ਹੋਇਆ ਜਾਵੇ..।" ਭਾਈ ਗੁਰਨਾਮ ਸਿੰਘ ਦੀ ਸਲਾਹ ਨਾਲ ਅਸੀਂ ਸਾਰੇ ਜਣੇ ਸ਼ਹਿਰ ਛੱਡ ਕੇ ਸੁਰੱਖਿਅਤ ਥਾਵਾਂ 'ਤੇ ਪਹੁੰਚ ਗਏ। ਦੂਸਰੇ ਦਿਨ ਦੀਆਂ ਅਖ਼ਬਾਰਾਂ ਕਿਸ਼ਨ ਰਾਮ ਦੇ ਜ਼ਖਮੀ ਹੋਣ ਉਹਦੇ ਲੜਕੇ ਸਮੇਤ ਚਾਰ ਮੁਲਾਜ਼ਮਾਂ ਦੇ ਹਲਾਕ ਹੋਣ ਦੀ ਮੁੱਖ ਖ਼ਬਰ ਨਾਲ ਸ਼ਿੰਗਾਰੀਆਂ ਪਈਆਂ ਸੀ।

* * *

ਕਿਸ਼ਨ ਰਾਮ ਨੇ ਡਰਦੇ ਹੋਏ ਆਪਣੀ ਬਦਲੀ ਜਲੰਧਰ ਪੁਲਿਸ ਟਰੇਨਿੰਗ ਸੈਂਟਰ ਦੀ ਕਰਾ ਲਈ। ਸ਼ਾਇਦ ਉਹ ਇਥੇ ਪਹੁੰਚ ਕੇ ਆਪਣੇ ਆਪ ਨੂੰ ਸੁਰੱਖਿਅਤ ਸਮਝਦਾ ਸੀ ਪਰ ਹੋਣੀ ਉਹਦੇ ਵੱਲ ਦੇਖ ਦੇਖ ਕੇ ਹੱਸਦੀ ਪਈ ਸੀ।

"...ਬਾਬਿਓ ਤੁਸੀਂ ਆਟਾ ਪਹੁੰਚਾਇਆ ਨੀਂ...?" ਜੁਗਰਾਜ ਸਿੰਘ ਦਾ ਗਿਲ੍ਹਾ ਸਾਡੇ ਤਕ ਪਹੁੰਚਿਆ ਤਾਂ ਭਾਈ ਗੁਰਨਾਮ ਸਿੰਘ ਨੇ ਬਰੂਦ ਦੀ ਇਕ ਥੈਲੀ ਦੇ ਕੇ ਮੈਨੂੰ ਜੁਗਰਾਜ ਸਿੰਘ ਹੁਰਾਂ ਦੀ ਠਾਹਰ ਵੱਲ ਭੇਜ ਦਿੱਤਾ। ਜੁਗਰਾਜ ਸਿੰਘ ਹੁਰੀਂ ਮੈਨੂੰ ਬੜੇ ਤਪਾਕ ਨਾਲ ਮਿਲੇ।

"..ਆਹ ਐਵੇਂ ਮਣਾਂ ਮੂਹੀਂ ਲੋਹਾ ਪਾਰੋਂ ਢੋਈ ਜਾਂਦੇ ਜੇ ਸਾਡੀ ਫੋਰਸ ਵਾਲੇ, ਐਤਕੀਂ ਪਾੜ੍ਹੇ ਨੂੰ ਕਹਿ ਕੇ ਅਸੀਂ ਵੀ ਮਾੜਾ ਮੋਟਾ ਆਟਾ ਮੰਗਵਾਉਂਦੇ ਆਂ... ਬੱਬਰੋ ਮੈਨੂੰ ਤੁਹਾਡਾ 'ਦੂੰ...ਦੜਾਕ..' ਵਾਲਾ ਕੰਮ ਬੜਾ ਪਸੰਦ ਐ...।" ਭਾਈ ਜੁਗਰਾਜ ਸਿੰਘ ਨੇ ਫਤਿਹ ਗੁੰਜਾਉਂਦਿਆਂ ਮੈਨੂੰ ਬਾਂਹਵਾਂ ਵਿਚ ਘੁੱਟ ਲਿਆ।

"..ਪਰ ਖਾਲਸਾ ਜੀ.. ਉਹ ਤਾਂ ਜਲੰਧਰ ਖੁੱਡ ਵਿਚ ਜਾ ਵੜਿਐ..?" ਮੈਂ ਜੁਗਰਾਜ ਸਿੰਘ ਨੂੰ ਟੋਹਿਆ।

"..ਕੋਈ ਗੱਲ ਨੀਂ ਖਾਲਸਾ ਵੀ ਮਗਰੇ ਜਾਵੇਗਾ.. ਗੁਰੂ ਕੇ ਸ਼ੇਰ ਤਾਂ ਲੰਡਨ 'ਚ ਜਾ ਢਾਹੁੰਦੇ ਆ...।" ਜੁਗਰਾਜ ਸਿੰਘ ਦੇ ਬੋਲਾਂ ਵਿਚੋਂ ਇਤਿਹਾਸਕ ਸੂਝ ਨੇ ਅੰਗੜਾਈ ਭਰੀ।

ਅਗਲੇ ਦਿਨ ਅਸੀਂ ਭਾਈ ਜੁਗਰਾਜ ਸਿੰਘ ਦੀ ਇਕ ਬਹਿਕ 'ਤੇ ਗਏ ਤਾਂ ਇਕ ਕੱਟੀ ਦਾੜ੍ਹੀ ਵਾਲੇ ਨੌਜਵਾਨ ਨੇ ਸਾਨੂੰ ਸਤਿਕਾਰ ਦਿੰਦਿਆਂ ਅੰਦਰ ਬਿਠਾ ਲਿਆ।

"..ਕਿਉਂ ਬਈ ਚੂਹੜ ਸਿੰਘਾ... ਨਿੱਕਾ ਬੋਲੀ ਨੀਂ ਮੁੜਿਆ..?" ਭਾਈ ਤੂਫਾਨ ਨੇ ਮੁੰਡੇ ਨੂੰ ਸਵਾਲ ਕੀਤਾ।

"..ਆਇਆ ਜੇ ਭਾਜੀ, ਮੁੜ ਆਇਆ 'ਜੇ ਕਲ੍ਹ ਹੀ.. ਇਥੇ ਹੀ ਹੋਵੇਗਾ ਕਿਤੇ ...ਮੈਂ ਵੇਹਨਾ ਭਲਾ, ਉਏ ਨਿੱਕਿਆ... ਬਾਬਾ ਜੀ ਹੁਰੀਂ ਆਏ ਜੇ..।" ਉਸਨੇ ਵਿਹੜੇ ਵੱਲ ਨੂੰ ਮੂੰਹ ਕਰਕੇ ਅਵਾਜ ਮਾਰੀ ਤਾਂ ਇਕ ਬਿਲਕੁਲ ਅਣਦਾੜ੍ਹੀਏ ਮੁੰਡੇ ਨੇ ਭਾਈ ਤੂਫਾਨ ਨੂੰ ਆ ਫਤਿਹ ਗਜਾਈ। ਛੋਟੀ ਜਿਹੀ ਉਮਰ ਵਿਚ ਭਾਈ ਜੁਗਰਾਜ ਸਿੰਘ ਤੂਫਾਨ ਨੇ ਸਾਰੇ ਇਲਾਕੇ ਵਿਚ ਆਪਣੀ ਚੰਗੀ ਭੱਲ ਬਣਾ ਲਈ ਸੀ।

"..ਕਿਉਂ ਬਈ ਸੱਜਣਾ.. ਕਿਥੇ ਡਿਊਟੀ ਹੁੰਦੀ ਐ ਅੱਜ ਕਲ੍ਹ..?" ਭਾਈ ਤੂਫਾਨ ਨੇ ਸਵਾਲ ਕੀਤਾ।

"..ਉਹ ਤਾਂ ਬਾਬਾ ਜੀ ਦੱਸ ਦਿੰਨੇ ਆਂ ਪਰ ਐਨ੍ਹਾ ਮਹਾਪੁਰਸ਼ਾਂ ਨਾਲ ਤਾਂ ਤੁਸੀਂ ਇੰਟਰੋਡਿਊਸ ਹੀ ਨੀਂ ਕਰਵਾਇਆ..?" ਮੁੰਡਾ ਸ਼ਾਇਦ ਮੇਰੇ ਕੋਲੋਂ ਜਕ ਰਿਹਾ ਸੀ।

"...ਇਨ੍ਹਾਂ ਕੋਲੋਂ ਨਾ ਸੰਗ ਇਹ ਤਾਂ ਆਪਣੇ ਈ ਸਿੰਘ ਨੇ ਭਾਈ ਮਹਿੰਗਾ ਸਿੰਘ ਬੱਬਰ...। ਇਨ੍ਹਾਂ ਦੇ ਸਪੁਰਦ ਤਾਂ ਤੈਨੂੰ ਕਰਨਾ ਈ.." ਭਾਈ ਤੂਫਾਨ ਨੇ ਉਹਦਾ ਹੱਥ ਮੇਰੇ ਹੱਥ ਵਿਚ ਫੜਾ ਦਿੱਤਾ।

"...ਉਂਝ ਡਰਨ ਡੁਰਨ ਦੀ ਤਾਂ ਕਿਹੜੀ ਗੱਲ ਜੇ ਪਰ ਚੌਕਸੀ ਠੀਕ ਹੁੰਦੀ ਜੇ, ਵੈਸੇ ਅੱਜ ਕਲ੍ਹ ਜਲੰਧਰ ਹੋਈ ਦਾ ਸੈਂਟਰ ਵਿਚ..." ਮੁੰਡੇ ਨੇ ਮੇਰਾ ਹੱਥ ਘੁੱਟਦਿਆਂ ਸਹਿਮਤੀ ਦੇ ਦਿੱਤੀ।

* * *

ਕੁਝ ਦਿਨਾਂ ਬਾਅਦ ਮਿਥੀ ਯੋਜਨਾ ਮੁਤਾਬਕ ਟਰੇਨਿੰਗ ਸੈਂਟਰ ਦੇ ਲਾਗੇ ਹੀ ਅਸੀਂ ਇਕ ਦੁਕਾਨ ਕਿਰਾਏ 'ਤੇ ਲੈ ਕੇ ਚਾਹ ਦੀ ਹੱਟੀ ਕਰ ਲਈ। ਇਕ ਹਲਵਾਈ ਰੱਖ ਕੇ ਸਮੋਸੇ, ਟੋਸਟ ਤੇ ਪੂਰੀ ਛੋਲੇ ਆਦਿਕ ਆਈਟਮਾਂ ਦਾ ਪ੍ਰਬੰਧ ਵੀ ਕਰ ਲਿਆ। ਸ਼ਹਿਰ ਦੀ ਡੋਗਰ ਬਸਤੀ ਵਿਚ ਇਕ ਕਮਰਾ ਕਿਰਾਏ 'ਤੇ ਲੈ ਲਿਆ। ਜਿੱਥੇ ਨਿੱਕਾ ਹਰ ਰੋਜ਼ ਗੇੜਾ ਲਗਾਉਣ ਲੱਗਿਆ। ਇਸ ਤਰ੍ਹਾਂ ਉਸਦੀ ਮਾਨਸਿਕ ਤਿਆਰੀ ਵੀ ਨਾਲੋ ਨਾਲ ਹੋਣ ਲੱਗ ਪਈ। ਉਸ ਨੂੰ ਗੁਰਮਤਿ ਦੇ ਇਨਕਲਾਬੀ ਸਿਧਾਂਤ ਦ੍ਰਿੜ ਕਰਵਾਏ ਗਏ। ਅਸੀਂ ਦੋਵੇਂ ਜਣੇ ਵਾਰੀ ਵਾਰੀ ਹੋਟਲ 'ਤੇ ਬੈਠ ਕੇ ਕੰਮ ਚਲਾਉਣ ਲੱਗੇ। ਨਿੱਕੇ ਦੀ ਡਿਊਟੀ ਮੌਕਾ ਦੱਸਣ ਦੀ ਲੱਗ ਗਈ। ਤਕਰੀਬਨ ਦਸ ਬਾਰਾਂ ਕਿਲੋ ਦੇ ਫੈਕਸਬਾਲ ਵਿਚ ਆਟਾ ਭਰ ਕੇ ਡੈਟੋਨੈਟਰ ਫਿਟ ਕਰ ਦਿੱਤਾ ਗਿਆ। ਕੁਲ ਮਿਲਾਕੇ ਵੀਹ ਕੁ ਕਿਲੋ ਦਾ 'ਧੜ੍ਹਕਾ' ਤਿਆਰ ਕਰਕੇ ਅਸੀਂ ਹੋਟਲ ਵਿਚ ਪਏ ਕਬਾੜ ਦੇ ਸਮਾਨ ਅਤੇ ਟੁੱਟੇ ਫੁੱਟੇ ਭਾਂਡਿਆਂ ਵਿਚ ਰੱਖ ਛੱਡਿਆ। ਤੇੜ ਚਾਦਰੇ ਅਤੇ ਲੰਮੇ ਕੁੜਤੇ ਪਹਿਨ ਕੇ ਅਸੀਂ ਟਰੱਕਾਂ ਵਾਲਿਆਂ ਵਾਲਾ ਭੇਸ ਬਣਾ ਲਿਆ। ਚਾਹ-ਪਾਣੀ ਪੀਣ ਆਉਂਦੇ ਮੁਲਾਜ਼ਮਾਂ ਵਿਚ ਅਸੀਂ ਹੌਲੀ ਹੌਲੀ ਇਹ ਗੱਲ ਧੁਮਾ ਦਿੱਤੀ ਕਿ ਅਸੀਂ ਗੱਡੀਆਂ ਵਿਚੋਂ ਫੇਲ੍ਹ ਹੋ ਜਾਣ ਕਰਕੇ ਹੋਟਲ ਦਾ ਕੰਮ ਸ਼ੁਰੂ ਕੀਤਾ।

ਆਖਰ ਬੱਕਰੇ ਦੀ ਮਾਂ ਕਦ ਤਕ ਖ਼ੈਰ ਮਨਾਉਂਦੀ..? ਇਕ ਦਿਨ ਤਕਰੀਬਨ ਸ਼ਾਮ ਨੂੰ ਸਵਾ ਕੁ ਸੱਤ ਵਜੇ ਨਿੱਕੇ ਨੇ ਆ ਕੇ ਦੱਸ ਪਾਈ।

"...ਬਾਬਾ ਜੀ ਅੱਜ ਮੌਕਾ ਵਾਹਵਾ ਜੁੜਿਐ.. ਅੱਜ ਕਿਸ਼ਨੂ ਆਪਣੀ ਚੰਡਾਲ ਚੌਕੜੀ ਸਮੇਤ ਸ਼ਹਿਰ ਵਿਚ ਹੋ ਰਹੀ ਫਿਲਮੀ ਸਿਤਾਰਿਆਂ ਦੀ ਨਾਚ ਗਾਣੇ ਦੀ ਮਹਿਫਲ ਦੇਖਣ ਗਿਐ.. ਤੇ ਜ਼ਿਆਦਾ ਮੁਲਾਜ਼ਮ ਸਕਿਓਰਿਟੀ ਵਿਚ ਮਸ਼ਰੂਫ ਨੇ..।"

"...ਤੇ ਇਥੋਂ ਦੇ ਦਫਤਰ ਦਾ ਸੰਤਰੀ ਟੋਲਾ...?" ਮੈਂ ਸਵਾਲ ਕਰਿਆ।

"..ਬਾਬਾ ਜੀ ਉਨ੍ਹਾਂ ਕੰਜਰਾਂ ਨੇ ਪਤਾ ਨੀਂ ਕਿਥੋਂ ਇਕ ਕੂੰਜ ਵਰਗੀ ਕੁੜੀ ਫੜਕੇ ਲਿਆਂਦੀ ਐ ਤੇ ਉਹਦੇ ਨਾਲ ਖੇਹ ਖਾਣ ਡਹੇ ਜੇ... ਮੈਂ ਅੱਖ ਬਚਾ ਕੇ ਆਇਆਂ, ਹੁਣ ਟੈਮ ਜੇ, ਤੁਸੀਂ ਸੌਦਾ ਪੱਤਾ ਫਿੱਟ ਕਰੋ ਆਓ...।" ਨਿੱਕੇ ਨੇ ਗੱਲ ਨਬੇੜ ਦਿੱਤੀ।

ਭਾਈ ਜੁਗਰਾਜ ਸਿੰਘ ਨੇ 'ਧੜ੍ਹਕੇ' ਨੂੰ ਇਕ ਬੈਗ ਵਿਚ ਪਾ ਕੇ, ਉਹਦਾ ਰਿਮੋਟ ਕੰਟਰੋਲ ਮੈਨੂੰ ਫੜਾ ਕਮਾਂਡੋ ਵਾਲੀ ਟਾਂਗਰੀ ਪਹਿਨ ਕੇ ਨਿੱਕੇ ਦੇ ਨਾਲ ਹੋ ਤੁਰੇ।

"..ਬੱਬਰਾ ਕਾਮਯਾਬੀ ਲਈ ਅਰਦਾਸ ਕਰੀਂ ਸੱਚੇ ਪਾਤਸ਼ਾਹ ਕੋਲ...।" ਜਾਂਦਿਆਂ ਜਾਂਦਿਆਂ ਉਨ੍ਹਾਂ ਮੈਨੂੰ ਸੰਬੋਧਨ ਕੀਤਾ, ਮੈਨੂੰ ਮਹਿਸੂਸ ਜਿਵੇਂ ਭਾਈ ਜੁਗਰਾਜ ਸਿੰਘ ਵਿਚ ਕਿਸੇ ਅਠਾਰਵੀਂ ਸਦੀ ਦੇ ਸ਼ਹੀਦ ਸਿੰਘ ਦੀ ਰੂਹ ਬੋਲ ਰਹੀ ਹੋਵੇ।

ਕੋਈ ਅੱਧੇ ਘੰਟੇ ਬਾਅਦ ਭਾਈ ਜੁਗਰਾਜ ਸਿੰਘ ਹੁਰੀਂ ਵਾਪਸ ਆਏ ਤਾਂ ਮੈਂ ਪੁਛਿਆ "...ਕਿਉਂ ਬਾਬਿਓ ਕਿਵੇਂ ਐਂ...?"

"...ਸੱਚੇ ਪਾਤਸ਼ਾਹ ਨੇ ਕਰਤੀ ਕ੍ਰਿਪਾ.. ਤੁਸੀਂ ਰਿਮੋਟ ਦੇ ਸੈੱਲ ਚੈੱਕ ਕਰ ਲਵੋ ਕੁਰਸੀ ਦੇ ਥੱਲੇ ਫਿਟ ਕਰ ਆਇਆਂ... ਹੁਣ ਜਾਊਗਾ ਬਾਮ੍ਹਣ ਪੱਚੀ ਫੁੱਟ ਉੱਚਾ... ਸੱਚੇ ਪਾਤਸ਼ਾਹ ਤੇਰੇ ਪੰਥ ਦੀ ਫਤਿਹ ਹੋਵੇ..।" ਭਾਈ ਜੁਗਰਾਜ ਸਿੰਘ ਨੇ ਅਕਾਸ਼ ਵੱਲ ਨੂੰ ਕਰਕੇ ਦੋਵੇਂ ਹੱਥ ਜੋੜ ਦਿੱਤੇ।

ਹੁਣ ਸਾਨੂੰ ਬੇਤਾਬੀ ਨਾਲ ਦੁਸ਼ਟ ਦੀ ਉਡੀਕ ਹੋ ਰਹੀ ਸੀ। ਨਿੱਕੇ ਨੂੰ, ਕਿਸ਼ਨ ਰਾਮ ਦੇ ਦਫਤਰ ਦਾ ਸੀਨ ਅਤੇ ਹੋਟਲ ਵਿਚ ਬੈਠੇ ਅਸੀਂ ਬਰਾਬਰ ਦਿਖਾਈ ਦੇ ਰਹੇ ਸਾਂ। ਸਾਢੇ ਕੁ ਦੱਸ ਵਜੇ ਰਾਤ ਨੂੰ ਕਿਸ਼ਨ ਰਾਮ ਦੀ ਗੱਡੀ ਟੂੰਅ.. ਟੂੰਅ.. ਦੀ ਸਾਇਰਨ ਵਜਾਉਂਦੀ ਹੋਈ ਵਾਪਸ ਮੁੜੀ। ਲਾਇਟਾਂ ਦੇ ਚਾਨਣ ਵਿਚ ਨਿੱਕਾ ਸਾਨੂੰ ਕਿਸ਼ਨ ਰਾਮ ਨੂੰ ਸਲੂਟ ਕਰਦਾ ਦਿਖਾਈ ਦਿੱਤਾ। ਕਿਸ਼ਨ ਰਾਮ ਬੇਪ੍ਰਵਾਹੀ ਦੇ ਆਲਮ ਵਿਚ ਗੱਡੀ ਵਿਚੋਂ ਉਤਰ ਕੇ ਖੱਬੇ ਪਾਸੇ ਸਥਿਤ ਦਫਤਰ ਵੱਲ ਨੂੰ ਹੋ ਤੁਰਿਆ।

ਭਾਈ ਤੂਫਾਨ ਨੇ ਰਿਮੋਟ ਮੇਰੇ ਹੱਥੋਂ ਫੜ ਕੇ ਦਫਤਰ ਵੱਲ ਨੂੰ ਸੇਧ ਦਿੱਤਾ। ਰਿਮੋਟ ਦੀ ਰੇਂਜ ਦੋ-ਢਾਈ ਕਿੱਲ੍ਹੇ ਦੀ ਸੀ ਤੇ ਅਸੀਂ ਕਿਸ਼ਨੂ ਦੇ ਦਫਤਰ ਤੋਂ ਕੋਈ ਡੇਢ ਕੁ ਕਿਲ੍ਹੇ ਦੀ ਵਿੱਥ 'ਤੇ ਬੈਠੇ ਸਾਂ। ਨਿੱਕੇ ਵੱਲੋਂ ਹੋਣ ਵਾਲੇ ਇਸ਼ਾਰੇ ਨੂੰ ਉਡੀਕਦਿਆਂ ਸਾਡਾ ਇਕ ਇਕ ਪਲ ਜੁੱਗਾਂ ਵਾਂਗ ਲੰਘ ਰਿਹਾ ਸੀ।

ਕੋਈ ਤਿੰਨ ਕੁ ਮਿੰਟ ਬਾਅਦ ਸਾਡੀ ਉਡੀਕ ਖਤਮ ਹੋਈ, ਨਿੱਕੇ ਦੀ ਟਾਰਚ ਚਮਕੀ ਤਾਂ ਭਾਈ ਜੁਗਰਾਜ ਸਿੰਘ ਇਕਦਮ ਅਲਰਟ ਹੋ ਗਏ। ਨਿੱਕੇ ਦੀ ਟਾਰਚ ਦੂਸਰੀ ਵਾਰ ਫਿਰ ਚਮਕੀ ਤਾਂ ਭਾਈ ਸਾਹਿਬ ਦਾ ਅੰਗੂਠਾ ਰਿਮੋਟ ਦੇ ਬਟਨ 'ਤੇ ਜਾ ਟਿਕਿਆ, ਤੀਸਰੀ ਵਾਰ ਫਿਰ ਟਾਰਚ ਚਮਕਣ 'ਤੇ ਭਾਈ ਤੂਫਾਨ ਨੇ ਕਲਗੀਧਰ ਪਾਤਸ਼ਾਹ ਨੂੰ ਯਾਦ ਕਰਕੇ ਪੂਰੀ ਜ਼ੋਰ ਨਾਲ ਰਿਮੋਟ ਦਾ ਬਟਨ ਦਬਾ ਦਿੱਤਾ। ਬੱਦਲ ਦੇ ਗਰਜਣ ਵਾਂਗ ਖੜਾਕ ਹੋਇਆ... 'ਘੜਾਮ.. ਮ.. ਮ ..ਮ ..ਮ.. ਮ ਅਤੇ ਕਿਸ਼ਨ ਰਾਮ ਆਪਣੇ ਦਫਤਰ ਅਤੇ ਨਾਲ ਦੇ ਇਕ ਹੋਰ ਕਮਰੇ ਦੇ ਸਾਜੋ ਸਮਾਨ ਸਮੇਤ ਘੱਟੋ ਘੱਟ ਪੰਜਾਹ ਫੁੱਟ ਹਵਾ ਵਿਚ ਉੱਚਾ ਬੁੜਕ ਗਿਆ। ਨਿੱਕੇ ਨੇ ਗੇਟ 'ਤੇ ਖੜ੍ਹਿਆਂ ਹੀ ਸਤਿ ਸ੍ਰੀ ਅਕਾਲ ਗਜਾਈ ਤੇ ਭੱਜ ਕੇ ਸਾਡੇ ਕੋਲ ਆ ਗਿਆ।

"...ਤੂੰ ਜਾ ਉਧਰ ਐਵੇਂ ਕੋਈ ਹੋਰ ਜੱਭ ਪਊਗਾ...।" ਭਾਈ ਤੂਫਾਨ ਨੇ ਨਿੱਕੇ ਨੂੰ ਘੂਰਿਆ।

ਧਮਾਕੇ ਕਰਕੇ ਪੁਲਿਸ ਸੈਂਟਰ ਦੇ ਕਈ ਕਮਰਿਆਂ ਵਿਚ ਜਬਰਦਸਤ ਅੱਗ ਲੱਗ ਗਈ। ਸਾਰੇ ਸੈਂਟਰ ਵਿਚ ਹਾਏ..ਬੂਅ ਮਾਰਤੇ ਦਾ ਕੁਰਲਾਹਟ ਪਿਆ ਹੋਇਆ ਸੀ। ਸਾਰੇ ਮੁਲਾਜ਼ਮ ਡੌਂਬਰੀਆਂ ਗਾਵਾਂ ਵਾਂਗ ਭੱਜੇ ਫਿਰਦੇ ਇਕ ਦੂਜੇ ਵਿਚ ਵੱਜ ਰਹੇ ਸਨ।

"...ਬਾਬਿਓ ਸਾਲਾ ਪਹਿਲਾਂ ਤਾਂ ਮੁੜਨ ਲੱਗਾ ਸੀ ਫਿਰ ਪਤਾ ਨੀਂ ਕੀ ਆਈ ਸਿੱਧਾ ਦਫਤਰ ਨੂੰ ਹੋ ਤੁਰਿਆ ਲੰਮੇ ਕਦਮੀਂ...।" ਨਿੱਕੇ ਨੇ ਜਿੱਤ ਦਾ ਨਿਸ਼ਾਨ ਬਣਾਇਆ, ਉਸ ਤੋਂ ਖੁਸ਼ੀ ਨੂੰ ਸਾਂਭ ਕੇ ਰੱਖਣਾ ਮੁਸ਼ਕਿਲ ਹੋ ਰਿਹਾ ਸੀ।

"...ਚੱਲ ਹੁਣ ਤੂੰ ਜਾ ਵਾਪਸ.. ਚਲੋ ਭਾਈ ਸਾਹਿਬ 'ਪੰਛੀ ਤੇ ਜੋਗੀ ਨਾ ਕਦੇ ਵੀ ਰੱਖਦੇ ਇਕ ਥਾਂ ਵਾਸਾ..।" ਭਾਈ ਤੂਫਾਨ ਨੇ ਨਿੱਕੇ ਅਤੇ ਮੈਨੂੰ ਇਕੱਠਿਆਂ ਸੰਬੋਧਨ ਕੀਤਾ।

"..ਬੱਲੇ ਬਾਬਿਓ..! ਕੱਚੀ ਯਾਰੀ ਲੱਡੂਆਂ ਦੀ...? ਹੁਣ ਇਥੇ ਮੈਂ ਨੀਂ ਜੇ ਪੈਣਾ ਕਸਾਈਆਂ ਦੇ ਵੱਸ, ਅਗਲਿਆਂ ਪਹਿਲਾਂ ਸੰਤਰੀ ਡਿਊਟੀ ਵਾਲਿਆਂ ਨੂੰ ਲੰਮਿਆਂ ਪਾਉਣਾ ਜੇ....।" ਨਿੱਕੇ ਨੇ ਚੋਭ ਮਾਰੀ ਤੇ ਸਾਡੇ ਨਾਲ ਹੀ ਹੋ ਤੁਰਿਆ। ਅਸੀਂ ਤਿੰਨੋਂ ਜਣੇ ਕਮਾਂਡੋਜ ਦੀਆਂ ਟਾਂਗਰੀਆਂ ਪਹਿਨੀ ਸ਼ਹਿਰ ਤੋਂ ਬਾਹਰ ਆ ਨਿਕਲੇ। ਕੁਝ ਦਿਨਾਂ ਬਾਅਦ ਨਿੱਕਾ ਕੇ.ਐਲ.ਐਫ. ਦਾ ਬਾਬਾ ਬਕਾਲੇ ਦੇ ਏਰੀਏ ਦਾ ਕਮਾਂਡਰ ਚੁਣ ਲਿਆ ਗਿਆ।

ਚੜ੍ਹੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ ਜਿਵੇਂ ਬੇਲਿਓਂ ਨਿਕਲਦੇ ਸ਼ੇਰ ਮੀਆਂ...

o-----o-----o

ਕਾਂਡ 24

ਨੀਂ ਸਈਓ ਅਸੀਂ ਨੈਣਾਂ ਦੇ ਆਖੇ ਲੱਗੇ

ਜਿਨ੍ਹਾਂ ਦੀਆਂ ਪਾਕ ਨਿਗਾਹਾਂ ਹੋਈਆਂ, ਉਹ ਕਦੇ ਨਾ ਜਾਂਦੇ ਠੱਗੇ...

ਕਿਹਾ ਜਾਂਦਾ ਹੈ ਕਿ ਜਗ ਵਿਚ ਵਿਰਲੀਆਂ ਰੂਹਾਂ ਦੀਆਂ ਜੋੜੀਆਂ ਰੱਬ ਬਣਾ ਕੇ ਭੇਜਦਾ ਹੈ। "ਚਿੱਟੇ ਚੌਲ ਜਿਨ੍ਹਾਂ ਨੇ ਪੁੰਨ ਕੀਤੇ, ਰੱਬ ਨੇ ਬਣਾਈਆਂ ਜੋੜੀਆਂ...।" ਜਵਾਨੀ ਦੀ ਵਰੇਸੇ ਹਰ ਗੱਭਰੂ ਅਤੇ ਮੁਟਿਆਰ ਨੂੰ ਆਪਣੇ ਖੁਆਬਾਂ ਦੇ ਸ਼ਹਿਜ਼ਾਦੀ ਜਾਂ ਸ਼ਹਿਜਾਦੇ ਦੀ ਤਲਾਸ਼ ਹੁੰਦੀ ਹੈ। ਹਰ ਮੁਟਿਆਰ ਦੇ ਮਾਪੇ ਆਪਣੀ ਕੋਠੇ ਨੂੰ ਛੂੰਹਦੀ ਪ੍ਰਤੀਤ ਹੁੰਦੀ ਧੀ ਲਈ ਕਿਸੇ ਸੁਘੜ ਵਰ-ਘਰ ਦੀ ਖੋਜ ਵਿਚ ਹੁੰਦੇ ਹਨ। ਪਿੰਡ ਗੋਰਾ ਚੂਰ ਦੀ ਮੁਟਿਆਰ ਸਨਪ੍ਰੀਤ ਕੌਰ ਵੀ ਜਦੋਂ ਅੱਲੜ੍ਹ ਕਹੇ ਜਾਂਦੀ ਉਮਰ ਪਾਰ ਕਰਕੇ ਜਵਾਨੀ ਵਰੇਸ ਵਿਚ ਪਹੁੰਚੀ ਤਾਂ ਉਹਦੇ ਸੁਪਨੇ ਆਮ ਕੁੜੀਆਂ ਨਾਲੋਂ ਕਾਫੀ ਵੱਖਰੇ ਨਿਕਲੇ। ਭਾਵੇਂ ਕਿ ਉਸਦੇ ਸੁਪਨਿਆਂ ਵਿਚ ਹਾਲੇ ਕਿਸੇ ਸ਼ਹਿਜ਼ਾਦੇ ਦਾ ਪ੍ਰਵੇਸ਼ ਨਹੀਂ ਹੋਇਆ ਸੀ, ਪਰ ਕਾਲ ਦਾ ਪੁੱਤਰ ਪਿਸਤੌਲ ਅਕਸਰ ਹੀ ਉਸਦੇ ਖੁਆਬਾਂ ਵਿਚ ਆਉਣ ਲੱਗ ਪਿਆ। ਉਸਨੂੰ ਝਾਂਜਰ ਦੀ ਛਣਕਾਰ ਨਾਲੋਂ ਗੋਲੀਆਂ ਦਾ ਖੜਾਕ ਜਿਆਦਾ ਚੰਗਾ ਲੱਗਦਾ। ਨਿਜੀ ਘਰ ਬਾਰੇ ਸੋਚਣ ਦੀ ਬਜਾਏ ਉਹ ਕੌਮੀ ਘਰ ਬਾਰੇ ਸੋਚਣ ਲੱਗੀ। ਆਮ ਕੁੜੀਆਂ ਵਾਂਗ ਉਸਨੇ ਬਹੁਤੀਆਂ ਸਹੇਲੀਆਂ ਨਾ ਬਣਾਈਆਂ। ਉਸਦੀ ਗੁਆਂਢਣ ਮੀਤੋ ਇਕੋ ਇਕ ਉਸਦੀ ਹਮਰਾਜ ਸੀ। ਉਹ ਦੋਵੇਂ ਇਕੱਠੀਆਂ ਪੜ੍ਹਦੀਆਂ ਤਾਂ ਉਨ੍ਹਾਂ ਦੀਆਂ ਗੱਲਾਂ ਵਿਚ ਜ਼ਿਕਰ-ਏ-ਖਾਲਿਸਤਾਨ ਜ਼ਰੂਰ ਹੁੰਦਾ।

ਇਕ ਦਿਨ ਆਪਣੀ ਹਵੇਲੀ ਵਿਚ ਸਨਪ੍ਰੀਤ ਧਿਆਨ ਮਗਨ ਕੁਝ ਕਰ ਰਹੀ ਸੀ ਕਿ ਅਚਾਨਕ ਮਾਂ ਉਸਦੇ ਕੋਲ ਆ ਖਲੋਤੀ, "ਇਹ ਕੀ ਲਿਖਦੀ ਹੋਈ..? ਲਾਲ ਸ਼ਾਹੀ ਤਾਂ ਕਦੇ ਇਹਦੇ ਕੋਲੋ ਵੇਖੀ ਨੀਂ.. ਨੀਂ ਪ੍ਰੀਤ ਕੀ ਕਰਦੀ ਊਂ...?" ਮਾਂ ਨੇ ਸੋਚਾਂ ਵਿਚ ਡੁੱਬਿਆਂ ਹੀ ਅਵਾਜ਼ ਮਾਰ ਦਿੱਤੀ।

"...ਕੁਝ ਨੀਂ ਮੰਮੀ..।" ਪ੍ਰੀਤ ਥੋੜ੍ਹਾ ਘਬਰਾ ਗਈ।

"...ਤੇਰੇ ਹੱਥ ਵਿਚੋਂ ਖੂਨ ਕਿਵੇਂ ਨਿਕਲਣ ਡਹਿਐ...?" ਮਾਂ ਨੇ ਪ੍ਰੀਤ ਦੇ ਹੱਥ ਵਿਚ ਫੜਿਆ ਕਾਗਜ਼ ਖੋਲ੍ਹਿਆ ਤਾਂ ਹੈਰਾਨੀ ਦੀ ਕੋਈ ਹੱਦ ਨਾ ਰਹੀ। ਕਾਗਜ਼ ਉਪਰ ਖੂਨ ਨਾਲ ਖਾਲਿਸਤਾਨ ਜ਼ਿੰਦਾਬਾਦ ਲਿਖਿਆ ਹੋਇਆ ਸੀ।

"...ਤੂੰ ਇਹ ਕੀ ਕੀਤੈ...?" ਮਾਤਾ ਅਵਾਕ ਵਹਿ ਰਹੇ ਖੂਨ ਨੂੰ ਦੇਖੀ ਜਾ ਰਹੀ ਸੀ।

"..ਇਹ ਤਾਂ ਮੈਂ ਉਂਝ ਈ ਲਿਖਦੀ ਸੀ... ਬਈ ਜੇ ਮੇਰੇ 'ਤੇ ਕੋਈ ਭੀੜ ਬਣ ਗਈ ਤਾਂ ਕੀ ਮੈਂ ਤਸ਼ੱਦਦ ਸਹਾਰ ਲਵਾਂਗੀ..?" ਪ੍ਰੀਤ ਦਾ ਜਵਾਬ ਸੁਣਕੇ ਸਿਆਣੀ ਮਾਤਾ ਝਟ ਸਮਝ ਗਈ ਕਿ ਕੁੜੀ ਕਿਹੜੀ ਬਿਮਾਰੀ ਦੀ ਮਰੀਜ਼ ਹੈ।

ਸ਼ਾਮ ਨੂੰ ਉਸਨੇ ਪ੍ਰੀਤ ਨੂੰ ਵਿਆਉਣ ਦੀ ਗੱਲ ਪ੍ਰੀਤ ਦੇ ਬਾਪੂ ਨਾਲ ਛੇੜੀ। ਪ੍ਰੀਤ ਦੀ ਮਰਜ਼ੀ ਪੁੱਛਣ 'ਤੇ

ਸਾਫ ਇਨਕਾਰ ਕਰਦਿਆਂ ਪ੍ਰੀਤ ਨੇ ਕਹਿ ਦਿੱਤਾ ਕਿ "..ਉਹ ਵਿਆਹ ਨਹੀਂ ਕਰਵਾਵੇਗੀ... ਸਗੋਂ ਕੌਮੀ ਘਰ ਲਈ ਲੜੀ ਜਾ ਰਹੀ ਜੰਗ ਵਿਚ ਸ਼ਿਰਕਤ ਕਰੇਗੀ..।"

ਘਰ ਵਿਚ ਕਈ ਦਿਨ ਰੱਫੜ ਪਿਆ ਰਿਹਾ ਪਰ ਪ੍ਰੀਤ ਆਪਣੀ ਜ਼ਿੱਦ 'ਤੇ ਅੜੀ ਰਹੀ ਇਸ ਤਰ੍ਹਾਂ ਕਰਦਿਆਂ ਕਰਾਉਂਦਿਆਂ ਨੂੰ ਸਾਲ ਕੁ ਦਾ ਅਰਸਾ ਹੋ ਗੁਜ਼ਰ ਗਿਆ। ਇਕ ਦਿਨ ਅਚਾਨਕ ਉਸਦੀ ਸਹੇਲੀ ਮੀਤੋ ਨੇ ਖ਼ਬਰ ਸੁਣਾਈ।

"..ਨੀਂ ਪ੍ਰੀਤ ਰਾਤੀਂ ਭਾਈ ਕਰਮ ਸਿੰਘ ਹੁਰਾਂ ਦਾ ਜਥਾ ਘਰੇ ਆਇਆ ਸੀ..।"

"..ਸੱਚੀਂ.. ਤੂੰ ਉਨ੍ਹਾਂ ਨੂੰ ਸਾਡੇ ਘਰੇ ਵੀ ਭੇਜੀਂ ਜਦੋਂ ਹੁਣ ਆਏ ਤਾਂ ....ਮੇਰਾ ਬੜਾ ਜੀਅ ਕਰਦੈ ਉਨ੍ਹਾਂ ਨੂੰ ਮਿਲਣ ਲਈ..।" ਪ੍ਰੀਤ ਨੇ ਆਪਣੇ ਮਨ ਦੀ ਘੁੰਡੀ ਸਹੇਲੀ ਕੋਲੇ ਖੋਲ੍ਹੀ।

"..ਇੰਝ ਨੀਂ ਆਉਂਦੇ ਉਹ ਹਰੇਕ ਦੇ ਘਰੇ..।" ਮੀਤੋ ਪੱਲਾ ਝਾੜ ਗਈ।

"..ਤੂੰ ਉਨ੍ਹਾਂ ਨੂੰ ਕਹਿ ਦੇਵੀਂ ਕਿ ਮੈਂ ਉਨ੍ਹਾਂ ਦੇ ਜਥੇ ਵਿਚ ਭਰਤੀ ਹੋਣਾ ਚਾਹੁਨੀ ਆਂ...ਉਹ ਮੈਨੂੰ ਰੱਖ ਲੈਣਗੇ...?"

"...ਨਾ ਨੀਂ ਭੈਣੇ.. ਮੈਨੂੰ ਤਾਂ ਡਰ ਲੱਗਦੈ...।" ਮੀਤੂ ਤਾਂ ਪ੍ਰੀਤ ਦੀ ਭਰਤੀ ਹੋਣ ਦੀ ਗੱਲ ਸੁਣ ਕੇ ਤਬਕ ਜਿਹੀ ਗਈ।

"..ਕੁੜੀ ਕੋਠੇ ਜਿੱਡੀ ਹੋਈ ਪਈ ਐ.. ਉੱਤੋਂ ਵੇਲੇ ਕਿਹੋ ਜਿਹੇ ਚੱਲਦੇ ਨੇ..? ਹੁਣ ਇਹਦੇ ਹੱਥ ਪੀਲੇ ਵੀ ਕਰੋ..।" ਇਕ ਦਿਨ ਪ੍ਰੀਤ ਨੂੰ ਸੁਣਾ ਕੇ ਮਾਂ ਨੇ ਖੇਤੋਂ ਪਰਤੇ ਪ੍ਰੀਤ ਦੇ ਪਿਤਾ ਨੂੰ ਕਿਹਾ।

"...ਮੰਮਾ ਮੈਂ ਨੀਂ ਵਿਆਹ-ਵਿਊ ਕਰਵਾਉਣਾ.. ਮੈਂ ਤਾਂ ਸੇਵਾ ਕਰਨੀ ਐ ਪੰਥ ਦੀ... ਜੇ ਤੁਸੀਂ ਮੇਰਾ ਵਿਆਹ ਕਰੋਗੇ ਤਾਂ ਕੁਝ ਖਾ ਕੇ ਮਰਜੂੰ..।" ਪ੍ਰੀਤ ਬਿਫਰ ਖਲੋਤੀ।

ਬਜ਼ੁਰਗ ਪਿਤਾ ਜੋ ਕਿ ਬਚਪਨ ਤੋਂ ਪ੍ਰੀਤ ਦੇ ਜ਼ਿੱਦੀ ਸੁਭਾਅ ਨੂੰ ਸਮਝਦਾ ਸੀ ਨੇ ਫਿਕਰਵਾਨ ਹੁੰਦਿਆਂ ਪ੍ਰੀਤ ਦੀ ਮਾਤਾ ਨੂੰ ਕਿਹਾ, "..ਗੱਲ ਸੁਣ ਭਾਗਵਾਨੇ.. ਜੇ ਕੁੜੀ ਕੁਝ ਖਾ ਕੇ ਮਰਗੀ ਤਾਂ ਧੀ ਧਿਆਣੀ ਦਾ ਪਾਪ ਆਊ ਅਤੇ ਬਦਨਾਮੀ ਵਾਧੂ ਦੀ... ਇਹਦੇ ਨਾਲੋਂ ਚੰਗਾ ਏ ਬਈ ਐਹਦਾ ਵਿਆਹ ਕਿਸੇ ਖਾੜਕੂ ਨਾਲ ਈ ਕਰ ਦਿੰਨੇ ਆਂ..।"

ਪਿਤਾ ਦੀ ਗੱਲ ਸੁਣ ਕੇ ਪ੍ਰੀਤ ਨੂੰ ਚਾਅ ਚੜ੍ਹ ਗਿਆ, "ਠੀਕ ਆ.. ਠੀਕ ਆ..।" ਕਹਿੰਦਿਆਂ ਉਸਨੇ ਤਾੜੀ ਮਾਰ ਦਿੱਤੀ।

"...ਪਰ ਪੁੱਤਰਾ... ਇਹ ਕੰਡਿਆਂ ਭਰਿਆ ਰਾਹ ਈ.. ਸਿੰਘ ਤਾਂ ਮੈਂ ਕੋਈ ਨਾ ਕੋਈ ਲੱਭ ਲੂੰ... ਪਰ ਭਵਿੱਖ ਦੀਆਂ ਮੁਸ਼ਕਲਾਂ ਨਾਲ ਲੜਨਾ ਬੜਾ ਔਖੈ...।" ਪਿਤਾ ਨੇ ਭਵਿੱਖ ਦੀ ਤਸਵੀਰ ਦਿਖਾਈ।

"..ਕੁਝ ਨੀਂ ਹੁੰਦਾ ਪਿਤਾ ਜੀ ਜਿਨ੍ਹਾਂ ਨੇ ਮੰਜ਼ਿਲਾਂ ਸਰ ਕਰਨੀਆਂ ਹੋਣ ਉਹ ਕੰਡਿਆਂ ਨੂੰ ਲਤਾੜ ਕੇ ਲੰਘ ਜਾਇਆ ਕਰਦੇ ਨੇ..।" ਕੁੜੀ ਆਪਣੀ ਥਾਂ ਚੱਟਾਨ ਵਾਂਗ ਅਹਿੱਲ ਸੀ।

ਪ੍ਰੀਤ ਦੇ ਪਿਤਾ ਨੇ ਬੰਦੇ ਵਿਚ ਪਾ ਕੇ ਗੱਲ ਮਾਝਾ ਜ਼ੋਨ ਦੇ ਮੁਖੀ ਭਾਈ ਗੁਰਨਾਮ ਸਿੰਘ ਤਕ ਪਹੁੰਚਾਈ ਤਾਂ ਉਨ੍ਹਾਂ ਨੇ ਭਾਈ ਕਰਮ ਸਿੰਘ ਦਾ ਨਾਮ ਬਜ਼ੁਰਗ ਦੇ ਸਾਹਮਣੇ ਰੱਖ ਦਿੱਤਾ,

"..ਬਜ਼ੁਰਗੋ ਲੜਕਾ ਸੋਹਣਾ ਸੁਨੱਖਾ, ਤੁਹਾਡੇ ਇਲਾਕੇ ਦਾ ਤੇ ਜ਼ਿੰਮੇਵਾਰ ਵੀ ਏ... ਮੈਂ ਸਮਝਦਾ ਬਈ ਇਸ ਜ਼ਿੰਮੇਵਾਰੀ ਨੂੰ ਉਹੀ ਨਿਭਾ ਸਕਦੈ..।" ਬਜ਼ੁਰਗ ਨੇ ਲੰਘਦੇ ਕਰਦਿਆਂ ਕਰਮ ਸਿੰਘ ਦੇ ਦਰਸ਼ਨ ਕੀਤੇ

ਸਨ। ਇਲਾਕੇ ਵਿਚ ਕਰਮ ਸਿੰਘ ਦਾ ਪੂਰਾ ਮਾਣ ਸਤਕਾਰ ਸੀ ਜਿਸ ਕਰਕੇ ਬਜ਼ੁਰਗ ਨੇ ਹਾਂ ਕਰ ਦਿੱਤੀ। ਕਰਮ ਸਿੰਘ ਨੇ ਵਿਆਹ ਤੋਂ ਪਹਿਲਾਂ ਕੁੜੀ ਨੂੰ ਮਿਲਣ ਦੀ ਸ਼ਰਤ ਰੱਖ ਦਿੱਤੀ, ਜਿਸਦੀ ਇਜਾਜ਼ਤ ਬਜ਼ੁਰਗ ਵੱਲੋਂ ਦੇ ਦਿੱਤੀ ਗਈ। ਪਹਿਲੀ ਮੁਲਾਕਾਤ ਵਿਚ ਹੀ ਚਾਰੇ ਨੈਣ ਗੜਾ-ਵੱਡ ਹੋ ਗਏ ਤੇ ਗੱਲ 'ਪੱਲੇ ਤੈਡੇ ਲਾਗੀ' ਤਕ ਪਹੁੰਚ ਗਈ।

ਸਿਆਲਾਂ ਦੀ ਇਕ ਸਵੇਰ ਅੰਮ੍ਰਿਤ ਵੇਲੇ ਤਾਰਿਆਂ ਦੀ ਲੋਏ ਲੋਏ ਅਨੰਦ ਕਾਰਜ ਸੰਪੂਰਨ ਹੋਇਆ। ਜਾਂਞੀ ਤੇ ਮਾਂਞੀ ਦੋਹਾਂ ਧਿਰਾਂ ਦੀ ਸਾਂਝੀ ਜ਼ਿੰਮੇਵਾਰੀ ਖਾੜਕੂ ਸਿੰਘ ਹੀ ਨਿਭਾ ਰਹੇ ਸਨ। ਵਿਆਹ ਵਾਲੇ ਦਿਨ ਤੋਂ ਬਾਅਦ ਵਿਚ ਸਨਪ੍ਰੀਤ ਨੇ ਸਿਰ ਉਤੇ ਮਾਤਾ ਭਾਗ ਕੌਰ ਵਾਂਗ ਦੁਮਾਲਾ ਬੰਨ੍ਹ ਕੇ ਸੰਘਰਸ਼ ਵਿਚ ਜੂਝਣਾ ਸ਼ੁਰੂ ਕਰ ਦਿੱਤਾ ਅਤੇ ਇਲਾਕੇ ਵਿਚ ਇਕ ਗੱਲ ਮਸ਼ਹੂਰ ਹੋ ਗਈ ਕਿ ਗੋਰਾ ਚੂਰ ਦੇ ਸਰਦਾਰਾਂ ਦੀ ਵਿਚਕਾਰਲੀ ਕੁੜੀ ਭਾਈ ਕਰਮ ਸਿੰਘ ਨਾਲ ਵਿਆਹੀ ਗਈ ਹੈ।

ਇਕ ਦਿਨ ਇਕ ਠਾਹਰ 'ਤੇ ਬੈਠੇ ਅਸੀਂ ਹੋਰ ਸਿੰਘਾਂ ਨੂੰ ਉਡੀਕ ਰਹੇ ਸਾਂ ਕਿ ਭਾਈ ਕਰਮ ਸਿੰਘ ਆਪਣੀ ਸਿੰਘਣੀ ਸਮੇਤ ਆ ਪਹੁੰਚੇ। ਪ੍ਰੀਤ ਘਰਦੀਆਂ ਔਰਤਾਂ ਨਾਲ ਮਿਲ ਕੇ ਚਾਹ-ਪਾਣੀ ਦਾ ਪ੍ਰਬੰਧ ਕਰਨ ਲੱਗੀ ਤੇ ਕਰਮ ਸਿੰਘ ਸਾਡੇ ਵਿਚ ਆ ਬੈਠੇ।

ਸਤਵਿੰਦਰ ਸਿੰਘ ਨੇ ਮਖੌਲ ਵਜੋਂ ਕੁਰਸੀ ਛੱਡਦਿਆਂ ਕਿਹਾ, "...ਆਓ ਬਾਬਿਓ ਤੁਸੀਂ ਬੈਠੋ... ਤੁਸੀਂ ਗੁਰਮਤਿ ਅਨੁਸਾਰ ਪ੍ਰਵਾਣ ਹੋਏ ਜੇ ਪੂਰਨ ਗੁਰਸਿੱਖ.. ਤੁਹਾਡੇ ਗ੍ਰਹਿਸਥੀਆਂ ਦੇ ਉਤਮ ਸਤਿਕਾਰ ਵਜੋਂ ਕੁਰਸੀ ਖਾਲੀ ਹੈ... ਭੈਣ ਜੀ ਕਿਧਰ ਨੇ...?"

"...ਕਾਹਦੀ ਗੱਲ ਆ ਯਾਰ ਹਾਲੇ ਤਾਂ ਮੈਂ ਵੀ ਗ੍ਰਹਿਸਥੀ ਨੀਂ... ਤੇਰੇ ਵਰਗਾ ਈ ਆਂ.. ਸੁੱਚੇ ਮੂੰਹ ਛੜਾ... ਆਹ ਜਿਹੜੀ ਘਸੀ ਜਿਹੀ ਪੱਲੇ ਪਈ ਆ.. ਦਸ ਦਿਨ ਹੋਗੇ ਨੇ ਵਿਆਹ ਹੋਏ ਨੂੰ ਹਾਲੇ ਤਕ ਆਪਦੇ ਮੰਜੇ ਤਕ ਖੰਘਣ ਤਕ ਨੀਂ ਦਿੱਤਾ... ਹੱਥ ਲਾਉਣਾ ਤਾਂ ਦੂਰ ਦੀ ਗੱਲ ਐ.... ਨਾਲੇ ਵੱਡਾ ਭਰਾ ਬਣ ਕੇ ਉਹਨੂੰ ਮਾੜਾ ਮੋਟਾ ਸਮਝਾ ਬਈ ਮਾੜਾ ਮੋਟਾ ਹੱਥ ਲਾ ਲੈਣ ਦਿਆ ਕਰੇ.. ਉਹ ਦਾ ਕੁਝ ਝੜਨ ਨੀਂ ਤਾਂ ਲੱਗਾ...।" ਭਾਈ ਕਰਮ ਸਿੰਘ ਦੀ ਜੁਆਬੀ ਟਕੋਰ ਨਾਲ ਸਾਰੇ ਸਿੰਘਾਂ ਵਿਚ ਹਾਸਾ ਫੈਲ ਗਿਆ।

"ਹੱਤ ਤੇਰੀ ਵੱਡੇ ਜੀਜੇ ਦੀ...।" ਕਹਿੰਦਿਆਂ ਸਤਵਿੰਦਰ ਸਿੰਘ ਨੇ ਜੱਫੀ ਪਾ ਕੇ ਕਰਮ ਸਿੰਘ ਨੂੰ ਮੰਜੇ 'ਤੇ ਸੁੱਟ ਲਿਆ, ਉਹ ਹਾਸੇ ਹਾਸੇ ਵਿਚ ਘੁਲਣ ਲੱਗੇ। ਤਦ ਤਕ ਪ੍ਰੀਤ ਚਾਹ ਤਿਆਰ ਕਰਕੇ ਲੈ ਆਈ ਤੇ ਸਾਰੇ ਸਿੰਘ ਸ਼ਾਂਤ ਹੋ ਕੇ ਬਹਿ ਗਏ।

"..ਤੇ ਜੀਜਾ ਜੀ ਤੁਸੀਂ ਹਨੂੰਮਾਨ ਈ ਮਨਾ ਆਉ ਜਾ ਕੇ ਕਿਤੇ ਕੁਫਰੀ ਮਸੂਰੀ ਵੱਲ...।" ਸਤਵਿੰਦਰ ਦੀ ਗੱਲ ਸੁਣ ਕੇ ਸਾਰੇ ਜਣੇ ਫਿਰ ਹੱਸ ਪਏ।

"..ਸਾਡਾ ਕੀ ਲਿੰਕ ਐ.. ਹਨੂੰਮਾਨ ਨਾਲ, ਉਹ ਮਾਈ ਯਾਵਾ ਪੂਛ ਆਲਾ ਤੇ ਅਸੀਂ ਚੰਗੇ ਭਲੇ ਬੰਦੇ..." ਭਾਈ ਕਰਮ ਸਿੰਘ ਨੇ ਹੈਰਾਨਗੀ ਪ੍ਰਗਟ ਕੀਤੀ।

"..ਉਹ ਸੱਚ ਮੈਂ ਭੁੱਲ ਗਿਆ ਕਿ ਕਹਿੰਦੇ ਆ ਉਨੂੰ ਹਨੂੰਮਾਨ ਕਾਹਨੂੰ...? ਹਨੀਮੂਨ ਹਨੀਮੂਨ...।" ਸਤਵਿੰਦਰ ਨੇ ਮੱਥੇ 'ਤੇ ਹੱਥ ਮਾਰ ਕੇ ਸਿਆਣੀਆਂ ਬੁੜੀਆਂ ਵਾਂਗ ਮੂੰਹ ਬਣਾਇਆ।

"..ਭਾਈ ਸਾਹਿਬ ਜੀ ਹਨੀਮੂਨ ਮਨਾਇਓ ਭਾਵੇਂ ਪਰ ਹਨੂੰਮਾਨ ਨਾਲ ਤੁਹਾਡਾ ਸਾਰੇ ਜੱਟਾਂ ਦਾ ਕੋਈ ਨਾ ਕੋਈ ਸੰਬੰਧ ਹੈਗਾ... ਥੋਨੂੰ ਵੀ ਐਵੇਂ ਵਾਧੂ ਪੰਗੇ ਲੈਣ ਦੀ ਆਦਤ ਹੁੰਦੀ ਐ... ਜਿਹੜੀ ਹਨੂੰਮਾਨ ਨੂੰ ਵੀ ਸੀਗੀ... ਜਨਾਨੀ ਕਿਸੇ ਦੀ, ਕੱਢ ਕੇ ਕੋਈ ਲੈ ਗਿਆ... ਉਹ ਨੇ ਰੁੰਘੇ ਵਿਚ ਈ ਆਪਣੀ ਪੂੰਛ ਮਚਵਾ ਲਈ... ਮੁੜਕੇ ਜਦੋਂ ਸੇਕ ਲੱਗਿਆ ਤਾਂ ਸਮੁੰਦਰ 'ਚ ਡਬਾਉਂਦਾ ਫਿਰੇ..।" ਸਤਵਿੰਦਰ ਦੀਆਂ ਜੱਬਲੀਆਂ ਸਾਰੇ ਸਿੰਘਾਂ ਦੇ

ਢਿੱਡੀ ਪੀੜਾਂ ਪਾਈ ਜਾ ਰਹੀਆਂ ਸਨ।

ਦੂਸਰੇ ਦਿਨ ਭਾਈ ਕਰਮ ਸਿੰਘ ਆਪਣੀ ਸਿੰਘਣੀ ਸਮੇਤ ਯੂ.ਪੀ. ਨੂੰ ਚਲੇ ਗਏ। ਜਿਥੇ ਕਿਸੇ ਘਰ ਦੇ ਭੇਤੀ ਨੇ ਜਿਹੜੇ ਫਾਰਮ ਹਾਊਸ ਵਿਚ ਆਪਦੀ ਠਹਿਰ ਸੀ, ਨੂੰ ਘੇਰਾ ਪਵਾ ਦਿੱਤਾ। ਭਾਈ ਕਰਮ ਸਿੰਘ ਹੋਰੀਂ ਦੋਨੋ ਜਣੇ ਹੀ ਸਨ ਤੇ ਇਨ੍ਹਾਂ ਕੋਲੇ ਇਕ ਰਿਵਾਲਵਰ ਹੀ ਸੀ। ਘੇਰਾ ਬੜਾ ਜਬਰਦਸਤ ਸੀ। ਸਪੀਕਰ ਵਿਚੋਂ ਵਾਰ ਵਾਰ ਆਤਮ ਸਮਰਪਨ ਦੀ ਅਨਾਊਂਸਮੈਂਟ ਹੋ ਰਹੀ ਸੀ।

"..ਆਹ ਫੜਾਈਂ ਕੇਰਾਂ ਰਿਵਾਲਵਰ....।" ਭਾਈ ਸਾਹਿਬ ਨੇ ਸਿਰ 'ਤੇ ਕੇਸਕੀ ਸੰਵਾਰਦਿਆਂ ਸਿੰਘਣੀ ਨੂੰ ਇਸ਼ਾਰਾ ਕੀਤਾ ਅਤੇ ਘਰ ਦੇ ਪਿਛਵਾੜੇ ਵਿਚ ਨਿੱਕੇ ਦਰਵਾਜ਼ੇ ਥਾਈਂ ਬਾਹਰ ਵੱਲ ਨੂੰ ਹੋ ਤੁਰੇ।

"..ਅਰੇ ਸਰਦਾਰ ਜੀ.. ਹਥਿਆਰ ਫੇਂਕ ਦੋ...।" ਖੇਤ ਵਿਚੋਂ ਸਰ੍ਹੋਂ ਦੀ ਓਟ ਲੈ ਕੇ ਇਕ ਦਰੋਗਾ ਅੱਗੇ ਵਧਿਆ।

"..ਖੜ੍ਹਜੋ ਸੁੱਟਦਾਂ ਹੁਣੇ ਹਥਿਆਰ... ਮਾਈ..ਜਾ..।" ਕਰਮ ਸਿੰਘ ਨੇ ਦਰੋਗੇ ਵੱਲ ਫਾਇਰ ਕਰ ਦਿੱਤਾ। ਗੋਲੀ ਪੱਟ ਨੂੰ ਚੀਰ ਕੇ ਅੱਗੇ ਲੰਘ ਗਈ।

"...ਆਏ ਰੇ..ਰਾ..ਮ ਮਾਰ ਡਾਲਾ..।" ਕਹਿੰਦਾ ਹੋਇਆ ਦਰੋਗਾ ਪੱਟ ਫੜ ਕੇ ਬਹਿ ਗਿਆ ਤੇ ਪਿਛੇ ਆਉਂਦੀ ਪੁਲਿਸੀਆਂ ਦੀ ਢਾਣੀ ਅੱਡੀਆਂ ਨੂੰ ਥੁੱਕ ਲਗਾ ਗਈ। ਯੋਜਨਾਬੱਧ ਤਰੀਕੇ ਨਾਲ ਲੜਦੇ ਲੜਾਉਂਦੇ ਆਖਰ ਇਹ ਦੋਨੋਂ ਜਣੇ ਘੇਰਾ ਤੋੜ ਕੇ ਨਿਕਲਣ ਵਿਚ ਕਾਮਯਾਬ ਹੋ ਗਏ।

"..ਉਏ ਮੇਰਿਆ ਬਾਵਿਆ ਜਿਆ... ਮੈਂ ਤਾਂ ਤੈਨੂੰ ਉਈਂ ਘਸੀ ਜਿਹੀ ਹੀ ਸਮਝਦਾ ਸੀ ਤੂੰ ਤਾਂ ਬੜੀ ਦਲੇਰ ਨਿਕਲੀ...।" ਸੁਰੱਖਿਅਤ ਥਾਂ ਪਹੁੰਚ ਕੇ ਕਰਮ ਸਿੰਘ ਨੇ ਸਿੰਘਣੀ ਨੂੰ ਹਿੱਕ ਨਾਲ ਘੁੱਟ ਲਿਆ।

"...ਗੁਰੂ ਦੀ ਬਖਸ਼ਿਸ਼ ਰਹੀ ਤੇ ਤੁਹਾਡਾ ਸਾਥ ਰਿਹਾ ਤਾਂ ਇਹ ਦਲੇਰੀ ਸਦਾ ਕਾਇਮ ਰਹੇਗੀ।" ਪ੍ਰੀਤ ਨੇ ਜਵਾਬ ਦਿੱਤਾ।

"...ਦੇਖ ਪ੍ਰੀਤ.. ਜੇ ਮੇਰੀ ਸ਼ਹੀਦੀ ਪਹਿਲਾਂ ਹੋ ਗਈ ਤਾਂ ਵਾਅਦਾ ਦੇ ਮੇਰੀ ਪੱਗ ਨੂੰ ਦਾਗ ਨੀਂ ਲਾਵੇਂਗੀ..।" ਗੱਲ ਹਲੇ ਕਰਮ ਸਿੰਘ ਦੇ ਮੂੰਹ ਵਿਚ ਹੀ ਸੀ ਕਿ ਪ੍ਰੀਤ ਨੇ ਉਹਦੇ ਬੁੱਲ੍ਹਾਂ 'ਤੇ ਹੱਥ ਰੱਖ ਦਿੱਤਾ।

"..ਸਰਦਾਰ ਜੀ ਇਹ ਤਾਂ ਸੋਚਣਾ ਵੀ ਨਾ... ਮੇਰੀ ਗੁਰੂ ਅੱਗੇ ਇਹੀ ਅਰਦਾਸ ਹੈ ਕਿ ਮੇਰੀ ਜਿੰਦ ਭਾਵੇਂ ਲੱਖ ਵਾਰ ਕੱਢ ਲਵੇ ਪਰ ਤੁਹਾਡੀ ਦਸਤਾਰ ਦੀ ਸ਼ਾਨ ਯੁੱਗਾਂ ਤੀਕ ਬਰਕਰਾਰ ਰਹੇ...।" ਪ੍ਰੀਤ ਨੇ ਆਪਣੇ ਹਿਰਦੇ 'ਤੇ ਹੱਥ ਰੱਖ ਦਿੱਤਾ।

ਚੰਨ ਚਾਨਣੀ ਰਾਤ ਵਿਚ ਸਾਰਾ ਮਾਹੌਲ ਕਿਸੇ ਸਮਾਧ ਸਥਿਤ ਰਿਸ਼ੀ ਦੇ ਆਸ਼ਰਮ ਵਾਂਗ ਚੁੱਪ ਸੀ। ਨਾਲ ਵਗਦੀ ਛੋਟੀ ਜਿਹੀ ਤੇਜ ਜੰਗਲੀ ਨਦੀ ਦੇ ਚੌੜੇ ਦਰਿਆ ਵਿਚ ਸਮਾਉਣ ਦੀ ਅਵਾਜ਼ ਅਨਹਦ ਨਾਦ ਵਾਂਗ ਗੂੰਜ ਰਹੀ ਸੀ। ਸਾਰੀ ਕਾਇਨਾਤ ਦੋ ਰੂਹਾਂ ਦੇ ਆਪਸੀ ਮਿਲਾਪ 'ਤੇ ਕਿਸੇ ਅਗੰਮੀ ਧੁੰਨ ਵਿਚ ਮਸਤ ਹੋ ਗਈ।

ਲੋਕ ਕਹਿਣ ਮੈਂ ਸੂਰਜ ਬਣਿਆ
ਲੋਕ ਕਹਿਣ ਮੈਂ ਰੋਸ਼ਨ ਹੋਇਆ
ਸਾਨੂੰ ਕੇਹੀ ਲਗਾ ਗਿਆ ਅੱਗ ਤੇਰਾ ਬਿਰਹੜਾ
ਲੋਕੀਂ ਪੂਜਣ ਰੱਬ ਮੈਂ ਤੇਰਾ ਬਿਰਹੜਾ....

O-----O-----O

ਕਾਂਡ 25

ਵਿਛੜਾ ਵੋਹ ਇਸ ਤਰਹ ਕਿ ਰੁਤ ਹੀ ਬਦਲ ਗਈ
ਏਕ ਸ਼ਖਸ ਸਾਰੇ ਸ਼ਹਿਰ ਕੋ ਵੀਰਾਨ ਕਰ ਗਿਆ..

ਨੱਬੇ ਇਕਾਨਵਿਆਂ ਦੇ ਦਿਨਾਂ ਵਿਚ ਸਿੱਖ ਸੰਘਰਸ਼ ਆਪਣੀ ਚਰਮ ਸੀਮਾਂ ਨੂੰ ਛੂਹਣ ਲੱਗਾ। ਇਸ ਸਮੇਂ ਪੰਜ ਪ੍ਰਮੁੱਖ ਖਾੜਕੂ ਜਥੇਬੰਦੀਆਂ ਵੱਲੋਂ ਚਲਾਈ ਸਮਾਜ ਸੁਧਾਰ ਦੀ ਲਹਿਰ ਨੂੰ ਆਮ ਲੋਕਾਂ ਵਿਚ ਪੂਰਨ ਸਮਰਥਨ ਹਾਸਲ ਸੀ। ਲੋਕਾਂ ਦੇ ਖੂਨ ਵਿਚ ਰਚੀਆਂ ਕੁਰੀਤੀਆਂ, ਨਸ਼ੇ, ਦਾਜ ਲੋਕ ਸੱਭਿਆਚਾਰ ਦੇ ਨਾਂ 'ਤੇ ਪਰੀ ਕਹਾਣੀਆਂ ਅਤੇ ਅਸ਼ਲੀਲ ਗੀਤਾਂ ਦੀ ਥਾਂ ਹੁਣ ਸਿੱਖ ਇਤਿਹਾਸ, ਰਹਿਤ ਮਰਿਯਾਦਾ ਅਤੇ ਸਿੱਖੀ ਬਾਣੇ ਨੇ ਪੂਰੀ ਤਰ੍ਹਾਂ ਲੈ ਲਈ ਸੀ।

"...ਕਿਉਂ ਕਾਮਰੇਡਾ! ਬਣਿਆ ਪਇਆ ਨਾ ਜਮਾਂ ਖਾਲਿਸਤਾਨ..।" ਇਕ ਪਿੰਡ ਕੋਲੋਂ ਲੰਘਦਿਆਂ ਭਾਈ ਕਰਮ ਸਿੰਘ ਨੇ ਪੀਲੀਆਂ ਚੁੰਨੀਆਂ ਅਤੇ ਪੀਲੀਆਂ ਦਸਤਾਰਾਂ ਬੰਨ੍ਹੀ ਪ੍ਰਾਰਥਨਾ ਵਿਚ 'ਦੇਹਿ ਸਿਵਾ ਬਰ ਮੋਹਿ ਇਹੈ' ਦੀਆਂ ਧੁੰਨਾਂ ਉਚਰ ਰਹੇ ਵਿਦਿਆਰਥੀਆਂ ਵੱਲ ਮੇਰਾ ਧਿਆਨ ਦੁਆਇਆ।

"..ਪਰ ਬਾਬਿਓ! ਆਮ ਲੋਕ ਇਨ੍ਹਾਂ ਗੱਲਾਂ ਨਾਲ ਆਪਣੇ ਕੋਲੋਂ ਦੂਰ ਨਾ ਹੋ ਜਾਣ..? ਨਾਲੇ ਕਈ ਸਿੱਖ ਵਿਦਵਾਨ ਅਤੇ ਖੱਬੇ ਸੱਜੇ ਲੇਖਕ ਵੀ ਆਪਣੀ ਸਮਾਜ ਸੁਧਾਰ ਦੀ ਲਹਿਰ ਨੂੰ ਨਾਦਰਸ਼ਾਹੀ ਫੁਰਮਾਨ ਗਰਦਾਨਦੇ ਆ....।" ਮੈਂ ਤੌਖਲਾ ਜਾਹਿਰ ਕੀਤਾ।

"..ਕਿਉਂ..? ਲੋਕਾਂ ਦੀਆਂ ਦਸਾਂ ਦਸਾਂ ਸਾਲਾਂ ਤੋਂ ਘਰੇ ਬੈਠੀਆਂ ਧੀਆਂ ਧਿਆਣੀਆਂ ਦੁਬਾਰਾ ਜਿਉਂ ਵਸਾ ਦਿੱਤੀਆਂ..! ਸ਼ਰਾਬ ਤੇ ਤੰਬਾਕੂ ਵਿਚ ਗਰਕਦਾ ਜਾ ਰਿਹਾ ਪੰਜਾਬ ਡੁੱਬਣੋ ਜਿਉਂ ਬਚਾ ਲਿਆ, ਵਿੱਤੋਂ ਵੱਧ ਖਰਚੇ ਕਰਕੇ ਕੀਤੇ ਫੁਕਰੂ ਵਿਆਹਾਂ ਸ਼ਾਦੀਆਂ 'ਤੇ ਹੁਣ ਪੰਜਾਬ ਦਾ ਸਿੱਖ ਕਿਸਾਨ ਘਾਗ ਬਾਣੀਏ ਕੋਲੋਂ ਕਰਜ਼ਾ ਜਿਉਂ ਚੁੱਕਣੋਂ ਹੱਟ ਗਿਐ..! ਕਾਮਰੇਡ ਮਹਿੰਗਾ ਸਿਆਂ..! ਇਹ ਸਾਰੇ ਕੰਮ ਖਾੜਕੂ ਸਿੰਘਾਂ ਦੇ ਕੋਡ ਆਫ ਕੰਡਕਟ ਕਰਕੇ ਹੀ ਤਾਂ ਸਿਰੇ ਚੜ੍ਹੇ ਨੇ, ਇਨ੍ਹਾਂ ਵਿਚੋਂ ਕਿਹੜਾ ਲੋਕ ਹਿਤੂ ਨਹੀਂ..? ਸੱਜੇ ਖੱਬੇ ਜਿਹੜੇ ਲੇਖਕਾਂ ਦਾ ਢਿੱਡ ਦੁੱਖਦੈ ਉਨ੍ਹਾਂ ਤੋਂ ਪੁੱਛਣਾ ਚਾਹੀਦਾ ਬਈ ਲੋਕ ਮਾਨਸਿਕਤਾ ਨੂੰ ਬਦਲੇ ਬਿਨਾ ਕੋਈ ਵੀ ਸੰਘਰਸ਼ ਕਿਵੇਂ ਸਫਲ ਹੋ ਸਕਦੈ..? ਅਸੀਂ ਗੱਲ ਕਰੀਏ ਬਾਬੇ ਬੰਦੇ ਬਹਾਦਰ ਵਾਂਗ ਹਲੇਮੀ ਰਾਜ ਲੈ ਕੇ ਆਉਣ ਦੀ ਤੇ ਲੋਕ ਸਹੁਰੇ ਡਰਦੇ ਫਿਰਨ ਕਿੱਕਰ 'ਤੇ ਰਹਿੰਦੀ ਕਾਟੋ ਤੋਂ.... ਜਾਂ ਡੁੱਬੇ ਫਿਰਨ ਮੱਟਾਂ ਦੇ ਮੱਟ ਡਕਾਰ ਕੇ ਕਾਸ਼ਨੀ ਅੱਖ ਵਿਚ, ਅਖੇ ਬੱਕਰੀ ਜਾਨੋਂ ਗਈ ਖਾਣ ਵਾਲੇ ਨੇ ਸਵਾਦ ਨਾ ਪਾਇਆ...।" ਭਾਈ ਕਰਮ ਸਿੰਘ ਨੇ ਲੈਕਚਰ ਦਊ ਅੰਦਾਜ਼ ਵਿਚ ਬੋਲਣਾ ਸ਼ੁਰੂ ਕੀਤਾ।

"..ਇਨ੍ਹਾਂ ਤੋਂ ਕੋਈ ਪੁੱਛੇ, ਵੱਡੇ ਇਨਕਲਾਬੀਆਂ ਤੋਂ ਬਈ ਇਨਕਲਾਬ ਆਉਣ ਤੋਂ ਪਹਿਲਾਂ ਜੇ ਇਹੀ ਸੁਧਾਰ ਚੀਨ ਵਿਚ ਮਾਓ ਕਰਦੇ, ਕਿਊਬਾ ਵਿਚ ਕਾਸਤਰੋ ਤੇ ਕੰਬੋਡੀਆ ਵਿਚ ਇਹੀ ਸਭ ਕੁਝ ਜੇ ਕਾਮਰੇਡ ਬਾਂਡਪਾਲ ਲਾਗੂ ਕਰਦੇ ਤਾਂ ਇਨ੍ਹਾਂ ਅਖੌਤੀ ਵਿਦਵਾਨਾਂ ਤੇ ਕਰੜ-ਬਰੜ ਲੇਖਕਾਂ ਨੂੰ ਇਹੀ ਕਦਮ ਇਨਕਲਾਬੀ

ਲੱਗਦੇ ਆ.... ਜਦੋਂ ਅਸੀਂ ਕਰਾਉਨੇ ਆਂ ਤਾਂ ਨਾਦਰਸ਼ਾਹੀ ਫੁਰਮਾਨ...? ਆਵਦੀਆਂ ਵਿੱਡ ਵਿਚ ਤੇ ਲੋਕਾਂ ਦੀਆਂ ਸੱਥ ਵਿਚ..., ਨਾਲੇ ਬਾਬਿਓ ਸਰਕਾਰਾਂ ਵਾਲੇ ਰਫਲਾਂ ਤੋਂ ਨੀਂ ਡਰਦੇ ਅਗਲਿਆਂ ਕੋਲ ਤੋਪਾਂ ਹੈਗੀਆਂ ਨੇ.. ਸਰਕਾਰਾਂ ਤਾਂ ਸਦਾ ਇਹੋ ਜਿਹੇ ਕੰਮਾਂ ਤੋਂ ਹੀ ਡਰਦੀਆਂ ਨੇ, ਅਗਲਿਆਂ ਦੀਆਂ ਕਚਹਿਰੀਆਂ ਬਾਂਅ..ਬਾਂਅ.. ਕਰਨ ਡਹੀਆਂ ਨੇ, ਲੋਕ ਖਾੜਕੂਆਂ ਤੋਂ ਫੈਸਲੇ ਕਰਵਾਉਣ ਲੱਗੇ ਨੇ... ਸਸਤਾ ਇਨਸਾਫ ਮਿਲਦਾ ਲੋਕਾਂ ਨੂੰ ਉਹ ਵੀ ਜਲਦੀ ਤੋਂ ਜਲਦੀ.... ਵਰ੍ਹਿਆ ਬੱਧੀ ਲਟਕ ਕੇ ਨਹੀਂ.., ਸਰਕਾਰ ਵਾਲਿਆਂ ਦਾ ਸ਼ਾਸ਼ਨ ਕੀ ਟੱਟੂ ਦਾ ਰਹਿ ਗਿਆ...? ਲੋਕ ਕਿਉਂ ਔਖੇ ਹੋਣਗੇ..? ਜੇ ਕੁਝ ਅਕਲ ਹੋਊਗੀ ਮਾੜੀ ਮੋਟੀ ਤਾਂ ਸੰਘਰਸ਼ ਦਾ ਸਾਥ ਦੇਣਗੇ ਨਹੀਂ ਤਾਂ ਮਰਨਗੇ ਕੁੱਤੇ ਦੀ ਮੌਤ ਆਉਣ ਵਾਲੇ ਸਮੇਂ ਵਿਚ ਖੁਦਕਸ਼ੀਆਂ ਕਰਕੇ... ਫਿਰ ਕੋਈ ਨੀਂ ਮਿਲਣਾ ਬਾਂਹ ਫੜਨ ਵਾਲਾ... ਅਖੇ ਪਿਛੋਂ ਰੋਵੇਂਗੀ ਮੱਥੇ 'ਤੇ ਹੱਥ ਧਰਕੇ ਮਿੱਤਰਾਂ ਨੂੰ ਕੈਦ ਬੋਲਗੀ, ਨਾਲੇ ਭਰਾਵਾ ਆਪਾਂ ਨੂੰ ਕੈਦ ਕੂਦ ਨੀਂ ਬੋਲਣੀ ਐਥੇ ਤਾਂ ਸਿੱਧੀ ਗੋਲੀ ਈ ਵੱਜਣੀ ਐ...।" ਭਾਈ ਕਰਮ ਸਿੰਘ ਸਮਾਜ ਸੁਧਾਰ ਦੇ ਮਸਲੇ 'ਤੇ ਆਪਣੇ ਵਿਚਾਰ ਰੱਖ ਗਏ।

ਤਦ ਤਕ ਪੰਜਾਬ ਵਿਚ ਵੋਟਾਂ ਦੀ ਤਰੀਕ ਨੇੜੇ ਆਉਣੀ ਸ਼ੁਰੂ ਹੋ ਗਈ। ਅਕਾਲੀਆਂ ਦੀ ਹਾਲਤ ਲੀਰੋ-ਲੀਰ ਹੋਈ ਪਈ ਸੀ। ਖਾਲਿਸਤਾਨੀ ਸਮਝੇ ਜਾਂਦੇ ਫੈਡੇਰਸ਼ਨੀਏ ਇਕ ਦੂਜੇ ਤੋਂ ਵੱਧ ਕੇ ਸੀਟਾਂ ਲੈਣ ਲਈ ਗੁੱਥਮ ਗੁੱਥੀ ਹੋ ਰਹੇ ਸਨ। ਸਾਰੀ ਸਥਿਤੀ ਨੂੰ ਦੇਖਦੇ ਹੋਏ ਪੰਜਾਂ ਜਥੇਬੰਦੀਆਂ ਵੱਲੋਂ ਵੋਟਾਂ ਦੇ ਬਾਈਕਾਟ ਦਾ ਐਲਾਨ ਕਰ ਦਿੱਤਾ ਗਿਆ।

"..ਮਹਾਂਪੁਰਸ਼ੋ...! 'ਕਾਲੀਆਂ ਨੇ ਤਾਂ ਬਾਈਕਾਟ ਕਰ ਈ ਦੇਣੈਂ ਤੇ ਜੇ ਸਰਕਾਰ ਕਾਂਗਰਸ ਦੀ ਆ ਗਈ ਤਾਂ ਘਾਣ ਲੱਥਣਗੇ...।" ਮੈਂ ਭਾਈ ਕਰਮ ਸਿੰਘ ਨੂੰ ਗੱਲ ਰੜਕਾਈ।

"..ਗੱਲ ਤਾਂ ਤੇਰੀ ਠੀਕ ਏ ਮਹਿੰਗਾ ਸਿੰਹਾਂ, ਪਰ ਬਰਨਾਲਾ ਵੀ ਤਾਂ ਅਕਾਲੀ ਹੀ ਸੀ... ਕੀ ਉਹਦੀ ਗੌਰਮਿੰਟ ਸਮੇਂ ਘਾਣ ਨੀਂ ਲੱਥੇ..? ਉੱਨੀ ਸੌ ਅਠੱਤਰ ਵਿਚ ਤੇਰਾਂ ਸਿੰਘਾਂ ਦੀ ਸ਼ਹਾਦਤ ਹੋਈ, ਦੋਸ਼ੀ ਸਾਫ ਬਚ ਕੇ ਨਿਕਲ ਗਏ, ਉਦੋਂ ਸਰਕਾਰ ਕੀਹਦੀ ਸੀ..? ਉਦੋਂ ਵੀ ਤਾਂ 'ਕਾਲੀਆਂ ਦੀ ਸੀ, ਫੇਰ ਪੰਥ ਦਾ ਭਲਾ ਕਿਉਂ ਨਾ ਹੋਇਆ? 'ਕਾਲੀ ਦਲ ਦੇ ਉਮਰਾਨੰਗਲ ਵਰਗੇ ਵਜ਼ੀਰ ਨੀਲੀਆਂ ਪੱਗਾਂ ਬੰਨ੍ਹ ਕੇ ਝੂਠੀਆਂ ਗਵਾਹੀਆਂ ਦੇ ਆਏ ਤੇ ਨਰਕਧਾਰੀਏ ਬਰੀ ਹੋ ਗਏ...।" ਭਾਈ ਕਰਮ ਸਿੰਘ ਨੇ ਅਕਾਲੀਆਂ 'ਤੇ ਕਾਂਗਰਸੀਆਂ ਨੂੰ ਇਕੋ ਥੈਲੀ ਦੇ ਚੱਟੇ-ਬੱਟੇ ਸਿੱਧ ਕਰ ਦਿੱਤਾ।

"..ਸਰਕਾਰ ਭਾਵੇਂ ਕੀਹਦੀ ਮਰਜ਼ੀ ਆ ਜਾਵੇ ਸਿੱਖਾਂ ਦਾ ਖਾਲਿਸਤਾਨ ਬਗੈਰ ਨਹੀਂ ਸਰ ਸਕਦਾ... ਨਾ ਹੀ ਸਿੱਖ ਮਸਲਿਆਂ ਦਾ ਇਸ ਤੋਂ ਬਿਨਾਂ ਕੋਈ ਹੋਰ ਹੱਲ ਹੋਣੈਂ, ਨਾਲੇ ਹੁਣ ਅਕਾਲੀ ਦਲ ਹੈ ਕਿਹੜਾ ਦਲਾਂ ਦੀ ਦਲਦਲ ਬਣੀ ਪਈ ਐ, ਖੋਖਤੀਆਂ ਕਰੇਲਿਆਂ ਵਿਚੋਂ ਖਾੜਕੂ ਕੀਹਦੀ ਮਦਦ 'ਤੇ ਖੜ੍ਹਨ..? ਬਣਾਈ ਸੀ ਇਕ ਪੁਲੀਟੀਕਲ ਪਾਰਟੀ ਬੱਬਰ ਅਕਾਲੀ ਦਲ ਉਹ ਵੀ ਨੀਂ ਜੰਮ ਸਕੀ ਬਹੁਤੀ, ਇਕ ਤਾਂ ਆਪਣੇ ਹਾਈਕਮਾਂਡ ਵਾਲਿਆਂ ਨੇ ਬਾਕੀ ਜਥੇਬੰਦੀਆਂ ਨੂੰ ਭਰੋਸੇ ਵਿਚ ਨੀਂ ਲਿਆ ਤੇ ਅਗਲੇ ਤੜਿੰਗ ਹੋ ਗਏ, ਬਾਕੀ ਬੱਬਰ ਅਕਾਲੀ ਦਲ ਆਲੇ ਬਹੁਤੇ ਬੰਦੇ ਸ਼ਹਿਰੀਏ ਹੋਣ ਕਰਕੇ ਪੋਲੜ ਜਿਹੇ ਨਿਕਲੇ, ਪਹਿਲੇ ਫੈਂਟੇ ਵਿਚ ਹੀ ਭੱਜ ਖਲੋਤੇ... ਮਿੱਤਰਾ ਹੁਣ ਤਾਂ ਇਕੋ ਇਕ ਰਾਹ ਬਾਕੀ ਰਹਿ ਗਿਐ ਚੋਣਾਂ ਦਾ ਬਾਈਕਾਟ ਜਿਹੜਾ ਚੁਣ ਲਿਆ ਗਿਆ ਏ, ਬਾਕੀ ਦੇਖੀ ਜਾਊ ਪੰਜਾਬ ਦੇਸ਼ ਦੇ ਕਰਮਾਂ ਦਾ ਦੋਸ਼..!" ਭਾਈ ਕਰਮ ਸਿੰਘ ਨੇ ਗੱਲ ਮੁਕਾ ਦਿੱਤੀ। ਮੈਨੂੰ ਮਹਿਸੂਸ ਹੋਇਆ ਜਿਵੇਂ ਮੇਰਾ ਅੰਦਰ ਕਹਿ ਰਿਹਾ ਹੋਵੇ

"ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥

ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ..."

* * *

ਨੌ ਪ੍ਰਤੀਸ਼ਤ ਵੋਟਾਂ 'ਤੇ ਕਾਂਗਰਸ ਦੀ ਸਰਕਾਰ ਚੁਣੀ ਗਈ। ਕਿਹਾ ਜਾਂਦਾ ਹੈ ਕਿ ਰਾਵਣ ਵਰਗਾ ਮਹਾਨ ਵਿਦਵਾਨ ਵੀ ਕਦੇ ਨਾ ਮਰਦਾ ਜੇ ਆਪਣਾ ਹੀ ਭਰਾ ਭਵੀਸ਼ਣ ਗੱਦਾਰੀ ਨਾ ਕਰਦਾ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਜਿੱਥੇ ਪੰਜ ਪਾਣੀਆਂ ਦੀ ਧਰਤੀ ਨੇ ਹਜ਼ਾਰਾਂ ਯੋਧੇ ਸੂਰਬੀਰ ਪੈਦਾ ਕੀਤੇ ਹਨ, ਉਥੇ ਹਜ਼ਾਰਾਂ ਗੰਗੂ, ਡੋਗਰੇ, ਸਫੈਦਪੋਸ਼ਾਂ ਤੇ ਝੋਲੀ ਚੁੱਕ ਚੁਗਲ ਖੋਰਾਂ ਨੇ ਵੀ ਪੰਜਾਬੀ ਧਰਤੀ ਦੇ ਪਵਿੱਤਰ ਪਾਣੀਆਂ ਨੂੰ ਗੰਧਲਾ ਕੀਤਾ ਹੈ। ਅਜਿਹੇ ਹੀ ਗੱਦਾਰਾਂ ਦੀਆਂ ਗੱਦਾਰੀਆਂ ਪੰਥ ਅਤੇ ਪੰਜਾਂ ਪਾਣੀਆਂ ਦੀ ਧਰਤੀ ਨੂੰ ਅਜ਼ਾਦ ਖੁਸ਼ਹਾਲ ਦੇਖਣਾ ਲੋਚਦੇ ਕਈ ਸੂਰਬੀਰ ਇਕ ਇਕ ਕਰਕੇ ਸ਼ਹੀਦੀਆਂ ਪਾਉਣ ਲੱਗੇ।

ਅਗਸਤ ਬਾਨਵੇਂ ਵਿਚ ਭਾਈ ਬੁੱਧਦੇਵ ਸਿੰਘ ਮੁਖੀ ਲਿਬਰੇਸ਼ਨ ਫੋਰਸ ਲੁਧਿਆਣਾ ਵਿਚ ਸ਼ਹਾਦਤ ਪ੍ਰਾਪਤ ਕਰ ਗਏ। ਸਾਡੀ ਸਾਰੀ ਜਥੇਬੰਦੀ ਦੇ ਸਿੰਘਾਂ ਵਿਚ ਸੋਗ ਦੀ ਲਹਿਰ ਦੌੜ ਗਈ। ਭਾਈ ਕਰਮ ਸਿੰਘ ਕਈ ਦਿਨ ਸ਼ਹੀਦ ਹੋਏ ਯੋਧੇ ਨੂੰ ਯਾਦ ਕਰਕੇ ਅੱਥਰੂ ਵਹਾਉਂਦੇ ਰਹੇ। ਹਾਈ ਕਮਾਂਡ ਵਿਚ ਚਾਚਾ ਵਸਾਵਾ ਸਿੰਘ ਬੱਬਰ ਵੀ ਯੋਧੇ ਨੂੰ ਯਾਦ ਕਰਕੇ ਦਿਲਗੀਰ ਹੁੰਦਾ ਰਿਹਾ। ਮੇਰੇ ਉਤੇ 'ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥ ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ॥' ਵਾਲੀ ਅਵੱਸਥਾ ਛਾਈ ਰਹੀ। ਮੈਂ ਕਰਮ ਸਿੰਘ ਤੋਂ ਇਜਾਜ਼ਤ ਲੈ ਕੇ ਮਾਨਸਿਕ ਬੋਝ ਹੋਲਾ ਕਰਨ ਲਈ ਆਪਣੇ ਇਕ ਮਿੱਤਰ ਦੇ ਪਿੰਡਾਂ ਵੱਲ ਮੋਗੇ ਏਰੀਏ ਵਿਚ ਨੂੰ ਚੁੱਭੀ ਮਾਰ ਗਿਆ।

"ਉਏ ਆ ਬਈ ਮੜੈਲਾ ਬੜੇ ਟਾਇਮ ਬਾਅਦ ਗੇੜਾ ਮਾਰਿਆ ਵਾ...।" ਚੰਨੇ ਨੇ ਮੈਨੂੰ ਘਰੇ ਪਹੁੰਚਦੇ ਸਾਰ ਹਿੱਕ ਨਾਲ ਘੁੱਟ ਲਿਆ। ਚੰਨਾ ਮੇਰਾ ਕਾਲਜ ਸਮੇਂ ਦਾ ਦੋਸਤ ਸੀ, ਇਸਦੇ ਘਰ ਨੂੰ ਮੈਂ ਇਕੱਲਾ ਹੀ ਗੁਪਤ ਠਾਹਰ ਵਜੋਂ ਵਰਤਦਾ ਰਿਹਾ ਸਾਂ।

"..ਕਿਉਂ ਉਦਾਸ ਕਿਉਂ ਐਂ...?" ਚੰਨਾ ਮੇਰੇ ਮਨ ਦੀ ਅਵਸਥਾ ਨੂੰ ਤਾੜ ਗਿਆ।

"..ਉਦਾਸ ਤਾਂ ਕੀ ਹੋਣੈ ਬਾਈ ਬੁੱਧਦੇਵ ਸਿੰਘ ਹੋਰਾਂ ਦੀ ਯਾਦ ਸਤਾਉਣ ਡਹੀ ਏ, ਬੜਾ ਚੜ੍ਹਦੀ ਕਲਾ ਵਾਲਾ ਯੋਧਾ ਸੀ...।" ਮੇਰੀਆਂ ਅੱਖਾਂ ਛਲਕ ਆਈਆਂ।

"ਤੂੰ ਤਾਂ ਯਾਰ ਐਵੇਂ ਬੱਚਿਆਂ ਵਾਂਗ ਦਿਲ ਹੌਲਾ ਕਰੀ ਜਾਨੈ.. ਯਾਰ ਦੀ ਗਲੀ ਵਿਚ ਤੁਰਿਆਂ ਨੂੰ ਸਿਰਾਂ ਦੀ ਫਿਕਰ ਕਾਹਦੀ...?" ਚੰਨਾ ਮੈਨੂੰ ਹੌਂਸਲਾ ਦੇਣ ਦੇ ਰੌਂਅ ਵਿਚ ਸੀ..। ਹਾਲੇ ਤਾਂ ਥੋਡਾ ਬੱਬਰ ਸ਼ੇਰ ਜਰਨੈਲ ਚੜ੍ਹਦੀ ਕਲਾ 'ਚ ਐ... ਭਾਈ ਸੁਖਦੇਵ ਸਿੰਹੁ ਬੱਬਰ, ਸੱਚੇ ਪਾਤਸ਼ਾਹ ਦੀ ਕਿਰਪਾ ਨਾਲ ਬਾਬੇ ਮਾਨੋਚਾਹਲ ਵਰਗੇ ਖਾਲਿਸਤਾਨ ਦੇ ਬਾਬੇ ਬੋਹੜ ਹਾਲੇ ਹੈਗੇ ਨੇ...।" ਚੰਨੇ ਨੇ ਮੇਰੀ ਪਿੱਠ ਥਾਪੜੀ। ਇਸ ਤਰ੍ਹਾਂ ਮੇਰਾ ਮਨ ਕੁਝ ਟਿਕਾਣੇ ਆਇਆ।

ਹਾਲੇ ਮੈਨੂੰ ਚੰਨੇ ਦੇ ਘਰ ਟਿਕੇ ਨੂੰ ਹਫਤਾ ਕੁ ਹੀ ਨਿਕਲਿਆ ਸੀ ਕਿ ਇਕ ਦਿਨ ਸਵੇਰੇ ਸਵੇਰੇ ਚੰਨਾ ਅਖਬਾਰ ਵਾਲੇ ਹਾਕਰ ਤੋਂ ਅਖਬਾਰ ਫੜਨ ਸਾਰ ਧਾਹੀਂ ਰੋ ਪਿਆ, "..ਉਏ ਬਾਈ.. ਆਪਾਂ ਪੱਟੇ ਗਏ.. ਕੱਖ ਨੀਂ ਰਿਹਾ.. ਬਸ ਹੁਣ ਤਾਂ ਸਾਰੀ ਜਿੱਤੀ ਬਾਜੀ ਹਰ ਗਈ ਉਏ.. ਹੁਣ ਨੀਂ ਕੱਖ ਬਣਨਾ.. ਉਹ ਸੂਰਮਾ ਜਰਨੈਲ ਸ਼ਹੀਦ ਹੋ ਗਿਆ.."।

"ਕੀ ਹੋਇਐ...? ਕੀ ਗੱਲ ਐ...?" ਚੰਨੇ ਨੂੰ ਰੋਂਦਾ ਦੇਖਕੇ ਮੇਰਾ ਦਿਲ ਡੁਬੂੰ ਡੁਬੂੰ ਕਰਨ ਲੱਗ ਪਿਆ।

"..ਉਏ ਬਾਈ... ਆਪਣਾ ਬੱਬਰ ਸ਼ੇਰ ਕੁੱਤਿਆਂ ਨੇ ਢਾਹ ਲਿਆ... ਹੋਣੀ ਕਾਰਾ ਕਰਗੀ ਉਏ...।" ਕਹਿੰਦਿਆਂ ਹੋਇਆਂ ਚੰਨੇ ਨੇ ਅਖਬਾਰ ਮੇਰੇ ਮੂਹਰੇ ਕਰ ਦਿੱਤਾ। ਅਖਬਾਰ ਦੀ ਮੁੱਖ ਸੁਰਖੀ ਦੇਖ ਕੇ ਮੇਰੀਆਂ ਅੱਖਾਂ ਅੱਗੇ ਹਨੇਰ ਛਾ ਗਿਆ।

"...ਬੱਬਰ ਖਾਲਸਾ ਇੰਟਰਨੈਸ਼ਨਲ ਦੇ ਮੁੱਖ ਸੇਵਾਦਾਰ ਭਾਈ ਸੁਖਦੇਵ ਸਿੰਘ ਬੱਬਰ ਆਪਣੇ ਇਕ ਸਾਥੀ

ਡਾ. ਸਾਹਿਬ ਸਿੰਘ ਸਾਥੀ ਸਮੇਤ ਲੁਧਿਆਣੇ ਕੋਲ ਹਲਾਕ....।"

ਅਖ਼ਬਾਰੀ ਸੁਰਖੀ ਦੇ ਥੱਲੇ ਪੁਲਿਸ ਵੱਲੋਂ ਘੜੀ ਘੜਾਈ ਕਹਾਣੀ ਕਾਰ ਨੂੰ ਰੋਕਣ ਤੇ ਫਾਇਰਿੰਗ ਹੋਣ ਦੀ ਲਿਖੀ ਹੋਈ ਸੀ। ਜਿਸ ਤੋਂ ਸਾਫ ਜਾਹਰ ਹੁੰਦਾ ਸੀ ਕਿ ਮੁਕਾਬਲਾ ਝੂਠਾ ਸੀ। ਸਾਰੇ ਪੰਜਾਬ ਵਿਚ ਹੌਲਨਾਕ ਚੁੱਪ ਪਸਰ ਗਈ। ਲੋਕਾਂ ਨੇ ਘਰਾਂ ਵਿਚ ਚੁੱਲ੍ਹੇ ਨਾ ਬਾਲੇ, ਯੋਧੇ ਦੀ ਸ਼ਹੀਦੀ 'ਤੇ ਅਰਸ਼ਾਂ ਦੇ ਤਾਰੇ ਰੋ ਪਏ। ਸਰਕਾਰੀ ਮੀਡੀਏ ਵੱਲੋਂ ਬੱਬਰਾਂ ਦੇ ਅਹਿਮ ਵਿਰੋਧੀ ਪ੍ਰਚਾਰੇ ਜਾਂਦੇ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਨੂੰ ਉਸਦੇ ਨਜ਼ਦੀਕੀਆਂ ਨੇ ਧਾਹੀਂ ਰੋਂਦੇ ਦੇਖਿਆ, ਅਸਲ ਵਿਚ ਆਸ਼ਕਾਂ ਦੇ ਹਿਰਦੇ ਦੀ ਪੀੜ ਇਸ਼ਕ ਕਮਾਉਣ ਵਾਲੇ ਹੀ ਸਮਝ ਸਕਦੇ ਹਨ, ਆਮ ਲੋਕਾਂ ਨੂੰ ਇਨ੍ਹਾਂ ਗੱਲਾਂ ਦੀ ਸਾਰ ਨਹੀਂ ਹੋ ਸਕਦੀ।

ਦੂਜੇ ਦਿਨ ਦਾ ਅਖਬਾਰ ਪੰਜਾਬ ਦੇ ਹਰ ਵਾਸੀ ਦੇ ਸਿਰ 'ਤੇ ਬੰਬ ਵਾਂਗ ਫਟਿਆ। "..ਉਇ ਬਾਬਿਓ ਆ ਕੀ ਕਹਿੰਦੇ ਆਵਦੀ ਭੈਣ ਦੇ ਖਸਮ ਕਾਨਾ ਤੇ ਮੁੱਛਲ...? ਬਈ ਭਾਈ ਸੁਖਦੇਵ ਸਿੰਘ ਨੇ ਪਟਿਆਲੇ ਇਕ ਹੋਰ ਵਿਆਹ ਕਰਵਾਇਆ ਹੋਇਆ ਸੀ... ਇਕ ਲੜਕਾ ਵੀ ਐ ਉਨ੍ਹਾਂ ਦਾ...? ਵ੍ਹਾਈਟ ਹਾਊਸ ਨਾਂ ਦੀ ਕੋਠੀ ਵਿਚ ਉਹ ਰਹਿੰਦਾ ਰਿਹੈ..? ਤੇ ਹੋਰ ਵੀ ਬੜਾ ਗੰਦ-ਮੰਦ ਲਿਖਿਐ ਅਖੇ ਮਾੜੀਆਂ ਫਿਲਮਾਂ ਵੀ ਮਿਲੀਆਂ ਨੇ ਉਹਦੇ ਘਰੋਂ...?" ਚੰਨਾ ਅਖਬਾਰ ਮੇਰੇ ਅੱਗੇ ਕਰਕੇ ਸਿਰ ਫੜ ਕੇ ਬਹਿ ਗਿਆ।

"..ਦੇਖ ਵੀਰ ਚੰਨੇ ਦੁਸ਼ਮਣ ਕਦੇ ਵੀ ਆਪਣੇ ਦੁਸ਼ਮਣ ਨੂੰ ਚੰਗਾ ਨੀਂ ਕਹਿੰਦਾ ਹੁੰਦਾ, ਹਰ ਰੂਪੋਸ਼ ਜੀਵਨ ਦੀਆਂ ਆਪਣੀਆਂ ਕੁਝ ਮਜਬੂਰੀਆਂ ਹੁੰਦੀਆਂ ਤੇ ਹਰ ਬੰਦੇ ਦੀਆਂ ਆਪਣੀਆਂ ਆਪਣੀਆਂ ਕੁਝ ਲੋੜਾਂ... ਭਾਈ ਸੁਖਦੇਵ ਸਿੰਘ ਹੋਰੀਂ ਵੀ ਰੂਪੋਸ਼ ਜੀਵਨ ਬਿਤਾ ਰਹੇ ਸੀ, ਜਿਥੋਂ ਤਕ ਦੂਜੇ ਵਿਆਹ ਦੀ ਗੱਲ ਐ ਮੈਂ ਨੀਂ ਸਮਝਦਾ ਬਈ ਇਸ ਨਾਲ ਕਿਸੇ ਗੁਰਮਤਿ ਅਸੂਲ ਦੀ ਉਲੰਘਣਾ ਹੋਈ ਹੋਵੇ...।" ਮੈਂ ਚੰਨੇ ਨੂੰ ਸਮਝਾਉਣਾ ਸ਼ੁਰੂ ਕੀਤਾ।

"...ਉਹ ਤਾਂ ਠੀਕ ਐ ਪਰ ਆਹ ਆਪਣੀ ਸਕੀ ਭੈਣ ਦੇ ਖਸਮ ਕਹਿੰਦੇ ਆ ਬਈ ਉਹ ਨਾਲੇ ਦਾ ਕੱਚਾ ਸੀ...?" ਚੰਨਾ ਮਣਾਂ ਮੂੰਹੋਂ ਅਥਰੂ ਕੇਰੀ ਜਾ ਰਿਹਾ ਸੀ।

"...ਐਹੋ ਜਿਹੇ ਲੋਕ ਜਿਹੜੇ ਇਹ ਸਭ ਬਕਵਾਸ ਕਰਦੇ ਨੇ ਇਹ ਮਹਾਂ ਕਮੀਨੇ ਹੋਇਆ ਕਰਦੇ ਨੇ,

"ਉਂਗਲਾਂ ਉਠਾਉਂਦੇ ਪੂਰਨ ਦਿਆਂ ਚੰਦਾਂ 'ਤੇ

ਗਿੱਠ ਗਿੱਠ ਆਪਣੇ ਕਰੇੜਾਂ ਦੰਦਾਂ 'ਤੇ

ਧੋਂਵਦੇ ਨੀਂ ਹੋਣੇ ਕਈ ਮਹੀਨੇ ਆਦਮੀ

ਰੱਬਾ ਕਾਹਨੂੰ ਭੇਜਦਾਂ ਕਮੀਨੇ ਆਦਮੀ"

ਮੇਰੇ ਮੂੰਹੋਂ ਕਿਸੇ ਸੰਤ ਕਵੀ ਦੀਆਂ ਕਹੀਆਂ ਉਪਰੋਕਤ ਤੁਕਾਂ ਆਪਣੇ ਆਪ ਨਿਕਲ ਤੁਰੀਆਂ।

"..ਵੀਰ ਚੰਨ ਜਿਹੋ ਜਿਹੀ ਜਿਹਨੀਅਤ ਦੇ ਮਾਲਕ ਇਹ ਖੁਦ ਹੁੰਦੇ ਆ.. ਉਹੋ ਜਿਹੇ ਹੀ ਇਹ ਸਭ ਨੂੰ ਸਮਝਦੇ ਨੇ, ਭਰੀਆਂ ਮਹਿਫਲਾਂ ਵਿਚ ਧੱਕੇ ਨਾਲ ਔਰਤਾਂ ਨਾਲ ਛੇੜਖਾਨੀਆਂ ਕਰਨ ਵਾਲੇ ਇਹ ਲੋਕ ਦੂਜਿਆਂ ਨੂੰ ਕਿਰਦਾਰ ਹੀਣ ਕਹਿੰਦੇ ਹੋਏ ਜਮਾ ਸ਼ਰਮ ਨੀਂ ਕਰਦੇ, ਭਾਈ ਸਾਹਿਬ ਨੂੰ ਨਾਲੇ ਦਾ ਕੱਚਾ ਕਹਿਣ ਵਾਲੇ ਸ਼ਖ਼ਸ਼ ਕੀ ਇਹ ਦੱਸਣਗੇ ਕਿ ਸਿੱਖ ਇਤਿਹਾਸ ਵਿਚ ਇਕ ਤੋਂ ਵਧੀਕ ਸ਼ਾਦੀਆਂ ਕਰਵਾਉਣ ਵਾਲੇ ਕਿਹੜੇ ਸਿੱਖ ਨੂੰ ਕਿਰਦਾਰ ਹੀਣ ਦਾ ਲਕਬ ਦਿੱਤਾ ਗਿਐ...? ਗੁਰੂ ਕਾਲ ਤੋਂ ਲੈ ਕੇ ਅੱਜ ਤਕ ਜੇ ਗੁਰੂ ਹਸਤੀਆਂ ਨੂੰ ਛੱਡ ਵੀ ਦਿੱਤਾ ਜਾਵੇ ਤਾਂ ਵੀ ਕਈ ਉਦਾਹਰਨਾਂ ਸਿੱਖ ਇਤਿਹਾਸ ਵਿਚੋਂ ਸਾਡੇ ਸਾਹਮਣੇ ਪ੍ਰਤੱਖ ਨੇ, ਬਾਬਾ ਬੰਦਾ ਸਿੰਘ ਬਹਾਦਰ, ਜਰਨੈਲ ਹਰੀ ਸਿੰਘ ਨਲੂਆ, ਮਹਾਰਾਜਾ ਰਣਜੀਤ ਸਿੰਘ ਇਨ੍ਹਾਂ ਦੀਆਂ ਵੀ ਇਕ ਤੋਂ ਵਧੀਕ ਸ਼ਾਦੀਆਂ ਸੀ.. ਕੀ ਇਹ ਵੀ ਸਾਰੇ ਕਰੈਕਟਰ-ਲੈੱਸ ਕਹੇ ਜਾਣਗੇ..?" ਮੈਂ ਗੁੱਸੇ ਵਿਚ ਭੜਕ ਪਿਆ।

"..ਅਸਲ ਵਿਚ ਵੀਰ ਚੰਨੇ ਊਝਾਂ ਲਾਉਣ ਵਾਲਿਆਂ ਨੂੰ ਇਤਿਹਾਸ ਅਤੇ ਗੁਰਮਤਿ ਦੀ ਜਾਣਕਾਰੀ ਹੀ ਨਹੀਂ... ਰੂਪੋਸ਼ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਨੂੰ ਇਹ ਕੀ ਜਾਣਨ..? ਹੁਣ ਹੋਰ ਫੋਰਸਾਂ ਵੱਲ ਵੇਖਿਆ ਜਾਵੇ ਤਾਂ ਉਨ੍ਹਾਂ ਦੇ ਕਈ ਕਈ ਚੀਫ ਸ਼ਹੀਦ ਹੁੰਦੇ ਰਹੇ ਨੇ ਤੇ ਨਵੇਂ ਬਣਦੇ ਰਹੇ ਨੇ, ਪਰ ਜੇ ਸਾਡਾ ਚੀਫ ਗਿਆਰਾਂ ਸਾਲ ਭਾਰਤੀ ਏਜੰਸੀਆਂ ਦੇ ਤੇ ਹਕੂਮਤ ਦੇ ਅੱਖੀਂ ਘੱਟਾ ਪਾਉਂਦਾ ਰਿਹਾ ਤਾਂ ਇਸ ਵਿਚ ਮਾੜਾ ਕੀ ਹੋਇਆ..? ਬਾਕੀ ਰਹੀ ਗੱਲ ਗੰਦੀਆਂ-ਮੰਦੀਆਂ ਫਿਲਮਾਂ ਦੀ ਮੈਂ ਪੁੱਛਣਾ ਚਾਹੁੰਦਾ ਇਨ੍ਹਾਂ ਚੌਰਿਆਂ ਤੋਂ ਬਈ ਇਨ੍ਹਾਂ ਨੇ ਕਦੇ ਕਿਤੇ ਅਜਿਹੀ ਫਿਲਮ ਦੇਖੀ ਨ੍ਹੀਂ...? ਜੇ ਇਹ ਲੋਕ ਅਪਰੇਸ਼ਨ ਬਲਿਊ ਸਟਾਰ ਸਮੇਂ ਦਰਬਾਰ ਸਾਹਿਬ ਵਿਚ ਅਫੀਮ, ਸੋਨੇ ਦੇ ਬਿਸਕੁਟ, ਔਰਤਾਂ ਦੇ ਅੰਡਰ ਗਾਰਮੈਂਟਸ ਤੇ ਹੋਰ ਗੰਦ-ਮੰਦ ਸੁੱਟਣ ਦਾ ਘੋਰ ਪਾਪ ਕਰ ਸਕਦੇ ਆ ਤਾਂ ਕੀ ਇਹ ਲੋਕ ਭਾਈ ਸੁਖਦੇਵ ਸਿੰਘ ਨੂੰ ਬਦਨਾਮ ਕਰਨ ਲਈ ਆਪਣੇ ਕੋਲੋਂ ਅਜਿਹੀ ਮਾੜੀ ਕੈਸਿਟ ਉਨ੍ਹਾਂ ਦੇ ਘਰ ਨ੍ਹੀਂ ਸੁੱਟ ਸਕਦੇ...? ਇਹ ਸਭ ਸਾਜ਼ਸ਼ਾਂ ਨੇ....।" ਮੇਰੇ ਦਿਮਾਗ ਦਾ ਲਹੂ ਅੱਖਾਂ ਵਿਚ ਉਤਰਦਾ ਆ ਰਿਹਾ ਸੀ।

"..ਇਨ੍ਹਾਂ ਦੇ ਲੰਡੂ ਜਿਹੇ ਮੰਤਰੀ ਜੇ ਕੰਨ ਦੁਖਦਾ ਹੋਵੇ ਤਾਂ ਦਵਾਈ ਅਮਰੀਕਾ ਵਿਚ ਲੈਣ ਚਲੇ ਜਾਂਦੇ ਆ, ਤੀਜੇ ਦਿਨ ਗਿੱਟੇ-ਗੋਡੇ ਤੇ ਡੇਲੇ ਬਦਲਾਉਣ ਲਈ ਕਨੇਡਾ, ਇੰਗਲੈਂਡ ਦੇ ਦੌਰਿਆਂ 'ਤੇ ਚੜ੍ਹੇ ਰਹਿੰਦੇ ਆ, ਘਸੇ ਜਿਹੇ ਠਾਣੇਦਾਰ ਵੀ ਏ.ਸੀ. ਗੱਡੀਆਂ ਵਿਚ ਘੁੰਮਦੇ ਆ, ਏ.ਸੀ. ਬੰਗਲਿਆਂ ਵਿਚ ਰਹਿੰਦੇ ਆ, ਜੇ ਸਾਡਾ ਚੀਫ ਕੋਠੀ ਵਿਚ ਰਹਿ ਪਿਆ ਤਾਂ ਕਿਹੜਾ ਅਸਮਾਨ ਡਿੱਗ ਪਿਆ...? ਕਿਉਂ... ਖਾੜਕੂ ਪੱਥਰ ਦੇ ਬੁੱਤ ਨੇ..? ਉਨ੍ਹਾਂ ਵਿਚ ਜਾਨ ਨ੍ਹੀਂ...? ਕਿ ਉਨ੍ਹਾਂ 'ਚ ਭਾਵਨਾਵਾਂ ਨ੍ਹੀਂ..? ਸਾਨੂੰ ਮਾਣ ਐ.. ਸਾਡੇ ਚੀਫ ਨੇ ਕੌਮ ਨੂੰ ਬਾਮ੍ਹਣੀ ਮੁਤੱਸਵ ਤੋਂ ਅਜ਼ਾਦ ਕਰਵਾਉਣ ਲਈ ਇਕ ਸੂਰਮੇ ਸਿੰਘ ਵਾਂਗ ਲੜਾਈ ਲੜੀ ਤੇ ਕੌਮੀ ਅਜ਼ਾਦੀ ਦੀ ਲਟ ਲਟ ਬਲ ਰਹੀ ਸ਼ਮਾਂ ਨੂੰ ਆਪਣੇ ਸਿਰ ਦਾ ਖੂਨ ਪਾ ਕੇ ਹੋਰ ਵੀ ਪ੍ਰਚੰਡ ਕਰ ਗਿਆ... ਗੰਦ 'ਤੇ ਬੈਠਣ ਵਾਲੀਆਂ ਮੱਖੀਆਂ ਜਿਵੇਂ ਪਤੰਗਿਆਂ ਦੇ ਮਨ ਦੀ ਅਵੱਸਥਾ ਦਾ ਪਤਾ ਨਹੀਂ ਲਗਾ ਸਕਦੀਆਂ... ਇਸੇ ਤਰ੍ਹਾਂ ਟਕਿਆਂ 'ਤੇ ਵਿਕੇ ਹੋਏ ਲੋਕ ਯੋਧਿਆਂ ਦੀ ਸੋਚ ਦੀ ਹਾਥ ਨਹੀਂ ਪਾ ਸਕਦੇ...।" ਮੈਂ ਲੰਮਾ ਲੈਕਚਰ ਝਾੜ ਗਿਆ।

"..ਮੈਂ ਸਹਿਮਤ ਆਂ.. ਭਾਈ ਮਹਿੰਗਾ ਸਿੰਹਾਂ ਤੇਰੀ ਸੋਚ ਨਾਲ ਬਿਲਕੁਲ ਸਹਿਮਤ ਹਾਂ ਜੰਗ-ਏ-ਅਜ਼ਾਦੀ ਦਾ ਹਰ ਸ਼ਹੀਦ ਸਾਡਾ ਮਾਣ ਐਂ... ਅਸੀਂ ਆਪਣੇ ਯੋਧਿਆਂ ਦੀਆਂ ਕੀਤੀਆਂ ਕੁਰਬਾਨੀਆਂ ਨਹੀਂ ਭੁਲਾਵਾਂਗੇ ਤੇ ਚਾਨਣ ਦੇ ਆਉਣ ਤੱਕ ਨੇਰ੍ਹੀਆਂ ਕਾਲਖਾਂ ਨਾਲ ਜੂਝਦੇ ਰਹਾਂਗੇ... ਜਦੋਂ ਤਕ ਕੌਮ ਅਜ਼ਾਦ ਨ੍ਹੀਂ ਹੋ ਜਾਂਦੀ... ਉਦੋਂ ਤਕ ਜੰਗ ਜਾਰੀ ਰਹੇਗੀ...।" ਚੰਨਾ ਮੇਰੇ ਮੰਜੇ 'ਤੇ ਪਈ ਅਸਾਲਟ ਚੁੱਕ ਕੇ ਦਰਵਾਜ਼ੇ ਦੀ ਦੇਹਲੀ ਟੱਪ ਗਿਆ।

ਦੂਰ ਪੱਛਮ ਦੀ ਗੋਦ ਵਿਚ ਸੂਰਜ ਅਸਤ ਹੋ ਰਿਹਾ ਸੀ, ਕਾਲੀ ਬੋਲੀ ਰਾਤ ਆਪਣੇ ਪੈਰ ਪਸਾਰ ਚੁੱਕੀ ਸੀ। ਪਰ ਅਣਡਿੱਠੀਆਂ ਮੰਜ਼ਿਲਾਂ ਨੂੰ ਸਰ ਕਰਨ ਲਈ ਸਾਡੇ ਕਦਮ ਪਰਬਤਾਂ ਦੀ ਛਾਤੀ ਨੂੰ ਲਤਾੜਦੇ ਹੋਏ ਆਪਣੀ ਚਾਲੇ ਤੁਰੇ ਜਾ ਰਹੇ ਸਨ।

...ਚਾਨਣ ਨੂੰ ਬਖੇਰਦੇ ਕਈ ਚੰਨ ਚਲੇ ਗਏ

ਪਰ ਹਾਲੇ ਨੇਰ੍ਹੀ ਰਾਤ ਦਾ ਕੁਛ ਰੰਗ ਬਾਕੀ ਏ

ਆਖਰੀ ਸਾਹਾਂ ਤਕ ਦੀਪਕ ਬਾਲ ਕੇ ਰੱਖਣਾ

ਕਿਉਂਕਿ ਹਾਲੇ ਜਿੱਤਣੀ ਇਹ ਜੰਗ ਬਾਕੀ ਏ...।

o-----o-----o

ਕਾਂਡ 26

ਮਕਤਲ ਵਿਚੋਂ ਮੁੜ ਆਏ ਸਾਂ ਸਿਜਦਾ ਕਰ ਤਲਵਾਰਾਂ ਨੂੰ
ਕਿਉਂ ਫੂਕਾਂ ਮਾਰ ਜਗਾਉਂਦੇ ਹੋ ਬੁਝੇ ਹੋਏ ਅੰਗਿਆਰਾਂ ਨੂੰ

ਇਸ ਤੋਂ ਅੱਗੇ ਮਹਿੰਗਾ ਸਿੰਘ ਬੱਬਰ ਦੀ ਡਾਇਰੀ ਦੇ ਵਰਕੇ ਉਖੜੇ ਪਏ ਸਨ..। ਨਿੰਦੀ ਸਵੇਰ ਤੋਂ ਹੀ ਡਾਇਰੀ ਪੜ੍ਹਨ ਵਿਚ ਮਸਤ ਸੀ। ਉਸਨੂੰ ਪਤਾ ਹੀ ਨਾ ਚੱਲਿਆ ਕਿ ਦਿਨ ਕਦੋਂ ਛੁਪ ਗਿਆ।

"...ਚਲੋ ਕਾਕਾ ਜੀ ਹੁਣ ਘਰੇ ਜਾਉ ਕਿ ਅੱਜ ਰਾਤ ਨੂੰ ਵੀ ਇਥੇ ਬੈਠ ਕੇ ਪੜ੍ਹਦੇ ਰਹਿਣ ਦਾ ਇਰਾਦਾ ਜੇ....।" ਲਾਇਬਰੇਰੀ ਦੇ ਚੌਂਕੀਦਾਰ ਨੇ ਨਿੰਦੀ ਨੂੰ ਹਲੂਣਿਆਂ ਤਾਂ ਉਹ ਡਾਇਰੀ ਨੂੰ ਸੰਭਾਲ ਕੇ ਉਠ ਖਲੋਤਾ। ਸਾਰਾ ਦਿਨ ਸਖ਼ਤ ਗਰਮੀ ਬਿਖੇਰ ਕੇ ਚਾਨਣ ਕਰਨ ਵਾਲਾ ਸੂਰਜ ਕਿਰਨਾਂ ਨੂੰ ਸਮੇਟ ਕੇ ਰਾਤ ਦੇ ਮੂੰਹ ਨੇ ਨਿਗਲ ਲਿਆ ਸੀ, ਪਰ ਹਨੇਰੇ ਦੇ ਪਸਰਨ ਤੋਂ ਪਹਿਲਾਂ ਸ਼ਾਇਦ ਕੋਈ ਨਵਾਂ ਚੰਦ ਚੜ੍ਹਨ ਲਈ ਉੱਸਲਵੱਟੇ ਲੈਣ ਲੱਗਿਆ। ਅਵਨਿੰਦਰ ਨੇ ਬੋਝਲ ਕਦਮਾਂ ਨਾਲ ਮੋਟਰ ਸਾਈਕਲ ਦੀ ਕਿੱਕ ਮਾਰੀ 'ਤੇ ਘਰ ਨੂੰ ਹੋ ਤੁਰਿਆ। ਮੋਟਰ ਸਾਇਕਲ ਦੀ ਡੁੱਗ ਡੁੱਗ ਉਸਨੂੰ ਆਪਣੇ ਦਿਮਾਗ ਵਿਚ ਹਜ਼ਾਰਾਂ ਹਥੌੜਿਆਂ ਦੇ ਵਾਰ ਕਰਦੀ ਪ੍ਰਤੀਤ ਹੋ ਰਹੀ ਸੀ।

"..ਸਾਰੀ ਕੌਮ ਦਾ ਚਲਾਕ ਬਿਪਰਵਾਦੀਆਂ ਨੇ ਆਪਣਿਆਂ ਹੱਥੋਂ ਹੀ ਘਾਣ ਕਰਵਾ ਦਿੱਤੈ... ਜਿਹੜੀ ਲੜਾਈ ਦਾ ਰੁੱਖ ਦਿੱਲੀ ਵੱਲ ਨੂੰ ਹੋਣਾ ਚਾਹੀਦਾ ਸੀ, ਉਸਨੇ ਆਪਣੇ ਵਿਹੜੇ ਵਿਚ ਹੀ ਧੂਤਕੜਾ ਪੁੱਟ ਸੁੱਟਿਐ... ਆਖਰ ਕਦ ਤਕ ਅਸੀਂ ਬਿਪਰਵਾਦ ਦੇ ਜਾਲ ਵਿਚ ਫਸੇ ਆਪਣਿਆਂ ਨੂੰ ਹੀ ਕਤਲ ਕਰੀ ਜਾਵਾਂਗੇ...?" ਉਸਨੇ ਮਨ ਹੀ ਮਨ ਸੋਚਿਆ। ਪਤਾ ਨਹੀਂ ਕਿਉਂ ਅੱਜ ਉਸਨੂੰ ਅੰਦਰੋਂ ਅੰਦਰੀਂ ਆਪਣੇ ਪਾਪਾ 'ਤੇ ਵੀ ਕ੍ਰੋਧ ਚੜ੍ਹ ਰਿਹਾ ਸੀ।

"...ਫਿੱਟੇ ਮੂੰਹ ਅਜਿਹੀ ਇੰਟੈਲੀਜੈਂਸੀ ਦੇ ਜਿਹੜੇ ਇਹ ਨਾ ਪਛਾਣ ਸਕੇ ਕਿ ਸਾਡੀ ਕੌਮ 'ਤੇ ਹਮਲਾ ਹੋਇਐ... ਚੋਦੇ ਅਫਸਰੀ ਭਾੜਨ ਦੇ... ਇਨ੍ਹਾਂ ਦੇ ਸਿਰਾਂ ਨੂੰ ਦੇਸ਼ ਭਗਤੀ ਦਾ ਭੂਤ ਚੜ੍ਹਿਆ ਤੇ ਅਗਲੇ ਕੌਮ ਦੀ ਨਸਲਕੁਸ਼ੀ ਕਰਨ ਡਹੇ ਐ.......ਭੈਣ ਦੇ ਗੜਵੇ.. ਬਲਾਤਕਾਰ ਨੂੰ ਸ਼ੁੱਧੀਕਰਨ ਹੀ ਬਕਦੇ ਆ...।"

"ਸ਼ੁੱਧੀਕਰਨ.....!!!"

'ਸ਼ੁੱਧੀਕਰਨ' ਸ਼ਬਦ ਜਹਿਨ ਵਿਚ ਆਉਂਦੇ ਸਾਰ ਹੀ ਨਿੰਦੀ ਦੇ ਸਾਹਮਣੇ ਐਸ.ਐਸ.ਪੀ. ਸ਼ਰਮੇ ਦਾ ਚਿਹਰਾ ਆ ਗਿਆ। ਉਸਦੀਆਂ ਅੱਖਾਂ ਵਿਚੋਂ ਅੰਗਿਆਰ ਨਿਕਲਣ ਲੱਗੇ।

"..ਭੈਣ..ਚੋ..ਬਾਮ੍ਹਣ..ਸਾਡੇ ਸਾਰੇ ਪਰਿਵਾਰ ਨੂੰ ਆਪਣੇ ਕੁੱਤਿਆਂ ਕੋਲ ਮਰਵਾ ਕੇ ਨਾਂ ਲਗਾਤਾ ਸਿੰਘਾਂ ਦੇ...।" ਨਿੰਦੀ ਦੀਆਂ ਅੱਖਾਂ ਅੱਗੋਂ ਪਿੰਡ ਵਿਚ ਰਹਿੰਦੇ ਮਾਰੇ ਗਏ ਚਾਚੇ ਤਾਇਆਂ 'ਤੇ ਉਨ੍ਹਾਂ ਦੇ ਮਾਸੂਮ ਬੱਚਿਆਂ ਦੇ ਚਿਹਰੇ ਇਕ ਇਕ ਕਰਕੇ ਗੁਜ਼ਰ ਗਏ।

"..ਹੁਣ ਮੇਰੇ ਪਾਪਾ ਜੀ ਨੂੰ ਵੀ ਖਤਮ ਕਰਨਾ ਚਾਹੁੰਦੇ...ਗੰਗੂ ਦੀ 'ਲਾਦ... ਅਕ੍ਰਿਤਘਣ...।" ਨਿੰਦੀ ਦੀਆਂ ਅੱਖਾਂ ਵਿਚ ਜਨੂੰਨ ਦਾ ਲਹੂ ਉਤਰ ਆਇਆ ਤੇ ਉਹ ਸੋਚਾਂ ਦੇ ਵਹਿਣ ਵਿਚ ਘਰੇ ਪਹੁੰਚ ਗਿਆ।

ਸਰਦਾਰਨੀ ਮਹਿੰਦਰ ਕੌਰ ਦਰਵਾਜੇ ਵਿਚ ਖੜ੍ਹੀ ਉਸਦਾ ਇੰਤਜ਼ਾਰ ਕਰ ਰਹੀ ਸੀ, "ਆ...ਗਿਆ ਮੇਰਾ ਪੁੱਤ... ਐਨਾ ਲੇਟ ਕਿਵੇਂ ਹੋ ਗਿਆ...? ...ਮੈਨੂੰ ਤਾਂ ਫਿਕਰ ਲੱਗ ਗਿਆ ਸੀ...।" ਮਹਿੰਦਰ ਕੌਰ ਨੇ ਪੁੱਤਰ ਦਾ ਮੱਥਾ ਚੁੰਮਿਆ।

"..ਬੱਸ ਮੰਮੀ.. ਪੇਪਰਾਂ ਦੀ ਤਿਆਰੀ ਵਿਚ ਰੁੱਝਾ ਰਿਹਾਂ... ਕੱਲ੍ਹ ਤੋਂ ਸ਼ੁਰੂ ਨੇ... ਪਾਪਾ ਨੀਂ ਆਏ ਹਾਲੇ...?" ਨਿੰਦੀ ਨੇ ਡਰਾਇੰਗ ਰੂਮ ਵੱਲ ਧਿਆਨ ਮਾਰਿਆ।

"...ਨਹੀਂ ਆਏ ਨੀਂ ਹਾਲੇ.. ਸਵੇਰੇ ਜਿਹੜਾ ਮੁਕਾਬਲਾ ਸ਼ੁਰੂ ਹੋਇਆ ਸੀ ਉਹ ਲੰਮਾ ਚਲਿਆ ਗਿਆ, ਮੇਰਾ ਤਾਂ ਆਵਦਾ ਸਾਹ ਸੁੱਕਣ ਡਹਿਆ....।" ਸਰਦਾਰਨੀ ਨੇ ਫਿਕਰ ਜਾਹਿਰ ਕੀਤਾ। ਨਿੰਦੀ ਦਸਤਾਰ ਉਤਾਰ ਕੇ ਸਿਰ 'ਤੇ ਨਿੱਕਾ ਪਰਨਾ ਬੰਨ੍ਹ ਕੇ ਡਰਾਇੰਗ ਰੂਮ ਵਿਚ ਪਏ ਸੋਫੇ 'ਤੇ ਲੰਮਾ ਪੈ ਗਿਆ।

"...ਤੂੰ ਮੇਰਾ ਚੰਨ ਕੁਝ ਖਾ ਪੀ ਲੈ ਜਦ ਤਕ ਤੇਰੇ ਪਾਪਾ ਵੀ ਆ ਜਾਣਗੇ...।" ਕਹਿੰਦੀ ਹੋਈ ਮਹਿੰਦਰ ਕੌਰ ਰਸੋਈ ਵਿਚ ਚਲੀ ਗਈ। ਨਿੰਦੀ ਨੇ ਸੋਫੇ 'ਤੇ ਬੈਠ ਕੇ ਰਹਿਰਾਸ ਦਾ ਪਾਠ ਕਰਨਾ ਸ਼ੁਰੂ ਕਰ ਦਿੱਤਾ, ਸਰਦਾਰਨੀ ਮਹਿੰਦਰ ਕੌਰ ਚਾਹ ਦੇ ਨਾਲ ਕੁਝ ਨਮਕੀਨ ਨਿੰਦੀ ਨੂੰ ਦੇ ਕੇ ਰਸੋਈ ਵਿਚ ਰੋਟੀ ਟੁੱਕ ਦੇ ਆਹਰ ਵਿਚ ਜੁੜ ਗਈ। ਡਰਾਇੰਗ ਰੂਮ ਦੀ ਵਾਲ ਕਲਾਕ ਦੀਆਂ ਸੂਈਆਂ ਸ਼ਾਮ ਦੇ ਪੌਣੇ ਅੱਠ ਦਾ ਸੰਕੇਤ ਦੇ ਰਹੀਆਂ ਸਨ। ਸਵੇਰ ਕਾਲਜ ਜਾਣ ਸਮੇਂ ਦੀਵਾਨ ਥੱਲੇ ਦਿੱਤੀ ਕਿੱਟ ਵਿਚਲੀ ਮਹਿੰਗਾ ਸਿੰਘ ਬੱਬਰ ਦੀ ਅਸਾਲਟ ਨਿੰਦੀ ਨੇ ਮਾਂ ਕੋਲੋਂ ਅੱਖ ਬਚਾਕੇ ਹੱਥ ਹੇਠ ਕਰ ਲਈ ਅਸਾਲਟ ਵਿਚੋਂ ਤਾਜ਼ੇ ਨਿਕਲੇ ਫਾਇਰਾਂ ਕਰਕੇ ਬਾਰੂਦ ਦੀ ਖੁਸ਼ਬੂ ਮਾਰ ਰਹੀ ਸੀ। ਨਿੰਦੀ ਨੇ ਮੈਗਜ਼ੀਨ ਲਾਹਕੇ ਦੇਖਿਆ ਤਾਂ ਬਿਲਕੁਲ ਖਾਲੀ ਸੀ, ਉਸਨੇ ਕਿੱਟ ਵਿਚ ਹੱਥ ਮਾਰਕੇ ਨੱਕੋ-ਨੱਕ ਭਰਿਆ ਮੈਗਜ਼ੀਨ ਕੱਢ ਕੇ ਅਸਾਲਟ 'ਤੇ ਚਾੜ੍ਹ ਲਿਆ। ਦੀਵਾਨ ਖੋਲ੍ਹ ਕੇ ਬਾਕੀ ਦੀ ਕਿੱਟ ਨੂੰ ਵਿਚ ਸੁੱਟ ਦਿੱਤਾ ਅਤੇ ਦੀਵਾਨ ਵਿਚੋਂ ਕੰਬਲ ਕੱਢ ਕੇ ਬੁੱਕਲ ਮਾਰ ਲਈ। ਅਸਾਲਟ ਨੂੰ ਬੁੱਕਲ ਦੇ ਥੱਲੇ ਕਰ ਲਿਆ। ਅਸਾਲਟ ਦਾ ਲਾਕ ਖੋਲ੍ਹਕੇ ਉਹ ਆਪਣੇ ਪਾਪਾ ਦੀ ਉਡੀਕ ਕਰਨ ਲੱਗਿਆ। ਉਸਨੂੰ ਪੂਰਾ ਯਕੀਨ ਸੀ ਕਿ ਸ਼ਰਮਾ ਐਸ.ਐਸ.ਪੀ. ਉਸਦੇ ਪਾਪਾ ਨਾਲ ਜ਼ਰੂਰ ਹੀ ਉਸਦੇ ਘਰੇ ਆਵੇਗਾ।

"ਧੂੰਅ.. ਧੂੰਅ....।" ਦੇ ਲੰਮੇ ਹੂਟਰ ਨੇ ਉਸਨੇ ਸਤਰਕ ਕਰ ਦਿੱਤਾ। ਗੱਡੀਆਂ ਦੇ ਬਰੇਕਾਂ ਲੱਗ ਕੇ ਰੁਕਣ ਦੀਆਂ ਚੀਕਾਂ ਤੇ ਖਾੜ ਖਾੜ ਦਰਵਾਜੇ ਲੱਗਣ ਦੀਆਂ ਅਵਾਜ਼ਾਂ ਸੁਣ ਕੇ ਨਿੰਦੀ ਅਸਾਲਟ ਨੂੰ ਦੋਹਾਂ ਹੱਥਾਂ ਵਿਚ ਘੁੱਟ ਕੇ ਬੈਠ ਗਿਆ।

"ਖੜੱਪ....ਖੜੱਪ....ਖੜੱਪ....ਖੜੱਪ....।" ਭਾਰੀ ਬੂਟਾਂ ਦੀ ਚੱਲਣ ਦੀ ਅਵਾਜ਼ ਨਿੰਦੀ ਦੇ ਕੰਨਾਂ ਰਾਹੀਂ ਹੁੰਦੀ ਹੋਈ ਦਿਲ ਦੀ ਧੜਕਣ ਨੂੰ ਤੇਜ਼ ਕਰ ਰਹੀ ਸੀ। ਉਸਦਾ ਪਾਪਾ ਸ਼ਮਸ਼ੇਰ ਸਿੰਘ ਤੇ ਐਸ.ਐਸ.ਪੀ. ਸ਼ਰਮਾ ਵਹਿਸ਼ੀ ਹਾਸਾ ਹੱਸਦੇ ਹੋਏ ਡਰਾਇੰਗ ਰੂਮ ਵਿਚ ਦਾਖਲ ਹੋਏ।

"...ਬਈ ਮਹਿੰਦਰ...! ਆ ਦੋ ਕੱਪ ਕਾਫੀ ਬਣਾਇਓ ਕੇਰਾਂ...।" ਸਰਦਾਰ ਸ਼ਮਸ਼ੇਰ ਸਿੰਘ ਨੇ ਪੁਲਸੀਆ ਅੰਦਾਜ਼ ਵਿਚ ਰਸੋਈ ਵੱਲ ਨੂੰ ਮੂੰਹ ਕਰਕੇ ਹੋਕਰਾ ਮਾਰਿਆ।

"...ਆ..ਹਾ.. ਹਾਹਾ.. ਅੱਜ ਤਾਂ ਧੰਨ ਧੰਨ ਹੋ ਗਈ... ਆਪਣੇ ਚਾਰ ਜਵਾਨ ਬੇਸ਼ੱਕ ਨੁਕਸਾਨੇ ਗਏ ਪਰ ਸਾਲਿਆਂ ਦਾ ਬਚਦਾ ਗਰੁੱਪ ਵੀ ਖਤਮ ਹੋ ਗਿਆ... ਮੈਨੂੰ ਮਾਰਨ ਨੂੰ ਫਿਰਦੇ ਸੀ ਵੱਡੇ ਬੱਬਰ...।" ਸ਼ਰਮਾ ਹੰਕਾਰੀ ਨਾਗ ਵਾਂਗ ਫੁੰਕਾਰੇ ਮਾਰ ਸੀ।

"...ਕੁਝ ਕੁ ਦਿਨ ਪਹਿਲਾਂ ਕਰਮ ਸਿੰਘ ਵੀ ਸਾਇਨਾਈਡ ਖਾ ਕੇ ਫੁਰਰ ਹੋ ਗਿਆ ਜਲੰਧਰ ਵਿਚ ਤੇ

ਅੱਜ ਆਪਾਂ ਆਹ ਬਚਦਾ ਵੀ ਰੋੜ੍ਹ ਆਂਦਾ ਗੰਗਾ ਸਿੰਘ ਬੱਬਰ... ਆਪਦੇ ਦੋ ਸਾਥੀਆਂ ਸਣੇ... ਇਹ ਸਭ ਤੇਰੀ ਬਦੌਲਤ ਹੀ ਹੋਇਆ ਸ਼ਮਸ਼ੇਰ ਸਿੰਘ... ਤੂੰ ਤਾਂ ਸਚਮੁੱਚ ਭਾਰਤ ਮਾਤਾ ਦਾ ਸ਼ੇਰ ਪੁੱਤ ਏਂ ਸ਼ੇਰ ਪੁੱਤ... ਮੈਂ ਤੇਰੇ ਲਈ ਸਨਮਾਨ ਦੀ ਸਿਫਾਰਿਸ਼ ਕਰਾਂਗਾ ਰਾਸ਼ਟਰਪਤੀ ਨੂੰ...।" ਸ਼ਰਮੇ ਦੀਆਂ ਰਗਾਂ ਵਿਚੋਂ ਸ਼ਰਾਬ ਦੀ ਹਵਾੜ ਆਈ।

"...ਇਟ ਇਜ਼ ਮਾਈ ਡਿਊਟੀ ਸਰ...।" ਸ਼ਮਸ਼ੇਰ ਸਿੰਘ ਤਣ ਕੇ ਖਲੋ ਗਿਆ।

"..ਓਏ ਪੁੱਤਰਾ ਅੱਜ ਕੋਈ ਨਮਸ਼ਕਾਰ ਨਮਸਤੇ ਕੀਤੀ ਹੀ ਨਹੀ..? ਤਬੀਅਤ ਢਿੱਲੀ ਐ..? ਕੰਬਲ ਜਿਹਾ ਲਪੇਟੀ ਫਿਰਦੈਂ ਐਨੀ ਗਰਮੀ ਵਿਚ...?" ਸ਼ਰਮੇ ਨੇ ਦੀਵਾਨ 'ਤੇ ਬੈਠੇ ਨਿੰਦੀ ਨੂੰ ਬੁਲਾਇਆ ਤੇ ਸਾਹਮਣੇ ਪਏ ਸੋਫੇ 'ਤੇ ਬੈਠ ਗਿਆ।

"...ਮੈਂ ਦੇਖਾਂ ਜ਼ਰਾ.. ਐਨੀਂ ਦੇਰ ਕਿਉਂ ਲਾ ਤੀ...?" ਸਰਦਾਰ ਸ਼ਮਸ਼ੇਰ ਸਿੰਘ ਰਸੋਈ ਵੱਲ ਨੂੰ ਚਲਾ ਗਿਆ। ਉਸਦਾ ਰੋਮ ਰੋਮ ਜਿੱਤ ਦੀ ਖੁਸ਼ੀ ਵਿਚ ਝੂਮ ਰਿਹਾ ਸੀ। ਆਪਣੇ ਪਾਪਾ ਦੇ ਪਿੱਠ ਘੁਮਾਉਣ 'ਤੇ ਨਿੰਦੀ ਨੇ ਕੰਬਲ ਪਰ੍ਹਾਂ ਵਗ੍ਹਾ ਮਾਰਿਆ... ਸਰੀਰ ਦਾ ਸਾਰਾ ਖ਼ੂਨ ਨਿੰਦੀ ਦੀਆਂ ਅੱਖਾਂ ਵਿਚ ਇਕੱਠਾ ਹੋਇਆ ਦੇਖ ਕੇ ਸ਼ਰਮਾ ਚੀਕਿਆ।

"..ਆਹ..ਸ.ਸ.ਸ.ਸਰਦਾਰ ਸ਼ਮਸ਼ੇਰ ਸਿੰਘ ਜੀ...?" ਜਦੋਂ ਸ਼ਰਮਾ ਹਾਕਲ ਬਾਕਲ ਹਾਲਤ ਵਿਚ ਸਰਦਾਰ ਵੱਲ ਨੂੰ ਦੌੜਣ ਲੱਗਾ ਤਾਂ ਨਿੰਦੀ ਨੇ ਅਸਾਲਟ ਦਾ ਪੂਰਾ ਮੈਗਜ਼ੀਨ ਸ਼ਰਮੇ ਦੀ ਛਾਤੀ 'ਤੇ ਖਾਲੀ ਕਰ ਦਿੱਤਾ।

ਸ਼ਰਮੇ ਦੀ ਲਾਸ਼ ਸੋਫੇ ਦੇ ਸਾਹਮਣੇ ਪਏ ਟੇਬਲ 'ਤੇ ਲੁਟਕ ਗਈ। "ਰਾਜਾ ਪਰਜਾ ਸਮ ਕਰਿ ਮਾਰੈ ਐਸੋ ਕਾਲੁ ਬਡਾਨੀ ਰੇ...।" ਹਾਲੇ ਇਹ ਤੁਕਾਂ ਨਿੰਦੀ ਦੇ ਮੂੰਹ ਵਿਚ ਹੀ ਸਨ ਕਿ ਸ. ਸ਼ਮਸ਼ੇਰ ਸਿੰਘ ਨੇ ਹਰਫਲੀ ਹੋਈ ਹਾਲਤ ਵਿਚ ਆਪਣੇ ਰਿਵਾਲਵਰ ਦੀਆਂ ਸਾਰੀਆਂ ਗੋਲੀਆਂ ਨਿੰਦੀ ਦੀ ਛਾਤੀ ਵਿਚੋਂ ਪਾਰ ਕਰ ਦਿੱਤੀਆਂ। ਨਿੰਦੀ ਦੀ ਰੂਹ ਉਡਾਰੀ ਮਾਰ ਕੇ ਦੂਰ ਦੇਸ਼ ਵੱਲ ਨੂੰ ਚਲੇ ਗਈ.... ਆਪਣੇ ਵਰਗੇ ਹੋਰ ਸਾਥੀਆਂ ਨਾਲ ਜਾ ਰਲੀ।

ਇਸ ਘਟਨਾ ਤੋਂ ਕੁਝ ਅਰਸਾ ਬਾਅਦ ਸ. ਸਮਸ਼ੇਰ ਸਿੰਘ ਨੂੰ ਛਰੱਕੀ ਦੇ ਕੇ ਐਸ.ਐਸ.ਪੀ. ਕਰ ਦਿੱਤਾ ਗਿਆ ਪਰ ਉਹ ਸਦਾ ਸ਼ਰਾਬ ਦੇ ਨਸ਼ੇ ਵਿਚ ਗੁੰਮ ਰਹਿਣ ਲੱਗਾ। ਪੁੱਤਰ ਦੇ ਵਿਯੋਗ ਦਾ ਸੱਲ੍ਹ ਨਾ ਸਹਾਰਦੀ ਹੋਈ ਸ. ਮਹਿੰਦਰ ਕੌਰ ਪਾਗਲ ਹਾਲਤ ਵਿਚ ਪਹੁੰਚ ਗਈ। ਉਹ ਸਦਾ ਕੂਕਦੀ ਰਹਿੰਦੀ:-

"...ਪੁੱਤਰ ਮੋਏ ਨਾ ਭੁੱਲਦੇ ਭਾਵੇਂ ਹੋ ਕੇ ਮਰਨ ਫਕੀਰ
ਲੋਕੋ ਹੋਕੇ ਮਰਨ ਫਕੀਰ....."

ਘਟਨਾ ਵਾਲੇ ਦਿਨ ਹਫੜਾ-ਦਫੜੀ ਵਿਚ ਮਹਿੰਗਾ ਸਿੰਘ ਬੱਬਰ ਦੀ ਡਾਇਰੀ ਸ਼ਮਸ਼ੇਰ ਸਿੰਘ ਦੇ ਨਿੱਜੀ ਬਾਡੀਗਾਰਡ ਦਿਲਬੀਰ ਸਿੰਘ ਦੇ ਹੱਥ ਲੱਗ ਗਈ। ਅੱਜ ਸ਼ਹਿਰ ਵਿਚ ਸਟਾਰ ਨਾਈਟ ਮਨਾਉਣ ਲਈ ਪੰਜਾਬ ਦੇ ਉੱਚ ਪੁਲਿਸ ਕਰਮਚਾਰੀ ਪਹੁੰਚੇ ਹੋਏ ਸਨ ਕਿ ਅਚਾਨਕ ਪਾਵਰ ਕੱਟ ਲੱਗਣ ਕਰਕੇ ਬਲੈਕਆਊਟ ਹੋ ਗਿਆ। ਸਾਰੇ ਸ਼ਹਿਰ ਦੀਆਂ ਗਲੀਆਂ ਵਿਚ ਗੂੜ੍ਹਾ ਹਨੇਰਾ ਪੱਸਰ ਚੁੱਕਾ ਸੀ। ਗਲੀਆਂ ਦੇ ਕੁੱਤੇ ਸ਼ਾਇਦ ਪਾਗਲ ਹਾਲਤ ਵਿਚ ਭੰਗੜੇ ਪਾ ਰਹੇ ਸਨ। ਸ਼ਹਿਰ ਦੀਆਂ ਗਲੀਆਂ ਦੇ ਨਾਲ ਨਾਲ ਲੋਕਾਂ ਦੇ ਮਨਾਂ ਵਿਚ ਵੀ ਹਨੇਰਾ ਆਪਣੀ ਸਲਤਨਤ ਕਾਇਮ ਕਰ ਚੁੱਕਾ ਸੀ ਪਰ ਸਿਪਾਹੀ ਦਿਲਬੀਰ ਸਿੰਘ ਡਾਇਰੀ ਦੇ ਪੰਨਿਆਂ ਦੀ ਇਬਾਰਤ ਨੂੰ ਪੜ੍ਹਨ ਵਿਚ ਮਸ਼ਰੂਫ਼ ਸੀ। ਜਿਵੇਂ ਜਿਵੇਂ ਉਹ ਡਾਇਰੀ ਦੇ ਪੰਨੇ ਪਰਤ ਰਿਹਾ ਸੀ, ਉਵੇਂ ਉਵੇਂ ਉਸ ਦੇ ਮਨ ਅੰਦਰ ਸਿੱਖੀ ਸੰਘਰਸ਼ ਲਈ ਇਕ ਨਵਾਂ ਚਾਨਣ ਜਨਮ ਲੈ ਰਿਹਾ ਸੀ। ਉਸ ਦੇ ਨਿੱਕੇ ਜਿਹੀ ਰਿਹਾਇਸ਼ੀ ਕਮਰੇ

ਦੀ ਤਾਕੀ ਵਿਚੋਂ ਬਾਹਰ ਆਉਂਦੀ 'ਜਗਦੇ ਦੀਵੇ ਦੀ ਲੋਅ' ਹਾਲੇ ਵੀ ਕਿਸੇ ਖੂੰਜੇ ਵਿਚ ਚਾਨਣ ਦੇ ਜਿਊਂਦੇ ਹੋਣ ਦੀ ਬਾਤ ਕਹਿ ਰਹੀ ਸੀ।

ਅੰਗਿਆਰ ਧਰਮ ਯੁੱਧ ਦਾ ਮਘਦਾ ਰਿਹਾ ਏ, ਮਘਦਾ ਹੀ ਰਹੇਗਾ

ਚਾਨਣ ਦੇ ਆਉਣ ਤਕ ਉਜਾਲੇ ਦੇ ਜਨਮ ਤਕ

ਦੀਵੇ ਤੋਂ ਦੀਵਾ ਜਗਦਾ ਹੀ ਰਿਹਾ ਹੈ ..ਜਗਦਾ ਹੀ ਰਹੇਗਾ.....

ਜਗਦਾ ਹੀ ਰਹੇਗਾ..........

---ਸਮਾਪਤ---

ਦਮਦਮੀ ਟਕਸਾਲ ਵੱਲੋਂ ਪ੍ਰਕਾਸ਼ਤ
ਹਰ ਪ੍ਰਕਾਰ ਦਾ ਲਿਟਰੇਚਰ ਇਥੋਂ ਮਿਲਦਾ ਹੈ।

੧ ਸੰਤ ਗਿਆਨੀ ਗੁਰਬਚਨ ਸਿੰਘ ਜੀ ਵਾਲਾ ਵੱਡਾ ਸਟੀਕ-ਜਪੁਜੀ ਸਾਹਿਬ, ਰਹਰਾਸਿ, ਕੀਰਤਨ ਸੋਹਿਲਾ।

੨. ਗੁਰਬਾਣੀ ਪਾਠ ਦਰਪਣ, ਜਿਸ ਤੋਂ ਪਾਠ ਉਚਾਰਣ ਦੀ ਸੁਧਾਈ ਕੀਤੀ ਜਾਂਦੀ ਹੈ।

੩. ਨਿਤਨੇਮ-ਸੱਤ ਬਾਣੀਆਂ ਸਟੀਕ।

੪. ਖ਼ਾਲਸਾ ਜੀਵਨ-ਸੰਤ ਗਿਆਨੀ ਗੁਰਬਚਨ ਸਿੰਘ ਜੀ ਦਾ ਜੀਵਨ ਅਤੇ ਰਹਿਤ ਮਰਿਯਾਦਾ।

੫. ਗੁਟਕੇ ਸਾਹਿਬ-ਨਿਤਨੇਮ, ਸੁਖਮਨੀ ਸਾਹਿਬ, ਸੁੰਦਰ ਗੁਟਕਾ ਮੋਟੇ ਅੱਖਰ, ਨਿਤਨੇਮ ਮੋਟੇ ਅੱਖਰ, ਸੁਖਮਨੀ ਸਾਹਿਬ ਮੋਟੇ ਅੱਖਰ।

੬. ਨਵੇਂ ਸਾਲ ਦੀ ਟਕਸਾਲੀ ਇਤਿਹਾਸਕ ਡਾਇਰੀ।

੭. ਬਾਲ ਉਪਦੇਸ਼-ਗੁਰਮੁਖੀ ਲਿਪੀ।

੮. ਗੁਰਮਤਿ ਰਹਿਤ ਮਰਯਾਦਾ।

੯. ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸੈਂਚੀਆਂ (ਦੋ ਭਾਗਾਂ ਵਿਚ ਪਦ-ਛੇਦ ਅਤੇ ਲੜੀਵਾਰ)

੧੦. ਪਵਿੱਤਰ ਜੀਵਨ-ਸੰਤ ਕਰਤਾਰ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ।

੧੧. ਸੰਗੀਤ ਸਾਗਰ (ਕੀਰਤਨ ਦੀ ਕਿਤਾਬ)

੧੨. ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਲੈਕਚਰਾਂ ਦੀਆਂ ਕੈਸਟਾਂ।

੧੩. ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀਆਂ ਧਰਮ-ਯੁੱਧ ਮੋਰਚੇ ਦੀਆਂ ਕੈਸਟਾਂ-ਆਡੀਓ ਅਤੇ ਵੀਡੀਓ।

੧੪. ਕਿਤਾਬ: ਜਿੰਦੇ-ਸੁੱਖੇ ਦੀਆਂ ਜੇਲ੍ਹ ਚਿੱਠੀਆਂ।

੧੫. ਟਕਸਾਲੀ ਤੇਗੇ ਕਿਰਪਾਨਾਂ ਹਰ ਸਾਈਜ਼ ਵਿੱਚ।

੧੬. ਯੋਧਿਆਂ ਦੀਆਂ ਵਾਰਾਂ ਅਤੇ ਕੌਮੀ ਕਵਿਤਾਵਾਂ-ਆਡੀਓ ਕੈਸਟਾਂ।

੧੭. ਕੰਘੇ, ਕੜੇ (ਸਰਬ ਲੋਹ), ਕਛਹਿਰੇ।

੧੮. ਕੀਰਤਨ ਦੀਆਂ ਕੈਸਟਾਂ ਅਤੇ ਧਾਰਮਿਕ ਗ੍ਰੰਥ।

੧੯. ਕਿਤਾਬ: ਹੱਡੀਂ ਹੰਢਾਇਆ ਇਕ ਖ਼ੂਨੀ ਦਹਾਕਾ-ਲੇਖਕ: ਬਲਜੀਤ ਸਿੰਘ ਖ਼ਾਲਸਾ।

੨੦. ਕਿਤਾਬ:'ਸਿੰਘ ਗਰਜ' ਵਿਆਖਿਆਨ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ- ਸੰਪਾਦਕ ਨਰਾਇਣ ਸਿੰਘ

੨੧: ਕਿਤਾਬ: 'ਕਾਲਾ ਅਫ਼ਗਾਨਾ ਦੇ ਕਾਲੇ ਲੇਖ' ਸੰਪਾਦਕ ਗੁਰਸਿਖ ਫੀਚਰਜ਼


੨੨: ਨਾਵਲ: '...ਤੇ ਦੀਵਾ ਜਗਦਾ ਰਹੇਗਾ...' ਲੇਖਕ: ਅਮਰਦੀਪ ਸਿੰਘ 'ਅਮਰ'।


ਮਿਲਣ ਦਾ ਪਤਾ:


ਗੁਰਮਤਿ ਪੁਸਤਕ ਭੰਡਾਰ


31, ਘੰਟਾ ਘਰ ਮਾਰਕੀਟ, ਅੰਮ੍ਰਿਤਸਰ। ਫ਼ੋਨ: 0183-5101231

ਗੁਰਮਤਿ ਪੁਸਤਕ ਭੰਡਾਰ ਦੁਆਰਾ ਪ੍ਰਕਾਸ਼ਿਤ
ਮੌਜੂਦਾ ਸਿੱਖ ਸੰਘਰਸ਼ ਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਪੁਸਤਕਾਂ












ਜਾਗਣ ਦਾ ਵੇਲਾ




ਸਿੰਘ ਗਰਜ




ਸ਼ੇਰ ਦਿਲ ਸੁਰਿੰਦਰ ਸਿੰਘ ਸੋਢੀ




ਸਿੱਖ ਸੂਰਮੇ




ਚਿੱਟੀ ਚੁੰਨੀ




ਪੱਗ ਦੀ ਲਾਜ




ਸੰਤਾਪ




ਜਥੇਦਾਰ ਅਕਾਲੀ ਜੋਗਿਆ




ਜੇਲ੍ਹ ਚਿੱਠੀਆਂ




ਜਾਂਬਾਜ਼ ਰਾਖਾ




ਖੇਤੁ ਜੁ ਮਾਂਡਿਓ ਸੂਰਮਾ




ਧਰਮ ਯੁੱਧ



ਪੰਜ ਸਦੀਆਂ ਦਾ ਦੌਰ



ਅਮਰ ਸ਼ਹੀਦ ਜਨਰਲ ਲਾਭ ਸਿੰਘ



ਭਿੰਡਰਾਂਵਾਲੇ ਦੀ ਲੋੜ ਹੈ....

ਆਪ ਜੀ ਇਹ ਪੁਸਤਕਾਂ ਦੇਸ਼-ਵਿਦੇਸ਼ ਵਿਚਲੀਆਂ ਮਸ਼ਹੂਰ ਦੁਕਾਨਾਂ ਤੋਂ ਵੀ ਪ੍ਰਾਪਤ ਕਰ ਸਕਦੇ ਹੋ।

ਪ੍ਰਕਾਸ਼ਕ—
ਗੁਰਮਤਿ ਪੁਸਤਕ ਭੰਡਾਰ
31 ਨੰਬਰ ਵਾਲੇ
ਦੁਕਾਨ ਨੰ: 154, ਚੌਕ ਘੰਟਾ ਮਾਰਕੀਟ, ਅੰਮ੍ਰਿਤਸਰ
ਫ਼ੋਨ : 0183-5101231 ਮੋਬਾਇਲ : 98726-58302, 98151-61234